SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

12ਵਾਂ ਸਾਲ
ਹਫਤਾਵਾਰੀ

# ਦੇਸ਼ ਦੁਆਬਾ

VOL -12 ISSUE - 24
September 20, 2023
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

## 27 ਸਾਲਾਂ ਤੋਂ ਲਟਕਿਆ 'ਮਹਿਲਾ ਰਾਖਵਾਂਕਰਨ ਬਿੱਲ' ਲੋਕ ਸਭਾ 'ਚ ਪੇਸ਼ ਹੋਇਆ

### ਕਾਂਗਰਸ ਸਮੇਤ ਕਈ ਪਾਰਟੀਆਂ ਦੁਆਰਾ ਹਮਾਇਤ, 178 ਤੋਂ ਵੱਧ ਜਾਵੇਗੀ ਲੋਕ ਸਭਾ ਵਿਚ ਔਰਤਾਂ ਦੀ ਗਿਣਤੀ


**ਨਵੀਂ ਦਿੱਲੀ (ਬਿਊਰੋ)–** ਕੇਂਦਰੀ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਨਵੇਂ ਸੰਸਦ ਭਵਨ ਦੀ ਲੋਕ ਸਭਾ 'ਚ ਮਹਿਲਾ ਰਾਖਵਾਂਕਰਨ ਬਿੱਲ ਪੇਸ਼ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਸੰਬੋਧਨ 'ਚ ਇਸ ਨੂੰ ਨਾਰੀ ਸ਼ਕਤੀ ਵੰਦਨ ਵਜੋਂ ਸੰਬੋਧਨ ਕੀਤਾ ਸੀ। ਇਹ ਮਹਿਲਾ ਰਾਖਵਾਂਕਰਨ ਬਿੱਲ ਪਿਛਲੇ 27 ਸਾਲਾਂ ਤੋਂ ਸੰਸਦ 'ਚ ਲਟਕਿਆ ਹੋਇਆ ਹੈ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਪਿਛਲੇ ਕਈ ਸਾਲਾਂ ਤੋਂ ਸਿਆਸੀ ਪਾਰਟੀਆਂ ਵੱਲੋਂ ਇਸ ਬਿੱਲ ਨੂੰ ਮਨਜ਼ੂਰੀ ਦੇਣ ਦੀ ਮੰਗ ਕੀਤੀ ਜਾ ਰਹੀ ਹੈ। ਹਾਲ ਹੀ 'ਚ ਇਸ ਵਾਰ ਜਦੋਂ ਕੇਂਦਰ ਸਰਕਾਰ ਨੇ ਸੰਸਦ ਦੇ ਵਿਸ਼ੇਸ਼ ਸੈਸ਼ਨ ਤੋਂ ਪਹਿਲਾਂ ਸਰਬ ਪਾਰਟੀ ਮੀਟਿੰਗ ਬੁਲਾਈ ਸੀ ਤਾਂ ਕਈ ਪਾਰਟੀਆਂ ਨੇ ਇਸ ਦੀ ਮਨਜ਼ੂਰੀ ਦੀ ਮੰਗ ਕੀਤੀ ਸੀ। ਪਰ ਕੀ ਤੁਸੀਂ ਜਾਣਦੇ ਹੋ ਕਿ ਇਹ ਬਿੱਲ 27 ਸਾਲਾਂ ਤੋਂ ਕਿਉਂ ਲਟਕਿਆ ਰਿਹਾ ਤੇ ਲੋਕ ਸਭਾ 'ਚ ਪੇਸ਼ ਨਹੀਂ ਹੋ ਸਕਿਆ। ਆਓ ਇਸ ਦਾ ਕਾਰਨ ਸਮਝੀਏ।



ਇਸ ਬਿੱਲ ਨੂੰ ਗੀਤਾ ਮੁਖਰਜੀ ਦੀ ਪ੍ਰਧਾਨਗੀ ਹੇਠ ਉਸ ਸਮੇਂ ਗਠਿਤ ਸਾਂਝੀ ਸੰਸਦੀ ਕਮੇਟੀ ਕੋਲ ਭੇਜਿਆ ਗਿਆ ਸੀ। ਪਰ ਇਸ ਤੋਂ ਬਾਅਦ ਐਚਡੀ ਦੇਵਗੌੜਾ ਦੀ ਸਰਕਾਰ ਡਿੱਗ ਗਈ ਤੇ ਬਿੱਲ ਅਟਕ ਗਿਆ। ਫਿਰ ਸਾਲ 1998 'ਚ ਅਟਲ ਸਰਕਾਰ ਨੇ ਇਹ ਬਿੱਲ ਦੁਬਾਰਾ ਸੰਸਦ 'ਚ ਪੇਸ਼ ਕੀਤਾ ਪਰ ਇਸ ਵਾਰ ਸਿਆਸੀ ਪਾਰਟੀਆਂ ਦੇ ਮਤਭੇਦਾਂ ਕਾਰਨ ਬਿੱਲ ਨੂੰ ਮਨਜ਼ੂਰੀ ਨਹੀਂ ਮਿਲ ਸਕੀ। ਅਗਲੇ ਸਾਲ 1999 'ਚ ਮਹਿਲਾ ਰਾਖਵਾਂਕਰਨ ਬਿੱਲ ਮੁੜ ਲੋਕ ਸਭਾ 'ਚ ਪੇਸ਼ ਕੀਤਾ ਗਿਆ ਸੀ ਪਰ ਇਸ ਵਾਰ ਵੀ ਇਸ ਨੂੰ ਮਨਜ਼ੂਰੀ ਨਹੀਂ ਮਿਲ ਸਕੀ। 2003 ਵਿਚ ਅਟਲ ਬਿਹਾਰੀ ਵਾਜਪਾਈ ਨੇ ਇਸ ਨੂੰ ਸਦਨ ਤੋਂ ਪਾਸ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਉਸ ਸਮੇਂ ਵੀ ਇਹ ਬਿੱਲ ਮਨਜ਼ੂਰ ਨਹੀਂ ਹੋ ਸਕਿਆ।

ਇਸ ਤੋਂ ਬਾਅਦ ਜਦੋਂ 2004 'ਚ ਲੋਕ ਸਭਾ ਚੋਣਾਂ ਹੋਈਆਂ ਤੇ ਕਾਂਗਰਸ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਬਣੀ ਤਾਂ ਕਾਂਗਰਸ ਨੇ ਵੀ ਇਸ ਬਿੱਲ ਨੂੰ ਮਨਜ਼ੂਰੀ ਦਿਵਾਉਣ ਦੀ ਕੋਸ਼ਿਸ਼ ਕੀਤੀ। 2008 'ਚ ਯੂਪੀਏ ਸਰਕਾਰ ਨੇ ਇਸ ਬਿੱਲ ਨੂੰ ਰਾਜ ਸਭਾ 'ਚ ਪੇਸ਼ ਕੀਤਾ ਸੀ। ਇਹ ਬਿੱਲ ਸੰਸਦ ਦੀ ਸਥਾਈ ਕਮੇਟੀ ਨੂੰ ਭੇਜਿਆ ਗਿਆ ਸੀ। 2010 'ਚ ਇਹ ਬਿੱਲ ਰਾਜ ਸਭਾ 'ਚ ਪਾਸ ਹੋ ਗਿਆ ਸੀ ਪਰ ਫਿਰ ਲੋਕ ਸਭਾ 'ਚ ਅਟਕ ਗਿਆ। ਉਦੋਂ ਤੋਂ ਹੀ ਇਸ ਦੀ ਮਨਜ਼ੂਰੀ ਦੀ ਮੰਗ ਜਾਰੀ ਸੀ। ਇਸ ਬਿਲ ਦੇ ਪਾਸ ਹੋਣ ਤੋਂ ਬਾਅਦ ਸੰਸਦ ਵਿਚ ਔਰਤਾਂ ਦੀ ਗਿਣਤੀ 178 ਤੋਂ ਵੱਧ ਜਾਵੇਗੀ। ਇਸ ਬਿਲ ਨੂੰ ਵਿਰੋਧੀ ਧਿਰ ਨੇ ਟੀ ਹਮਾਇਤ ਕੀਤੀ ਹੈ। ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਉਹ 'ਨਾਰੀ ਸ਼ਕਤੀ ਵੰਦਨ ਬਿੱਲ' ਨੂੰ ਕਾਨੂੰਨ ਬਣਦੇ ਸਾਰ ਹੀ ਲਾਗੂ ਕਰੇ ਕਿਉਂਕਿ ਇਸ ਨੂੰ ਲਾਗੂ ਕਰਨ ਵਿੱਚ ਦੇਰੀ ਭਾਰਤ ਦੀਆਂ ਔਰਤਾਂ ਨਾਲ ਬੇਇਨਸਾਫ਼ੀ ਹੋਵੇਗੀ।

## 26 ਜਨਵਰੀ 'ਤੇ ਬਾਇਡਨ ਨੂੰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਦਾ ਸੱਦਾ



ਨਵੀਂ ਦਿੱਲੀ– ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਅਗਲੇ ਸਾਲ 26 ਜਨਵਰੀ ਨੂੰ ਗਣਤੰਤਰ ਦਿਵਸ ਸਮਾਰੋਹ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਇਹ ਜਾਣਕਾਰੀ ਭਾਰਤ ਵਿੱਚ ਅਮਰੀਕੀ ਰਾਜਦੂਤ ਐਰਿਕ ਗਾਰਸੈਟੀ ਨੇ ਅੱਜ ਦਿੱਤੀ ਹੈ।

## ਸੰਸਦ ਮੈਂਬਰਾਂ ਦੇ ਅਧਿਕਾਰਾਂ 'ਤੇ ਨਜ਼ਰਸਾਨੀ ਕਰੇਗੀ ਸੁਪਰੀਮ ਕੋਰਟ

ਨਵੀਂ ਦਿੱਲੀ– ਸੁਪਰੀਮ ਕੋਰਟ ਨੇ ਸੰਸਦ ਜਾਂ ਵਿਧਾਨ ਸਭਾਵਾਂ ਵਿਚ ਭਾਸ਼ਨ ਜਾਂ ਵੋਟਾਂ ਦੇਣ ਬਦਲੇ ਰਿਸ਼ਵਤ ਲੈਣ ਦੇ ਮਾਮਲਿਆਂ ਵਿਚ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਨੂੰ ਮੁਕੱਦਮੇ ਤੋਂ ਛੋਟ ਦੇਣ ਵਾਲੇ ਆਪਣੇ 1998 ਦੇ ਫੈਸਲੇ 'ਤੇ ਨਜ਼ਰਸਾਨੀ ਕਰਨ ਲਈ ਸਹਿਮਤੀ ਦਿੱਤੀ। ਚੀਫ਼ ਜਸਟਿਸ ਡੀਵਾਈ ਚੰਦਰਚੂੜ ਦੀ ਅਗਵਾਈ ਵਾਲੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਕਿਹਾ ਕਿ ਉਹ ਇਸ ਕੇਸ ਦੀ ਮੁੜ ਸੁਣਵਾਈ ਲਈ ਸੱਤ ਮੈਂਬਰੀ ਬੈਂਚ ਕਾਇਮ ਕਰੇਗਾ।

## ਭਾਰਤ- ਕੈਨੇਡਾ ਦੇ ਕੂਟਨੀਤਿਕ ਸੰਕਟ ਬਾਰੇ ਚੁੱਪ ਨੇ ਪੱਛਮੀ ਮੁਲਕ

**ਨਵੀਂ ਦਿੱਲੀ (ਬਿਊਰੋ)–** ਪੱਛਮੀ ਮੁਲਕਾਂ ਦੇ ਮੰਤਰੀ ਅਤੇ ਅਧਿਕਾਰੀ ਇਹ ਯਕੀਨੀ ਬਣਾਉਣ ਲਈ ਸਖ਼ਤ ਮਿਹਨਤ ਕਰਨਗੇ ਕਿ ਕੈਨੇਡਾ ਤੇ ਭਾਰਤ ਦਰਮਿਆਨ ਕੂਟਨੀਤਿਕ ਵਿਵਾਦ ਹੋਰ ਕੌਮਾਂਤਰੀ ਰਿਸ਼ਤਿਆਂ ਵਿੱਚ ਰੇੜਕਾ ਨਾ ਬਣੇ। ਅਮਰੀਕਾ ਅਤੇ ਹੋਰ ਪੱਛਮੀ ਮੁਲਕ ਹੁਣ ਆਖਰੀ ਚੀਜ਼ ਜੋ ਚਾਹੁੰਦੇ ਹਨ, ਉਹ ਇਹ ਹੈ ਕਿ ਇਹ ਵਿਵਾਦ ਹੋ ਵੰਡੀਆਂ ਨਾ ਪਾ ਦਵੇ। ਭਾਰਤ ਵੱਡੇ ਸਿਆਸੀ ਚੌਸਰ ਦਾ ਪ੍ਰਮੁੱਖ ਖਿਡਾਰੀ ਹੈ। ਭਾਰਤ ਨਾ ਸਿਰਫ ਇੱਕ ਵੱਧ ਰਹੀ ਸ਼ਕਤੀ ਹੈ, ਸਗੋਂ ਦੁਨੀਆਂ ਦਾ ਸਭ ਤੋਂ ਵੱਧ ਆਬਾਦੀ ਵਾਲਾ ਅਤੇ ਪੰਜਵੀਂ ਸਭ ਤੋਂ ਵੱਡੀ ਆਰਥਿਕਤਾ ਵਾਲਾ ਮੁਲਕ ਹੈ। ਪਰ ਇਸ ਨੂੰ ਪੱਛਮੀ ਮੁਲਕਾਂ ਵੱਲੋਂ ਚੀਨ ਵਿਰੁੱਧ ਇੱਕ ਸੰਭਾਵੀ ਧਿਰ ਵਜੋਂ ਵੀ ਦੇਖਿਆ ਜਾਂਦਾ ਹੈ। ਇਹ ਭਾਰਤ ਵਿੱਚ ਹਾਲ ਹੀ ਵਿੱਚ ਹੋਈ ਜੀ–20 ਮੀਟਿੰਗ ਵਿੱਚ ਜ਼ਾਹਰ ਹੋਇਆ ਸੀ ਕਿ ਜਦੋਂ ਯੂਕਰੇਨ ਦੇ ਪੱਛਮੀ ਸਹਿਯੋਗੀ ਇੱਕ ਸਾਂਝੇ ਐਲਾਨਨਾਮੇ ਲਈ ਸਹਿਮਤ ਹੋਏ ਸਨ, ਜਿਸ ਵਿੱਚ ਹਮਲੇ ਦੀ ਨਿੰਦਾ ਕਰਨ ਲਈ ਰੂਸ ਦਾ ਨਹੀਂ ਲਿਆ ਗਿਆ ਸੀ। ਪੱਛਮੀ ਮੁਲਕਾਂ ਨੇ ਬਿਆਨ 'ਤੇ ਵਿਵਾਦ ਤੋਂ ਬਚ ਕੇ ਭਾਰਤ ਨਾਲ ਆਪਣੇ ਸਬੰਧਾਂ ਦੀ ਰੱਖਿਆ ਕਰਨ ਦੀ ਚੋਣ ਕੀਤੀ। ਇਹ ਅਜਿਹਾ ਵਿਕਲਪ ਸੀ, ਜਿਸ ਨੇ ਕੀਵ (ਯੂਕਰੇਨ) ਵਿੱਚ ਕੁਝ ਲੋਕਾਂ ਨੂੰ ਨਾਰਾਜ਼ ਵੀ ਕੀਤਾ। ਪੱਛਮੀ ਡਿਪਲੋਮੈਟਾਂ (ਕੂਟਨੀਤਿਕਾਂ) ਵਿੱਚ ਦੂਜਾ ਡਰ ਇਹ ਹੋਵੇਗਾ ਕਿ ਕੈਨੇਡਾ–ਭਾਰਤ ਵਿਵਾਦ ਵਿੱਚ ਪੈ ਕਿ ਉਹ ਕੋਈ ਜੋਖ਼ਮ ਖੱਟ ਸਕਦੇ ਹਨ। ਭਾਰਤ–ਕੈਨੇਡਾ ਵਿਚਾਲੇ ਤਣਾਅ ਇਸ ਹਫ਼ਤੇ ਕਾਫ਼ੀ ਉਦੋਂ ਡੂੰਘਾ ਹੋ ਗਿਆ, ਜਦੋਂ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਜੂਨ ਮਹੀਨੇ ਕੈਨੇਡਾ ਵਿੱਚ ਸਿੱਖ ਕਾਰਕੁਨ ਦੇ ਕਤਲ ਪਿੱਛੇ ਭਾਰਤ ਦਾ ਹੱਥ ਹੋਣ ਦੇ ਸੰਕੇਤ ਮਿਲਣ ਦਾ ਇਲਜ਼ਾਮ ਲਗਾਇਆ। ਹਾਲ ਹੀ ਦੇ ਮਹੀਨਿਆਂ ਵਿੱਚ ਭਾਰਤ ਆਪਣੇ ਆਪ ਨੂੰ ਵਿਕਾਸਸ਼ੀਲ ਦੇਸ਼ਾਂ ਦੇ ਆਗੂ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਜਿਸ ਨੂੰ ਕਈ ਵਾਰ ਗਲੋਬਲ ਸਾਊਥ ਕਿਹਾ ਜਾਂਦਾ ਹੈ। ਇਨ੍ਹਾਂ 'ਚੋਂ ਕਈ ਦੇਸ਼ਾਂ ਨੇ ਯੂਕਰੇਨ 'ਤੇ ਰੂਸ ਦੇ ਹਮਲੇ ਦੀ ਨਿੰਦਾ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਅਮਰੀਕਾ ਅਤੇ ਕੁਝ ਯੂਰਪੀ ਦੇਸ਼ ਇਨ੍ਹਾਂ ਵਿਕਾਸਸ਼ੀਲ ਦੇਸ਼ਾਂ ਨੂੰ ਆਪਣੇ ਨਾਲ ਤੋਰਨ ਲਈ ਕੂਟਨੀਤਿਕ ਕੋਸ਼ਿਸ਼ਾਂ ਕਰ ਰਹੇ ਹਨ। ਉਨ੍ਹਾਂ ਨੂੰ ਇਹ ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਦੀ ਆਰਥਿਕਤਾ ਤੇ ਜੰਗ ਉਨ੍ਹਾਂ ਲਈ ਮਾਅਨੇ ਰੱਖਦੀ ਹੈ। ਡਿਪਲੋਮੈਟ ਨਹੀਂ ਚਾਹੁੰਣਗੇ ਕਿ ਇਹ ਵਿਵਾਦ ਉਨ੍ਹਾਂ ਯਤਨਾਂ ਵਿੱਚ ਪਰੇਸ਼ਾਨੀ ਦਾ ਕਾਰਨ ਬਣਨ, ਜੇ ਇਹ ਕਿਸੇ ਤਰ੍ਹਾਂ ਦੋ ਰਾਸ਼ਟਰ ਮੰਡਲ ਦੇਸ਼ਾਂ ਵਿਚਕਾਰ ਉੱਤਰ ਬਨਾਮ ਦੱਖਣ ਦੀ ਲੜਾਈ, ਇੱਕ ਐਟਲਾਂਟਿਕ ਸ਼ਕਤੀ ਅਤੇ ਇੱਕ ਵਿਕਾਸਸ਼ੀਲ ਦੇਸ਼ ਵਿਚਕਾਰ ਟਕਰਾਅ ਦੇ ਰੂਪ ਵਿੱਚ ਘੁੰਮਦੀ ਹੈ।

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

# SRI GURU RAVIDASS SABHA (CA)

ਸੋਹੰ

2150 Crestview Drive, Pittsburg CA 94565
Tel : (925) 439-2355

## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਸਤੰਬਰ-ਅਕਤੂਬਰ 2023 ਦੇ ਸਮਾਗਮ





**24 ਸਤੰਬਰ 2023, ਦਿਨ ਐਤਵਾਰ–**
ਲੰਗਰ ਦੀ ਸੇਵਾ ਲਈ ਤਾਰੀਖ ਖਾਲੀ ਹੈ ਜੀ
(ਕੋਈ ਵੀ ਪਰਿਵਾਰ ਸੇਵਾ ਲੈ ਸਕਦਾ ਹੈ)

**1 ਅਕਤੂਬਰ 2023, ਦਿਨ ਐਤਵਾਰ–** ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰ ਸੇਵਾ, ਸੱਤਿਆ ਦਾਸ ਜੀ ਦੇ ਪਰਿਵਾਰ ਵੱਲੋਂ, ਪਰਿਵਾਰ ਦੀ ਚੜ੍ਹਦੀ ਕਲਾ ਦੇ ਸਬੰਧ ਵਿਚ ਹੈ ਜੀ।

**6 ਅਕਤੂਬਰ 2023, ਦਿਨ ਸ਼ੁੱਕਰਵਾਰ–** ਧੰਨ ਧੰਨ ਰਾਜਾ ਨਾਭ ਸਾਹਿਬ ਜੀ ਦੀ 83ਵੀਂ ਬਰਸੀ ਸਬੰਧ ਵਿਚ- ਜ਼ੈਲਾ ਜੱਗੀ ਤੇ ਸੁੱਚਾ ਸਿੰਘ ਰਾਏਪੁਰ, ਪਰਿਵਾਰਾਂ ਵੱਲੋਂ ਸਵੇਰੇ 10 ਵਜੇ ਅਖੰਡ ਪਾਠ ਸਾਹਿਬ ਆਰੰਭ ਹੋਣਗੇ।

**7 ਅਕਤੂਬਰ 2023, ਦਿਨ ਸ਼ਨਿਚਰਵਾਰ–** ਸ਼ਾਮ ਨੂੰ ਦੀਵਾਨ ਸਜਣਗੇ, ਜਿਸ ਵਿਚ ਗੁਰੂ ਘਰ ਦਾ ਜਥਾ ਭਾਈ ਸਾਹਿਬ ਭਾਈ ਬਲਵਿੰਦਰ ਸਿੰਘ ਜੀ ਅਤੇ ਉਹਨਾਂ ਦਾ ਜਥਾ ਕਥਾ, ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ, ਉਪਰੰਤ ਪੰਥਕ ਢਾਡੀ ਜਥਾ ਸੁਖਵਿੰਦਰ ਸਿੰਘ ਅਨਮੋਲ ਜੀ ਦਾ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ ਜੀ ਤੇ ਅਗਲੇ ਦਿਨ-

**8 ਅਕਤੂਬਰ 2023, ਦਿਨ ਐਤਵਾਰ–** ਸਵੇਰੇ 10 ਵਜੇ ਪਾਠ ਦੇ ਭੋਗ ਪਾਏ ਜਾਣਗੇ, ਉਪਰੰਤ ਭਾਈ ਬਲਵਿੰਦਰ ਸਿੰਘ ਜੀ ਦਾ ਜਥਾ ਕਥਾ ਅਤੇ ਕੀਰਤਨ ਦੁਆਰਾ ਅਤੇ ਪੰਥਕ ਢਾਡੀ ਜਥਾ ਸੁਖਵਿੰਦਰ ਸਿੰਘ ਅਨਮੋਲ ਜੀ ਅਤੇ ਉਹਨਾਂ ਦਾ ਜਥਾ ਢਾਡੀ ਵਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਤਿੰਨੋ ਦਿਨ ਲੰਗਰ ਅਤੁੱਟ ਵਰਤੇਗਾ ਜੀ।

**15 ਅਕਤੂਬਰ 2023, ਦਿਨ ਐਤਵਾਰ–** ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਬਲਿਹਾਰ ਸਿੰਘ ਜੀ, ਗਰਚਾ ਸਮੂਹ ਪਰਿਵਾਰ ਵੱਲੋਂ ਗੁਰੂ ਸਾਹਿਬ ਜੀ ਦੇ ਸ਼ੁਕਰਾਨੇ ਤੇ ਪਰਿਵਾਰ ਦੀ ਚੜ੍ਹਦੀ ਕਲਾ ਦੇ ਸਬੰਧ ਵਿਚ ਹੈ ਜੀ। ਭਾਈ ਬਲਵਿੰਦਰ ਸਿੰਘ ਜੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।

## ਸ੍ਰੀ ਗੁਰੂ ਰਵਿਦਾਸ ਟੈਂਪਲ (ਪਿਟਸਬਰਗ)
## ਸਮੂਹ ਪ੍ਰਬੰਧਕ ਕਮੇਟੀ ਅਤੇ ਭਾਈ ਬਲਵਿੰਦਰ ਸਿੰਘ ਜੀ 925-439-2355

Sangat Sewadars

www.sriguruvidasstemple.com

| Chairman | President | General Secretary | Treasurer |
|---|---|---|---|
| Ramesh Suman | Vinod Kumar | Naresh Swan | Sunita Bangar |
| (925) 366 3618 | (408) 718-2506 | (415) 424 9860 | (415) 233-3319 |

# ਫਰਿਜ਼ਨੋ ਵਿਖੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 28 ਵੀਂ ਬਰਸੀ ਮੌਕੇ ਵਿਸ਼ੇਸ਼ ਸਮਾਗਮ







**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆਂ)–** ਸਥਾਨਿਕ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਬਣੇ ਖਾਲੜਾ ਪਾਰਕ ਵਿੱਚ ਲੰਘੇ ਸ਼ਨੀਵਾਰ ਫਰਿਜ਼ਨੋ ਵੱਲੋਂ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਪ੍ਰਬੰਧਕ ਕਮੇਟੀ ਵੱਲੋਂ ਇੰਡੋ-ਯੂ.ਐਸ. ਹੈਰੀਟੇਜ਼ ਦੇ ਸਹਿਯੋਗ ਨਾਲ ‘ਤੇ ਜੈਕਾਰਾ ਮੂਵਮਿੰਟ ਦੇ ਨੌਜਵਾਨਾਂ ਦੇ ਉੱਦਮ ਸਦਕੇ ਇੱਕ ਵਿਸ਼ੇਸ਼ ਸਮਾਗਮ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 28ਵੀਂ ਬਰਸੀ ਨੂੰ ਮੁੱਖ ਰੱਖਕੇ ਕਰਵਾਇਆ ਗਿਆ। ਇਸ ਮੌਕੇ ਜਿੱਥੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕੀਤਾ ਗਿਆ, ਓਥੇ ਹੀ 9/11 ਦੀ 22ਵੀ ਬਰਸੀ ਮੌਕੇ ਅਮਰੀਕਾ ਵਿੱਚ ਅੱਤਵਾਦੀ ਹਮਲੇ ਵਿੱਚ ਮਾਰੇ ਗਏ ਤਿੰਨ ਹਜ਼ਾਰ ਤੋਂ ਵੱਧ ਨਿਰਦੋਸ਼ ਲੋਕਾਂ ਨੂੰ ਵੀ ਸ਼ਰਧਾਂਜਲੀ ਦਿੱਤੀ ਗਈ। ਸਮਾਗਮ ਦੀ ਸ਼ੁਰੂਆਤ ਗੁਰਬਾਣੀ ਦੇ ਸ਼ਬਦ ਅਤੇ ਅਮੈਰਕਿਨ ਐਂਨਥੰਮ ਉਪਰੰਤ ਕੀਤੀ ਗਈ।ਪਿਛੋਂ ਸਟੇਜ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਇਸ ਪਿੱਛੋਂ ਗਾਇਕ ਕਮਲਜੀਤ ਬੈਨੀਪਾਲ ਅਤੇ ਸ਼ਾਇਰ ਰਣਜੀਤ ਗਿੱਲ (ਜੱਗਾ ਸਧਾਰ) ਨੇ ਕਵਿਸ਼ਰੀ ਗਾਕੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ ਤੇ ਪੰਛੀ ਝਾਤ ਪਵਾਈ। ਯਮਲੇ ਜੱਟ ਦੇ ਲਾਡਲੇ ਸ਼ਗਿਰਦ ਰਾਜ ਬਰਾੜ ਅਤੇ ਪੱਪੀ ਭਦੌੜ ਨੇ ਇਨਕਲਾਬੀ ਗੀਤਾਂ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਹੈਰੀ ਮਾਨ, ਰਾਜ ਸਿੱਧੂ, ਕਾਕਾ ਅਮਰਜੀਤ ਸਿੰਘ, ਪੰਜਾਬੀ ਰੇਡੀਓ ਯੂਐਸਏ ਦੇ ਹੋਸਟ ਰਾਜਕਰਨਬੀਰ ਸਿੰਘ, ਰੇਡੀਓ ਹੋਸਟ ਜਗਤਾਰ ਸਿੰਘ ਗਿੱਲ, ਪਰਮਪਾਲ ਸਿੰਘ, ਗੁਰਦੀਪ ਸ਼ੇਰਗਿੱਲ, ਰਣਜੋਧ ਸਿੰਘ ਰਿਆੜ, ਹਿਸਟੋਰੀਅਨ ਗਗਨਦੀਪ ਸਿੰਘ ਆਈ. ਏ. ਐਸ., ਮਲਕੀਤ ਸਿੰਘ ਕਿੰਗਰਾ, ਮਨਦੀਪ ਸਿੰਘ ਸਿਲਮਾਂ, ਜਗਦੀਸ਼ ਸਿੰਘ, ਹਰਨੇਕ ਸਿੰਘ ਲੋਹਗੜ, ਆਦਿ ਨੇ ਸਟੇਜ਼ ਤੋਂ ਹਾਜ਼ਰੀ ਭਰੀ। ਇਸ ਮੌਕੇ ਕਾਂਗਰਸ ਲਈ ਰਨ ਕਰ ਰਹੇ ਮਾਇਕਲ ਮਾਹਿਰ ਨੇ ਵੀ ਖਾਲੜਾ ਸਹਿਬ ਨੂੰ ਯਾਦ ਕੀਤਾ ਅਤੇ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਨੇ ਉਹਨਾਂ ਨੂੰ ਸਿਰੋਪਾਓ ਦੇਕੇ ਨਿਵਾਜਿਆ।



ਇਸ ਮੌਕੇ ਪਾਰਕ ਦੀ ਸਫਾਈ ਵਾਲੇ ਮੁਲਾਜ਼ਮਾਂ ਗੈਬਰੀਅਲ ਅਤੇ ਟੀਮ ਨੂੰ ਵੀ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਵੱਲੋਂ ਸਨਮਾਨਤ ਕੀਤਾ ਗਿਆ।

ਇਸ ਮੌਕੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਅਤੇ ਉਹਨਾਂ ਦੀ ਬੇਟੀ ਬੀਬੀ ਨਵਕਿਰਨ ਕੌਰ ਖਾਲੜਾ ਉਚੇਚੇ ਤੌਰ ਤੇ ਪਹੁੰਚੇ ਹੋਏ ਸਨ। ਇਸ ਮੌਕੇ ਬਾਬਿਆ ਦੀ ਪਾਰਕ ਕਮੇਟੀ ਵੱਲੋਂ ਉਹਨਾਂ ਨੂੰ ਸ਼ਾਲ ਦੇਕੇ ਨਿਵਾਜਿਆ ਗਿਆ। ਇਸ ਮੌਕੇ ਹੈਰੀ ਮਾਨ, ਪੱਤਰਕਾਰ ਨੀਟਾ ਮਾਛੀਕੇ, ਰਾਜਕਰਨਬੀਰ ਸਿੰਘ, ਹਰਜੋਤ ਸਿੰਘ ਖਾਲਸਾ, ਗੁਰਦੀਪ ਸ਼ੇਰਗਿੱਲ ਆਦਿ ਨੂੰ ਵੀ ਉਹਨਾਂ ਦੀਆਂ ਸੇਵਾਵਾਂ ਬਦਲੇ ਸਿਰੋਪਾਓ ਦਿੱਤੇ ਗਏ।

ਅੰਤ ਵਿੱਚ ਖਾਲੜਾ ਪਾਰਕ ਵਾਲਿਆ ਬਾਬਿਆਂ ਦੀ ਕਮੇਟੀ ਦੇ ਮੋਢੀ ਮੈਂਬਰ ਸ. ਹਰਦੇਵ ਸਿੰਘ ਸਿੱਧੂ ਨੇ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਚਾਹ ਪਕੌੜਿਆ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਨਿਊ ਇੰਡੀਆ ਸਵੀਟ ਐਂਡ ਸਪਾਈਸ ਵਾਲੇ ਜਸਵਿੰਦਰ ਸਿੰਘ ਨੇ ਜਲੇਬੀਆਂ ਦਾ ਲੰਬਰ ਵਰਤਾਇਆ ਗਿਆ। ਇਸ ਮੌਕੇ ਖਾਲੜਾ ਸਾਬ੍ਹ ਦੇ ਜਵਾਈ ਸ.ਦਲਬੀਰ ਸਿੰਘ ਗਿੱਲ ਨੂੰ ਵੀ ਸਿਰੋਪਾਓ ਨਾਲ ਨਿਵਾਜਿਆ ਗਿਆ। ਇਸ ਪ੍ਰੋਗਰਾਮ ਦੀ ਕਾਮਯਾਬੀ ਦਾ ਸਿਹਰਾ ਸਮੂਹ ਇੰਡੋ-ਯੂ. ਐਸ. ਹੈਰੀਟੇਜ਼ , ਸਮੂਹ ਬਾਬਿਆ ਦੀ ਪਾਰਕ ਕਮੇਟੀ ਮੈਂਬਰ ਅਤੇ ਜੈਕਾਰਾ ਮੂਵਮਿੰਟ ਦੇ ਅਣਥੱਕ ਮੈਂਬਰਾਂ ਸਿਰ ਬੱਝਦਾ ਹੈ। ਇਸ ਮੌਕੇ ਇੰਡੋ - ਯੂ. ਐਸ. ਹੈਰੀਟੇਜ਼ ਅਤੇ ਬਾਬਿਆਂ ਦੀ ਕਮੇਟੀ ਵੱਲੋਂ ਐਲਾਨ ਕੀਤਾ ਗਿਆ ਕਿ ਸਤੰਬਰ ਦੇ ਤੀਸਰੇ ਸ਼ਨੀਵਾਰ ਨੂੰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਇਹ ਬਰਸੀ ਹਰੇਕ ਸਾਲ ਮਨਾਈ ਜਾਇਆ ਕਰੇਗੀ ਅਤੇ ਸੰਗਤ ਦੇ ਸਹਿਯੋਗ ਲਈ ਅਤੇ ਵਲੰਟੀਅਰ ਵੀਰਾ ਦੀ ਮਿਹਨਤ ਲਈ ਉਹਨਾਂ ਦਾ ਸ਼ਪੈਸ਼ਲ ਧੰਨਵਾਦ ਕੀਤਾ। ਅਖੀਰ ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ। ਪੂਰੇ ਸਮਾਗਮ ਦੌਰਾਨ ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਬਾਖੂਬੀ ਕੀਤਾ। ਇਸ ਮੌਕੇ ਖਾਲੜਾ ਮਿਸ਼ਨ ਲਈ ਫਾਰਮਰ ਅਜੀਤ ਸਿੰਘ ਗਿੱਲ ਨੇ ਇੱਕ ਹਜ਼ਾਰ ਡਾਲਰ ਦਾ ਚੈਕ ਭੇਂਟ ਕੀਤਾ। ਫਾਰਮਰ ਚਰਨਜੀਤ ਸਿੰਘ ਬਾਠ ਅਤੇ ਟਰਾਸਪੋਰਟਰ ਜਸਪਾਲ ਸਿੰਘ ਧਾਲੀਵਾਲ ਨੇ ਵੀ ਪ੍ਰਬੰਧਕਾਂ ਨੂੰ ਹਰ ਸੰਭਵ ਮੱਦਦ ਦਾ ਭਰੋਸਾ ਦਿੱਤਾ।



ਚੁੱਪ-ਚਾਪ ਨਹੀਂ ਬੈਠ ਕੇ ਦੇਖ ਲੈਣਾ, ਆਫ਼ਤ ਕੋਈ ਨਾ ਕੋਈ ਲਿਆ ਦਿਆਂਗੇ।
ਅਸੀਂ ਤਲੀ 'ਤੇ ਰੱਖਿਆ ਸੀਸ ਆਪਣਾ, ਕੇਰਾਂ ਹਿੰਦ ਵਿਚ ਗਦਰ ਮਚਾ ਦਿਆਂਗੇ।
('ਗਦਰ ਦੀ ਗੂੰਜ' ਵਿਚੋਂ)





The Gadar Heritage Foundation And Indian Educational & Cultural organization

ਦੀ ਗਦਰ ਹੈਰੀਟੇਜ ਫਾਊਂਡੇਸ਼ਨ ਅਤੇ ਇੰਡੀਅਨ ਐਜੂਕੇਸ਼ਨਲ ਐਂਡ ਕਲਚਰਲ ਆਰਗੇਨਾਈਜ਼ੇਸ਼ਨ
ਵਲੋਂ
ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਵੱਡਮੁਲਾ ਯੋਗਦਾਨ ਪਾਉਣ ਵਾਲੇ
ਗਦਰੀ ਬਾਬਿਆਂ ਅਤੇ ਉਨ੍ਹਾਂ ਦੀ ਮਾਨਵਵਾਦੀ ਸੋਚ ਨੂੰ ਸਮਰਪਿਤ

# ਮੇਲਾ ਗ਼ਦਰੀ ਬਾਬਿਆਂ ਦਾ

**15 ਅਕਤੂਬਰ 2023, ਦਿਨ ਐਤਵਾਰ ਦੁਪਹਿਰ 1:00 ਵਜੇ ਤੋਂ ਸ਼ਾਮ 6:00 ਵਜੇ ਤੱਕ**

**River Valley High School., 801 El Margarita Road, Yuba City, CA**

**ਗ਼ਦਰ ਪਾਰਟੀ ਦੇ ਸ਼ਹੀਦਾਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਲਗਾਈ ਜਾਵੇਗੀ**

## ਮੁੱਖ ਮਹਿਮਾਨ



ਡਾ. ਸਰਬਜਿੰਦਰ ਸਿੰਘ

## ਮੁੱਖ ਬੁਲਾਰਾ



ਡਾ. ਸਵੈਮਾਨ ਸਿੰਘ

## ਪਹੁੰਚ ਰਹੇ ਗਾਇਕ ਕਲਾਕਾਰ



ਜੋਤ ਰਣਜੀਤ ਕੌਰ



ਰਾਜ ਬਰਾੜ

## ਮੰਚ ਸੰਚਾਲਨ



ਆਸ਼ਾ ਸ਼ਰਮਾ

Design By: Hayermedia

**ਸਮੂਹ ਭਾਰਤੀ ਭਾਈਚਾਰੇ ਨੂੰ ਪਹੁੰਚਣ ਦਾ ਖੁੱਲ੍ਹਾ ਸੱਦਾ**

ਗਿੱਧਾ, ਭੰਗੜਾ, ਗੀਤ, ਸੰਗੀਤ
Free Entry, Free Parking
ਚਾਹ ਪਾਣੀ ਦਾ ਲੰਗਰ

ਹੋਰ ਜਾਣਕਾਰੀ ਲਈ ਤੁਸੀ ਥੱਲੇ ਦਿੱਤੇ ਨੰਬਰਾਂ 'ਤੇ ਗੱਲ ਕਰ ਸਕਦੇ ਹੋ

Makhan Basi (530) 415-1680, Tarlok Johal (209)595-8767, Kulwant Singh (916) 584-2827
Amrik (925) 787-3890, Raghbir sandhu (279)977-2466, Baldev raj (916 ) 330-8632

# ਅਮਰੀਕਾ 'ਤੇ 11 ਸਤੰਬਰ ਦੇ ਹਮਲੇ ਦੇ ਯਾਦਗਾਰੀ ਸਮਾਰੋਹ 'ਚ ਓਹਾਇਓ ਦੇ ਸਿੱਖ ਭਾਈਚਾਰੇ ਨੇ ਕੀਤੀ ਸ਼ਮੂਲੀਅਤ

## ਵਰਲਡ ਟਰੇਡ ਸੈਂਟਰ ਦੇ ਪਿਲਰਾਂ ਦੀਆਂ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਯਾਦਗਾਰਾਂ ਸਥਾਪਿਤ ਕੀਤੀਆਂ

**ਸੈਕਰਾਮੈਂਟੋ-** ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਡੇਟਨ ਦੇ ਸਿੱਖ ਭਾਈਚਾਰੇ ਨੇ ਸੈਂਕੜੇ ਹੋਰ ਸਥਾਨਕ ਅਮਰੀਕਨਾਂ ਨਾਲ 11 ਸਤੰਬਰ, 2001 ਨੂੰ ਨਿਊਯਾਰਕ ਵਿਖੇ ਵਰਲਡ ਟਰੇਡ ਸੈਂਟਰ ਟਾਵਰਾਂ ਅਤੇ ਪੈਂਟਾਗਨ 'ਤੇ ਹੋਏ ਅੱਤਵਾਦੀ ਹਮਲਿਆਂ ਦੀ 22ਵੀਂ ਵਰ੍ਹੇਗੰਢ ਮਨਾਓਂਦੇ ਹੋਏ ਪ੍ਰਸਿੱਧ ਸ਼ਹਿਰ ਡੇਟਨ ਦੇ ਨਾਲ ਲੱਗਦੇ ਬੀਵਰਕ੍ਰੀਕ ਸ਼ਹਿਰ ਦੇ 9/11 ਮੈਮੋਰੀਅਲ ਵਿਖੇ ਸ਼ਰਧਾਂਜਲੀ ਦਿੱਤੀ। ਇਹਨਾਂ ਟਾਵਰਾਂ ਦੀਆਂ ਇਮਾਰਤਾਂ ਵਿੱਚ ਅਤੇ ਆਲੇ ਦੁਆਲੇ 2600 ਤੋਂ ਵੱਧ ਲੋਕ ਮਾਰੇ ਗਏ ਸਨ ਜਦੋਂ ਅੱਤਵਾਦੀਆਂ ਨੇ ਹਵਾਈ ਜਹਾਜ਼ਾਂ ਨੂੰ ਅਗਵਾ ਕੀਤਾ ਅਤੇ ਟਾਵਰਾਂ ਨਾਲ ਟਕਰਾਅ ਦਿੱਤਾ। 186 ਲੋਕ ਪੈਂਟਾਗਨ ਵਿਖੇ ਜਹਾਜ਼ ਨਾਲ ਕੀਤੇ ਗਏ ਹਮਲੇ ਅਤੇ 40 ਪੈਨਸਿਲਵੇਨੀਆ ਵਿੱਚ ਇੱਕ ਜਹਾਜ਼ ਹਾਦਸੇ ਵਿੱਚ ਮਾਰੇ ਗਏ ਸਨ।





ਸਮਾਰੋਹ ਵਿੱਚ ਯਾਦਗਾਰ ਉੱਤੇ ਝੰਡਾ ਨੀਵਾਂ ਕੀਤਾ ਗਿਆ, ਫੌਜ ਦੇ ਜਵਾਨਾਂ ਵਲੋਂ ਫੁੱਲ ਚੜਾਏ ਗਏ, ਰਾਸ਼ਟਰੀ ਗੀਤ ਗਾਇਆ ਗਿਆ, ਇੱਕ ਰਸਮੀ ਘੰਟੀ ਵਜਾਈ ਗਈ ਅਤੇ ਚਾਰ ਜਹਾਜਾਂ ਵਲੋਂ ਫਲਾਈਓਵਰ ਕਰਕੇ ਸ਼ਰਧਾਂਜਲੀ ਦਿੱਤੀ ਗਈ। ਬੀਵਰਕ੍ਰੀਕ ਦੇ ਮੇਅਰ ਬੌਬ ਸਟੋਨ ਨੇ ਸ਼ਰਧਾਂਜਲੀ ਸੰਦੇਸ਼ ਦਿੱਤਾ। ਸਮਾਰੋਹ ਵਿੱਚ ਸ਼ਾਮਲ ਹੋਏ ਸਿੱਖ ਭਾਈਚਾਰੇ ਦੇ ਕਾਰਕੁਨ ਸਮੀਪ ਸਿੰਘ ਗੁਮਟਾਲਾ ਨੇ ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਇਸ ਸਲਾਨਾ ਯਾਦਗਾਰੀ ਸਮ-ਾਰੋਹ ਦਾ ਆਯੋਜਨ ਬੀਵਰਕ੍ਰੀਕ ਦੇ 9/11 ਮੈਮੋਰੀਅਲ ਵਿਖੇ ਕੀਤਾ ਜਾਂਦਾ ਹੈ ਤਾਂ ਜੋ ਉਸ ਦਿਨ ਗੁਆਚੀਆਂ ਜਾਨਾਂ ਅਤੇ ਕੁਰਬਾਨੀਆਂ ਨੂੰ ਯਾਦ ਕੀਤਾ ਜਾ ਸਕੇ। ਬੀਵਰਕ੍ਰੀਕ ਦੇ ਇਸ 9/11 ਮੈਮੋਰੀਅਲ ਵਿੱਚ ਸਟੀਲ ਦਾ ਇੱਕ 25-ਫੁੱਟ ਉੱਚਾ ਮੁੜਿਆ ਹੋਇਆ ਪਿਲਰ ਸਥਾਪਿਤ ਕੀਤਾ ਗਿਆ ਹੈ, ਜੋ ਹਮਲੇ ਤੋਂ ਪਹਿਲਾਂ ਵਰਲਡ ਟਰੇਡ ਸੈਂਟਰ ਦੇ ਉੱਤਰੀ ਟਾਵਰ ਦੀਆਂ 101ਵੀਂ ਅਤੇ 105ਵੀਂ ਮੰਜ਼ਿਲਾਂ ਦੇ ਵਿਚਕਾਰ ਲੱਗਾ ਹੋਇਆ ਸੀ। ਇਸ ਟੁਕੜੇ ਨੂੰ ਦੋ ਅੱਗ ਬੁਝਾਊ ਦਸਤਿਆਂ ਦੁਆਰਾ ਬੀਵਰਕ੍ਰੀਕ ਵਿੱਚ ਲਿਆਂਦਾ ਗਿਆ ਸੀ ਜੋ ਓਹੀਓ ਟਾਸਕ ਫੋਰਸ ਵਨ ਦਾ ਹਿੱਸਾ ਸਨ ਅਤੇ ਇਹਨਾਂ ਨੇ ਨਿਊਯਾਰਕ ਵਿੱਚ ਗਰਾਊਂਡ ਜ਼ੀਰੋ ਵਿਖੇ ਬਚਾਅ ਕਾਰਜਾਂ ਵਿੱਚ ਸਹਾਇਤਾ ਕੀਤੀ ਸੀ। ਹਰ ਸਾਲ ਸਿੱਖ ਭਾਈਚਾਰੇ ਵਲੋਂ ਬਲਬੀਰ ਸਿੰਘ ਸੋਢੀ ਨੂੰ ਵੀ ਯਾਦ ਕੀਤਾ ਜਾਂਦਾ ਹੈ, ਜਿਨ੍ਹਾਂ ਨੂੰ ਇਸ ਹਮਲੇ ਤੋਂ ਚਾਰ ਦਿਨ ਬਾਅਦ ਉਹਨਾਂ ਦੇ ਮੀਸਾ, ਐਰੀਜ਼ੋਨਾ ਗੈਸ ਸਟੇਸ਼ਨ ਦੇ ਬਾਹਰ ਗੋਲੀ ਮਾਰ ਕੇ ਮਾਰ ਦਿੱਤਾ ਗਿਆ। ਦੱਸਣਯੋਗ ਹੈ ਕਿ ਉਸ ਸਮੇਂ ਹਮਲਾਵਰ 11 ਸਤੰਬਰ ਦੇ ਹਮਲਿਆਂ ਦਾ ਬਦਲਾ ਲੈਣ ਲਈ 'ਮੁਸਲਮਾਨਾਂ ਨੂੰ ਮਾਰਨਾ' ਚਾਹੁੰਦਾ ਸੀ। ਇਹ 9/11 ਦੇ ਹਮਲੇ ਤੋਂ ਬਾਦ ਦਾ ਪਹਿਲਾ ਘਾਤਕ ਨਫ਼ਰਤੀ ਅਪਰਾਧ ਸੀ। ਇਸ ਤੋਂ ਬਾਦ ਸਿੱਖਾਂ, ਮੁਸਲਮਾਨਾਂ, ਦੱਖਣੀ ਏਸ਼ੀਆਈ ਅਤੇ ਹੋਰਨਾਂ ਵਿਰੁੱਧ ਨਫ਼ਰਤ ਅਤੇ ਵਿਤਕਰੇ ਦੀਆਂ ਘਟਨਾਵਾਂ ਦੀ ਇੱਕ ਲਹਿਰ ਦੀ ਸ਼ੁਰੂਆਤ ਹੋਈ। ਇਸ ਸਮਾਰੋਹ ਵਿੱਚ ਭਾਗ ਲੈਣ ਵਾਲੇ ਸਿੱਖ ਸੋਸਾਇਟੀ ਆਫ ਡੇਟਨ ਦੇ ਮੈਂਬਰਾਂ ਵਿੱਚ ਡਾ. ਚਰਨਜੀਤ ਸਿੰਘ ਗੁਮਟਾਲਾ, ਅਵਤਾਰ ਸਿੰਘ ਸਪਰਿੰਗਫੀਲਡ, ਡਾ. ਦਰਸ਼ਨ ਸਿੰਘ ਸਹਿਬੀ ਅਤੇ ਪਰਮਿੰਦਰ ਸਿੰਘ ਬਾਸੀ ਸ਼ਾਮਲ ਸਨ। ਇੱਥੇ ਇਹ ਦੱਸਣਾ ਵਰਨਣਯੋਗ ਹੈ ਕਿ ਵਰਲਡ ਟਰੇਡ ਸੈਂਟਰ ਦੇ ਬਹੁਰ ਸਾਰੇ ਇਹਨਾਂ ਪਿਲਰਾਂ ਨੂੰ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਬਣਾਈਆਂ ਯਾਦਗਾਰਾਂ 'ਤੇ ਸਥਾਪਿਤ ਕੀਤਾ ਗਿਆ ਹੈ ਜਿੱਥੇ ਲੋਕ ਕਿਸੇ ਵੀ ਸਮੇਂ ਸ਼ਰਧਾਂਜਲੀ ਭੇਂਟ ਕਰ ਸਕਦੇ ਹਨ।

# ਇਕ ਕਾਲੇ ਵਿਅਕਤੀ ਦੀ ਕੁੱਟਮਾਰ ਉਪਰੰਤ ਮੌਤ ਦਾ ਮਾਮਲਾ

## ਅਮਰੀਕਾ ਦੇ ਟੈਨੇਸੀ ਰਾਜ ਦੇ 5 ਸਾਬਕਾ ਪੁਲਿਸ ਅਫਸਰਾਂ ਵਿਰੁੱਧ ਦੋਸ਼ ਆਇਦ

**ਸੈਕਰਾਮੈਂਟੋ, ਕੈਲੀਫੋਰਨੀਆ-**ਇਕ ਸੰਘੀ ਗਰੈਂਡ ਜਿਊਰੀ ਵੱਲੋਂ ਅਮਰੀਕਾ ਦੇ ਟੈਨੇਸੀ ਰਾਜ ਦੇ ਸ਼ਹਿਰ ਮੈਮਫਿਸ ਦੇ 5 ਸਾਬਕਾ ਪੁਲਿਸ ਅਫਸਰਾਂ ਵਿਰੁੱਧ ਟਾਇਰ ਨਿਕੋਲਸ ਨਾਲ ਬੁਰੀ ਤਰਾਂ ਕੁੱਟਮਾਰ ਕਰਨ ਦੇ ਮਾਮਲੇ ਵਿਚ ਦੋਸ਼ ਆਇਦ ਕਰਨ ਦੀ ਖਬਰ ਹੈ। 29 ਸਾਲਾ ਕਾਲਾ ਵਿਅਕਤੀ ਨਿਕੋਲਸ ਜ਼ਖਮਾਂ ਦੀ ਤਾਬ ਨਾ ਸਹਾਰਦਾ ਹੋਇਆ ਘਟਨਾ ਤੋਂ 3 ਦਿਨ ਬਾਅਦ ਹਸਪਤਾਲ ਵਿਚ ਦਮ ਤੋੜ ਗਿਆ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਸਾਲ ਜਨਵਰੀ ਵਿਚ ਵਾਪਰੀ ਇਸ ਘਟਨਾ ਵਿਚ ਸ਼ਾਮਿਲ 5 ਸਾਬਕਾ ਪੁਲਿਸ ਅਫਸਰਾਂ ਨੂੰ ਸੰਘੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ, ਸਾਜਿਸ਼ ਰਚਣ ਤੇ ਅੜਿਕਾ ਪਾਉਣ, ਜਿਸ ਕਾਰਨ ਨਿਕੋਲਸ ਦੀ ਮੌਤ ਹੋਈ, ਸਮੇਤ ਕਈ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ। ਇਨਾਂ ਸਾਬਕਾ ਪੁਲਿਸ ਅਫਸਰਾਂ ਵਿਚ ਟਾਡਾਰੀਅਸ ਬੀਨ, ਡੀਮੈਟਰੀਅਸ ਹੇਲੀ, ਏਮਿਟ ਮਾਰਟਿਨ, ਡੈਸਮੋਂਡ ਮਿਲਜ ਜੂਨੀਅਰ ਤੇ ਜਸਟਿਨ ਸਮਿਥ ਸ਼ਾਮਿਲ ਹਨ। ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਅਫਸਰਾਂ ਨੇ ਉਨਾਂ ਲੋਕਾਂ ਦੇ ਮਾਨਵੀ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ ਜਿਨਾਂ ਦੀ ਰਾਖੀ ਲਈ ਉਨਾਂ ਨੇ ਸਹੁੰ ਚੁੱਕੀ ਸੀ। ਉਨਾਂ ਨੇ ਜਨਤਕ ਸੁਰੱਖਿਆ ਦੀ ਪਰਵਾਹ ਨਹੀਂ ਕੀਤੀ ਜਿਸ ਕਾਰਨ ਲੋਕਾਂ ਦਾ ਲਾਅ ਇਨਫੋਰਸਮੈਂਟ ਵਿਚ ਭਰੋਸਾ ਹੈ। ਉਨਾਂ ਕਿਹਾ ਕਿ ਜਿਨਾਂ ਅਫਸਰਾਂ ਨੇ ਸਹੁੰ ਨਾਲ ਖਿਲਵਾੜ ਕੀਤਾ ਹੈ ਨਿਆਂ ਵਿਭਾਗ ਉਨਾਂਨੂੰ ਦੋਸ਼ੀ ਠਹਿਰਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗਾ।



# ਜੇਲ ਵਿਚੋਂ 2 ਹਫਤੇ ਪਹਿਲਾਂ ਫਰਾਰ ਹੋਇਆ ਦੋਸ਼ੀ ਨਹੀਂ ਆਇਆ ਕਾਬੂ



**ਸੈਕਰਾਮੈਂਟੋ, ਕੈਲੀਫੋਰਨੀਆ-** ਹੱਤਿਆ ਲਈ ਦੋਸ਼ੀ ਕਰਾਰ ਦਿੱਤਾ ਡਾਨੇਲੋ ਕੈਵਲਕਾਂਟ (34) ਜੋ ਤਕਰੀਬਨ 2 ਹਫਤੇ ਪਹਿਲਾਂ ਪੂਰਬੀ ਪੈਨਸਿਲਵਾਨੀਆ ਦੀ ਇਕ ਜੇਲ ਵਿਚੋਂ ਫਰਾਰ ਹੋ ਗਿਆ ਸੀ, ਅਜੇ ਤੱਕ ਪੁਲਿਸ ਦੇ ਕਾਬੂ ਨਹੀਂ ਆਇਆ ਜਦ ਕਿ ਪੁਲਿਸ ਉਸ ਦੀ ਭਾਲ ਜੰਗੀ ਪੱਧਰ ਉਪਰ ਕਰ ਰਹੀ ਹੈ। ਪੁਲਿਸ ਦਾ ਮੰਨਣਾ ਹੈ ਕਿ ਉਹ ਹਥਿਆਰਬੰਦ ਹੈ ਤੇ ਖਤਰਨਾਕ ਬਣ ਚੁੱਕਾ ਹੈ। ਹੰਗਾਮੀ ਚੌਕਸੀ ਵਿਭਾਗ ਅਨੁਸਾਰ ਕੈਵਲਕਾਂਟ ਨੂੰ ਸੋਮਵਾਰ ਦੀ ਰਾਤ ਨੂੰ ਚੈਸਟਰ ਕਾਊਂਟੀ ਦੇ ਦੱਖਣੀ ਕੋਵੈਂਟਰੀ ਟਾਊਨਸ਼ਿੱਪ ਵਿਚ ਵੇਖਿਆ ਗਿਆ ਸੀ। ਪੁਲਿਸ ਦਾ ਕਹਿਣਾ ਹੈ ਕਿ ਉਸ ਨੇ ਇਕ ਸਥਾਨਕ ਘਰ ਦੇ ਮਾਲਕ ਦੀ ਇਕ ਗੈਰਾਜ ਵਿਚੋਂ ਰਾਈਫਲ ਚੋਰੀ ਕਰ ਲਈ ਹੈ। ਹਾਲਾਂ ਕਿ ਮਾਲਕ ਨੇ ਉਸ ਉਪਰ ਕਈ ਗੋਲੀਆਂ ਚਲਾਈਆਂ ਪਰ ਉਹ ਰਾਈਫਲ ਲੈ ਕੇ ਫਰਾਰ ਹੋ ਗਿਆ। ਪੈਨਸਿਲਵਾਨੀਆ ਸਟੇਟ ਪੁਲਿਸ ਜੋ ਉਸ ਨੂੰ ਕਾਬੂ ਕਰਨ ਦੀ ਮੁਹਿੰਮ ਦੀ ਅਗਵਾਈ ਕਰ ਰਹੀ ਹੈ, ਨੇ ਤਲਾਸ਼ੀ ਵਾਲੇ ਖੇਤਰ ਦੀ ਨਿਸ਼ਾਨਦੇਹੀ ਕਰਨ ਉਪਰੰਤ ਆਪਣੀ ਮੁਹਿੰਮ ਨੂੰ ਤੇਜ ਕਰ ਦਿੱਤਾ ਹੈ। ਪੁਲਿਸ ਨੇ ਲੋਕਾਂ ਨੂੰ ਚੌਕਸ ਰਹਿਣ ਲਈ ਕਿਹਾ ਹੈ।

# ਅਮਰੀਕਾ ਦੇ ਜਾਰਜੀਆ ਰਾਜ ਵਿਚ ਦੱਖਣੀ ਕੋਰੀਆ ਦੀ ਔਰਤ ਦੀ ਮੌਤ ਦੇ ਮਾਮਲੇ ਵਿਚ 6 ਜਣੇ ਗ੍ਰਿਫਤਾਰ

## ਔਰਤ ਉਪਰ ਤਸ਼ੱਦਦ ਕੀਤਾ ਗਿਆ ਤੇ ਭੁੱਖਾ ਰੱਖਿਆ ਗਿਆ

**ਸੈਕਰਾਮੈਂਟੋ, ਕੈਲੀਫੋਰਨੀਆ-** ਅਮਰੀਕਾ ਦੇ ਜਾਰਜੀਆ ਰਾਜ ਵਿਚ ਪੁਲਿਸ ਵੱਲੋਂ ਦੱਖਣੀ ਕੋਰੀਆ ਦੀ ਇਕ ਔਰਤ ਦੀ ਮੌਤ ਦੇ ਮਾਮਲੇ ਵਿਚ 6 ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਦੀ ਖਬਰ ਹੈ। ਗ੍ਰਿਫਤਾਰ ਕੀਤੇ ਵਿਅਕਤੀਆਂ ਦੀ ਪਛਾਣ ਇਕ ਧਾਰਮਿਕ ਸਮੂੰਹ 'ਸ਼ੋਲਜ਼ਰ ਆਫ ਕਰਾਈਸਟ' ਦੇ ਮੈਂਬਰਾਂ ਵੱਜੋਂ ਕੀਤੀ ਗਈ ਹੈ। ਪੀੜਤ ਔਰਤ ਦੀ ਉਮਰ ਤਕਰੀਬਨ 30 ਸਾਲ ਹੈ। ਗਵਿਨੈਟ ਕਾਊਂਟੀ ਪੁਲਿਸ ਵਿਭਾਗ ਨੇ ਇਕ ਜਾਰੀ ਬਿਆਨ ਵਿਚ ਕਿਹਾ ਹੈ ਕਿ ਔਰਤ ਦੀ ਲਾਸ਼ ਐਟਲਾਂਟਾ ਦੇ ਉਤਰ ਵਿਚ ਤਕਰੀਬਨ 25 ਮੀਲ ਦੂਰ ਡੂਲਥ ਸ਼ਹਿਰ ਦੇ ਪ੍ਰਸਿੱਧ ਦੱਖਣੀ ਕੋਰੀਆਈ ਸਪਾ ਜੇਜੂ ਸੌਨਾ ਦੇ ਬਾਹਰ ਖੜੀ ਕਾਰ ਦੇ ਪਿੱਛਲੇ ਹਿੱਸੇ ਵਿਚੋਂ ਬਰਾਮਦ ਕੀਤੀ ਗਈ। ਪੁਲਿਸ ਅਧਿਕਾਰੀਆਂ ਅਨੁਸਾਰ ਔਰਤ ਉਪਰ ਤਸ਼ੱਦਦ ਕੀਤਾ ਗਿਆ ਤੇ ਭੁੱਖਾ ਰਖਿਆ ਗਿਆ। ਪੁਲਿਸ ਦਾ ਕਹਿਣਾ ਹੈ ਕਿ ਮੈਡੀਕਲ ਜਾਂਚ ਦਫਤਰ ਦਾ ਵਿਸ਼ਵਾਸ਼ ਹੈ ਕਿ ਔਰਤ ਦੀ ਮੌਤ ਕੁਪੋਸ਼ਣ ਕਾਰਨ ਹੋਈ ਹੈ ਪਰੰਤੂ ਮੌਤ ਦੇ ਕਾਰਨ ਦੀ ਜਾਂਚ ਕੀਤੀ ਜਾ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਔਰਤ ਦੱਖਣੀ ਕੋਰੀਆ ਤੋਂ ਇਸ ਸਾਲ ਗਰਮ ਰੁੱਤ ਦੌਰਾਨ ਇਕ ਧਾਰਮਿੱਕ ਸੰਗਠਨ ਵਿਚ ਸ਼ਾਮਿਲ ਹੋਣ ਦੇ ਮਕਸਦ ਨਾਲ ਆਈ ਸੀ। ਪੁਲਿਸ ਅਨੁਸਾਰ ਸ਼ੱਕੀ 26 ਸਾਲਾ ਐਰਿਕ ਹਿਊਨ ਨੇ ਆਪਣੀ ਕਾਰ ਪਾਰਕਿੰਗ ਵਿਚ ਖੜੀ ਕੀਤੀ ਸੀ ਜਿਥੇ ਉਸ ਦੇ ਇਕ ਪਰਿਵਾਰਕ ਮੈਂਬਰ ਨੂੰ ਕਾਰ ਵਿਚ ਲਾਸ਼ ਹੋਣ ਬਾਰੇ ਪਤਾ ਲੱਗਣ 'ਤੇ ਉਸ ਨੇ ਪੁਲਿਸ ਨੂੰ ਸੂਚਿਤ ਕੀਤਾ। ਲਾਸ਼ ਬਰਾਮਦ ਕਰਨ ਉਪਰੰਤ ਪੁਲਿਸ ਨੇ ਉਸ ਘਰ ਦੀ ਤਲਾਸ਼ੀ ਲਈ ਜਿਥੇ ਔਰਤ ਨੂੰ ਰਖਿਆ ਗਿਆ ਸੀ। ਪੁਲਿਸ ਅਨੁਸਾਰ 'ਸ਼ੋਲਜ਼ਰ ਆਫ ਕਰਾਈਸਟ' ਨੇ ਔਰਤ ਨੂੰ ਕੁੱਟਿਆ ਮਾਰਿਆ ਤੇ ਉਸ ਦੀ ਮੌਤ ਹੋਣ ਤੱਕ ਉਸ ਨੂੰ ਘਰ ਵਿਚ ਬੰਦ ਰਖਿਆ।



ਹਿਊਨ ਤੋਂ ਇਲਾਵਾ ਸ਼ੱਕੀ ਦੋਸ਼ੀਆਂ ਦੀ ਪਛਾਣ ਗਾਵੋਮ ਲੀ (26), ਜੋਨਹੋ ਲੀ (26), ਹਿਊਨਜੀ ਲੀ (25) ਤੇ ਝੂਨਹਾਊਮ ਲੀ (22) ਵਜੋਂ ਹੋਈ ਹੈ ਜਦ ਕਿ ਇਕ ਸ਼ੱਕੀ ਦੀ ਉਮਰ 15 ਸਾਲਾ ਹੈ ਜਿਸ ਦਾ ਨਾਂ ਤੇ ਤਸਵੀਰ ਜਾਰੀ ਨਹੀਂ ਕੀਤੀ ਗਈ। ਪੁਲਿਸ ਅਨੁਸਾਰ ਗ੍ਰਿਫਤਾਰ ਸਾਰੇ ਸ਼ੱਕੀ ਦੋਸ਼ੀਆਂ ਨੂੰ ਹੱਤਿਆ, ਬੰਦੀ ਬਣਾਉਣ, ਸਬੂਤਾਂ ਨਾਲ ਛੇੜਛਾੜ ਕਰਨ ਸਮੇਤ ਹੋਰ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ।

# ਯੋਜਨਾਬੱਧ ਅਤੇ ਆਪਸੀ ਤਾਲਮੇਲ ਰਾਹੀਂ ਕੰਮ ਕਰਨ ਅਧਿਕਾਰੀ - ਡਿਪਟੀ ਕਮਿਸ਼ਨਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਜਨਮ ਦਿਵਸ 'ਤੇ ਖਟਕੜ ਕਲਾਂ ਵਿਖੇ 28 ਤੋਂ 30 ਸਤੰਬਰ ਤੱਕ ਤਿੰਨ ਦਿਨਾਂ ਦੇ ਕਰਵਾਏ ਜਾਣ ਵਾਲੇ ਇੰਨਕਲਾਬ ਫੈਸਟੀਵਲ ਦੀਆਂ ਤਿਆਰੀਆਂ ਸਬੰਧੀ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਵਿਸ਼ੇਸ਼ ਮੀਟਿੰਗ ਕੀਤੀ। ਡਿਪਟੀ ਕਮਿਸ਼ਨਰ ਨੇ ਖਟਕੜ ਕਲਾਂ ਵਿਖੇ ਮੌਕੇ 'ਤੇ ਜਾਇਜ਼ਾ ਲੈਂਦੇ ਹੋਏ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਸਾਰੇ ਅਧਿਕਾਰੀ ਆਪਸੀ ਤਾਲਮੇਲ ਅਤੇ ਯੋਜਨਾਬੱਦ ਤਰੀਕੇ ਨਾਲ ਇਸ ਕੰਮ ਨੂੰ ਨੇਪਰੇ ਚਾੜ੍ਹਨ। ਉਨ੍ਹਾਂ ਕਿਹਾ ਕਿ ਇਨਕਲਾਬ ਫੈਸਟੀਵਲ ਨੂੰ ਇਕ ਮੇਲੇ ਦੀ ਦਿਖ ਦੇ ਰੂਪ ਵਿੱਚ ਮਨਾਇਆ ਜਾਵੇਗਾ, ਜਿਸਦੇ ਵਿੱਚ 28 ਸਤੰਬਰ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਦੇ ਆਉਣ ਦੀ ਵੀ ਤਜਵੀਜ਼ ਹੈ। ਇਸ ਲਈ ਹਰ ਪੱਖ ਤੋਂ ਤਿਆਰੀਆਂ ਕੀਤੀਆਂ ਜਾਣ, ਤਾਂ ਜੋ ਫੈਸਟੀਵਲ ਵਾਲੇ ਦਿਨ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਪੇਸ਼ ਨਾ ਆਵੇ। ਉਨ੍ਹਾਂ ਨੇ ਕਿਹਾ ਕਿ ਇਸ ਫੈਸਟੀਵਲ ਦੇ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਨਾਗਰਿਕਾਂ ਦੇ ਆਉਣ ਦੀ ਯੋਜਨਾ ਬਣਾਈ ਗਈ ਹੈ। ਇਸ ਲਈ ਉਨ੍ਹਾਂ ਦੇ ਬੈਠਣ ਲਈ ਵਿਸ਼ਾਲ ਪੰਡਾਲ, ਪਾਰਕਿੰਗ, ਖਾਣ-ਪੀਣ ਦੇ ਪ੍ਰਬੰਧ ਅਤੇ ਰਸਤਿਆਂ ਨੂੰ ਯੋਜਨਾਬੱਧ ਤਰੀਕੇ ਨਾਲ ਤਿਆਰੀ ਕਰਕੇ ਕੰਮ ਸ਼ੁਰੂ ਕਰ ਦਿੱਤੇ ਜਾਣ। ਉਨ੍ਹਾਂ ਕਿਹਾ ਕਿ ਤਿੰਨਾਂ ਦਿਨਾਂ ਦੇ ਦੌਰਾਨ ਪ੍ਰਸਿੱਧ ਪੰਜਾਬੀ ਕਲਾਕਾਰ ਜਸਵੀਰ ਜੱਸੀ, ਹਰਭਜਨ ਮਾਨ ਅਤੇ ਸੁਲਤਾਨਾਂ ਨੂਰਾਂ ਤੋਂ ਇਲਾਵਾ ਹੋਰ ਵੀ ਪ੍ਰਸਿੱਧ ਕਲਾਕਾਰ ਆਪਣੀ ਗਾਇਕੀ ਦੀ ਪੇਸ਼ਕਾਰੀ ਕਰਨਗੇ। ਇਸ ਦੌਰਾਨ ਬੱਚਿਆਂ ਦੇ ਲਈ ਝੂਲੇ, ਜਾਦੂਗਰ ਸ਼ੋਅ, ਖਾਣ-ਪੀਣ ਦੇ ਸਟਾਲ ਖਿੱਚ ਦਾ ਕੇਂਦਰ ਹੋਣਗੇ ਅਤੇ ਖਟਕੜ ਕਲਾਂ ਵਿਖੇ ਨਵੀਂ ਬਣਾਈ ਜਾਣ ਵਾਲੀ ਹੈਰੀਟੇਜ਼ ਸਟ੍ਰੀਟ ਅਤੇ ਅਪਗ੍ਰੇਡ ਕੀਤੇ ਗਏ ਸ਼ਹੀਦ-ਏ-ਆਜ਼ਮ ਮਿਊਜ਼ੀਅਮ ਦਾ ਵੀ ਉਦਘਾਟਨ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ 28 ਸਤੰਬਰ ਨੂੰ ਪ੍ਰਸਿੱਧ ਕਲਾਕਾਰ ਜਸਵੀਰ ਜੱਸੀ ਆਪਣੀ ਗਾਇਕੀ ਦੀ ਪੇਸ਼ਕਾਰੀ ਕਰਨਗੇ। ਇਸ ਤੋਂ ਇਲਾਵਾ ਵਿਸ਼ੇਸ਼ ਜਰੂਰਤਾਂ ਵਾਲੇ ਬੱਚਿਆਂ ਵਲੋਂ ਡਾਂਸ ਪ੍ਰੋਗਰਾਮ ਸਮੇਤ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਜੀ ਦੀ ਜੀਵਨੀ ਸਬੰਧੀ ਵਿਸ਼ੇਸ਼ ਪ੍ਰੋਗਰਾਮ ਵੀ ਕਰਵਾਏ ਜਾਣਗੇ। 29 ਸਤੰਬਰ ਨੂੰ ਗੀਤਕਾਰ ਸ. ਵੀਰ ਸਿੰਘ ਅਤੇ ਸੁਲਤਾਨਾ ਨੂਰਾ ਵੱਖ-ਵੱਖ ਸਮੇਂ ਦੌਰਾਨ ਆਪਣੀ ਗਾਇਕੀ ਦੇ ਨਾਲ ਰੰਗ ਬੰਨਣਗੇ। ਇਸ ਤੋਂ ਇਲਾਵਾ ਖੇਡਾਂ, ਫੁੱਲਾਂ ਦੇ ਗੁਲਦਸਤਿਆਂ ਦੀ ਪੇਸ਼ਕਾਰੀ, ਅਕਾਲ ਅਕੈਡਮੀ ਗਤਕਾ, ਪੰਜਾਬੀ ਸਭਿਆਚਾਰ ਤੇ ਫੈਸ਼ਨ ਸ਼ੋਅ, ਭੰਗੜਾ ਅਤੇ ਗਿੱਧਾ ਦੀ ਪੇਸ਼ਕਾਰੀ ਵੀ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਵਲੋਂ ਕੀਤੀ ਜਾਵੇਗੀ। 30 ਸਤੰਬਰ ਨੂੰ ਸਕੂਲਾਂ ਅਤੇ ਕਾਲਜਾਂ ਦੇ ਕੁਇੰਜ ਮੁਕਾਬਲੇ, ਡਾਂਸ ਦੇ ਮੁਕਾਬਲਿਆਂ ਤੋਂ ਇਲਾਵਾ ਪ੍ਰਸਿੱਧ ਕਲਾਕਾਰ ਹਰਭਜਨ ਮਾਨ ਆਪਣੀ ਗੀਤਕਾਰੀ ਪੇਸ਼ ਕਰਨਗੇ। ਇਸ ਮੌਕੇ 'ਤੇ ਐਸ.ਡੀ.ਐਮ ਬੰਗਾ ਮਨਰੀਤ ਰਾਣਾ, ਪੰਜਾਬ ਗੁਡ ਗਵਰਨਸ ਫੈਲੋ ਸੰਜਨਾ ਸਕਸੈਨਾ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।



ਦੇਸ਼ ਦੁਆਬਾ

# ਸਤਿਗੁਰੂ ਰਵਿਦਾਸ ਬਾਣੀ ਵਿਚਾਰ



ਡਾ. ਜੀ. ਸੀ. ਕੌਲ
ਐਮ. ਏ., ਪੀ. ਐਚ. ਡੀ.
91-94632-23223

ਸਦੀਆਂ ਪਹਿਲਾਂ ਭਾਰਤ ਦੇ ਅਛੂਤਾਂ ਅੰਦਰ ਸਵੈਮਾਣ, ਸਵੈ-ਵਿਸ਼ਵਾਸ ਤੇ ਸਵੈ-ਸ਼ਕਤੀ ਦਾ ਅਹਿਸਾਸ ਜਗਾਉਣ ਵਾਲੇ ਸੰਤ-ਸਤਿਗੁਰੂ ਰਵਿਦਾਸ ਜੀ ਇਕ ਮਹਾਨ, ਆਕਰਸ਼ਕ, ਵਿਲੱਖਣ, ਅਦੁੱਤੀ ਤੇ ਬੇਮਿਸਾਲ ਵਿਅਕਤਿਤਵ ਦੇ ਮਾਲਕ ਸਨ। ਆਪ ਜੀ ਦੀਆਂ ਸਮਕਾਲੀਨ ਪ੍ਰਸਥਿਤੀਆਂ ਏਨੀਆਂ ਵਿਕਟ ਤੇ ਮਾਨਵਤਾ ਵਿਰੋਧੀ ਸਨ ਕਿ ਸਮੁੱਚੇ ਦੇਸ਼ ਵਿਚ ਛੂਤ-ਛਾਤ, ਜਾਤ-ਪਾਤ, ਊਚ-ਨੀਚ ਅਤੇ ਆਡੰਬਰ ਪੂਰਨ ਕਰਮ-ਕਾਂਡ ਪ੍ਰਧਾਨ ਸਨ। ਧਰਮ ਅਭਿਮਾਨੀ ਮਨੁੱਖਤਾ ਨੂੰ ਪੈਰਾਂ ਹੇਠ ਰੋਲ ਰਹੇ ਸਨ, ਵੈਰ, ਵਿਰੋਧ, ਨਫ਼ਰਤ, ਸਾੜਾ, ਕੀਨਾ, ਈਰਖਾ ਆਦਿ ਮਾਨਵਤਾ ਦਾ ਲਹੂ ਚਿੱਟਾ ਕਰ ਰਹੇ ਸਨ। ਅਜਿਹੇ ਸੰਕਟ-ਗ੍ਰਸਤ ਸਮੇਂ ਵਿਚ ਦੁਖੀ, ਪੀੜਤ, ਲਤਾੜੇ ਤੇ ਸਤਾਏ ਹੋਏ ਜਨ-ਸਾਧਾਰਨ ਨੂੰ ਗੁਰੂ ਰਵਿਦਾਸ ਨੇ ਆਪਣੀ ਅੰਮ੍ਰਿਤ-ਬਾਣੀ ਦੁਆਰਾ ਇਕ ਨਵੀਂ ਜ਼ਿੰਦਗੀ ਬਖਸ਼ੀ, ਧਾਰਮਿਕ ਤੇ ਸਮਾਜਿਕ ਸੇਧ ਦਿੱਤੀ ਅਤੇ ਭਾਰਤ ਨੂੰ ਰਸਾਤਲ ਦੀਆਂ ਡੂੰਘੀਆਂ ਖੱਡਾਂ ਵਿਚ ਡਿੱਗਣ ਤੋਂ ਬਚਾਇਆ।

ਸਤਿਗੁਰੂ ਰਵਿਦਾਸ ਚੇਤਨਾ ਦੀ ਲਟ-ਲਟ ਬਲਦੀ ਇਕ ਅਜਿਹੀ ਮਿਸ਼ਾਲ ਸੀ ਜਿਸਨੇ ਨਿਮਨ ਵਰਗ ਵਿਚ ਜੋਸ਼ ਅਤੇ ਉਤਸ਼ਾਹ ਦੀ ਇਕ ਅਜਿਹੀ ਅਗਨੀ ਪ੍ਰਚੰਡ ਕੀਤੀ, ਜੋ ਤਤਕਾਲੀਨ ਸਮਾਜ ਦੀਆਂ ਬੁਰਾਈਆਂ ਅਤੇ ਕੁਰੀਤੀਆਂ ਨੂੰ ਸਾੜ ਕੇ ਇਕ ਅਜਿਹਾ ਪ੍ਰਕਾਸ਼ ਪਿੱਛੇ ਛੱਡ ਗਈ ਕਿ ਅੱਜ ਵੀ ਲੱਖਾਂ ਪ੍ਰਾਣੀ ਉਸ ਤੋਂ ਰੌਸ਼ਨੀ ਪ੍ਰਾਪਤ ਕਰ ਰਹੇ ਹਨ।

ਗੁਰੂ ਜੀ ਸੱਚੇ ਕਰਮਯੋਗੀ, ਮਾਨਵਤਾਵਾਦੀ, ਨਿਰਵੈਰ ਤੇ ਨਿਰਵਿਰੋਧ ਸ਼ਖਸੀਅਤ, ਚੰਗੇ ਗ੍ਰਿਹਸਥੀ, ਸਹਿਣਸ਼ੀਲ, ਦਿਆਲੂ, ਪਰਉਪਕਾਰੀ, ਰੱਬੀ ਰਜ਼ਾ ਵਿਚ ਰਹਿਣ ਵਾਲੇ, ਅਮਲ ਪਸੰਦ, ਕਥਨੀ-ਕਰਨੀ ਵਿਚ ਸਮਾਨਤਾ ਰੱਖਣ ਵਾਲੇ, ਮਿੱਠ-ਬੋਲੜੇ, ਨਿਰਭੈ, ਤਰਕਸ਼ੀਲ, ਚੰਗੇ ਸ਼ਹਿਰੀ ਅਤੇ ਮਹਾਨ ਸੰਤ ਸਨ। ਉਨ੍ਹਾਂ ਦੀ ਬੇਮਿਸਾਲ ਸ਼ਖਸੀਅਤ ਦਾ ਹੀ ਪ੍ਰਭਾਵ ਸੀ ਕਿ ਅਖੌਤੀ ਨਿਮਨ ਵਰਗ ਵਿਚ ਪੈਦਾ ਹੋ ਕੇ ਵੀ ਉਹ ਸ਼ਾਹੀ ਖਾਨਦਾਨ ਦੇ ਰਾਜਗੁਰੂ ਬਣੇ ਅਤੇ ਅਨੇਕ ਰਾਜੇ-ਮਹਾਰਾਜੇ, ਪੰਡਤ ਅਤੇ ਕਥਿਤ ਉਚਤਮ ਵਰਗ ਦੇ ਲੋਕ ਉਨ੍ਹਾਂ ਦੇ ਸ਼ਿਸ਼ ਬਣੇ।

ਸੱਤ ਸਾਲ ਦੀ ਉਮਰ ਵਿਚ ਆਪ ਨੇ ਧਾਗੇ ਦਾ ਜਨੇਊ ਗਲ਼ ਵਿਚ ਪਾ ਲਿਆ, ਜੁੱਤੀਆਂ ਗੰਢਣ ਵਾਲੀ ਪੱਥਰੀ ਨੂੰ ਠਾਕੁਰ ਬਣਾ ਲਿਆ, ਧੇਲੇ ਦਾ ਰੰਗ ਲੈ ਕੇ ਮੱਥੇ ਤੇ ਮਲ਼ ਲਿਆ ਅਤੇ ਪ੍ਰੋਹਿਤਾਂ ਵਾਲਾ ਰੂਪ ਧਾਰ ਕੇ ਪੁਰਾਤਨ ਧਰਮ ਦੇ ਗੜ੍ਹ ਕਾਸ਼ੀ ਵਿਚ ਸੰਖ ਵਜਾ ਦਿੱਤਾ। ਇਨਕਲਾਬੀ ਰਹਿਬਰ ਵੱਲੋਂ ਪੰਡਤਾਂ ਵਾਲਾ ਪਹਿਰਾਵਾ ਧਾਰਨ ਕਰਨਾ ਧਰਮ ਨੂੰ 'ਜੱਦੀ ਕਿੱਤਾ' ਬਣਾਉਣ ਵਾਲੇ ਲੋਕਾਂ ਉਪਰ ਕਰਾਰੀ ਚੋਟ ਸੀ, ਇਕ ਵਾਰ ਸੀ, ਵੰਗਾਰ ਸੀ ਅਤੇ ਭਾਰਤ ਦੇ ਅਰਸ਼ਾਂ ਵਿਚ ਕਰਮਕਾਂਡੀ ਧਰਮ ਦੇ ਝੂਲ ਰਹੇ ਝੰਡੇ ਨੂੰ ਲੀਰੋ-ਲੀਰ ਕਰਨ ਲਈ ਬਗਾਵਤ ਵੱਲ ਪੁੱਟਿਆ ਪਹਿਲਾ ਕਦਮ ਸੀ। ਪੰਡਤਾਂ ਵੱਲੋਂ ਵਿਰੋਧ ਕਰਨ ਤੇ ਉਨ੍ਹਾਂ ਨੇ ਬੁਲੰਦ ਆਵਾਜ਼ ਵਿਚ ਕਿਹਾ:

**ਆਪਨ ਬਾਪੈ ਨਾਹੀ ਕਿਸੀ ਕੋ**
**ਭਾਵਨ ਕੋ ਹਰਿ ਰਾਜਾ।**

**ਅਰਥਾਤ:** ਪਰਮਾਤਮਾ ਕਿਸੇ ਦੇ ਬਾਪ ਦਾ ਨਹੀਂ, ਕਿਸੇ ਦੇ ਪਿਉ ਦੀ ਜਾਗੀਰ ਨਹੀਂ, ਉਸ ਵਿਚ ਨਿਸਚਾ ਅਤੇ ਪ੍ਰੇਮ-ਭਾਵਨਾ ਰੱਖਣ ਵਾਲਾ ਕੋਈ ਵੀ ਜੀਵ ਉਸਦੀ ਪੂਜਾ ਭਗਤੀ ਕਰ ਸਕਦਾ ਹੈ। ਧਰਮ ਵਿਚ ਪ੍ਰਚੱਲਿਤ ਆਰਤੀ ਨੂੰ ਆਪਨੇ 'ਝੂਠੇ ਸਗਲ ਪਸਾਰੇ' ਕਹਿ ਕੇ ਕੇਵਲ ਇਕ ਦਿਖਾਵਾ ਘੋਸ਼ਿਤ ਕੀਤਾ। ਮੂਰਤੀ ਪੂਜਕ ਭਗਤਾਂ ਵੱਲੋਂ ਅਖੌਤੀ ਦੇਵ-ਪੂਜਾ ਸਮੇਂ ਸੁੱਚੇ ਜਲ, ਫਲ-ਫੁੱਲ ਅਤੇ ਦੁੱਧ ਆਦਿ ਨਾਲ ਪੱਥਰਾਂ ਨੂੰ ਇਸ਼ਨਾਨ ਕਰਾਉਣ ਅਤੇ ਠਾਕੁਰਾਂ ਨੂੰ ਭੋਗ ਲਗਾਉਣ ਦੇ ਤਰੀਕੇ ਨੂੰ ਆਪ ਨੇ ਪ੍ਰੋਹਿਤਵਾਦੀ ਪਾਖੰਡ ਦੱਸਿਆ। ਆਪ ਨੇ ਇਹ ਗੱਲ ਡੱਟ ਕੇ ਆਖੀ ਕਿ ਪੱਥਰਾਂ ਨੂੰ ਭੋਗ ਲੁਆਉਣ ਲਈ ਭੇਂਟ ਕੀਤਾ ਦੁੱਧ, ਜਲ ਅਤੇ ਫੁੱਲ ਤਾਂ ਪਹਿਲਾਂ ਹੀ ਕ੍ਰਮਵਾਰ ਗਾਂ ਦੇ ਵੱਛੇ, ਮਛਲੀ ਅਤੇ ਭੌਰੇ ਨੇ ਜੂਠੇ ਕੀਤੇ ਹੋਏ ਹਨ ਅਤੇ ਇਸ ਜੂਠੀ ਸਮੱਗਰੀ ਨਾਲ ਇਹ ਪੂਜਾ ਪਵਿੱਤਰ ਕਿਵੇਂ ਹੋਈ? ਆਪ ਦਾ ਫੁਰਮਾਨ ਹੈ:

**ਦੂਧੁ ਤ ਬਛਰੈ ਥਨਹੁ ਬਿਟਾਰਿਓ।।**
**ਫੂਲੁ ਭਵਰਿ ਜਲੁ ਮੀਨਿ ਬਿਗਾਰਿਓ।।**
**ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ।।**

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਨੇ ਜਨ-ਚੇਤਨਾ ਪੈਦਾ ਕਰਕੇ ਸਦੀਆਂ ਤੋਂ ਲਤਾੜੇ ਅਤੇ ਪੀੜਤ ਵਰਗ ਦੇ ਲੋਕਾਂ ਨੂੰ ਸਮਾਜ ਦਾ ਨਵ-ਨਿਰਮਾਣ ਕਰਕੇ ਮਾਨਵਤਾ ਲਈ ਸਮਾਨਤਾ, ਸੁਤੰਤਰਤਾ, ਮਨੁੱਖੀ ਭਾਈਚਾਰੇ ਵਿਚ ਏਕਤਾ, ਪਿਆਰ ਅਤੇ ਸਮਨਵੈ ਦੀ ਭਾਵਨਾ ਪੈਦਾ ਕਰਕੇ 'ਸਤਿਸੰਗਤ ਮਿਲ ਰਹੀਐ' ਵਾਲਾ ਇਕ ਸੁਚੱਜਾ ਸਮਾਜ ਸਿਰਜਣ ਦੀ ਪ੍ਰੇਰਨਾ ਪ੍ਰਦਾਨ ਕੀਤੀ।

ਗੁਰੂ ਰਵਿਦਾਸ ਜੀ ਇਕ ਇਨਕਲਾਬੀ ਯੋਧੇ ਸਨ। ਆਪ ਨੇ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਪਰਾਧੀਨਤਾ ਵਿਰੁੱਧ ਝੰਡਾ ਬੁਲੰਦ ਕੀਤਾ। ਉਨ੍ਹਾਂ 'ਪਰਾਧੀਨਤਾ ਪਾਪ ਹੈ' ਦਾ ਨਾਅਰਾ ਬੁਲੰਦ ਕਰਦਿਆਂ ਗੁਲਾਮੀ ਵਿਰੁੱਧ ਸੰਘਰਸ਼ ਕਰਨ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਨੇ ਸਮਾਜਿਕ ਅਤੇ ਆਰਥਿਕ ਸਮਾਨਤਾ ਵਾਲਾ ਭਾਈਚਾਰਕ ਸਮਾਜ ਸਿਰਜਣ ਦਾ ਚਿੰਤਨ ਪ੍ਰਸਤੁਤ ਕੀਤਾ। ਆਪ ਦਾ ਕਥਨ ਹੈ:

**(ੳ) ਐਸਾ ਚਾਹੋਂ ਰਾਜ ਮੈਂ।**
**ਜਹਾਂ ਮਿਲੈ ਸਭਨ ਕੋ ਅੰਨ।।**
**ਛੋਟ ਬੜੇ ਸਭ ਸਮ ਬਸੈਂ।**
**ਰਵਿਦਾਸ ਰਹੈ ਪ੍ਰਸੰਨ।।**

**(ਅ) ਪਰਾਧੀਨਤਾ ਪਾਪ ਹੈ।**
**ਜਾਨ ਲੇਹੁ ਰੇ ਮੀਤ।।**
**ਰਵਿਦਾਸ ਦਾਸ ਪਰਾਧੀਨ ਸਿਉ।**
**ਕਉਨ ਕਰੈ ਹੈ ਪ੍ਰੀਤ।।**

ਆਪ ਮਾਨਵਤਾਵਾਦੀ ਸੰਤ ਸਨ। ਆਪ ਭਾਰਤੀ ਸਮਾਜ ਵਿਚ ਧਰਮ, ਜਾਤ ਅਤੇ ਮਜ਼ਹਬ ਦੇ ਨਾਂ ਤੇ ਪਈਆਂ ਵੰਡੀਆਂ ਨੂੰ ਦੂਰ ਕਰਕੇ ਅਜਿਹਾ ਸਮਾਜ ਸਥਾਪਿਤ ਕਰਨਾ ਚਾਹੁੰਦੇ ਸਨ ਜਿਸ ਵਿਚ ਧਾਰਮਿਕ ਅੰਧ-ਵਿਸ਼ਵਾਸਾਂ, ਆਡੰਬਰਾਂ, ਕਰਮਕਾਂਡਾਂ ਅਤੇ ਵਿਤਕਰਿਆਂ ਦਾ ਬੋਲਬਾਲਾ ਨਾ ਹੋਵੇ। ਆਪ ਨੇ ਵੇਦਾਂ-ਸ਼ਾਸਤਰਾਂ ਦੀ ਪ੍ਰਭੂਸੱਤਾ ਨੂੰ ਇਹ ਕਹਿ ਕੇ ਵੰਗਾਰਿਐ ਕਿ ਇਹ ਸ਼ੰਕਿਆਂ ਨਾਲ ਭਰੇ ਪਏ ਹਨ। ਆਪ ਦਾ ਸਪਸ਼ਟ ਫਰਮਾਨ ਹੈ:

**(ੳ) ਕਰਮ ਅਕਰਮ ਬੀਚਾਰੀਐ**
**ਸੰਕਾ ਸੁਨਿ ਬੇਦ ਪੁਰਾਨ।।**
**(ਅ) ਰਵਿਦਾਸ ਇਕ ਹੀ ਬੂੰਦ ਸੋ, ਸਭ ਹੀ ਭਯੋ ਵਿੱਥਾਰ।**
**ਮੂਰਖਿ ਹੈਂ ਜੋ ਕਰਤ ਹੈਂ, ਬਰਨ ਅਬਰਨ ਬਿਚਾਰ।।**

ਗੁਰੂ ਜੀ ਵੱਲੋਂ ਵਰਣ-ਵਿਵਸਥਾ ਦੇ ਸਿਰਜਕਾਂ ਨੂੰ ਮੂਰਖਾਂ ਦੀ ਸੰਗਿਆ ਦੇਣਾ ਅਤੇ ''ਮਾਥੈ ਤਿਲਕ ਹਾਥ ਜਪਮਾਲਾ, ਜਗ ਠਗਨੇ ਨੂੰ ਸਵਾਂਗ ਬਣਾਇਆ'' ਕਹਿ ਕੇ ਇਸ ਵਿਵਸਥਾ ਨੂੰ ਵੰਗਾਰਨਾ ਇਕ ਵਿਦਰੋਹ ਹੀ ਤਾਂ ਸੀ। ਆਪ ਨੇ ਆਪਣੀ ਬਾਣੀ ਵਿਚ ਮਨੁੱਖ ਨੂੰ ਮਾਨਸਿਕ ਰੂਪ ਵਿਚ ਕਮਜ਼ੋਰ ਤੇ ਗੁਲਾਮ



ਬਣਾਈ ਰੱਖਣ ਵਾਲੇ ਇਨ੍ਹਾਂ ਅਖੌਤੀ ਧਰਮ-ਸ਼ਾਸਤਰਾਂ ਅਤੇ ਇਨ੍ਹਾਂ ਦੀ ਰਚਨਾ ਕਰਨ ਵਾਲਿਆਂ ਵਿਰੁੱਧ ਨਿਰਭੈ ਹੋ ਕੇ ਆਵਾਜ਼ ਬੁਲੰਦ ਕੀਤੀ। ਆਪ ਨੇ ਅੰਧ-ਵਿਸ਼ਵਾਸਾਂ ਅਧੀਨ ਫੈਲਾਏ ਭਰਮ-ਜਾਲ, ਜਪ, ਤਪ, ਦਾਨ, ਤੀਰਥ-ਇਸ਼ਨਾਨ, ਪੂਜਾ, ਅਰਚਨਾ, ਮੂਰਤੀਆਂ ਅੱਗੇ ਨੱਚਣ, ਗਾਉਣ ਆਦਿ ਦਾ ਜ਼ੋਰਦਾਰ ਖੰਡਨ ਕੀਤਾ, ਆਪ ਦਾ ਕਥਨ ਹੈ:

**(ੳ) ਮਾਧਵੈ ਕਿਹਾ ਕਹੀਐ ਭ੍ਰਮ ਐਸਾ।**
**ਜੈਸਾ ਮਾਨੀਐ ਹੋਇ ਨ ਤੈਸਾ।**
**(ਅ) ਭਾਈ ਰੇ ! ਭ੍ਰਮ ਭਗਤਿ ਸੂੰ ਜਾਨ।**
**ਜੌ ਲੌ ਨਹੀਂ ਸਾਂਚ ਸੂੰ ਪਹਿਚਾਣ।। ਟੇਕ।।**
**ਭ੍ਰਮ ਨਚਣ ਭ੍ਰਮ ਗਾਇਣ, ਭ੍ਰਮ ਜਪ ਤਪੁ ਦਾਨਿ।**
**ਭ੍ਰਮ ਸੇਵਾ ਭ੍ਰਮ ਪੂਜਾ ਅਰੁ ਭ੍ਰਮ ਸੂੰ ਪਹਿਚਾਨ।।**

ਸਤਿਗੁਰੂ ਰਵਿਦਾਸ ਜੀ ਨੇ ਇਨ੍ਹਾਂ ਬਾਹਰਮੁਖੀ ਕਰਮਕਾਂਡਾਂ ਦਾ ਪੁਰਜ਼ੋਰ ਖੰਡਨ ਕੀਤਾ ਹੈ। ਦਰਅਸਲ ਧਰਮ-ਸ਼ਾਸਤਰਾਂ ਵੱਲੋਂ ਇਹ ਵਹਿਮ, ਭਰਮ ਅਤੇ ਅੰਧ-ਵਿਸ਼ਵਾਸ ਫੈਲਾ ਕੇ ਵਿਹਲੜ ਪੁਰੋਹਿਤਾਂ ਤੇ ਪੁਜਾਰੀਆਂ ਦੀ ਰੋਜ਼ੀ-ਰੋਟੀ ਦਾ ਪ੍ਰਬੰਧ ਕੀਤਾ ਗਿਆ ਸੀ। ਮਨੂੰ ਸਿਮ੍ਰਤੀ ਦਾ ਸਪਸ਼ਟ ਆਦੇਸ਼ ਹੈ ਕਿ ''ਬ੍ਰਾਹਮਣ ਦਾ ਪੈਦਾ ਹੋਣਾ ਹੀ ਸਭ ਤੋਂ ਸ੍ਰੇਸ਼ਟ ਉਤਪੱਤੀ ਹੈ। ਉਹ ਸਭ ਜੀਵਾਂ ਦੇ ਧਰਮਾਂ ਦੀ ਰੱਖਿਆ ਕਰਨ ਵਿਚ ਸਮਰੱਥ ਹੈ।'' ''ਇਹ ਸੰਸਾਰ ਵਿਚ ਜੋ ਕੁਝ ਵੀ ਹੈ, ਉਹ ਸਭ ਬ੍ਰਾਹਮਣ ਦਾ ਹੀ ਹੈ ਕਿਉਂਕਿ (ਉਹ) ਬ੍ਰਹਮਾ ਦੇ ਮੂੰਹ ਤੋਂ ਪੈਦਾ ਹੋਣ ਕਰਕੇ ਸਭ ਕੁਝ ਗ੍ਰਹਿਣ ਕਰਨ ਦਾ ਅਧਿਕਾਰੀ ਹੈ।''

ਵਾਸਤਵ ਵਿਚ ਯੂਰੇਸ਼ੀਆ ਤੋਂ ਆਏ ਆਰੀਅਨ ਵੱਲੋਂ ਸਿਮ੍ਰਤੀਆਂ, ਸ਼ਰੁਤੀਆਂ ਅਤੇ ਸ਼ਾਸਤਰਾਂ ਦੁਆਰਾ ਭਰਮ ਪੈਦਾ ਕਰਕੇ ਇਕ ਅਜਿਹਾ ਆਰਥਿਕ ਪ੍ਰਬੰਧ ਉਸਾਰਿਆ ਗਿਆ ਕਿ ਬ੍ਰਾਹਮਣ ਹਮੇਸ਼ਾ ਵਿਹਲਾ ਰਹਿ ਕੇ ਦੂਸਰਿਆਂ ਦੀ ਕਿਰਤ-ਕਮਾਈ 'ਤੇ ਸੁੱਖ ਭਰਿਆ ਜੀਵਨ ਬਤੀਤ ਕਰ ਸਕੇ। ਤੇਤੀ ਕਰੋੜ ਦੇਵੀ-ਦੇਵਤਿਆਂ ਦੀ ਕਲਪਨਿਕ ਸਿਰਜਣਾ, ਅਠਾਰਹ ਤੀਰਥਾਂ ਦੀ ਯਾਤਰਾ, ਜਪ, ਤਪ, ਦਾਨ, ਇਸ਼ਨਾਨ, ਪੂਜਾ, ਅਰਚਨਾ, ਆਰਤੀ, ਸਰਾਧ ਅਥਵਾ ਪਿੱਤਰ ਪੂਜਾ, ਜਨੇਊ ਸੰਸਕਾਰ, ਜਨਮ, ਵਿਆਹ ਤੇ ਮੌਤ ਸਬੰਧੀ ਅਨੇਕ ਸੰਸਕਾਰ, ਜਾਨਵਰਾਂ, ਪਸ਼ੂ, ਪੰਛੀਆਂ ਤੇ ਬ੍ਰਿਛਾਂ ਦੀ ਪੂਜਾ, ਅਨੇਕ ਭਾਂਤ ਦੇ ਅਣਗਿਣਤ ਤਿਥ-ਤਿਉਹਾਰ, ਮੇਲੇ, ਜਾਤਾਂ, ਗੋਤਾਂ ਆਦਿ ਵਿਚ ਉਲਝਾਈ ਰੱਖਣ ਦੀ ਨੀਤੀ ਬ੍ਰਾਹਮਣਾਂ ਦੇ ਸ਼ਾਤਰ ਦਿਮਾਗ ਦੀਆਂ ਕਾਢਾਂ ਹਨ। ਮਨੂੰ ਸਿਮ੍ਰਤੀ ਦਾ ਸਪਸ਼ਟ ਆਦੇਸ਼ ਹੈ:

''ਬ੍ਰਾਹਮਣ ਜੋ ਕੁਝ ਦੂਜਿਆਂ ਦਾ ਖਾਂਦਾ ਹੈ, ਦੂਜਿਆਂ ਦਾ ਦਿੱਤਾ ਪਹਿਨਦਾ ਹੈ ਜਾਂ ਦੂਜੇ ਤੋਂ ਲੈ ਕੇ ਕਿਸੇ ਹੋਰ ਨੂੰ ਦਿੰਦਾ ਹੈ, ਉਹ ਸਭ ਕੁਝ ਉਸਦਾ ਆਪਣਾ ਹੀ ਹੈ, ਕਿਉਂਕਿ ਉਸਦੀ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਸਭ ਸੁੱਖ ਮਾਣਦੇ ਹਨ।''

ਦਰਅਸਲ ਪੁਰਾਤਨ ਸਮਿਆਂ ਅਤੇ ਵਰਤਮਾਨ ਵਿਚ ਸਿਰਜੇ ਗਏ ਅਠਾਰਹ ਤੀਰਥਾਂ ਸਮੇਤ ਲੱਖਾਂ ਧਰਮ ਅਸਥਾਨ ਅਜਿਹੇ ਕੇਂਦਰੀ ਬਿੰਦੂ ਹਨ, ਜਿੱਥੋਂ ਰੂੜ੍ਹੀਵਾਦੀਆਂ ਦਾ ਵਿਉਪਾਰ ਚੱਲਦਾ ਹੈ, ਜਿੱਥੋਂ ਉਨ੍ਹਾਂ ਦੀ ਆਰਥਿਕਤਾ ਮਜ਼ਬੂਤ ਹੁੰਦੀ ਹੈ, ਜਿੱਥੋਂ ਉਨ੍ਹਾਂ ਨੂੰ ਮਾਣ ਤੇ ਸਨਮਾਨ ਮਿਲਦਾ ਹੈ ਅਤੇ ਜਿੱਥੋਂ ਉਨ੍ਹਾਂ ਵੱਲੋਂ ਰਾਜਨੀਤੀ ਤੇ ਕਾਬਜ਼ ਹੋਣ ਅਤੇ ਜਨ-ਸਧਾਰਨ ਨੂੰ ਗੁਲਾਮ ਬਣਾਈ ਰੱਖਣ ਦੀਆਂ ਗੋਂਦਾਂ ਗੁੰਦੀਆਂ ਜਾਂਦੀਆਂ ਹਨ। ਇਸ ਸੰਦਰਭ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਨਿਮਨ-ਲਿਖਤ ਵਿਚਾਰ ਵਾਚਣਯੋਗ ਹੈ:

''ਹਿੰਦੂ ਧਰਮ (ਜੋ ਪੁਰਾਣੇ ਬ੍ਰਾਹਮਣ ਧਰਮ ਦਾ ਹੀ ਇਕ ਨਵਾਂ ਨਾਮ ਹੈ) ਕੋਈ ਧਰਮ ਨਹੀਂ ਬਲਕਿ ਉਸ ਤਰ੍ਹਾਂ ਦੇ ਚਰਿੱਤਰ ਵਾਲੀ ਇਕ ਰਾਜਨੀਤਿਕ ਵਿਚਾਰਧਾਰਾ ਹੈ ਜੋ ਪੂਰੀ ਤਰ੍ਹਾਂ ਲੋਕਤੰਤਰ ਵਿਰੋਧੀ ਹੈ।''

ਗੁਰੂ ਜੀ ਨੇ 'ਰਵਿਦਾਸ ਉਪਿਜਇ ਸਭ ਇਕ ਬੂੰਦ ਤੇ, ਕਾ ਬਾਹਮਨ ਕਾ ਸੂਦ'' ਕਹਿ ਕੇ ਵਰਣ-ਵਿਵਸਥਾ ਅਧੀਨ ਬ੍ਰਾਹਮਣ ਦੀ ਅਖੌਤੀ ਉਚ-ਪਦਵੀ ਨੂੰ ਚੁਣੌਤੀ ਦਿੱਤੀ ਹੈ। ਆਪ ਨੇ ਆਪਣੀ ਬਾਣੀ ਵਿਚ ਜਾਤ-ਪਾਤ ਅਤੇ ਊਚ-ਨੀਚ ਵਰਗੀ ਭਾਰਤੀ ਸਮਾਜ ਦੀ ਸਰੰਚਨਾ ਨੂੰ ਤਰਕਸ਼ੀਲ ਢੰਗ ਨਾਲ ਅਸਵੀਕਾਰ ਕੀਤਾ ਹੈ। ਆਪ ਦਾ ਕਥਨ ਹੈ ਕਿ ਜਦੋਂ ਸੰਸਾਰ ਦੇ ਸਾਰੇ ਜੀਵਾਂ ਦੀ ਉਤਪੱਤੀ ਇਕੋ ਢੰਗ ਅਤੇ ਵਿਧੀ ਦੁਆਰਾ ਹੁੰਦੀ ਹੈ ਤਾਂ ਇਹ ਜਨਮ-ਜਾਤ ਅਤੇ ਬ੍ਰਾਹਮਣ ਤੇ ਚਮਾਰ ਦਾ ਮਸਲਾ ਕਿਵੇਂ ਪੈਦਾ ਹੋ ਸਕਦਾ ਹੈ। ਆਪ ਜੀ ਦਾ ਫੁਰਮਾਨ ਹੈ:

**(ੳ) ਰਵਿਦਾਸ ਇਕ ਹੀ ਨੂਰ ਤੇ, ਜਿਮਿ ਉਪਜਯੋ ਸੰਸਾਰ।**
**ਊਚ ਨੀਚ ਕਿਹ ਬਿਧ ਭਯੇ, ਬਾਹਮਨ ਅਰੁ ਚਮਾਰ।।**
**(ਅ) ਰਵਿਦਾਸ ਜਨਮ ਕੇ ਕਾਰਨੈ ਹੋਤ ਨ ਕੋਊ ਨੀਚ।**
**ਨਰ ਕੂੰ ਨੀਚ ਕਰਿ ਡਾਰਿ ਹੈ, ਓਛੈ ਕਰਮ ਕੌ ਕੀਚ।।**

ਸਿਮ੍ਰਿਤੀਆਂ ਅਤੇ ਸ਼ਾਸਤਰਾਂ ਵਿਚ ਸ਼ੂਦਰ ਦੀ ਸਥਿਤੀ ਨੂੰ ਜਾਨਵਰਾਂ ਤੋਂ ਵੀ ਭੈੜੀ ਅੰਕਿਤ ਕਰਦਿਆਂ ਉਸ ਪ੍ਰਤੀ ਬੇਹੱਦ ਘਟੀਆ ਸ਼ਬਦਾਵਲੀ ਵਰਤੀ ਗਈ ਹੈ। ਪਰ ਇਸ ਖੋਜ-ਪੱਤਰ ਦੀ ਲਿਖਣ ਸੀਮਾ ਅਤੇ ਵਿਸ਼ੇ ਨੂੰ ਧਿਆਨ ਵਿਚ ਰੱਖਦਿਆਂ ਇੱਥੇ ਵਿਸਤ੍ਰਿਤ ਚਰਚਾ ਕਰਨੀ ਮੁਨਾਸਬ ਨਹੀਂ ਹੈ। 'ਸ੍ਰੀ ਰਾਮਚਰਿਤ ਮਾਨਸ' ਦੇ ਲੇਖਕ ਸ੍ਰੀ ਤੁਲਸੀ ਦਾਸ ਨੇ ਮਨੂੰ ਸਿਮ੍ਰਤੀ ਦਾ ਅਨੁਸਰਣ ਕਰਦਿਆਂ ਔਗੁਣਾਂ ਨਾਲ ਭਰੇ ਹੋਏ ਅਗਿਆਨੀ ਵਿਪ੍ਰ ਅਥਵਾ ਬ੍ਰਾਹਮਣ ਦੀ ਪੂਜਾ ਕਰਨ ਲਈ ਪ੍ਰੇਰਿਤ ਕਰਦਿਆਂ ਜਨ-ਸਧਾਰਨ ਨੂੰ ਗਿਆਨਵਾਨ, ਵਿਦਵਾਨ ਅਤੇ ਸਰਬ ਗੁਣ ਸੰਪੰਨ ਸ਼ੂਦਰ ਦੀ ਪੂਜਾ ਕਰਨ ਦੀ ਮਨਾਹੀ ਕੀਤੀ ਹੈ। ਉਹ ਲਿਖਦੇ ਹਨ:

**ਪੂਜਿਅ ਬਿਪ੍ਰ ਸੀਲ ਗੁਨ ਹੀਨਾ।**
**ਸੂਦ੍ਰ ਨਾ ਗੁਨ ਗਨ ਗਿਆਨ ਪ੍ਰਵੀਨਾ।।**

ਸਾਰੀਆਂ ਸਿਮ੍ਰਤੀਆਂ ਅਤੇ ਅਖੌਤੀ ਧਰਮ ਸ਼ਾਸਤਰ ਅਜਿਹੇ ਆਦੇਸ਼ਾਂ ਨਾਲ ਭਰੇ ਪਏ ਹਨ। ਪਰ ਸਤਿਗੁਰੂ ਰਵਿਦਾਸ ਜੀ ਨੇ 'ਊਚੇ ਕੁਲ ਕੈ ਕਾਰਣੇ ਬ੍ਰਾਹਮਣ ਕੋਈ ਨਾ ਹੋਏ' ਕਹਿ ਕੇ ਆਪਣੀ ਬਾਣੀ ਵਿਚ ਕਥਿਤ ਧਰਮ ਸ਼ਾਸਤਰਾਂ ਦੇ ਅਜਿਹੇ ਆਦੇਸ਼ਾਂ ਨੂੰ ਨਕਾਰਿਆ ਹੈ। ਗੁਰੂ ਜੀ ਨੇ ਹਉਮੈ ਦੀ ਅੱਗ ਵਿਚ ਸੜ ਰਹੇ ਅਜਿਹੇ ਅਖੌਤੀ ਕੁਲੀਨ ਵਰਗ ਨਾਲ ਸਬੰਧਤ ਵੱਡੇ ਕਵੀਆਂ, ਪੰਡਤਾਂ, ਜੋਗੀਆਂ, ਸੰਨਿਆਸੀਆਂ ਅਤੇ ਆਪਣੇ ਆਪ ਨੂੰ ਗੁਣੀ, ਗਿਆਨੀ, ਸੂਰਬੀਰ ਦਾਤੇ ਕਹਿਣ ਵਾਲਿਆਂ ਨੂੰ ਬਉਰੇ ਅਥਵਾ ਕਮਲੇ ਤੇ ਪਾਗਲ ਆਖਦਿਆਂ ਗੁਣਾਂ ਨਾਲ ਪ੍ਰਬੀਨ ਚੰਡਾਲ ਦੀ ਪੂਜਾ ਕਰਨ ਲਈ ਪ੍ਰੇਰਿਤ ਕਰਦਿਆਂ ਅਤੇ ਹੰਕਾਰ-ਗ੍ਰਸਤ ਗੁਣਹੀਣ ਬ੍ਰਾਹਮਣ ਦਾ ਸਤਿਕਾਰ ਕਰਨ ਤੋਂ ਵੀ ਮਨਾ ਕੀਤਾ ਹੈ, ਆਪ ਦਾ ਸਪਸ਼ਟ ਫੁਰਮਾਨ ਹੈ:

**(ੳ) ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ।।**
**ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ।।**
**ਕਹੁ ਰਵਿਦਾਸ ਸਭੈ ਨਹੀਂ ਸਮਝਸਿ ਭੂਲਿ ਪਰੇ ਜੈਸੇ ਬਉਰੇ।।**
**(ਅ) ਰਵਿਦਾਸ ਬਾਹਮਨ ਮਤ ਪੂਜੀਏ, ਜਉ ਹੋਵੇ ਗੁਨਹੀਨ।**
**ਪੂਜਹਿੰ ਚਰਨ ਚੰਡਾਲ ਕੇ, ਜਉ ਹੋਵੇ ਗੁਨ ਪਰਵੀਨ।।**

ਭਾਰਤੀ ਸਮਾਜ ਵਿਚ ਵਰਣ-ਵਿਵਸਥਾ ਅਤੇ ਜਾਤ-ਵੰਡ ਦੀ ਅਸਮਾਜਿਕ ਰੁਚੀ ਤੋਂ ਇਲਾਵਾ ਇਸਤਰੀ ਵਰਗ ਦੀ ਹਾਲਤ ਵੀ ਬਹੁਤ ਤਰਸਯੋਗ ਸੀ। ਅਨਪੜ੍ਹਤਾ, ਬਾਲ-ਵਿਆਹ, ਸਤੀ-ਪ੍ਰਥਾ, ਅਸੁਰੱਖਿਆ ਅਤੇ ਕਈ ਧਾਰਮਿਕ ਗ੍ਰੰਥਾਂ ਤੇ ਸਿਮ੍ਰਤੀਆਂ ਦੇ ਆਦੇਸ਼ਾਂ ਕਾਰਨ ਇਸਤਰੀ ਜਾਤੀ ਦੀ ਹਾਲਤ ਦੁੱਖ ਭਰੀ ਸੀ। ਧਰਮ ਸ਼ਾਸਤਰਾਂ ਅਨੁਸਾਰ 'ਇਸਤਰੀਆਂ ਨੂੰ ਸਿੱਖਿਆ ਨਹੀਂ ਦਿੱਤੀ ਜਾ ਸਕਦੀ, ਕਿਉਂਕਿ ਉਨ੍ਹਾਂ ਨੂੰ ਅਕਲ ਘੱਟ ਹੁੰਦੀ ਹੈ' ਅਤੇ 'ਇਸਤਰੀਆਂ, ਸ਼ੂਦਰ, ਵੈਸ਼ ਤੇ ਚੰਡਾਲ ਸਭ ਪਾਪ ਯੋਨੀ ਤੋਂ ਪੈਦਾ ਹੋਏ ਹਨ' ਵਰਗੇ ਅਮਾਨਵੀ ਧਾਰਮਿਕ ਫਰਮਾਨਾਂ ਨੇ ਇਸਤਰੀ ਦੀ ਸਥਿਤੀ ਨੂੰ ਦੁਰਦਸ਼ਾ ਅਤੇ ਨਿਰਾਦਰੀ ਦੀ ਹੱਦ ਤੱਕ ਪਹੁੰਚਾ ਦਿੱਤਾ। 'ਅਮੀਰ ਹਿੰਦੂ ਸ਼ਰਾਬ ਵੀ ਪੀਂਦੇ ਸਨ, ਜੂਆ ਵੀ ਖੇਡਦੇ ਸਨ ਅਤੇ ਜੂਏ ਵਿਚ ਔਰਤਾਂ ਨੂੰ ਵੀ ਦਾਅ ਤੇ ਲਾਉਂਦੇ ਸਨ। ਇਸ ਸਮਾਜਿਕ ਤੇ ਸਦਾਚਾਰਕ ਕੁਰੀਤੀ, ਕੁਕਰਮ ਤੇ ਕੁਰਹਿਤ ਨੇ ਗ੍ਰਿਹਸਥ ਜੀਵਨ ਨੂੰ ਤਬਾਹ ਕਰਕੇ ਰੱਖ ਦਿੱਤਾ। ਗੁਰੂ ਰਵਿਦਾਸ ਬਾਣੀ ਵਿਚ ਆਚਰਣ ਦੀ ਸ਼ੁਧਤਾ ਉਪਰ ਬਹੁਤ ਬਲ ਦਿੱਤਾ ਗਿਆ ਹੈ। ਡਾ. ਸੀਤਾ ਰਾਮ ਬਾਹਰੀ ਲਿਖਦੇ ਹਨ:

ਸੰਤਾਂ ਨੇ ਮਦ, ਮਾਸ, ਜੂਆ, ਭ੍ਰਿਸ਼ਟਾਚਾਰ ਆਦਿਕ ਬੁਰਾਈਆਂ ਨੂੰ ਹਟਾ ਕੇ ਗ੍ਰਿਹਸਥ ਨੂੰ ਸ਼ੁੱਧ ਅਤੇ ਉੱਚਾ ਬਣਾਉਣ ਦਾ ਯਤਨ ਕੀਤਾ। ਉਨ੍ਹਾਂ ਨੇ ਇਸਤਰੀਆਂ ਤੇ ਸ਼ੂਦਰਾਂ ਨੂੰ ਵੀ ਸਮਾਜਿਕ ਅਤੇ ਧਾਰਮਿਕ ਪੱਧਰ ਤੇ ਬਰਾਬਰੀ ਦੇ ਹੱਕ ਦਿੱਤੇ।

ਸਤਿਗੁਰੂ ਰਵਿਦਾਸ ਜੀ ਨੇ ਇਸਤਰੀ ਵਰਗ ਦੇ ਸਮਾਨ ਅਧਿਕਾਰਾਂ ਦੀ ਸੁਰੱਖਿਆ ਲਈ ਅਧਿਆਤਮਿਕਤਾ ਦੇ ਬੰਦ ਦਰਵਾਜ਼ੇ ਖੋਲ੍ਹੇ। ਆਪ ਨੇ ਚਿਤੌੜ ਦੀ ਮਹਾਰਾਣੀ ਰਤਨ ਕੁੰਵਰਿ ਉਰਫ ਝਾਲੀ ਅਤੇ ਉਸਦੀ ਨੂੰਹ, ਭਾਰਤ ਦੀ ਪ੍ਰਸਿੱਧ ਸੰਤ ਮੀਰਾ ਬਾਈ ਨੂੰ ਦੀਕਸ਼ਾ ਦੇ ਕੇ ਇਸਤਰੀ ਦੇ ਮਾਣ, ਸਨਮਾਨ ਅਤੇ ਸਤਿਕਾਰ ਵਿਚ ਵਾਧਾ ਕੀਤਾ।

ਆਪ ਸੱਚੇ ਕਰਮਯੋਗੀ ਸਨ ਅਤੇ ਆਪਣੀ ਕਿਰਤ ਨੂੰ ਪ੍ਰਭੂ-ਭਗਤੀ ਤੋਂ ਵੀ ਵੱਧ ਪਵਿੱਤਰ ਸਮਝਦੇ ਸਨ।' ਕਰਮ ਹੀ ਪੂਜਾ ਹੈ' ਆਪ ਜੀ ਦੇ ਜੀਵਨ ਦਾ ਪ੍ਰਮੁੱਖ ਸਿਧਾਂਤ ਸੀ। ਆਪ ਨੇ ਜੀਵਨ ਵਿਚ 'ਜੋ ਵਿਚਾਰਿਆ, ਉਸਨੂੰ ਕਮਾਇਆ ਅਤੇ ਜੋ ਕਮਾਇਆ, ਉਹੋ ਹੀ ਸੁਣਾਇਆ ਅਤੇ ਪ੍ਰਗਟਾਇਆ।'

ਆਪ ਦੀ ਕਹਿਣੀ ਅਤੇ ਕਰਨੀ ਵਿਚ ਕੋਈ ਅੰਤਰ ਨਹੀਂ ਸੀ। ਡਾ. ਧਰਮਪਾਲ ਮੈਨੀ ਦਾ ਮੱਤ ਹੈ ਕਿ ਸੰਤ ਰਵਿਦਾਸ ਨੇ ਕਥਨੀ ਤੇ ਕਰਨੀ ਦੀ ਏਕਤਾ ਦੇ ਮਹੱਤਵ ਨੂੰ ਸਦਾ ਹੀ ਹਿੱਕ ਨਾਲ ਲਾ ਕੇ ਰੱਖਿਆ। ਦਰਅਸਲ ਮੱਧਕਾਲੀਨ ਸੰਤ-ਸਤਿਗੁਰੂਆਂ ਨੇ ਸਦੀਆਂ ਪਹਿਲਾਂ ਤਥਾਗਤ ਬੁੱਧ ਦੁਆਰਾ ਆਰੰਭੀ ਸ਼੍ਰਮਣ ਸੰਸਕ੍ਰਿਤੀ ਦੀ ਲੋਕ-ਲਹਿਰ ਨੂੰ ਹੀ ਪੁਨਰ ਸੁਰਜੀਤ ਕਰਨ ਦਾ ਯਤਨ ਕੀਤਾ। ਡਾ. ਬੁੱਧ ਰਾਮ ਗੁਪਤਾ ਦਾ ਕਥਨ ਹੈ:

''ਰਵਿਦਾਸ ਜੀ ਨੇ ਆਪਣੇ ਨੀਵੇਂ ਵਰਗ ਦੀ ਕਿਰਤੀ-ਸ਼ਾਨ ਨੂੰ ਹੀ ਨਹੀਂ ਵਧਾਇਆ ਸਗੋਂ ਦਸਾਂ ਨੌਹਾਂ ਦੀ ਕਿਰਤ ਦਾ ਹਿਤ ਪੂਰਿਆ, ਸੱਚੀ-ਸੁੱਚੀ ਮਿਹਨਤ ਵਿਚ ਜੁਟੇ ਲੋਕਾਂ ਨੂੰ ਕਿਰਤ ਦੇ ਸਹਾਰੇ ਹੀ ਬੁਲੰਦ ਹੋਣ ਲਈ ਪ੍ਰੇਰਿਆ। ਚਾਹੇ ਇਹ ਪ੍ਰੇਰਨਾ, ਭਰਪੂਰ ਇਸ਼ਕੇ-ਇਲਾਜ ਵਿਚ ਰੰਗੀ ਹੋਈ ਸੀ, ਇਸ ਕਿਰਤ ਪ੍ਰੇਮ ਨੇ ਹੀ ਅਜੋਕੀ ਸਦੀ ਦੇ ਸਮਾਜਵਾਦ ਅਤੇ ਕਾਮਿਆਂ ਦੇ ਇਨਕਲਾਬ ਨੂੰ ਜਨਮ ਦਿੱਤਾ।

ਆਰਥਿਕ ਸੰਪਨਤਾ ਲਈ ਨਿਰੰਤਰ ਕਿਰਤ ਨਾਲ ਜੁੜੇ ਰਹਿਣ, 'ਅਬਿਦਿਆ' ਤੇ ਅਗਿਆਨਤਾ ਤੋਂ ਮੁਕਤੀ ਲਈ ਬਿਬੇਕ ਰੂਪੀ ਦੀਪ ਦੀ ਮਲੀਨਤਾ ਨੂੰ ਵਿੱਦਿਆ ਦੇ ਨੂਰ ਨਾਲ ਪ੍ਰਜਵਲਿਤ ਕਰਨ, ਨਸ਼ਿਆਂ ਦੇ ਸੇਵਨ ਤੋਂ ਪ੍ਰਹੇਜ, ਸਾਦੀ ਰਹਿਣੀ-ਬਹਿਣੀ ਅਤੇ ਦੂਸਰਿਆਂ ਪ੍ਰਤੀ ਹਮਦਰਦੀ ਅਰਥਾਤ ਪਰਾਇਆ ਦਰਦ ਵੰਡਾਉਣ ਦੀ ਪ੍ਰੇਰਨਾ ਮਨੁੱਖੀ ਅਰਥਚਾਰੇ ਨੂੰ ਹੁਲਾਰਾ ਦੇਣ ਦੀ ਸਮਰੱਥਾ ਰੱਖਦੀ ਹੈ। ਜਨ-ਕਲਿਆਣ ਦੀ ਭਾਵਨਾ ਨਾਲ ਓਤਪੋਤ ਵੇਦਨਾ ਭਰਪੂਰ ਦਿਲ ਪਰਾਇਆਂ ਪ੍ਰਤੀ ਵੀ ਅਕਹਿ, ਅਸਹਿ ਤੇ ਅਥਾਹ ਦਰਦ ਰੱਖਦਾ ਹੈ। ਗੁਰੂ ਜੀ ਦਾ ਕਥਨ ਹੈ ਕਿ ਸੰਵੇਦਨਸ਼ੀਲ ਤੇ ਦਰਦਮੰਦ ਹਿਰਦੇ ਵਿਚ ਹੀ ਪਰਾਈ ਪੀੜ ਦਾ ਅਹਿਸਾਸ ਹੋ ਸਕਦਾ ਹੈ:

**ਸੋ ਕਤ ਜਾਨੈ ਪੀਰ ਪਰਾਈ।।**
**ਜਾ ਕੈ ਅੰਤਰਿ ਦਰਦ ਨਾ ਪਾਈ।।**

ਗੁਰੂ ਰਵਿਦਾਸ ਜੀ ਦੀ ਬਾਣੀ ਸਮਕਾਲੀਨ ਅਣਉਚਿਤ, ਅਯੋਗ, ਅਜੋੜ, ਅਸਾਵੀਂ, ਅਨਿਆਂ-ਪੂਰਣ, ਅੱਤਿਆਚਾਰੀ ਅਤੇ ਅੰਦੇਸ਼ਿਆਂ ਭਰਪੂਰ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਧਾਰਮਿਕ ਵਿਵਸਥਾ ਵਿਰੁੱਧ 'ਬੇਗਮਪੁਰਾ ਸਹਰ' ਦੇ ਸੰਕਲਪ ਦੁਆਰਾ ਅਜਿਹੇ ਸੁਤੰਤਰ ਤੇ ਸਦੀਵੀ ਰਾਜ ਦਾ ਮਾਡਲ ਪ੍ਰਸਤੁਤ ਕਰਦੀ ਹੈ, ਜਿਸ ਵਿਚ ਏਕਾਧਿਕਾਰੀ ਸਾਮੰਤਸ਼ਾਹੀ ਹਕੂਮਤ ਦੀ ਥਾਂ ਸਹੀ ਮਾਇਨਿਆਂ ਵਿਚ ਲੋਕਤੰਤਰ ਹੋਵੇ। ਪ੍ਰੰਤੂ ਪਦਾਰਥਵਾਦੀ ਰੁਚੀਆਂ ਅਧੀਨ ਅਸੀਂ ਆਪਣੇ ਸੰਤ-ਸਤਿਗੁਰੂਆਂ ਦੀ ਵਿਵਹਾਰਕ ਵਿਚਾਰਧਾਰਾ ਤੋਂ ਬੜੀ ਤੇਜ਼ੀ ਨਾਲ ਦੂਰ ਹੁੰਦੇ ਜਾ ਰਹੇ ਹਾਂ। ਅਜੋਕੀਆਂ ਤੇ ਮੱਧਕਾਲੀਨ ਪ੍ਰਸਥਿਤੀਆਂ ਵਿਚ ਵਧੇਰੇ ਪਰਿਵਰਤਨ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਅੱਜ ਦਾ ਅਖੌਤੀ ਆਜ਼ਾਦ ਤੇ ਸੁਤੰਤਰ ਮਨੁੱਖ ਹਾਲੇ ਵੀ ਸਮਾਜਿਕ ਰਹਿਤਾਂ, ਧਾਰਮਿਕ ਵਲਗਣਾਂ, ਬੰਦਸ਼ਾਂ ਤੇ ਰਾਜਸ਼ਕਤੀ ਦਾ ਕੈਦੀ, ਗੁਲਾਮ ਤੇ ਪਰਾਧੀਨ ਹੈ। ਜਾਤਾਂ, ਰੰਗਾਂ, ਨਸਲਾਂ, ਕੌਮਾਂ ਅਤੇ ਕਿੱਤਿਆਂ ਦੇ ਵਿਤਕਰੇ ਕਿਸੇ ਨਾ ਕਿਸੇ ਬਦਲਵੇਂ ਰੂਪ ਵਿਚ ਅੱਜ ਵੀ ਮੌਜੂਦ ਹਨ। ਬ੍ਰਾਹਮਣਵਾਦ ਹਰ ਮਨੁੱਖ, ਜਾਤ, ਕੌਮ, ਮਜ਼ਹਬ ਅਤੇ ਨਸਲ ਵਿਚ ਸਮਾ ਗਿਆ ਹੈ। ਗੁਰੂ ਰਵਿਦਾਸ ਜੀ ਦੇ ਵਿਸ਼ਵ ਭਾਈਚਾਰੇ ਦੇ ਫਲਸਫੇ ਨੂੰ ਸੰਕੀਰਣ ਦਾਇਰਿਆਂ ਵਿਚ ਕੈਦ ਕੀਤਾ ਜਾ ਰਿਹੈ। ਲੋਭ, ਲਾਲਚ, ਲਾਲਸਾ, ਨਸ਼ਾਖੋਰੀ, ਸੁਕਿਰਤ ਤੋਂ ਬੇਮੁਖਤਾ, ਬੇਈਮਾਨੀ, ਬਦਇਖਲਾਕੀ, ਬੇਗੈਰਤੀ, ਬੇਤਰਸੀ, ਬੇਦਰਦੀ, ਬੇਲਿਹਾਜੀ, ਬੇਵਿਸ਼ਵਾਸੀ, ਬੇਵਫਾਈ ਤੇ ਸਵਾਰਥੀ ਰੁਚੀਆਂ ਅਧੀਨ ਗੁਰੂ ਜੀ ਦੀ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਕੇ, ਜਿਸ ਰੂੜ੍ਹੀਵਾਦੀ ਕਰਮਕਾਂਡ, ਆਡੰਬਰ ਤੇ ਪਾਖੰਡ ਦਾ ਸਤਿਗੁਰੂ ਰਵਿਦਾਸ ਜੀ ਨੇ ਖੰਡਨ ਕੀਤਾ ਸੀ, ਉਸਨੂੰ ਹੀ ਪੂਰੀ ਤਰ੍ਹਾ ਅਪਣਾ ਲਿਆ ਗਿਆ ਹੈ।

ਸਾਡਾ ਸਾਰਿਆਂ ਦਾ ਇਹ ਫਰਜ਼ ਬਣਦੈ ਕਿ ਸਤਿਗੁਰੂ ਰਵਿਦਾਸ ਜੀ ਦੀ ਇਨਕਲਾਬੀ, ਤਰਕਸ਼ੀਲ ਅਤੇ ਮਾਨਵਵਾਦੀ ਵਿਚਾਰਧਾਰਾ ਨੂੰ ਅਮਲੀ ਤੇ ਵਿਵਹਾਰਿਕ ਰੂਪ ਵਿਚ ਆਪਣੇ ਜੀਵਨ ਵਿਚ ਧਾਰਨ ਕਰੀਏ, ਤਾਂ ਹੀ ਆਪ ਜੀ ਦੇ ਪੁਰਬ ਮਨਾਉਣੇ ਅਤੇ ਧਾਰਮਿਕ ਸਮਾਗਮ ਆਯੋਜਿਤ ਕਰਨੇ ਸਾਰਥਕ ਹੋ ਸਕਦੇ ਹਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਜਸਵੰਤ ਸਿੰਘ ਖਾਲੜਾ ਦੀ 28 ਵੀਂ ਬਰਸੀ ਮੌਕੇ ਫਰਿਜ਼ਨੋ ਵਿਖੇ ਸ਼ਹੀਦ ਵਿਸ਼ੇਸ਼ ਸਮਾਗਮ ਕਰਵਾਇਆ ਗਿਆ

**ਸੈਕਰਾਮੈਂਟੋ, ਕੈਲੀਫੋਰਨੀਆਂ (ਹੁਸਨ ਲੜੋਆ ਬੰਗਾ)–** ਸਥਾਨਿਕ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਬਣੇ ਖਾਲੜਾ ਪਾਰਕ ਵਿੱਚ ਲੰਘੇ ਸ਼ਨੀਵਾਰ ਫਰਿਜ਼ਨੋ ਵੱਲੋਂ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਪ੍ਰਬੰਧਕ ਕਮੇਟੀ ਵੱਲੋਂ ਇੰਡੋ-ਯੂ.ਐਸ. ਹੈਰੀਟੇਜ਼ ਦੇ ਸਹਿਯੋਗ ਨਾਲ 'ਤੇ ਜੈਕਾਰਾ ਮੂਵਮਿੰਟ ਦੇ ਨੌਜਵਾਨਾਂ ਦੇ ਉੱਦਮ ਸਦਕੇ ਇੱਕ ਵਿਸ਼ੇਸ਼ ਸਮਾਗਮ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 28ਵੀਂ ਬਰਸੀ ਨੂੰ ਮੁੱਖ ਰੱਖਕੇ ਕਰਵਾਇਆ ਗਿਆ। ਇਸ ਮੌਕੇ ਜਿੱਥੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕੀਤਾ ਗਿਆ, ਉਥੇ ਹੀ 9/11 ਦੀ 22ਵੀ ਬਰਸੀ ਮੌਕੇ ਅਮਰੀਕਾ ਵਿੱਚ ਅੱਤਵਾਦੀ ਹਮਲੇ ਵਿੱਚ ਮਾਰੇ ਗਏ ਤਿੰਨ ਹਜ਼ਾਰ ਤੋਂ ਵੱਧ ਨਿਰਦੋਸ਼ ਲੋਕਾਂ ਨੂੰ ਵੀ ਸ਼ਰਧਾਂਜਲੀ ਦਿੱਤੀ ਗਈ। ਸਮਾਗਮ ਦੀ ਸ਼ੁਰੂਆਤ ਗੁਰਬਾਣੀ ਦੇ ਸ਼ਬਦ ਅਤੇ ਅਮੈਰਕਿਨ ਐਂਨਥੰਮ ਉਪਰੰਤ ਕੀਤੀ ਗਈ।ਪਿਛੋਂ ਸਟੇਜ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਇਸ ਪਿੱਛੋਂ ਗਾਇਕ ਕਮਲਜੀਤ ਬੈਨੀਪਾਲ ਅਤੇ ਸ਼ਾਇਰ ਰਣਜੀਤ ਗਿੱਲ (ਜੱਗਾ ਸਧਾਰ) ਨੇ ਕਵਿਸ਼ਰੀ ਗਾਕੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ ਤੇ ਪੰਛੀ ਝਾਤ ਪਵਾਈ। ਯਮਲੇ ਜੱਟ ਦੇ ਲਾਡਲੇ ਸ਼ਗਿਰਦ ਰਾਜ ਬਰਾੜ ਅਤੇ ਪੱਪੀ ਭਦੌੜ ਨੇ ਇਨਕਲਾਬੀ ਗੀਤਾਂ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਹੈਰੀ ਮਾਨ, ਰਾਜ ਸਿੱਧੂ, ਕਾਕਾ ਅਮਰਜੀਤ ਸਿੰਘ, ਪੰਜਾਬੀ ਰੇਡੀਓ ਯੂਐਸਏ ਦੇ ਹੋਸਟ ਰਾਜਕਰਨਬੀਰ ਸਿੰਘ, ਰੇਡੀਓ ਹੋਸਟ ਜਗਤਾਰ ਸਿੰਘ ਗਿੱਲ, ਪਰਮਪਾਲ ਸਿੰਘ, ਗੁਰਦੀਪ ਸ਼ੇਰਗਿੱਲ, ਰਣਜੋਧ ਸਿੰਘ ਰਿਆੜ, ਹਿਸਟੋਰੀਅਨ ਗਗਨਦੀਪ ਸਿੰਘ ਆਈ. ਏ. ਐਸ., ਮਲਕੀਤ ਸਿੰਘ ਕਿੰਗਰਾ, ਮਨਦੀਪ ਸਿੰਘ ਸਿਲਮਾਂ, ਜਗਦੀਸ਼ ਸਿੰਘ, ਹਰਨੇਕ ਸਿੰਘ ਲੋਹਗੜ, ਆਦਿ ਨੇ ਸਟੇਜ਼ ਤੋਂ ਹਾਜ਼ਰੀ ਭਰੀ। ਇਸ ਮੌਕੇ ਕਾਂਗਰਸ ਲਈ ਰਨ ਕਰ ਰਹੇ ਮਾਇਕਲ ਮਾਹਿਰ ਨੇ ਵੀ ਖਾਲੜਾ ਸਹਿਬ ਨੂੰ ਯਾਦ ਕੀਤਾ ਅਤੇ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਨੇ ਉਹਨਾਂ ਨੂੰ ਸਿਰੋਪਾਓ ਦੇਕੇ ਨਿਵਾਜਿਆ ਇਸ ਮੌਕੇ ਪਾਰਕ ਦੀ ਸਫਾਈ ਵਾਲੇ ਮੁਲਾਜ਼ਮਾਂ ਗੈਬਰੀਅਲ ਅਤੇ ਟੀਮ ਨੂੰ ਵੀ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਅਤੇ ਉਹਨਾਂ ਦੀ ਬੇਟੀ ਬੀਬੀ ਨਵਕਿਰਨ ਕੌਰ ਖਾਲੜਾ ਉਚੇਚੇ ਤੌਰ ਤੇ ਪਹੁੰਚੇ ਹੋਏ ਸਨ। ਇਸ ਮੌਕੇ ਬਾਬਿਆ ਦੀ ਪਾਰਕ ਕਮੇਟੀ ਵੱਲੋਂ ਉਹਨਾਂ ਨੂੰ ਸ਼ਾਲ ਦੇਕੇ ਨਿਵਾਜਿਆ ਗਿਆ। ਇਸ ਮੌਕੇ ਹੈਰੀ ਮਾਨ, ਪੱਤਰਕਾਰ ਨੀਟਾ ਮਾਛੀਕੇ, ਰਾਜਕਰਨਬੀਰ ਸਿੰਘ, ਹਰਜੋਤ ਸਿੰਘ ਖਾਲਸਾ, ਗੁਰਦੀਪ ਸ਼ੇਰਗਿੱਲ ਆਦਿ ਨੂੰ ਵੀ ਉਹਨਾਂ ਦੀਆਂ ਸੇਵਾਵਾਂ ਬਦਲੇ ਸਿਰੋਪਾਓ ਦਿੱਤੇ ਗਏ।





# ਮਾਨਤੋਵਾ 'ਚ ਖੇਡ ਪ੍ਰਮੋਟਰ ਗੁਰਿੰਦਰ ਸਿੰਘ ਚੈੜੀਆਂ ਦੀ ਲਾਡਲੀ ਬੇਟੀ ਪਰਮਪ੍ਰੀਤ ਕੌਰ ਚੈੜੀਆਂ ਦੇ ਜਨਮ ਦਿਨ ਤੇ ਵਿਸ਼ੇਸ਼ ਪਾਰਟੀ ਦਾ ਆਯੋਜਨ

## ਖੇਡ ਪ੍ਰਮੋਟਰਾਂ, ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਨੇ ਕੀਤੀ ਉਚੇਚੇ ਤੌਰ ਤੇ ਸ਼ਿਰਕਤ





**ਰੋਮ (ਇਟਲੀ), (ਟੇਕ ਚੰਦ ਜਗਤ ਪੁਰ)** -ਲਗਭਗ ਦੋ ਦਹਾਕੇ ਤੋਂ ਇਟਲੀ ਚ ਪੰਜਾਬੀਆਂ ਦੀ ਮਹਿਬੂਬ ਖੇਡ ਕਬੱਡੀ ਨੂੰ ਪ੍ਰਫੁਲਿਤ ਕਰਨ ਚ ਵਿਲੱਖਣ ਯੋਗਦਾਨ ਪਾਉਣ ਵਾਲੀ ਸਿਰਮੌਰ ਸੰਸਥਾ ਪੰਜਾਬ ਯੂਥ ਸਪੋਰਟਸ ਐਂਡ ਕਲਚਰਲ ਕਲੱਬ ਮਾਨਤੋਵਾ ਦੇ ਪ੍ਰਧਾਨ ਸ ਗੁਰਿੰਦਰ ਸਿੰਘ ਚੈੜੀਆਂ ਅਤੇ ਕਿਰਨਜੀਤ ਕੌਰ ਚੈੜੀਆਂ ਦੀ ਲਾਡਲੀ ਬੇਟੀ ਪਰਮਪ੍ਰੀਤ ਕੌਰ ਚੈੜੀਆਂ ਦੇ 18 ਵੇਂ ਜਨਮ ਦਿਨ ਤੇ ਵਿਸ਼ੇਸ਼ ਪਾਰਟੀ ਦਾ ਆਯੋਜਨ 'ਸਿੰਘ ਰਿਜ਼ੌਰਟ ਕਸਤਲਦੀਆਰੀਓ ਮਾਨਤੋਵਾ ਵਿਖੇ ਸ਼ਾਨੋ -ਸ਼ੌਕਤ ਨਾਲ ਕੀਤਾ ਗਿਆ। ਜਿਥੇ ਇਸ ਪਾਰਟੀ ਚ ਇਟਲੀ ਦੀਆਂ ਖੇਡ ਜਗਤ ਨੂੰ ਸਮਰਪਿਤ ਸ਼ਖ਼ਸੀਅਤਾਂ ਦੀ ਆਮਦ ਨੇ ਚਾਰ ਚੰਦ ਲਾਏ ਸੱਜਣਾਂ ਮਿੱਤਰ ਅਤੇ ਰਿਸ਼ਤੇਦਾਰਾਂ ਨੇ ਪਾਰਟੀ ਪਹੁੰਚ ਕੇ ਪਰਿਵਾਰ ਨਾਲ ਖੁਸ਼ੀਆਂ ਸਾਂਝੀਆਂ ਕੀਤੀਆਂ ਉੱਥੇ ਪਰਮਪ੍ਰੀਤ ਨਾਲ ਪੜ੍ਹਦੀਆਂ ਲੜਕੇ ਅਤੇ ਲੜਕੀਆਂ ਨੇ ਡੀਜੇ ਤੇ ਨੱਚ ਨੱਚ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ। ਪਾਰਟੀ 'ਚ ਸ਼ਾਮਿਲ ਹਾਜ਼ਰੀਨ ਨੇ ਵੰਨ- ਸੁਵੰਨੇ ਖਾਣਿਆਂ ਦਾ ਭਰਪੂਰ ਆਨੰਦ ਮਾਣਿਆ। ਵਰਨਣਯੋਗ ਹੈ ਕਿ ਪਰਮਪ੍ਰੀਤ ਕੌਰ ਚੈੜੀਆਂ ਡਾਕਟਰੀ ਵਿਸ਼ੇ ਨਾਲ ਸੰਬੰਧਿਤ ਪੜ੍ਹਾਈ ਕਰ ਰਹੀ ਹੈ। ਇਸ ਮੌਕੇ ਤੇ ਸ ਲਵਸ਼ਿੰਦਰ ਸਿੰਘ ਚੈੜੀਆਂ, ਕਿਰਨਦੀਪ ਸਿੰਘ ਕੰਗ, ਸਤਬੀਰ ਸਿੰਘ ਕੰਗ, ਕੁਲਬੀਰ ਸਿੰਘ ਮਾਂਗਟ, ਗੁਰਿੰਦਰ ਸਿੰਘ ਸੋਮਲ, ਜਸਵੰਤ ਸਿੰਘ ਬੱਗਾ ਸਲੇਮਪੁਰ, ਫੁੰਮਣ ਸਿੰਘ, ਮੰਗਲ ਸਿੰਘ ਪੱਡਾ, ਪਰਮਜੀਤ ਕੌਰ, ਕਿਰਨਦੀਪ ਕੌਰ, ਚਰਨਜੀਤ ਕੌਰ, ਅਮਨਦੀਪ ਕੋਰ ਮਾਵੀ, ਰਜਿੰਦਰ ਕੌਰ, ਜਸਵਿੰਦਰ ਕੌਰ, ਧਰਮਜੀਤ ਕੋਰ, ਸ੍ਰੀ ਅਨਿਲ ਕੁਮਾਰ ਸ਼ਰਮਾ, ਸੰਤੋਖ ਸਿੰਘ ਲਾਲੀ, ਸਰਦਾਰ ਸਤਵਿੰਦਰ ਸਿੰਘ ਟੀਟਾ, ਮੋਹਣ ਸਿੰਘ ਹੇਲਰਾ, ਬਲਦੇਵ ਸਿੰਘ ਬੂਰੇ ਜੱਟਾਂ, ਸ੍ਰੀ ਅਸ਼ੋਕ ਕੁਮਾਰ ਧੁੰਨਾ, ਗਾਇਕ ਜੱਸਾ ਧਾਰਨੀ, ਅਤੇ ਨਵਦੀਪ ਸਿੰਘ ਜਗਤਪੁਰ ਆਦਿ ਹਾਜ਼ਰ ਸਨ।

# ਤਰਕਸ਼ੀਲਾਂ ਵੱਲੋਂ ਗੌਰਮਿੰਟ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੀ ਮੀਟਿੰਗ 'ਚ ਵਿਗਿਆਨਕ ਸੋਚ ਦਾ ਸੱਦਾ

## ਵਿਗਿਆਨਕ ਜਾਗਰੂਕਤਾ ਵਕਤ ਦੀ ਮੁੱਖ ਲੋੜ: ਮਾਸਟਰ ਪਰਮਵੇਦ

**ਸੰਗਰੂਰ, (ਦਲਜੀਤ ਕੌਰ )–** ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ ਸੀਤਾ ਰਾਮ , ਸੁਖਦੇਵ ਸਿੰਘ ਕਿਸ਼ਨਗੜ੍ਹ ਤੇ ਮਾਸਟਰ ਪਰਮਵੇਦ ਆਧਾਰਿਤ ਤਰਕਸ਼ੀਲ ਟੀਮ ਵੱਲੋਂ ਗੌਰਮਿੰਟ ਪੈਨਸ਼ਨਰਜ਼ ਵੈਲਫੇਅਰ ਐਸ਼ੋਸ਼ੀਏਸਨ ਸੰਗਰੂਰ ਦੀ ਸਥਾਨਕ ਮੀਟਿੰਗ ਵਿੱਚ ਤਰਕਸ਼ੀਲ ਪਰੋਗਰਾਮ ਦਿੱਤਾ। ਬਰਾਂਚ ਸਕੱਤਰ ਭੁਪਿੰਦਰ ਸਿੰਘ ਜੱਸੀ ਨੇ ਪੈਨਸ਼ਨਰਜ਼ ਵੱਲੋਂ ਤਰਕਸ਼ੀਲ ਟੀਮ ਦਾ ਸਵਾਗਤ ਕਰਦਿਆਂ ਆਪਣੀ ਸੋਚ ਨੂੰ ਵਿਗਿਆਨਕ ਲੀਹ ਤੇ ਤੋਰਨ ਲਈ ਪ੍ਰੇਰਿਤ ਕੀਤਾ ।ਇਸ ਮਗਰੋਂ ਮਾਸਟਰ ਪਰਮ ਵੇਦ ਨੇ ਆਪਣੇ ਸੰਬੋਧਨ ਵਿੱਚ ਹਾਜ਼ਰੀਨ ਨੂੰ ਅੰਧਵਿਸ਼ਵਾਸ਼ਾਂ, ਵਹਿਮਾਂ-ਭਰਮਾ,



ਵੇਲਾ ਵਿਹਾ ਚੁੱਕੀਆਂ ਰਸਮਾਂ ਤੇ ਰੂੜੀਵਾਦੀ ਵਿਚਾਰਾਂ ਦੇ ਹਨ੍ਹੇਰੇ ਵਿਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੇ ਚਾਨਣ ਵਿੱਚ ਆਉਣ ਦਾ ਸੱਦਾ ਦਿੱਤਾ। ਉਨ੍ਹਾਂ ਕੀ, ਕਿਉਂ ਤੇ ਕਿਵੇਂ ਗੁਣਾਂ ਨੂੰ ਗ੍ਰਹਿਣ ਕਰਨ ਤੇ ਹਰ ਘਟਨਾ/ਗਲ ਨੂੰ ਸੋਚ, ਸਮਝ, ਪਰਖ ਕੇ ਮੰਨਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਅਖੌਤੀ ਸਿਆਣਿਆਂ, ਤਾਂਤਰਿਕਾਂ ਦੇ ਫੈਲਾਏ ਭਰਮ ਜਾਲ ਵਿੱਚੋਂ ਨਿਕਲਣ ਲਈ ਕਹਿੰਦਿਆਂ ਆਪਣੇ ਸੁਨੇਹੇ ਵਿੱਚ ਕਿਹਾ ਕਿ ਵਿਗਿਆਨਕ ਜਾਗਰੂਕਤਾ ਵਕ਼ਤ ਦੀ ਮੁਖ ਲੋੜ ਤੇ ਇਹ ਹੀ ਸੁਖਾਵੇਂ ਸਮਾਜ ਦਾ ਰਾਹ ਦਸੇਰਾ ਹੈ ।ਇਸ ਸਮੇਂ ਸੇਵਾ ਨਿਵਿਰਤ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਜਗਜੀਤ ਇੰਦਰ ਸਿੰਘ ਤੇ ਪ੍ਰਿੰਸੀਪਲ ਹਰਵਿੰਦਰ ਸਿੰਘ ਨੇ ਵੀ ਵਿਗਿਆਨਕ ਚੇਤਨਾ ਵਿਕਸਤ ਕਰਨ ਦੀ ਗਲ ਕਰਦਿਆਂ ਆਪਣਾ ਸੋਚਣ ਢੰਗ ਵਿਗਿਆਨਕ ਬਣਾਉਣ ਦਾ ਹੋਕਾ ਦਿੱਤਾ। ਤਰਕਸ਼ੀਲ ਆਗੂ ਸੀਤਾ ਰਾਮ, ਸੁਖਦੇਵ ਸਿੰਘ ਕਿਸ਼ਨਗੜ੍ਹ ਨੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਬੁਲਾਰੇ ਤਰਕਸ਼ੀਲ ਮੈਗਜ਼ੀਨ ਦੇ ਪਾਠਕ ਬਣਨ ਦਾ ਭਾਵਪੂਰਤ ਸੰਦੇਸ਼ ਦਿੱਤਾ ਤੇ ਕਾਫੀ ਸਾਥੀਆਂ ਨੇ ਇਸ ਤੇ ਅਮਲ ਕੀਤਾ।

ਤਰਕਸ਼ੀਲਾਂ ਨੇ ਇਸ ਸਮੇਂ 'ਪੜ੍ਹੋ, ਵਿਚਾਰੋ ਤੇ ਅਮਲ ਕਰੋ' ਨਾਮ ਹੇਠ ਆਪਣਾ ਸੋਚਣ ਢੰਗ ਵਿਗਿਆਨਕ ਬਣਾਉਣ ਸਬੰਧੀ ਦੋਵਰਕੀਆਂ ਸਮੇਤ ਵਿਗਿਆਨਕ ਵਿਚਾਰਾਂ ਵਾਲਾ ਸਾਹਿਤ ਵੀ ਵੰਡਿਆਂ। ਸਵਾਲ ਜਵਾਬ ਸੈਸ਼ਨ ਵਿੱਚ ਭੁਪਿੰਦਰ ਸਿੰਘ ਜੱਸੀ, ਸੱਤਪਾਲ ਸਿੰਘਲ, ਦਰਸ਼ਨ ਸਿੰਘ ਨੌਰਥ, ਨੰਦ ਲਾਲ ਮਲਹੋਤਰਾ, ਦਵਿੰਦਰ ਕੁਮਾਰ ਜਿੰਦਲ, ਗੁਰਦੇਵ ਸਿੰਘ ਭੁੱਲਰ, ਜੰਟ ਸਿੰਘ ਸੋਹੀਆ, ਗੁਰਦੇਵ ਸਿੰਘ ਲੂੰਬਾ, ਭਜਨ ਸਿੰਘ, ਜਰਨੈਲ ਸਿੰਘ ਲੁਬਾਣਾ, ਹਰਪਾਲ ਸਿੰਘ ਸੰਗਰੂਰ ਪੀ ਸੀ ਬਾਘਾ, ਜੇ ਐਸ ਵਾਲੀਆ ਨੇ ਭਾਗ ਲਿਆ। ਐਸ਼ੋਸ਼ੀਏਸਨ ਦੇ ਪ੍ਰਧਾਨ ਜੀਤ ਸਿੰਘ ਢੀਂਡਸਾ ਵੱਲੋਂ ਤਰਕਸ਼ੀਲ ਟੀਮ ਸਮੇਤ ਬੁਲਾਰਿਆਂ ਦਾ ਧੰਨਵਾਦ ਕਰਦਿਆਂ ਹਾਜ਼ਰੀਨ ਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ ਵਿੱਚੋਂ ਨਿਕਲਣ ਤੇ ਆਪਣਾ ਦ੍ਰਿਸ਼ਟੀਕੋਣ ਵਿਗਿਆਨਕ ਬਣਾਉਣ ਦਾ ਭਾਵਪੂਰਤ ਸੁਨੇਹਾ ਦਿੱਤਾ।

# 'ਸਵੱਛਤਾ ਹੀ ਸੇਵਾ' ਮੁਹਿੰਮ ਤਹਿਤ ਡੀ.ਏ.ਐਨ ਕਾਲਜ ਦੇ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹੇ ਵਿੱਚ 'ਸਵੱਛਤਾ ਹੀ ਸੇਵਾ' ਮੁਹਿੰਮ ਤਹਿਤ ਡੀ.ਏ.ਐਨ ਕਾਲਜ ਰਾਹੋਂ ਰੋਡ ਨਵਾਂਸ਼ਹਿਰ ਵਿਖੇ ਪ੍ਰਿੰਸੀਪਲ ਮੈਡਮ ਗੁਰਵਿੰਦਰ ਕੌਰ ਵਲੋਂ ਕਾਲਜ ਦੇ ਵਿਦਿਆਰਥੀਆਂ ਨੂੰ ਸਵੱਛਤਾ ਸਬੰਧੀ ਲੈਕਚਰ ਦਿੱਤਾ ਗਿਆ। ਐਸ.ਡੀ.ਓ ਹਰਦੀਪ ਸਿੰਘ ਵਾਟਰ ਸਪਲਾਈ ਐਂਡ ਸੈਨੀਟੇਸ਼ਨ ਵਿਭਾਗ ਵਲੋਂ ਠੋਸ ਅਤੇ ਤਰਲ ਕੂੜਾ ਪ੍ਰਬੰਧਨ ਅਤੇ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨਾ ਕਰਨ ਸਬੰਧੀ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਪਲਾਸਟਿਕ ਕੂੜੇ ਨੂੰ ਪਿੰਡਾਂ ਵਿਚ ਇੱਧਰ ਉੱਧਰ ਸੁੱਟਣ ਅਤੇ ਜਲਾਉਣ 'ਤੇ ਤੁਰੰਤ ਪਾਬੰਦੀ ਲਗਾਉਣੀ, ਪਲਾਸਟਿਕ ਕੂੜੇ ਨੂੰ ਇਕ ਥਾਂ 'ਤੇ ਇਕੱਠਾ ਕਰਕੇ ਰੱਖਣ ਅਤੇ ਯੋਗ ਪ੍ਰਬੰਧਨ ਲਈ ਕਬਾੜੀਏ ਤੱਕ ਜਾਂ ਪਲਾਸਟਿਕ ਬੇਸਟ ਮੈਨੇਜਮੈਂਟ ਯੂਨਿਟ ਤੱਕ ਪਹਾਚਾਉਣ ਲਈ ਕਿਹਾ ਗਿਆ। ਇਸ ਦੇ ਨਾਲ-ਨਾਲ ਪਿੰਡ ਦੇ ਖੁੱਲ੍ਹੇ ਵਿੱਚ ਸੋਚ ਤੋਂ ਮੁਕਤ ਸਥਿਤੀ ਨੂੰ ਬਰਕਰਾਰ ਰੱਖਣ ਲਈ, ਗਿੱਲੇ ਅਤੇ ਸੁੱਕੇ ਕੂੜੇ ਨੂੰ ਘਰੇਲੂ ਪੱਧਰ 'ਤੇ ਵੱਖੋ-ਵੱਖਰਾ ਕਰਕੇ ਕੂੜਾ ਇਕੱਠਾ ਕਰਨ ਵਾਲੇ ਕਰਮਚਾਰੀ ਨੂੰ ਦੇਣ ਲਈ ਜਾਗਰੂਕ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਪਾਣੀ ਦੀ ਸੁਚੱਜੀ ਵਰਤੋਂ ਕਰਨ ਅਤੇ ਗੰਦੇ ਪਾਣੀ ਦੇ ਪ੍ਰਬੰਧਨ ਲਈ ਪਹਿਲ ਦੇ ਆਧਾਰ ਤੇ ਪ੍ਰਬੰਧ ਕਰਕੇ ਪਿੰਡ ਨੂੰ ਸਾਫ ਸੁਧਰਾ ਕਰਨ ਦਾ ਸੁਨੇਹਾ ਦਿੱਤਾ ਗਿਆ।




# ਲਾਸ ਏਂਜਲਸ ਕਾਊਂਟੀ ਦੇ ਪੁਲਿਸ ਅਫਸਰ ਦੀ ਹੱਤਿਆ ਦੇ ਮਾਮਲੇ ਵਿਚ ਸ਼ੱਕੀ ਦੋਸ਼ੀ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਬੀਤੇ ਦਿਨ ਇਕ ਚੌਂਕ 'ਤੇ ਆਪਣੀ ਗਸ਼ਤੀ ਕਾਰ ਵਿਚ ਬੈਠੇ ਲਾਸ ਏਂ-ਜਲਸ ਕਾਊਂਟੀ ਸ਼ੈਰਿਫ ਦੇ ਡਿਪਟੀ ਰਿਆਨ ਕਲਿੰਕੁਨਬਰੂਮਰ (30) ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਦੇ ਮਾਮਲੇ ਵਿਚ 29 ਸਾਲਾ ਸ਼ੱਕੀ ਦੋਸ਼ੀ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਲਾਸ ਏਂਜਲਸ ਸ਼ੈਰਿਫ ਰਾਬਰਟ ਲੂਨਾ ਨੇ ਕਿਹਾ ਹੈ ਕਿ ਸ਼ੱਕੀ ਦੋਸ਼ੀ ਦੀ ਪਛਾਣ ਕੇਵਿਨ ਕਾਟਾਨੀਓ ਸਲਾਜ਼ਰ ਵਜੋਂ ਹੋਈ ਹੈ ਜਿਸ ਨੇ ਡਿਪਟੀ ਦੀ ਘਾਤ ਲਾ ਕੇ ਗੋਲੀਆਂ ਮਾਰ ਕੇ ਹੱਤਿਆ ਕੀਤੀ ਹੈ। ਡਿਪਟੀ ਦੀ ਹੱਤਿਆ ਉਸ ਵੇਲੇ ਕੀਤੀ ਗਈ ਸੀ ਜਦੋਂ ਉਹ ਇਕ ਚੌਂਕ 'ਤੇ ਲਾਲ ਬੱਤੀ ਹੋ ਜਾਣ ਕਾਰਨ ਆਪਣੀ ਗਸ਼ਤੀ ਕਾਰ ਵਿਚ ਬੈਠਾ ਸੀ। ਪੁਲਿਸ ਵੱਲੋਂ ਸਲਾਜ਼ਰ ਦੇ ਘਰ 'ਤੇ ਕੈਮੀਕਲ ਏਜੰਟਸ ਤਾਇਨਾਤ ਕਰ ਦੇਣ ਉਪਰੰਤ ਉਸ ਨੇ ਆਤਮ ਸਮਰਪਣ ਕਰ ਦਿੱਤਾ। ਸ਼ੈਰਿਫ ਲੂਨਾ ਨੇ ਡਿਪਟੀ ਦੇ ਹੱਤਿਆਰੇ ਨੂੰ ਡਰਪੋਕ ਦਸਿਆ ਹੈ ਜਿਸ ਨੇ ਡਿਪਟੀ ਦੀ ਉਸ ਵੇਲੇ ਜਾਨ ਲਈ ਜਦੋਂ ਉਹ ਆਪਣੀ ਕਾਰ ਵਿਚ ਬੈਠਾ ਸੀ।



'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਅਮਰੀਕਾ ਦੇ ਇਤਿਹਾਸ ਵਿਚ ਸਿੱਖਾਂ ਦੀ ਇਤਿਹਾਸਿਕ ਜਿੱਤ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

ਸਿੱਖ ਭਾਈਚਾਰੇ ਲਈ ਬੜੀ ਖੁਸ਼ੀ ਦੀ ਗੱਲ ਹੈ ਕਿ 14 ਸਤੰਬਰ 2023 ਨੂੰ ਕੈਲੀਫੋਰਨੀਆਂ ਦੀ ਰਾਜਧਾਨੀ ਸੈਕਰਾਮੈਂਟੋ ਵਿਖੇ ਕੈਲੀਫੋਰਨੀਆਂ ਸਟੇਟ ਸੈਨੇਟ ਵਿੱਚ ਬਿੱਲ SB-847 ਵੱਡੇ ਬਹੁਮਤ ਨਾਲ ਪਾਸ ਹੋ ਗਿਆ ਹੈ। ਹੁਣ ਇਸ ਬਿੱਲ ਤੇ ਕੈਲੀਫੋਰਨੀਆਂ ਸਟੇਟ ਦੇ ਗਵਰਨਰ ਦੇ ਦਸਤਖ਼ਤ ਦੇ ਨਾਲ ਇਹ ਇੱਕ ਕਾਨੂੰਨ ਬਣ ਜਾਵੇਗਾ। ਇਸ ਦੇ ਤਹਿਤ ਜਲਦੀ ਹੀ ਸਿੱਖ ਸਿਰਾਂ



ਉੱਪਰ ਪੱਗਾਂ, ਦਸਤਾਰਾਂ ਅਤੇ ਦੁਮਾਲੇ ਸਜਾਕੇ, ਕੈਲੀਫੋਰਨੀਆ ਸਟੇਟ ਵਿੱਚ ਕਾਨੂੰਨੀ ਤੌਰ ਤੇ ਮੋਟਰਸਾਈਕਲ ਚਲਾ ਸਕਦੇ ਹਨ। ਬਿੱਲ SB-847 ਸਟੇਟ ਸੈਨੇਟਰ ਬਰਾਇਨ ਡਾਹਲੀ ਨੇ ਕਾਨੂੰਨ ਦੇ ਮਾਹਰਾਂ ਅਤੇ ਪਲੈਨਿੰਗ ਕਮਿਸ਼ਨ ਦੇ ਵਾਈਸ ਚੇਅਰਮੈਨ ਮਨਦੀਪ ਸਿੰਘ ਦੀ ਮਦਦ ਨਾਲ ਤਿਆਰ ਕੀਤਾ ਸੀ। ਇਕ ਮੁਕੰਮਲ ਕਾਨੂੰਨ ਬਣਨ ਤੋਂ ਪਹਿਲਾ ਬਿੱਲ SB-847 ਨੂੰ ਬਹੁਤ ਸਾਰੀਆਂ ਸਟੇਟ ਕਮੇਟੀਆਂ, ਸੈਨੇਟ ਫਲੋਰ, ਅਸੈਂਬਲੀ ਫਲੋਰ ਅਤੇ ਹੋਰ ਬਹੁਤ ਸਾਰੀਆਂ ਪ੍ਰਕਿਰਿਆ ਵਿੱਚੋਂ ਲੰਘਣਾ ਪਇਆ। ਸੈਨੇਟਰ ਬਰਾਇਨ ਡਾਹਲੀ ਅਤੇ ਪਲੈਨਿੰਗ ਕਮਿਸ਼ਨ ਦੇ ਵਾਈਸ ਚੇਅਰਮੈਨ ਮਨਦੀਪ ਸਿੰਘ ਨੇ ਬਹੁਤ ਮਿਹਨਤ ਕਰਕੇ ਬਿੱਲ SB-847 ਨੂੰ ਹਰ ਇੱਕ ਪੜਾਵ ਵਿੱਚੋਂ ਵੱਡੇ ਬਹੁਮਤ ਨਾਲ ਪਾਸ ਕਰਵਾਇਆ ਹੈ। ਅਮਰੀਕਾ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਭਾਈਚਾਰਾ ਰਹਿ ਰਿਹਾ ਹੈ ਅਤੇ ਇਤਿਹਾਸ ਚ ਪਹਿਲੀ ਵਾਰ ਸਿੱਖਾਂ ਨੂੰ ਅਮਰੀਕਾ ਦੀ ਕਿਸੇ ਸਟੇਟ ਵਿੱਚ ਕਾਨੂੰਨੀ ਤੌਰ ਤੇ ਪੱਗ ਬੰਨ ਕੇ ਮੋਟਰਸਾਈਕਲ ਚਲਾਉਣ ਦਾ ਹੱਕ ਮਿਲਣ ਜਾ ਰਿਹਾ ਹੈ।

# ਕੈਲੇਫੋਰਨੀਆਂ ਦੇ ਸ਼ਹਿਰ ਲਿੰਡਸੇ ਦੇ "ਤੂਤਾਂ ਵਾਲਾ ਖੂਹ" ਵਿਖੇ ਲੱਗੀਆਂ ਤੀਆਂ ਅਤੇ ਹੋਈ ਪਰਿਵਾਰਕ ਮਿਲਣੀ









**ਲਿੰਡਸੇ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਹਰ ਇਨਸਾਨ ਦੀ ਜ਼ਿੰਦਗੀ ਵਿੱਚ ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕਣਾ ਅਤੇ ਤਰੱਕੀਆਂ ਕਰਨ ਦਾ ਜਾਨੂੰਨ ਹੁੰਦਾ ਹੈ। ਇਸੇ ਜਨੂੰਨ ਦੇ ਚੱਲਦਿਆਂ ਉਹ ਦੂਜਿਆਂ ਨੂੰ ਦੇਖ ਤਰੱਕੀਆਂ ਤਾਂ ਬਹੁਤ ਕਰ ਲੈਂਦਾ ਹੈ। ਪਰ ਜਾਣੇ-ਅਨਜਾਣੇ ਆਪਣੇ ਆਪਣੇ ਸੱਭਿਆਚਾਰ ਵਿਰਸੇ ਤੋਂ ਬਹੁਤ ਦੂਰ ਹੋ ਜਾਂਦਾ ਹੈ। ਪਰ ਉਹ ਲੋਕ ਬਹੁਤ ਖੁਸ਼ਕਿਸਮਤ ਹੁੰਦੇ ਹਨ ਜੋ ਆਪਣੀ ਤਰੱਕੀ ਦੇ ਨਾਲ-ਨਾਲ ਆਪਣੇ ਵਿਰਸੇ ਨੂੰ ਲੈ ਕੇ ਚੱਲਦੇ ਹਨ। ਇਸੇ ਦੀ ਮਿਸਾਲ ਕੈਲੀਫੋਰਨੀਆਂ ਦੇ ਸ਼ਹਿਰ ਲਿੰਡਸੇ ਵਿੱਚ ਬਣਿਆ "ਤੂਤਾਂ ਵਾਲਾ ਖੂਹ" ਹੈ। ਜਿਸ ਨੂੰ ਅਰਵਿੰਦਰ ਸਿੰਘ ਲਾਖਨ ਅਤੇ ਪਰਿਵਾਰ ਨੇ ਬੜੀ ਮਿਹਨਤ ਅਤੇ ਲਗਨ ਨਾਲ ਪੰਜਾਬ ਦੇ ਵਿਰਾਸਤੀ ਰੰਗਾਂ ਵਿੱਚ ਰੰਗਿਆ ਹੈ। ਜਿਸ ਨੂੰ ਦੇਖ ਦੂਰ ਦੁਰਾਡੇ ਤੋਂ ਪਹੁੰਚ ਸਾਲਾਘਾ ਕਰਦੇ ਹਨ।

ਇਸੇ "ਤੂਤਾਂ ਵਾਲੇ ਖੂਹ" 'ਤੇ ਅਰਵਿੰਦਰ ਸਿੰਘ ਲਾਖਨ ਵੱਲੋਂ ਕੁਲਵੀਰ ਸਿੰਘ ਹੇਅਰ ਅਤੇ ਹੋਰ ਦੋਸ਼ਤਾਂ ਦੇ ਸਹਿਯੋਗ ਨਾਲ ਤੀਆਂ ਦਾ ਤਿਉਹਾਰ ਅਤੇ ਪਰਿਵਾਰਕ ਮਿਲਣੀ ਕਰਵਾਈ ਗਈ। ਇਸ ਸਮੇਂ ਲੱਗੀਆਂ ਤੀਆਂ ਦਾ ਮਹੌਲ ਬਿਲਕੁਲ ਪੰਜਾਬ ਦੇ ਵਿਰਾ-ਸਤੀ ਵਿਆਹ ਵਰਗਾ ਸੀ। ਜਿੱਥੇ ਡਹੇ ਮੰਜੇ, ਚਰਖਾ, ਮਧਾਣੀ, ਸੰਗੀਤਕ ਸਾਜ ਅਤੇ ਹੋਰ ਵਿਰਾਸਤੀ ਵਸਤਾਂ ਵਿਸਰ ਰਹੀਆਂ ਪੰਜਾਬ ਦੀਆਂ ਰਸਮਾਂ ਨੂੰ ਜੀਵਤ ਕਰ ਰਹੀਆਂ ਸਨ। ਇਸ ਸਮੇਂ ਤੀਆਂ ਦੀ ਸੁਰੂਆਤ ਪੱਤਰਕਾਰ ਕੁਲਵੀਰ ਹੇਅਰ ਦੀ ਬੇਟੀ ਆਂਚਲ ਹੇਅਰ ਨੇ ਸਭ ਨੂੰ "ਜੀ ਆਇਆਂ ਕਹਿਣ" ਨਾਲ ਕੀਤੀ। ਇਸ ਉਪਰੰਤ ਕਈ ਘੰਟੇ ਚੱਲਿਆ ਲਾਈਵ ਬੋਲੀਆਂ ਪਾਉਦੇ ਹੋਏ ਗਿੱਧਾ। ਜਿਸ ਹਾਜ਼ਰ ਔਰਤਾਂ ਨੇ ਇੱਕ-ਦੂਜੇ ਨਾਲੋਂ ਵੱਧ ਚੜ ਕੇ ਬੋਲੀਆਂ ਪਾਈਆ। ਇੰਨ੍ਹਾਂ ਤੀਆਂ ਦਾ ਮਹੌਲ ਬਿਲਕੁਲ ਵਿਰਾਸਤੀ ਰੰਗ ਵਿੱਚ ਰੰਗਿਆ ਹੋਇਆ ਸੀ। ਜੋ ਅੱਜ ਵੀ ਪੰਜਾਬ ਦੇ ਅਮੀਰ ਵਿਰਸੇ ਦੀ ਵਿਦੇਸ਼ਾਂ ਵਿੱਚ ਝਲਕ ਪੇਸ਼ ਕਰ ਰਿਹਾ ਸੀ। ਇਸ ਪ੍ਰੋਗਰਾਮ ਦੌਰਾਨ ਖੂਬ ਰੌਣਕਾਂ ਲੱਗੀਆਂ ਹੋਈਆਂ ਸਨ। ਹਰ ਕੋਈ ਆਪਣੇ ਆਪ ਨੂੰ ਪੰਜਾਬ ਵਿੱਚ ਬੈਠਾ ਮਹਿਸੂਸ ਕਰ ਰਿਹਾ ਸੀ।

ਔਰਤਾਂ ਦੁਆਰਾ ਲੱਗੀਆਂ ਤੀਆਂ ਦੀ ਸਮਾਪਤੀ ਉਪਰੰਤ ਹਾਜ਼ਰ ਆਦਮੀਆਂ ਵੱਲੋਂ ਵੀ ਇੱਕ ਸਾਨਦਾਰ ਮਹਿਫ਼ਲ ਦਾ ਆਗਾਜ਼ ਕੀਤਾ ਗਿਆ। ਜਿਸ ਜਿਸ ਦਿਲਦਾਰ ਮਿਊਜੀਕਲ ਗਰੁੱਪ ਕੇਲੈਫੋਰਨੀਆਂ ਦੇ ਗਾਇਕ ਰਾਣਾ ਗਿੱਲ, ਗੈਰੀ ਢੇਸੀ ਅਤੇ ਅਵਤਾਰ ਗਿੱਲ ਨੇ ਖੂਬ ਰੰਗ ਬੰਨੇ। ਜਦ ਕਿ ਉਸਤਾਦ ਲਾਲ ਚੰਦ ਯਮਲਾ ਦੇ ਸ਼ਾਗਿਰਦ ਰਾਜ ਬਰਾੜ ਨੇ ਵੀ ਨਵੇਂ ਗੀਤ ਗਾ ਸਰੋਤੇ ਕੀਲ ਰੱਖੇ। ਸਮੁੱਚੇ ਪ੍ਰੋਗਰਾਮ ਨੂੰ ਸੰਗੀਤ ਪੱਪੀ ਭਦੌੜ, ਅਮਰੀਕ ਸਿੰਘ ਅਤੇ ਜੋਗਿੰਦਰ ਜੋਗੀ ਨੇ ਦਿੱਤਾ।

ਇਸ ਸਾਰੇ ਪ੍ਰੋਗਰਾਮ ਦੌਰਾਨ ਤੀਆਂ ਸਮੇਂ ਸਟੇਜ਼ ਸੰਚਾਲਨ ਆਂਚਲ ਕੌਰ ਹੇਅਰ ਨੇ ਬਹੁਤ ਖੂਬਸੂਰਤ ਗੀਤ ਅਤੇ ਬੋਲੀਆਂ ਪਾਉਦੇ ਹੋਏ ਕੀਤਾ। ਜਦ ਕਿ ਆਦਮੀਆਂ ਦੀ ਸੰਗੀਤਕ ਮਹਿਫਲ ਦਾ ਸਟੇਜ਼ ਸੰਚਾਲਨ ਕੁਲਵੰਤ ਧਾਲੀਆਂ ਨੇ ਬਾਖੂਬੀ ਕੀਤਾ। ਇਸ ਸਮੇਂ ਅਰਵਿੰਦਰ ਸਿੰਘ ਲਾਖਨ, ਕੁਲਵੀਰ ਹੇਅਰ ਅਤੇ ਹੋਰ ਬੁਲਾਰਿਆਂ ਨੇ ਬੋਲਦੇ ਹੋਏ ਸਭ ਨੂੰ ਵਧਾਈ ਦਿੱਤੀ। ਸਭ ਹਾਜ਼ਰੀਨ ਲਈ ਸੁਆਦਿਸਟ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ। ਅੰਤ ਆਪਣੀਆਂ ਅਮਿੱਟ ਪੈੜਾਂ ਛੱਡਦਾ ਤੂਤਾਂ ਵਾਲੇ ਖੂਹ ਦਾ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆਂ।


NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

Lic #0144676
www.nsbinsures.com
1519 Gary CT., Rohnert Park, CA 94928



RE/MAX® Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004



Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd # 100 Sacramento, CA 95834

# ਰਾਸ਼ਟਰਪਤੀ ਬਾਈਡਨ ਦੇ ਪੁੱਤਰ ਹੰਟਰ ਬਾਈਡਨ ਵਿਰੁੱਧ ਲੱਗੇ ਸੰਘੀ ਗੰਨ ਦੋਸ਼ ਬਣ ਸਕਦੇ ਹਨ ਪਾਰਟੀ ਸਮਰਥਕਾਂ ਲਈ ਚੁਣੌਤੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਹੰਟਰ ਬਾਈਡਨ ਵਿਰੁੱਧ ਝੂਠ ਬੋਲ ਕੇ ਰਿਵਾਲਵਰ ਲੈਣ ਦੇ ਮਾਮਲੇ ਵਿਚ ਦੋਸ਼ ਉਸ ਸਮੇ ਆਇਦ ਹੋਏ ਹਨ ਜਦੋਂ ਉਨਾਂ ਦੇ ਪਿਤਾ ਜੋ ਬਾਈਡਨ 2024 ਵਿਚ ਦੁਬਾਰਾ ਚੋਣ ਲੜਨ ਦੀ ਤਿਆਰੀ ਕਰ ਰਹੇ ਹਨ। ਦੋਸ਼ ਆਇਦ ਹੋਣ ਦਾ ਸਮਾਂ ਡੈਮੋਕਰੈਟਿਕ ਪਾਰਟੀ ਦੇ ਸਮਰਥਕਾਂ ਵਿਚ ਭੰਬਲਭੂਸਾ ਪੈਦਾ ਕਰ ਸਕਦਾ ਹੈ। ਡੈਮੋਕਰੈਟਿਕ ਪਾਰਟੀ ਲਈ ਬੇਹਤਰ ਇਹ ਹੈ ਕਿ ਦੋਸ਼ਾਂ ਦਾ ਨਿਪਟਾਰਾ ਛੇਤੀ ਹੋ ਜਾਵੇ ਪਰੰਤੂ ਜੇਕਰ ਮੱਤਦਾਤਾ ਵੱਲੋਂ ਦੁਬਾਰਾ ਚੋਣ ਲੜਨ ਲਈ ਜੋ ਬਾਈਡਨ ਦੇ ਹੱਕ ਵਿਚ ਫੈਸਲਾ ਦੇਣ ਤੋਂ ਥੋੜਾ ਸਮਾਂ ਪਹਿਲਾਂ ਹੰਟਰ ਬਾਈਡਨ ਨੂੰ ਦੋਸ਼ੀ ਕਰਾਰ ਦੇ ਦਿੱਤਾ ਜਾਂਦਾ ਹੈ ਤਾਂ ਇਹ ਪਾਰਟੀ ਲਈ ਚੰਗਾ ਨਹੀਂ ਹੋਵੇਗਾ। ਇਸ ਦਾ ਪਾਰਟੀ ਦੀਆਂ ਸੰਭਾਵਨਾਵਾਂ ਉਪਰ ਅਸਰ ਪੈ ਸਕਦਾ ਹੈ। ਹਾਲਾਂ ਕਿ ਮਾਮਲੇ ਵਿੱਚ ਸੁਣਵਾਈ ਦੇ ਸਮੇ ਬਾਰੇ ਕੋਈ ਭਵਿੱਖਬਾਣੀ ਕਰਨੀ ਮੁਸ਼ਕਿਲ ਹੈ ਪਰੰਤੂ ਅਜਿਹਾ ਲੱਗਦਾ ਹੈ ਕਿ ਹੰਟਰ ਬਾਈਡਨ ਦੇ ਵਕੀਲ ਮਾਮਲੇ ਦੀ ਤੁਰੰਤ ਸੁਣਵਾਈ ਦੇ ਹੱਕ ਵਿਚ ਨਹੀਂ ਹਨ। ਆਮ ਤੌਰ 'ਤੇ ਦੋਸ਼ ਪੱਤਰ ਆਇਦ ਹੋਣ ਉਪਰੰਤ ਮਾਮਲੇ ਦੀ ਸੁਣਵਾਈ 100 ਦਿਨਾਂ ਵਿਚ ਨਿਸ਼ਚਤ ਹੋ ਜਾਂਦੀ ਹੈ। ਵਕੀਲ ਅਬੇ ਲੋਵੈਲ ਵੱਲੋਂ ਮਾਮਲੇ ਨੂੰ ਨਜਿੱਠਣ ਲਈ ਜੋ ਅਨੇਕਾਂ ਢੰਗ ਤਰੀਕੇ ਅਪਨਾਉਣ ਦੀ ਯੋਜਨਾ ਹੈ ਉਸ ਤੋਂ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਹੰਟਰ ਬਾਈਡਨ ਮਾਮਲੇ ਦੀ ਤੇਜੀ ਨਾਲ ਸੁਣਵਾਈ ਦੇ ਆਪਣੇ ਹੱਕ ਉਪਰ ਜੋਰ ਨਹੀਂ ਦੇਵੇਗਾ। ਲੋਵੈਲ ਦੇ ਮੰਨਣਾ ਹੈ ਕਿ ਜੁਲਾਈ ਵਿਚ ਹੋਏ ਮੁਕੱਦਮਾ ਸਮਝੌਤੇ ਅਨੁਸਾਰ ਹੰਟਰ ਬਾਈਡਨ ਵਿਰੁੱਧ ਦੋਸ਼ ਆਇਦ ਨਹੀਂ ਹੋ ਸਕਦੇ। ਲੋਵੈਲ ਨੇ ਇਹ ਵੀ ਕਿਹਾ ਹੈ ਕਿ ਡੱਰਗ ਲੈਣ ਵਾਲੇ ਵਿਅਕਤੀਆਂ 'ਤੇ ਰਿਵਾਲਵਰ ਰੱਖਣ ਦੀ ਲੱਗੀ ਪਾਬੰਦੀ ਦੇ ਬਾਵਜੂਦ ਕਥਿੱਤ ਤੌਰ 'ਤੇ ਹੰਟਰ ਬਾਈਡਨ ਉਪਰ ਰਿਵਾਲਵਰ ਰੱਖਣ ਦੇ ਦੋਸ਼ ਲਾਉਣਾ ਗੈਰਸੰਵਿਧਾਨਕ ਹੈ। ਉਨਾਂ ਕਿਹਾ ਕਿ ਕੁਝ ਸਬੂਤ ਅਜਿਹੇ ਹਨ ਜਿਨਾਂ ਤੋਂ ਉਹ ਇਨਕਾਰ ਕਰਦੇ ਹਨ। ਅਜਿਹੇ ਵਿਚ ਜਦੋਂ ਵੀ ਜੇਕਰ ਸੁਣਵਾਈ ਹੁੰਦੀ ਹੈ ਤਾਂ ਹੰਟਰ ਬਾਈਡਨ ਦੋਸ਼ ਮੁਕਤ ਹੋ ਕੇ ਨਿਕਲੇਗਾ।



# 2021 ਰੈਜੀਡੈਂਟ ਵੀਜ਼ੇ ਰਾਹੀਂ 208,087 ਤੋਂ ਵੱਧ ਲੋਕ ਹੋ ਚੁੱਕੇ ਹਨ ਪੱਕੇ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀ-ਲੈਂਡ ਇਮੀਗ੍ਰੇਸ਼ਨ ਵਾਲਿਆਂ ਨੇ '2021 ਰੈਜ਼ੀਡੈਂਟ ਵੀਜ਼ਾ' ਅਰਜ਼ੀਆਂ ਦਾ ਕਾਫੀ ਕੰਮ ਨਿਬੇੜ ਲਿਆ ਗਿਆ ਹੈ। 16 ਸਤੰਬਰ 2023 ਤੱਕ ਪ੍ਰਾਪਤ ਹੋਏ ਅੰਕੜੇ ਦਸਦੇ ਹਨ ਕਿ ਇਸ ਵੀਜ਼ਾ ਸ਼੍ਰੇਣੀ ਤਹਿਤ ਕੁੱਲ 106,424 ਅਰਜ਼ੀਆਂ (ਅੱਪਡੇਟਿਡ) ਪ੍ਰਾਪਤ ਹੋਈਆਂ ਹਨ। ਇਨ੍ਹਾਂ ਅਰਜ਼ੀਆਂ ਦੇ ਵਿਚ ਪੱਕੇ ਹੋਣ ਵਾਲਿਆਂ ਦੀ ਅੱਪਡੇਟਡ ਕੁੱਲ ਗਿਣਤੀ 217,625 ਬਣਦੀ ਹੈ। ਉਪਰੋਕਤ ਅਰਜ਼ੀਆਂ ਦੇ ਵਿਚੋਂ ਇਮੀਗ੍ਰੇਸ਼ਨ ਵਿਭਾਗ ਵਾਲਿਆਂ ਨੇ ਬਹੁਤਾ ਕੰਮ ਖਿਚਦਿਆਂ 102,210 ਅਰਜੀਆਂ ਦਾ ਨਿਬੇੜਾ ਕਰ ਦਿੱਤਾ ਹੈ ਅਤੇ 208,087 ਲੋਕਾਂ ਨੂੰ ਰੈਜ਼ੀਡੈਂਟ ਵੀਜ਼ਾ ਦੇ ਕੇ ਉਨ੍ਹਾਂ ਦਾ ਸੁਪਨਾ ਸਾਕਾਰ ਕਰ ਦਿੱਤਾ ਹੈ। ਇਸ ਦੌਰਾਨ 512 ਅਰਜ਼ੀਆਂ ਅਯੋਗ ਵੀ ਪਾਈਆਂ ਗਈਆਂ ਹਨ।

ਕਿੰਨੇ ਕੁ ਰਹਿ ਗਏ? ਲਗਪਗ 9,026 ਲੋਕਾਂ ਦੀ ਕਿਸਮਤ ਦਾ ਫੈਸਲਾ 3,702 ਬਚੀਆਂ ਅਰਜ਼ੀਆਂ ਦੇ ਵਿਚ ਲਪੇਟਿਆ ਪਿਆ ਹੈ, ਇਨ੍ਹਾਂ ਨੂੰ 'ਅਪਰੂਵਲ' ਵਾਲੀ ਈਮੇਲ ਆਉਣ ਦੀ ਹਮੇਸ਼ਾਂ ਬਿੜਕ ਬਣੀ ਰਹਿੰਦੀ ਹੈ, ਲਗਦਾ ਹੈ ਇਹ ਸਾਰਾ ਕਾਰਜ ਅਕਤੂਬਰ ਮਹੀਨੇ ਤੱਕ ਹੋ ਜਾਵੇਗਾ। ਪਹਿਲੇ ਗੇੜ ਦੀਆਂ ਅਰਜ਼ੀਆਂ 1 ਦਸੰਬਰ 2021 ਨੂੰ ਸ਼ੁਰੂ ਹੋਈਆਂ ਸਨ ਅਤੇ ਦੂਜੇ ਗੇੜ ਦੀਆਂ 1 ਮਾਰਚ 2022 ਨੂੰ ਸ਼ੁਰੂ ਹੋਈਆਂ ਸਨ ਤੇ 31 ਜੁਲਾਈ 2022 ਨੂੰ ਬੰਦ ਕਰ ਦਿੱਤੀਆਂ ਗਈਆਂ ਸਨ। ਪ੍ਰਤੀ ਅਰਜ਼ੀ ਫੀਸ 2160 ਡਾਲਰ ਰੱਖੀ ਗਈ ਸੀ। ਭਾਰਤੀਆਂ ਦੀ ਸੰਖਿਆ: ਇਸ ਵੀਜ਼ਾ ਸ਼੍ਰੇਣੀ ਅਧੀਨ 55,500 ਅਰਜ਼ੀਆਂ ਭਾਰਤੀਆਂ ਦੀਆਂ ਹਨ।




# ਕੈਲੀਫੋਰਨੀਆਂ ਵਸਦੇ ਸਿੱਖ ਹੁਣ ਹੈਲਮਿਟ ਤੋਂ ਵਗੈਰ ਪੱਗੜੀ ਨਾਲ ਚਲਾ ਸਕਣਗੇ ਮੋਟਰਸਾਈਕਲ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–** ਸਿੱਖ ਭਾਈਚਾਰੇ ਲਈ ਰਾਹਤ ਵਾਲੀ ਗੱਲ ਹੈ ਕਿ ਬੀਤੇ ਕੱਲ੍ਹ ਕੈਲੀਫੋਰਨੀਆਂ ਦੀ ਰਾਜਧਾਨੀ ਸੈਕਰਾਮੈਂਟੋ ਵਿਖੇ ਕੈਲੀਫੋਰਨੀਆਂ ਸਟੇਟ ਸੈਨੇਟ ਵਿੱਚ ਬਿੱਲ ਂਭ-847 ਵੱਡੇ ਬਹੁਮਤ ਨਾਲ ਪਾਸ ਹੋ ਗਿਆ ਹੈ। ਹੁਣ ਇਸ ਬਿੱਲ ਤੇ ਕੈਲੀਫੋਰਨੀਆਂ ਸਟੇਟ ਦੇ ਗਵਰਨਰ ਦੇ ਦਸਤਖ਼ਤ ਦੇ ਨਾਲ ਇਹ ਇੱਕ ਕਾਨੂੰਨ ਬਣ ਜਾਵੇਗਾ। ਇਸ ਦੇ ਤਹਿਤ ਜਲਦੀ ਹੀ ਸਿੱਖ ਸਿਰਾਂ ਉੱਪਰ ਪੱਗਾਂ, ਦਸਤਾਰਾਂ ਅਤੇ ਦੁਮਾਲੇ ਸਜਾਕੇ, ਕੈਲੀਫੋਰਨੀਆ ਸਟੇਟ ਵਿੱਚ ਕਾਨੂੰਨੀ ਤੌਰ ਤੇ ਮੋਟਰਸਾਈਕਲ ਚਲਾ ਸਕਦੇ ਹਨ। ਬਿੱਲ SB-847 ਸਟੇਟ ਸੈਨੇਟਰ ਬਰਾਇਨ ਡਾਹਲੀ ਨੇ ਕਾਨੂੰਨ ਦੇ ਮਾਹਰਾਂ ਅਤੇ ਪਲੈਨਿੰਗ ਕਮਿਸ਼ਨ ਦੇ ਵਾਈਸ ਚੇਅਰਮੈਨ ਮਨਦੀਪ ਸਿੰਘ ਦੀ ਮਦਦ ਨਾਲ ਤਿਆਰ ਕੀਤਾ ਸੀ। ਇਕ ਮੁਕੰਮਲ ਕਾਨੂੰਨ ਬਣਨ ਤੋਂ ਪਹਿਲਾ ਬਿੱਲ SB-847 ਨੂੰ ਬਹੁਤ ਸਾਰੀਆਂ ਸਟੇਟ ਕਮੇਟੀਆਂ, ਸੈਨੇਟ ਫਲੋਰ, ਅਸੈਂਬਲੀ ਫਲੋਰ ਅਤੇ ਹੋਰ ਬਹੁਤ ਸਾਰੀਆਂ ਪ੍ਰਕਿਰਿਆ ਵਿੱਚੋਂ ਲੰਘਣਾ ਪਇਆ। ਸੈਨੇਟਰ ਬਰਾਇਨ ਡਾਹਲੀ ਅਤੇ ਪਲੈਨਿੰਗ ਕਮਿਸ਼ਨ ਦੇ ਵਾਈਸ ਚੇਅਰਮੈਨ ਮਨਦੀਪ ਸਿੰਘ ਨੇ ਬਹੁਤ ਮਿਹਨਤ ਕਰਕੇ ਬਿੱਲ SB-847 ਨੂੰ ਹਰ ਇੱਕ ਪੜਾਵ ਵਿੱਚੋਂ ਵੱਡੇ ਬਹੁਮਤ ਨਾਲ ਪਾਸ ਕਰਵਾਇਆ ਹੈ।

ਅਮਰੀਕਾ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਭਾਈਚਾਰਾ ਰਹਿ ਰਿਹਾ ਹੈ ਅਤੇ ਇਤਿਹਾਸ 'ਚ ਪਹਿਲੀ ਵਾਰ ਸਿੱਖਾਂ ਨੂੰ ਅਮਰੀਕਾ ਦੀ ਕਿਸੇ ਸਟੇਟ ਵਿੱਚ ਕਾਨੂੰਨੀ ਤੌਰ ਤੇ ਪੱਗ ਬੰਨ ਕੇ ਮੋਟਰਸਾਈਕਲ ਚਲਾਉਣ ਦਾ ਹੱਕ ਮਿਲਣ ਜਾ ਰਹੀ ਹੈ। ਇਸ ਬਿੱਲ ਦੇ ਪਾਸ ਹੋਣ ਨਾਲ ਤੇ ਕਾਨੂੰਨ ਬਣਨ ਨਾਲ ਸਿੱਖਾਂ ਨੂੰ ਭਾਰੀ ਰਾਹਤ ਮਿਲੇਗੀ।









# ਵਿਸ਼ਵ ਓਜ਼ੋਨ ਦਿਵਸ

16 ਸਤੰਬਰ ਨੂੰ ਵਿਸ਼ਵ ਵਿੱਚ ਅੰਤਰ ਰਾਸ਼ਟਰੀ ਓਜ਼ੋਨ ਦਿਵਸ ਮਨਾਇਆ ਜਾ ਰਿਹਾ ਹੈ ਦਿਵਸ ਮਨਾਉਣ ਦਾ ਉਦੇਸ਼ ਆਪਣੇ ਨਾਗਰਿਕਾਂ ਵਿੱਚ ਓਜ਼ੋਨ ਪਰਤ ਬਾਰੇ ਜਾਗ੍ਰਿਤੀ ਪੈਦਾ ਕਰਨਾ ਹੁੰਦਾ ਹੈ। ਓਜੋਨ ਪਰਤ ਧਰਤੀ ਦੇ ਵਾਯੂ ਮੰਡਲ ਵਿੱਚ ਓਜ਼ੋਨ ਪ੍ਰਮਾਣੂ ਕਣਾਂ ਦਾ ਇਕੱਠ ਹੁੰਦਾ ਹੈ। ਧਰਤੀ ਤੋਂ 16 ਸੈਮੀਮੀਟਰ ਦੀ ਉਚਾਈ ਤੇ ਸੂਰਜੀ ਕਿਰਣਾ ਉਥੇ ਮੌਜੂਦ ਆਕਸੀਜਨ ਨੂੰ ਓਜ਼ੋਨ ਵਿੱਚ ਤਬਦੀਲ ਕਰ ਦਿੰਦੀਆ ਹਨ। ਇਸ ਦੀ ਘਣਤਾ 23 ਸੈਟੀਮੀਟਰ ਤੱਕ ਵਧੇਰੇ ਹੁੰਦੀ ਹੈ ਇਹ ਪਰਤ ਧਰਤੀ ਦੇ ਸਾਰੇ ਜੀਵਾ ਲਈ ਸਰੁੱਖਿਆ ਛਤਰੀ ਦਾ ਕੰਮ ਕਰਦੀ ਹੈ। ਇਹ ਪਰਤ ਸੂਰਜ ਤੋਂ ਆ ਰਹੀਆਂ ਪਰਾਵੈਗਣੀ ਕਿਰਨਾ ਨੂੰ ਸੋਖ ਲੈਂਦੀ ਹੈ ਜਿਸ ਨਾਲ ਇਹ ਪਰਾਵੈਗਣੀ ਕਿਰਨਾਂ ਧਰਤੀ ਤੇ ਨਹੀਂ ਪਹੁੰਚ ਸਕਦੀਆਂ ਇਹਨਾ ਕਿਰਣਾਂ ਦੀ ਤਰੰਗ ਲੰਬਾਈ ਘਟ ਹੋਣ ਕਰਕੇ ਮਨੁੱਖ ਸਰੀਰ ਵਿਚਲੇ ਐਸਿਡ ਨੂੰ ਨਸ਼ਟ ਕਰ ਦਿੰਦੀਆ ਹਨ ਤੇ ਚਮੜੀ ਦੇ ਕੈਂਸਰ ਦਾ ਕਾਰਣ ਬਣਦੀਆਂ ਹਨ। ਵੱਡੀ ਗਿਣਤੀ ਵਿੱਚ ਅੱਖਾਂ ਦੇ ਮੋਤੀਏ ਅਤੇ ਚਮੜੀ ਦੇ ਝੁਲਸ ਰੋਗ ਵਿੱਚ ਵਾਧਾ ਹੁੰਦਾ ਹੈ। ਮਨੁੱਖ ਸਰੀਰ ਦੀ ਸਰੁੱਖਿਆਤਮਕ ਪ੍ਰਣਾਲੀ ਨਸ਼ਟ ਹੁੰਦੀ ਹੈ ਫਸਲਾਂ ਤੇ ਜਾਨਵਰਾਂ ਤੇ ਪ੍ਰਤੀ ਪ੍ਰਭਾਵ ਪੈਂਦਾ ਹੈ। ਧਰਤੀ ਤੇ ਸਮੁੰਦਰੀ ਕਾਈ ਦੇ ਵਾਧੇ ਵਿੱਚ ਕਮੀ ਹੁੰਦੀ ਹੈ।

ਸਾਡੇ ਵਿਗਿਆਨੀਆਂ ਦਾ ਮੰਨਣਾ ਹੈ ਕਿ ਵਾਤਾਵਰਨ ਗਰਮ ਹੋਣ ਨਾਲ ਓਜ਼ੋਨ ਪਰਤ ਕਮਜ਼ੋਰ ਹੋ ਜਾਵੇਗੀ ਏਅਰ ਕੰਡੀਸ਼ਨਰ ਅਤੇ ਰੈਫਰੀਜਰੇਟਰਾਂ ਤੋਂ ਨਿਕਲਣ ਵਾਲੇ ਕਲੋਰੋ ਫਲੋਰੋ ਕਾਰਬਨ ਓਜ਼ੋਨ ਪਰਤ ਨੂੰ ਨੁਕਸਾਨ ਪਹੁੰਚਾਉਂਦੇ ਹਨ ਇਹਨਾਂ ਦਾ ਢੁੱਕਵਾ ਹੱਲ ਕੱਢਣ ਦੀ ਲੋੜ ਹੈ । ਕਲੋਰੀਨ ਅਤੇ ਬਰੋਮੀਨ ਐਟਮ ਓਜ਼ੋਨ ਦੇ ਸੰਪਰਕ ਵਿੱਚ ਆਉਂਦੇ ਹਨ ਤਾਂ ਉਹ ਓਜ਼ੋਨ ਪਰਤ ਨੂੰ ਵੱਡਾ ਨੁਕਸਾਨ ਪਹੁੰਚਾਉਂਦੇ ਹਨ ਛੇਕ ਦੀ ਮੁਰੰਮਤ ਲਈ ਸਾਨੂੰ ਵਾਤਾਵਰਨ ਵਿਚੋਂ ਤਪਸ਼ ਨੂੰ ਘੱਟ ਕਰਨਾ ਪਏਗਾ। ਰੁੱਖਾਂ ਹੇਠ ਰਕਬਾ ਵਧਾਉਣਾ ਪਵੇਗਾ। ਕਾਗਜ਼ ਦੀ ਖਪਤ ਨੂੰ ਘੱਟ ਕਰਨ ਦੀ ਜ਼ਰੂਰਤ ਹੈ। ਕਾਰਾਂ ਦੀ ਵਰਤੋਂ ਨੂੰ ਘਟਾਉਣ ਦੀ ਮੁੱਖ ਲੋੜ ਹੈ । ਦੇਸ਼ ਦੇ ਨਾਗਰਿਕਾਂ ਵਿੱਚ ਸਾਈਕਲ ਚਲਾਉਣ ਦੀ ਰੁਚੀ ਨੂੰ ਤਰਜੀਹ ਦੇਣ ਦੀ ਲੋੜ ਹੋਵੇਗੀ। ਪ੍ਰਦੂਸ਼ਣ ਰੋਕਣ ਲਈ ਬਣਾਏ ਨਿਯਮ ਵਿੱਚ ਸੋਧ ਕਰਕੇ ਸਹੀ ਢੰਗ ਨਾਲ ਲਾਗੂ ਕਰਨ ਦੀ ਲੋੜ ਹੈ। ਪਦਾਰਥਵਾਦ ਤੋਂ ਮੁੜਨ ਤੇ ਕੁਦਰਤ ਨਾਲ ਜੁੜਨ ਦੀ ਸਮਾਂ ਮੰਗ ਕਰਦਾ ਹੈ।ਇਕ ਪਿੰਡ ਇਕ ਬਾਗ ਦੀ ਮੁਹਿੰਮ ਨੂੰ ਸੁਚਾਰੂ ਰੂਪ ਦੇਣ ਦੀ ਲੋੜ ਹੈ। ਓਜੋਨ ਪਰਤ ਨੂੰ ਸੁਰੱਖਿਅਤ ਰੱਖਣ ਲਈ ਆਓ ਕਦਮ ਚੁੱਕੀਏ।

ਇਹ ਦਿਨ ਸਾਨੂੰ ਚੌਗਿਰਦੇ ਨਾਲ ਜੁੜੇ ਵੱਖ-ਵੱਖ ਮੁੱਦਿਆਂ 'ਤੇ ਬਹੁਤ ਕੁਝ ਸੋਚਣ ਲਈ ਪ੍ਰੇਰਿਤ ਕਰਦਾ ਹੈ

ਅਸਲ 'ਚ ਓਜ਼ੋਨ ਪਰਤ ਦੀ ਹਾਲਤ 'ਚ ਉਤਰਾਅ-ਚੜ੍ਹਾਅ ਹੁੰਦਾ ਰਹਿੰਦਾ ਹੈ। ਸਮੇਂ-ਸਮੇਂ 'ਤੇ ਓਜ਼ੋਨ ਪਰਤ ਨੂੰ ਲੈ ਕੇ ਵੱਖ-ਵੱਖ ਅਧਿਐਨ ਸਾਹਮਣੇ ਆਉਂਦੇ ਰਹਿੰਦੇ ਹਨ। ਕਦੇ-ਕਦੇ ਇਨ੍ਹਾਂ ਅਧਿਐਨਾਂ 'ਚ ਆਪਸੀ ਵਿਰੋਧੀ ਗੱਲਾਂ ਵੀ ਸਾਹਮਣੇ ਆਉਂਦੀਆਂ ਹਨ ਭਾਵ ਕਦੇ ਓਜ਼ੋਨ ਪਰਤ ਦੀ ਹਾਲਤ 'ਚ ਸੁਧਾਰ ਦੀ ਖੋਜ ਪ੍ਰਕਾਸ਼ਿਤ ਹੁੰਦੀ ਹੈ ਤਾਂ ਕਦੇ ਓਜ਼ੋਨ ਪਰਤ ਦੀ ਹਾਲਤ ਮਾੜੀ ਹੋਣ ਦੀ ਖੋਜ ਪ੍ਰਕਾਸ਼ਿਤ ਹੁੰਦੀ ਹੈ। ਅਜਿਹੀਆਂ ਆਪਸੀ ਵਿਰੋਧੀ ਖੋਜਾਂ ਸਾਨੂੰ ਭੁਲੇਖੇ 'ਚ ਪਾਉਂਦੀਆਂ ਹਨ। ਅਸਲ 'ਚ ਇਹ ਇਕ ਗੁੰਝਲਦਾਰ ਮਾਮਲਾ ਹੈ। ਇਸ ਲਈ ਓਜ਼ੋਨ ਪਰਤ ਨਾਲ ਸੰਬੰਧਤ ਖੋਜਾਂ 'ਚ ਵੱਖ-ਵੱਖ ਗੱਲਾਂ ਸਾਹਮਣੇ ਆਉਂਦੀਆਂ ਹਨ। ਵੱਖ-ਵੱਖ ਥਾਵਾਂ 'ਤੇ ਓਜ਼ੋਨ ਦੀ ਪਰਤ ਦੀ ਹਾਲਤ ਵੱਖ-ਵੱਖ ਹੋ ਸਕਦੀ ਹੈ। ਮੂਲ ਗੱਲ ਇਹ ਹੈ ਕਿ ਅੱਜ ਜਿਸ ਤਰ੍ਹਾਂ ਚੌਗਿਰਦੇ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ, ਉਹ ਓਜ਼ੋਨ ਪਰਤ ਲਈ ਸ਼ੁਭ ਨਹੀਂ ਹੈ। ਚੌਗਿਰਦੇ ਮੁਤਾਬਕ ਜ਼ਿੰਦਗੀ ਜਿਊਣ ਦੇ ਢੰਗ ਨੂੰ ਅਪਣਾ ਕੇ ਹੀ ਅਸੀਂ ਓਜ਼ੋਨ ਪਰਤ ਨੂੰ ਬਚਾ ਸਕਦੇ ਹਾਂ।

ਕੁਝ ਵਿਗਿਆਨੀਆਂ ਦਾ ਮੰਨਣਾ ਹੈ ਕਿ ਸਿਰਫ ਕਲੋਰੋ-ਫਲੋਰੋ ਕਾਰਬਨ ਹੀ ਓਜ਼ੋਨ ਪਰਤ ਨੂੰ ਨੁਕਸਾਨ ਨਹੀਂ ਪਹੁੰਚਾਉਂਦੀ ਸਗੋਂ ਕੁਝ ਹੋਰ ਕਾਰਨ ਵੀ ਇਸ ਲਈ ਜ਼ਿੰਮੇਵਾਰ ਹੁੰਦੇ ਹਨ। ਸਨ ਸਪੋਟ, ਜਵਾਲਾਮੁਖੀ ਅਤੇ ਮੌਸਮ ਵਰਗੇ ਕਾਰਨ ਓਜ਼ੋਨ ਪਰਤ ਦਾ ਰੂਪ ਨਿਰਧਾਰਿਤ ਕਰਨ 'ਚ ਅਹਿਮ ਭੂਮਿਕਾ ਨਿਭਾਉਂਦੇ ਹਨ। ਸਨ ਸਪੋਟ ਰਾਹੀਂ ਪਰਾਬੈਂਗਨੀ ਕਿਰਨਾਂ ਓਜ਼ੋਨ ਪਰਤ ਨੂੰ ਮਜ਼ਬੂਤ ਬਣਾਉਂਦੀਆਂ ਹਨ ਜਦੋਂ ਕਿ ਜਵਾਲਾਮੁਖੀ 'ਚੋਂ ਨਿਕਲਣ ਵਾਲੀਆਂ ਸਲਫਿਊਰਸ ਗੈਸਾਂ ਓਜ਼ੋਨ ਪਰਤ ਨੂੰ ਕਮਜ਼ੋਰ ਕਰਦੀਆਂ ਹਨ। ਇਸ ਤੋਂ ਇਲਾਵਾ ਵਾਤਾਵਰਣ 'ਚ ਸਥਿਤ ਠੰਡੀ ਹਵਾ ਉਚਾਈ ਅਤੇ ਅਕਸ਼ਾਂਸ਼ ਦੇ ਆਧਾਰ 'ਤੇ ਓਜ਼ੋਨ ਪਰਤ ਨੂੰ ਮਜ਼ਬੂਤ ਜਾਂ ਕਮਜ਼ੋਰ ਕਰ ਸਕਦੀ ਹੈ। ਫਿਲਹਾਲ ਇਹ ਠੀਕ ਹੈ ਕਿ ਕੁਝ ਥਾਵਾਂ 'ਤੇ ਓਜ਼ੋਨ ਪਰਤ ਦੀ ਹਾਲਤ ਸੁਧਾਰਨ 'ਚ ਬਹੁਤ ਸਾਰੇ ਕਾਰਨ ਜ਼ਿੰਮੇਵਾਰ ਹੋ ਸਕਦੇ ਹਨ ਪਰ ਨਾਸਾ ਅਤੇ ਕੁਝ ਯੂਨੀਵਰਸਿਟੀਆਂ ਦਾ ਮੰਨਣਾ ਹੈ ਕਿ ਅੱਜ ਕੁਝ ਥਾਵਾਂ 'ਤੇ ਓਜ਼ੋਨ ਪਰਤ ਦੀ ਵਧੀਆ ਹਾਲਤ ਲਈ ਕਲੋਰੋ-ਫਲੋਰੋ ਕਾਰਬਨ ਦੀ ਲੀਕੇਜ 'ਚ ਕਮੀ ਹੀ ਮੁੱਖ ਰੂਪ ਨਾਲ ਜ਼ਿੰਮੇਵਾਰ ਹੈ। ਓਜ਼ੋਨ ਵਾਤਾਵਰਣ ਦੇ ਸਟ੍ਰੈਟੋਸਫੀਅਰ ਹਿੱਸੇ 'ਚ ਧਰਤੀ ਦੀ ਸਤ੍ਹਾ ਤੋਂ ਉਪਰ 15 ਕਿਲੋਮੀਟਰ ਤੋਂ 40 ਕਿਲੋਮੀਟਰ ਤੱਕ ਦੀ ਉਚਾਈ 'ਚ ਪਾਈ ਜਾਂਦੀ ਹੈ। ਧਰਤੀ 'ਤੇ ਜੀਵਨ ਲਈ ਵਾਤਾਵਰਣ 'ਚ ਓਜ਼ੋਨ ਦੀ ਹਾਜ਼ਰੀ ਜ਼ਰੂਰੀ ਹੈ। ਇਹ ਸੂਰਜ ਤੋਂ ਆਉਣ ਵਾਲੀਆਂ ਪਰਾਬੈਂਗਨੀ ਕਿਰਨਾਂ ਨੂੰ ਸੁਕਾ ਕੇ ਅਜਿਹੇ ਵੱਖ-ਵੱਖ ਰਸਾਇਣਿਕ ਤੱਤਾਂ ਨੂੰ ਬਚਾਉਂਦੀ ਹੈ ਜੋ ਜੀਵਨ ਲਈ ਬਹੁਤ ਹੀ ਜ਼ਰੂਰੀ ਹੁੰਦੇ ਹਨ। ਜਦੋਂ ਵਾਤਾਵਰਣ 'ਚ ਆਕਸੀਜਨ, ਪਰਾਬੈਂਗਨੀ ਕਿਰਨਾਂ ਨੂੰ ਸੁਕਾਉਂਦੀ ਹੈ ਤਾਂ ਰਸਾਇਣਿਕ ਪ੍ਰਕਿਰਿਆ ਰਾਹੀਂ ਓਜ਼ੋਨ ਦਾ ਨਿਰਮਾਣ ਹੁੰਦਾ ਹੈ। ਓਜ਼ੋਨ ਪਰਤਾਂ ਦੇ ਘਟਣ ਨਾਲ ਸੂਰਜ 'ਚੋਂ ਨਿਕਲਣ ਵਾਲੀਆਂ ਨੁਕਸਾਨਦੇਹ ਪਰਾਬੈਂਗਨੀ ਕਿਰਨਾਂ ਧਰਤੀ 'ਤੇ ਪਹੁੰਚ ਕੇ ਮਨੁੱਖਾਂ, ਜਾਨਵਰਾਂ, ਬੂਟਿਆਂ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਪਰਾਬੈਂਗਨੀ ਕਿਰਨਾਂ ਨਾਲ ਚਮੜੀ ਦਾ ਕੈਂਸਰ, ਫੇਫੜਿਆਂ ਦਾ ਕੈਂਸਰ, ਸਰੀਰ ਦੀ ਰੋਗ-ਰੋਕੂ ਪ੍ਰਣਾਲੀ ਦਾ ਕਮਜ਼ੋਰ ਹੋਣਾ, ਅੱਖਾਂ ਦੇ ਰੋਗ, ਡੀ. ਐਨ. ਏ. ਦਾ ਟੁੱਟਣਾ ਅਤੇ ਸਨਬਰਨ ਵਰਗੇ ਰੋਗ ਹੋ ਜਾਂਦੇ ਹਨ। ਇਸ ਦੇ ਨਾਲ ਹੀ ਇਹ ਕਿਰਨਾਂ ਪੇਂਟ, ਪਲਾਸਟਿਕ ਅਤੇ ਸੀਮੈਂਟ ਵਰਗੀਆਂ ਵਸਤਾਂ ਲਈ ਵੀ ਨੁਕਸਾਨਦੇਹ ਸਿੱਧ ਹੁੰਦੀਆਂ ਹਨ।

ਵਾਤਾਵਰਣ 'ਚ ਸਭ ਥਾਵਾਂ 'ਤੇ ਓਜ਼ੋਨ ਦੀ ਨਮੀ ਬਰਾਬਰ ਨਹੀਂ ਰਹਿੰਦੀ। ਜਿਨ੍ਹਾਂ ਖੇਤਰਾਂ 'ਚ ਗਰਮੀ ਵੱਧ ਹੁੰਦੀ ਹੈ ਉਥੇ ਓਜ਼ੋਨ ਦੀ ਨਮੀ ਵਧੇਰੇ ਹੁੰਦੀ ਹੈ। ਧਰੁਵੀ ਖੇਤਰਾਂ 'ਚ ਇਸ ਦੀ ਨਮੀ ਘੱਟ ਹੁੰਦੀ ਹੈ। ਵਾਤਾਵਰਣ 'ਚ ਓਜ਼ੋਨ ਫੋਟੋ ਕੈਮੀਕਲ ਪ੍ਰਕਿਰਿਆ ਰਾਹੀਂ ਲਗਾਤਾਰ ਬਣਦੀ ਤੇ ਨਸ਼ਟ ਹੁੰਦੀ ਰਹਿੰਦੀ ਹੈ। ਇਸ ਤਰ੍ਹਾਂ ਇਸ ਦਾ ਸੰਤੁਲਨ ਬਣਿਆ ਰਹਿੰਦਾ ਹੈ ਪਰ ਮਨੁੱਖ ਵਲੋਂ ਤਿਆਰ ਪ੍ਰਦੂਸ਼ਣ ਕਾਰਨ ਵਾਤਾਵਰਣ 'ਚ ਓਜ਼ੋਨ ਦਾ ਸੰਤੁਲਨ ਵਿਗੜ ਜਾਂਦਾ ਹੈ ਅਤੇ ਇਹ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਕਰਦਾ ਹੈ। ਜ਼ਿਆਦਾਤਰ ਵਿਕਸਿਤ ਦੇਸ਼ ਹੀ ਓਜ਼ੋਨ ਨੂੰ ਨੁਕਸਾਨ ਪਹੁੰਚਾਉਣ ਵਾਲੇ ਤੱਤਾਂ ਦੀ ਲੀਕੇਜ ਵਧੇਰੇ ਕਰਦੇ ਹਨ। ਇਹ ਦੁਖਾਂਤ ਵੀ ਹੈ ਕਿ ਇਕ ਪਾਸੇ ਤਾਂ ਵਿਕਸਿਤ ਦੇਸ਼ ਖੁਦ ਪ੍ਰਦੂਸ਼ਣ ਫੈਲਾਅ ਰਹੇ ਹਨ, ਦੂਜੇ ਪਾਸੇ ਵਿਕਾਸਸ਼ੀਲ ਦੇਸ਼ਾਂ ਨੂੰ ਪ੍ਰਦੂਸ਼ਣ ਨਾ ਫੈਲਾਉਣ ਦਾ ਭਾਸ਼ਣ ਦੇ ਰਹੇ ਹਨ। ਇਸ ਖੋਖਲੇ ਆਦਰਸ਼ਵਾਦ ਕਾਰਨ ਅੱਜ ਵਾਤਾਵਰਣ ਨੂੰ ਗੰਭੀਰ ਖਤਰਾ ਪੈਦਾ ਹੋ ਗਿਆ ਹੈ। ਹੁਣ ਸਮਾਂ ਆ ਗਿਆ ਹੈ ਕਿ ਦੁਨੀਆ ਦੇ ਸਭ ਦੇਸ਼ ਖੋਖਲੇ ਆਦਰਸ਼ਵਾਦ ਦੇ ਘੇਰੇ 'ਚੋਂ ਬਾਹਰ ਨਿਕਲ ਕੇ ਵਾਤਾਵਰਣ ਨੂੰ ਬਚਾਉਣ ਦਾ ਸਮੂਹਿਕ ਯਤਨ ਕਰਨ। ਦਰਅਸਲ ਪੂਰੀ ਦੁਨੀਆ ਖਾਸ ਕਰ ਵਿਕਸਿਤ ਮੁਲਕਾਂ ਨੂੰ ਇਸ ਮਾਮਲੇ 'ਚ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਜ਼ਰੂਰਤ ਹੈ ਅਸਲ 'ਚ ਵਿਕਾਸ ਲਈ ਕੁਦਰਤ 'ਚ ਕੀਤੀ ਛੇੜਛਾੜ ਨਾਲ ਜਲਵਾਯੂ 'ਚ ਤਬਦੀਲੀ ਹੀ ਕੁਦਰਤੀ ਆਫ਼ਤਾਂ ਦੀ ਜੜ੍ਹ ਹੈ ਇਸ ਸਬੰਧੀ ਸਾਂਝੇ ਅੰਤਰਰਾਸ਼ਟਰੀ ਯਤਨਾਂ ਲਈ ਸਹਿਮਤੀ ਬਣਨ 'ਚ ਅੜਿੱਕਾ ਬਣਦਾ ਆ ਰਿਹਾ ਹੈ, ਜਿਸ ਨਾਲ ਸਹੀ ਕਦਮ ਚੁੱਕਣ 'ਚ ਦੇਰੀ ਹੋ ਰਹੀ ਹੈ ਲੰਮੇ ਸਮੇਂ ਤੱਕ ਅਮਰੀਕਾ ਵਰਗੇ ਮੁਲਕ ਇਸ ਮਾਮਲੇ 'ਚ ਧੱਕੇਸ਼ਾਹੀ ਕਰਦਿਆਂ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਬਜਾਇ ਗਰੀਬੀ, ਅਨਪੜ੍ਹਤਾ ਤੇ ਹੋਰ ਬੁਨਿਆਦੀ ਸਹੂਲਤਾਂ ਲਈ ਯਤਨ ਕਰ ਰਹੇ ਮੁਲਕਾਂ ਨੂੰ ਪ੍ਰਦੂਸ਼ਣ ਦੀ ਵਜ੍ਹਾ ਦੱਸਦੇ ਆਏ ਹਨ। ਇਸ ਲਈ ਇਹ ਜ਼ਰੂਰੀ ਬਣ ਗਿਆ ਹੈ ਕਿ ਸੰਯੁਕਤ ਰਾਸ਼ਟਰ ਜਿੱਥੇ ਵਿਕਸਿਤ ਮੁਲਕਾਂ ਨੂੰ ਵਾਤਾਵਰਨ ਸਬੰਧੀ ਜ਼ਿੰਮੇਵਾਰੀ ਨਿਭਾਉਣ ਲਈ ਪਾਬੰਦ ਕਰੇ, ਉਥੇ ਵਿਕਾਸਸ਼ੀਲ ਮੁਲਕਾਂ ਨੂੰ ਵਿੱਤੀ ਸਹਾਇਤਾ ਵੀ ਦੇਵੇ ਜਿਸ ਤਰ੍ਹਾਂ ਕੁਦਰਤੀ ਆਫ਼ਤਾਂ ਆ ਰਹੀਆਂ ਹਨ ਇਹਨਾਂ ਦੇ ਮੱਦੇਨਜ਼ਰ ਜਲਵਾਯੂ ਤਬਦੀਲੀ ਨੂੰ ਰੋਕਣ ਲਈ ਦੁਨੀਆ ਭਰ 'ਚ ਮੁਹਿੰਮ ਤੇਜ਼ ਕਰਨੀ ਪਵੇਗੀ 'ਧਰਤੀ ਦਿਵਸ' 'ਵਿਸ਼ਵ ਜਲ ਦਿਵਸ' 'ਓਜ਼ੋਨ ਦਿਵਸ' ਵਰਗੇ ਦਿਨ ਮਨਾਉਣ ਦਾ ਤਾਂ ਹੀ ਫਾਇਦਾ ਹੈ ਜੇਕਰ ਸਾਰੇ ਮੁਲਕ ਇਮਾਨਦਾਰੀ ਨਾਲ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਰੋਕਣ ਲਈ ਆਪਣਾ ਰੋਲ ਅਦਾ ਕਰਨ।

**ਮਾਸਟਰ ਜਸਵਿੰਦਰ ਸਿੰਘ ਛਾਜਲੀ**
91-98158-64433

# ਮਾਧਵੀ ਕਟਾਰੀਆ ਦੀ ਪਹਿਲੀ ਕਾਵਿ ਪੁਸਤਕ 'ਅਣਦੇਖਤੀ ਆਂਖੇਂ' ਲੋਕ ਅਰਪਤ ਹੋਈ

**ਚੰਡੀਗੜ੍ਹ (ਹਰਦੇਵ ਚੌਹਾਨ)-** ਪੰਜਾਬ ਕਲਾ ਭਵਨ, ਚੰਡੀਗੜ੍ਹ ਵਿਖੇ ਮਾਧਵੀ ਕਟਾਰੀਆ ਦੀ ਪਹਿਲੀ ਕਾਵ ਪੁਸਤਕ 'ਅਣਦੇਖਤੀ ਆਂਖੇਂ' ਡਾਕਟਰ ਸੁਰਜੀਤ ਪਾਤਰ ਅਤੇ ਡਾਕਟਰ ਬਲਜੀਤ ਕੌਰ ਕੈਬਿਨੇਟ ਮਨਿਸਟਰ, ਪੰਜਾਬ, ਜੰਗ ਬਹਾਦਰ ਗੋਇਲ, ਡਾਕਟਰ ਦੀਪਕ ਮਨਮੋਹਨ ਸਿੰਘ ਤੇ ਚੰਦਰ ਤਰਿਖਾ ਦੁਆਰਾ ਪੰਜਾਬੀ ਅਤੇ ਹਿੰਦੀ ਦੇ ਲੇਖਕਾਂ ਦੀ ਭਰਵੀਂ ਹਾਜ਼ਰੀ ਵਿੱਚ ਲੋਕ ਅਰਪਤਿ ਹੋਈ। ਸਾਬਕਾ ਆਈਏਐਸ ਅਧਿਕਾਰੀ ਵਿਵੇਕ ਅੱਤਰੇ ਨੇ ਕਿਹਾ ਕਿ ਅਧਿਕਾਰੀਆਂ ਨੂੰ ਸਰਕਾਰ ਨੂੰ ਬਾਹਰ ਤੋਂ ਵੀ ਵੇਖਣਾ ਚਾਹੀਦਾ ਹੈ । ਸਰਕਾਰ ਵਿੱਚ ਬੜਾ ਕੁਝ ਫਨੀ ਹੋ ਰਿਹਾ ਹੈ। ਜ਼ਿੰਦਗੀ ਭੱਜ ਰਹੀ ਹੈ। ਮਾਧਵੀ ਕਟਾਰੀਆ ਦੀਆਂ ਕਵਿਤਾਵਾਂ ਸਲਾਹੁਣਯੋਗ ਹਨ। ਜੰਗ ਬਹਾਦਰ ਗੋਇਲ ਨੇ ਕਵਿਤਾਵਾਂ ਦੀ ਸਿਫਤ ਕੀਤੀ ਤੇ ਕਿਹਾ ਕਿ ਕਵਿੱਤਰੀ ਆਪਣੇ ਅੰਤਰ ਮਨ ਨਾਲ ਗੱਲਾਂ ਕਰਦੀ ਪ੍ਰਤੀਤ ਹੁੰਦੀ ਹੈ ।ਚੰਦਰ ਤਰਿਖਾ ਨੇ ਕਿਹਾ ਕਿ ਕਵਿਤਾਵਾਂ ਪੜ ਕੇ ਲੱਗਦਾ ਹੈ ਕਿ ਬੰਦਾ ਆਪਣੇ ਆਪ ਨਾਲ ਰੂਬਰੂ ਹੋ ਰਿਹਾ ਹੈ। ਡਾਕਟਰ ਸੁਰਜੀਤ ਪਾਤਰ ਨੇ ਕਿਹਾ ਕਿ ਮਾਧਵੀ ਕਟਾਰੀਆ ਦੀ ਕਵਿਤਾ ਵਿਚ ਸ਼ਿੱਦਤ ਵੀ ਹੈ ਅਤੇ ਸੋਜ਼ਣ ਵੀ ਹੈ। ਕਵਿਤਾਵਾਂ ਨੂੰ ਬਾਰ, ਬਾਰ ਪੜ੍ਹਨ ਨੂੰ ਚਿੱਤ ਕਰਦਾ ਹੈ। ਭਾਵਾਂ ਦੀ ਵੰਨ ਸੁਵੰਨਤਾ ਵੀ ਮੋਹਿਤ ਕਰਦੀ ਹੈ।



ਡਾਕਟਰ ਬਲਜੀਤ ਕੌਰ ਨੇ ਕਿਹਾ ਕਿ ਸਮਾਜ ਵਿੱਚ ਅਣਗੌਲੀਆਂ ਗੱਲਾਂ ਨੂੰ ਅਣਦੇਖਦੀਆਂ ਅੱਖਾਂ ਹੀ ਵੇਖਦੀਆਂ ਹਨ। ਇਹ ਉਹੀ ਅੱਖਾਂ ਨੇ ਜਿਨ੍ਹਾਂ ਨੇ ਸਾਨੂੰ ਆਪਣੀਆਂ ਜ਼ਿੰਮੇਵਾਰੀਆਂ ਤੋਂ ਪਾਸੇ ਕੀਤਾ ਹੋਇਆ ਹੈ। ਸਾਨੂੰ ਨਿੱਜ ਤਕ ਸੀਮਿਤ ਨਹੀਂ ਹੋਣਾ ਚਾਹੀਦਾ। ਮਾਧਵੀ ਕਟਾਰੀਆ ਸਾਡੇ ਵਿਭਾਗ ਵਿੱਚ ਵੀ ਹਮੇਸ਼ਾ ਕੁਝ ਨਵਾਂ ਕਰ ਵਿਖਾਉਣ ਦੀ ਚਾਹਤ ਰੱਖਦੇ ਹਨ। ਇਹ ਕਿਤਾਬ ਆਧਾਰ ਪ੍ਰਕਾਸ਼ਨ, ਪੰਚਕੂਲਾ ਦੁਆਰਾ ਛਾਪੀ ਗਈ ਹੈ।

# ਹੈਰੀਟੇਜ ਮਾਰਕੀਟ 'ਚ 'ਸ਼ਾਪਿੰਗ ਫੈਸਟ' 17 ਸਤੰਬਰ ਤੋਂ ਆਰੰਭ

**ਚੰਡੀਗੜ੍ਹ (ਹਰਦੇਵ ਚੌਹਾਨ)-** ਸਤੰਬਰ 17 ਨੂੰ ਸੈਕਟਰ 22 ਡੀ, ਚੰਡੀਗੜ੍ਹ ਵਿਖੇ 'ਸ਼ਾਪਿੰਗ ਫੈਸਟ' ਸ਼ੁਰੂ ਹੋਣ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 73 ਵੇਂ ਜਨਮ ਦਿਨ ਦੇ ਜਸ਼ਨ ਮੌਕੇ ਇਸ ਸ਼ਾਪਿੰਗ ਕਾਰਨੀਵਲ ਦਾ ਉਦਘਾਟਨ ਹੋ ਰਿਹਾ ਹੈ। ਇਹ ਮੇਲਾ 1 ਜਨਵਰੀ 2024 ਨੂੰ ਸਮਾਪਤ ਹੋਵੇਗਾ। ਸੈਕਟਰ 22 ਡੀ, ਮਾਰਕਿਟ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਅਰਵਿੰਦ ਜੈਨ ਨੇ ਇੱਥੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਮੇਲੇ ਦਾ ਉਦਘਾਟਨ ਮੁੱਖ ਮਹਿਮਾਨ ਧਰਮਪਾਲ, ਆਈਏਐਸ, ਯੂਟੀ ਪ੍ਰਸ਼ਾਸਨ ਦੇ ਸਲਾਹਕਾਰ ਕਰਨਗੇ।




ਜੈਨ ਨੇ ਕਿਹਾ ਕਿ ਕੇਕ ਕੱਟਣ ਦੀ ਰਸਮ ਸਵੇਰੇ 11.30 ਵਜੇ ਚੰਡੀਗੜ੍ਹ ਦੀ ਵਿਰਾਸਤੀ ਮਾਰਕੀਟ, ਸੈਕਟਰ 22 ਡੀ ਵਿਖੇ ਹੋਵੇਗੀ। ਪ੍ਰਧਾਨ ਅਰਵਿੰਦ ਜੈਨ ਨੇ ਕਿਹਾ ਕਿ ਖਰੀਦਦਾਰਾਂ ਲਈ 31 ਇਨਾਮ ਹੋਣਗੇ ਜਿਨ੍ਹਾਂ ਵਿੱਚ 7 ਕਾਰਾਂ, 4 ਹੁੰਡਈ ਐਕਸਟਰ, 3 ਕੀਆ ਸੋਨਟ, 8 ਐਮਆਈ ਟੀਵੀ, 8 ਐਲਜੀ ਏਸੀ ਅਤੇ 8 ਐਲਜੀ ਫਰਿੱਜ ਸ਼ਾਮਲ ਹਨ। ਮੇਲੇ ਦੌਰਾਨ 2000 ਰੁਪਏ ਜਾਂ ਇਸ ਤੋਂ ਵੱਧ ਦੀ ਖਰੀਦਦਾਰੀ ਕਰਨ ਵਾਲੇ ਕੂਪਨ ਧਾਰਕ, ਇਨਾਮਾਂ ਲਈ ਯੋਗ ਹੋਣਗੇ। ਕਿਸੇ ਵੀ ਗਹਿਣਿਆਂ ਦੀ ਦੁਕਾਨ 'ਤੇ 10000 ਰੁਪਏ ਜਾਂ ਇਸ ਤੋਂ ਵੱਧ ਦੀ ਖਰੀਦਦਾਰੀ ਕਰਨ ਵਾਲੇ ਗਾਹਕ ਵੀ ਕੂਪਨ ਪ੍ਰਾਪਤੀ ਦੇ ਯੋਗ ਹੋਣਗੇ।

ਇਹ ਸ਼ੋਪਿੰਗ ਮੇਲਾ ਸੋਨੇ ਅਤੇ ਹੀਰੇ ਦੇ ਗਹਿਣੇ, ਕੱਪੜੇ, ਸਮਾਨ, ਘੜੀਆਂ, ਕਰੌਕਰੀ, ਸੂਟਿੰਗ ਅਤੇ ਕਮੀਜ਼ ਅਤੇ ਹੋਰ ਆਮ ਚੀਜ਼ਾਂ ਨੂੰ ਸਭ ਤੋਂ ਕਿਫਾਇਤੀ ਕੀਮਤਾਂ 'ਤੇ ਚੁਣਨ ਲਈ ਵਿਕਲਪਾਂ ਦਾ ਇੱਕ ਗੁਲਦਸਤਾ ਪ੍ਰਦਰਸ਼ਿਤ ਕਰੇਗਾ।

# ਡਾ. ਅੰਬਰੀਸ਼ ਨੂੰ ਮਿਲਿਆ 'ਭੂਸ਼ਨ ਧਿਆਨਪੁਰੀ ਯਾਦਗਾਰੀ ਅਵਾਰਡ'

**ਚੰਡੀਗੜ੍ਹ (ਹਰਦੇਵ ਚੌਹਾਨ)-** ਸੁਰ ਸਾਂਝ ਕਲਾ ਮੰਚ ਖਰੜ ਵੱਲੋਂ ਏਥੇ ਟੀ.ਐਸ. ਸੈਂਟਰਲ ਸਟੇਟ ਲਾਇਬ੍ਰੇਰੀ, ਚੰਡੀਗੜ੍ਹ ਵਿਖੇ ਪਹਿਲਾ 'ਭੂਸ਼ਨ ਧਿਆਨਪੁਰੀ, ਯਾਦਗਾਰੀ ਵਾਰਤਕ ਅਵਾਰਡ' ਡਾ.ਅੰ-ਬਰੀਸ਼ ਨੂੰ ਦਿੱਤਾ ਗਿਆ। ਇਸ ਮੌਕੇ ਸ਼ਾਇਰਾ ਯਤਿੰਦਰ ਮਾਹਲ, ਸ਼ਾਇਰ ਸੁਰਜੀਤ ਜੀਤ, ਸ਼ਾਇਰਾ ਸੰਦੀਪ, ਜਸ਼ਨਪ੍ਰੀਤ, ਸ਼ਾਇਰ ਜਗਦੀਪ, ਉਰਦੂ ਸ਼ਾਇਰ ਕਰਨ ਸਹਰ ਤੇ ਸਾਨੀ ਜਗਜੀਵਨਮੀਤ ਨੇ ਚੋਣਵੀਆਂ ਰਚਨਾਵਾਂ ਸੁਣਾਈਆਂ। ਦੂਸਰੇ ਸੈਸ਼ਨ ਵਿਚ ਡਾ. ਅੰਬਰੀਸ਼ ਨੂੰ 'ਭੂਸ਼ਨ ਧਿਆਨਪੁਰੀ, ਯਾਦਗਾਰੀ ਵਾਰਤਕ ਅਵਾਰਡ' ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਗੁਰਪ੍ਰੀਤ ਨੇ ਕਿਹਾ ਕਿ ਡਾ. ਅੰਬਰੀਸ਼ ਬਹੁਤ ਹੀ ਬਾਰੀਕ ਸਮਝ ਵਾਲਾ ਲੇਖਕ ਹੈ। ਇਸਨੂੰ ਸਨਮਾਨਿਤ ਕਰਨਾ ਖੁਦ ਸਨਮਾਨਿਤ ਹੋਣਾ ਹੈ। ਡਾ. ਮਨਮੋਹਨ ਨੇ ਕਿਹਾ ਕਿ ਵਾਰਤਕ ਸਭ ਤੋਂ ਔਖੀ ਵਿਧਾ ਹੈ ਪਰ ਅੰਬਰੀਸ਼ ਨੂੰ ਆਪਣੇ ਸ਼ਬਦ ਥਾਂ ਸਿਰ ਰੱਖਣੇ ਆਉਂਦੇ ਹਨ।



ਮੁੱਖ ਮਹਿਮਾਨ ਡਾ. ਲਖਵਿੰਦਰ ਜੌਹਲ ਨੇ ਸਨਮਾਨਿਤ ਲੇਖਕ ਬਾਰੇ ਕਿਹਾ ਕਿ ਡਾ. ਅੰਬਰੀਸ਼ ਛੋਟੀਆਂ, ਛੋਟੀਆਂ ਗੱਲਾਂ 'ਤੇ ਆਪਣੇ ਬਿਰਤਾਂਤ ਸਿਰਜਦਾ ਹੈ। ਮੈਂ ਇਨਾਂ ਦੀ ਲੇਖਣੀ ਤੋਂ ਬਹੁਤ ਪ੍ਰਭਾਵਿਤ ਹਾਂ। ਮੰਚ ਪ੍ਰਧਾਨ ਸੁਰਜੀਤ ਸੁਮਨ ਤੇ ਮੰਚ ਸੰਚਾਲਕ ਜਗਦੀਪ ਸਿੱਧੂ ਨੇ ਹਾਜ਼ਰੀਨਾਂ ਦਾ ਧੰਨਵਾਦ ਕੀਤਾ।

# ਪ੍ਰਧਾਨ ਜਤਿੰਦਰ ਸਿੰਘ ਨੇ ਸ ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ ਨਾਲ ਕੀਤੀ ਮੁਲਾਕਾਤ



**ਜਲੰਧਰ, (ਜੱਸੀ)-** ਬੀਤੇ ਦਿਨੀਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚ ਹੋਈਆਂ ਵਿਦਿਆਰਥੀ ਕੌਂਸਲ ਚੋਣਾਂ ਵਿਚ ਵੱਡੀ ਲੀਡ ਨਾਲ ਜਿੱਤ ਕੇ ਪੰਜਾਬ ਯੂਨੀਵਰਸਿਟੀ ਦੇ ਪ੍ਰਧਾਨ ਬਣੇ ਜਤਿੰਦਰ ਸਿੰਘ (NSUI) ਨੇ ਅੱਜ ਸਾਥੀਆਂ ਸਮੇਤ ਸਾਬਕਾ ਮੁੱਖ ਮੰਤਰੀ ਪੰਜਾਬ ਸ.ਚਰਨਜੀਤ ਸਿੰਘ ਚੰਨੀ ਜੀ ਦੇ ਗ੍ਰਹਿ ਵਿਖੇ ਪਹੁੰਚ ਕੇ ਉਨ੍ਹਾਂ ਤੋਂ ਆਸ਼ੀਰਵਾਦ ਲਿਆ। ਸ. ਚੰਨੀ ਨੇ ਨਵ-ਨਿਯੁਕਤ ਪ੍ਰਧਾਨ ਜਤਿੰਦਰ ਸਿੰਘ ਅਤੇ ਸਮੁੱਚੀ NSUI ਟੀਮ ਨੂੰ ਮੁਬਾਰਕਬਾਦ ਦਿੱਤੀ। ਨਵੇਂ ਚੁਣੇ ਪ੍ਰਧਾਨ ਤੇ ਬਾਕੀ ਅਹੁਦੇਦਾਰਾਂ ਨੇ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣਗੇ।

# ਗਾਇਕ ਜਸਮੇਰ ਮੀਆਂਪੁਰੀ ਦੇ ਗੀਤ "ਨਾਗ ਤੋਂ ਮੈਂ ਬਚ ਗਈ" ਦਾ ਟੀਜ਼ਰ ਹੋਇਆ ਰਿਲੀਜ਼

**ਚੰਡੀਗੜ੍ਹ (ਹਰਦੇਵ ਚੌਹਾਨ)-** ਪ੍ਰਸਿੱਧ ਗਾਇਕ ਜਸਮੇਰ ਮੀਆਂਪੁਰੀ ਦੇ ਗੀਤ "ਨਾਗ ਤੋਂ ਮੈਂ ਬਚ ਗਈ" ਦਾ ਟੀਜ਼ਰ ਅੱਜ ਸੋਸ਼ਲ ਸਾਈ-ਟਸ ਫੇਸਬੁੱਕ, ਇੰਸਟਾਗ੍ਰਾਮ ਅਤੇ ਯੂ-ਟਿਊਬ ਤੇ ਰਿਲੀਜ਼ ਕਰ ਦਿੱਤਾ ਗਿਆ ਹੈ। ਇਹ ਗੀਤ ਸੱਲ੍ਹ ਸਟੂਡੀਓਜ਼ ਦੁਆਰਾ ਰਿਲੀਜ਼ ਕੀਤਾ ਗਿਆ ਹੈ। ਇਸ ਗੀਤ ਨੂੰ ਹਰਕੰਵਲ ਕੰਗ ਨੇ ਲਿਖਿਆ ਹੈ ਤੇ ਨਿਤਿਸ਼ ਰਾਏਮਿਕਸ ਨੇ ਇਸ ਗੀਤ ਨੂੰ ਸੰਗੀਤਬੱਧ ਕੀਤਾ ਹੈ ।ਇਸ ਗੀਤ ਦਾ ਵੀਡਿਓ ਨਿਰਦੇਸ਼ਨ ਅਰਸ਼ਪ੍ਰੀਤ ਨੇ ਕੀਤਾ ਹੈ ਜਦਕਿ ਡੀ ਓ ਪੀ, ਸ਼ਾਨ ਅਕਬਰਪੁਰੀ ਦੀ ਹੈ। ਗੌਰਤਲਬ ਹੈ ਕਿ ਹੁਣੇ-ਹੁਣੇ ਜਸਮੇਰ ਮੀਆਂਪੁਰੀ ਵੱਲੋਂ ਗਾਇਆ ਸੱਭਿਆਚਾਰਕ ਗੀਤ 'ਮੌਜ ਰੰਗ' ਵੀ ਬੜਾ ਹਿੱਟ ਹੋਇਆ ਹੈ। ਇਸ ਗੀਤ 'ਚ ਪ੍ਰਮੁੱਖ ਅਦਾਕਾਰੀ ਮਨੀਸ਼ਾ ਨੇ ਕੀਤੀ ਹੈ ਅਤੇ ਮੀਆਂਪੁਰੀ ਨੇ ਘੋਸਟ ਰੂਹ ਦਾ ਕਿਰਦਾਰ ਨਿਭਾਇਆ ਹੈ। ਗੀਤ ਲੋਕ ਰੰਗ, ਰਾਂਝਣ, ਸ਼ੌਕੀਨਾ ਸੁਣਕੇ, ਰੰਗਲਾ ਚਰਖਾ ਅਤੇ ਖੁੰਢ ਚਰਚਾ ਵੀ ਪੰਜਾਬੀ ਸਰੋਤਿਆ ਦੀ ਕਚਹਿਰੀ ਵਿੱਚ ਪ੍ਰਵਾਨ ਚੜ੍ਹੇ ਹਨ।



# ਕਰਮਨ ਸ਼ਹਿਰ ਦੇ ਸਲਾਨਾ 79 ਵੇ ਹਾਰਵੈਸਟਰ ਫਿਸਟੀਵਲ ਲੱਗੀ ਸਟੇਜ਼ ਤੋਂ ਪੰਜਾਬੀਆਂ ਕਰਾਈ ਬੱਲੇ-ਬੱਲੇ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਕਰਮਨ ਸ਼ਹਿਰ ਵਿਖੇ ਹਰ ਸਾਲ ਦੀ ਤਰ੍ਹਾਂ 79 ਵੇ "ਹਾਰਵੈਸਟ ਫਿਸ਼ਟੀਵਲ" (Harvest Festival) ਦੀ ਸੁਰੂਆਤ ਹਮੇਸ਼ਾ ਪਰੇਡ ਨਾਲ ਹੋਈ। ਜਿਸ ਦਾ ਮਹੌਲ ਬਿਲਕੁਲ ਭਾਰਤ ਦੀ ਵਿਸਾਖੀ ਦੇ ਮੇਲੇ ਵਰਗਾ ਸੀ। ਬੇਸ਼ੱਕ ਇੱਥੇ ਲੋਕ ਵੱਡੇ ਸ਼ਹਿਰਾ ਰਹਿ ਰਹੇ ਹਨ, ਪਰ ਫਿਰ ਵੀ ਲੋਕ ਆਪਣੀ ਪੱਕੀ ਫਸ਼ਲ ਦੀ ਕਟਾਈ ਕਰਨ ਦੀ ਖ਼ੁਸ਼ੀ ਪਰੰਪਰਾਗਤ ਮੇਲੇ ਦੇ ਰੂਪ ਵਿੱਚ ਮਨਾਉਂਦੇ ਆ ਰਹੇ ਹਨ। ਜਿਸ ਦੀ ਸੁਰੂਆਤ ਨਗਰ ਕੀਰਤਨ ਵਾਂਗ ਪਰੇਡ ਨਾਲ ਕੀਤੀ ਜਾਦੀ ਹੈ ਅਤੇ ਇਕੱਠ ਵੀ ਅਮੈਰੀਕਨ ਭਾਈਚਾਰੇ ਦਾ ਬਹੁਤ ਹੁੰਦਾ ਹੈ। ਹਰ ਸਾਲ 50 ਤੋਂ ਵਧੀਕ ਫਲੋਟ ਸਭ ਦੀ ਖਿੱਚ ਦਾ ਕਾਰਨ ਬਣਦੇ ਹਨ। ਇਸ ਤੋਂ ਇਲਾਵਾ ਲੋਕ ਆਪਣੇ ਪੁਰਾਣੇ ਟਰੱਕ, ਟਰੈਕਟਰ, ਕਾਰਾਂ ਅਤੇ ਹੋਰ ਪੁਰਾਤਨ ਸਾਜੋ-ਸਮਾਨ ਦਾ ਵੀ ਲਿਸ਼ਕਾਂ-ਚਮਕਾ ਕੇ ਖੁੱਲ੍ਹਾਂ ਪਰਦਰਸ਼ਨ ਕਰਦੇ ਹਨ। ਇਨ੍ਹਾਂ ਫਲੋਟਾ ਨੂੰ ਵਧੀਆਂ ਸਜਾਉਣ ਦੇ ਮੁਕਾਬਲੇ ਵੀ ਦਿਲਚਸਪ ਹੁੰਦੇ ਹਨ। ਜਿਸ ਵਿੱਚ ਜੇਤੂਆਂ ਨੂੰ ਇਨਾਮ ਵੀ ਦਿੱਤੇ ਜਾਂਦੇ ਹਨ। ਸਥਾਨਕ ਲੋਕ ਸੜਕ ਦੇ ਦੋਨੋ ਪਾਸੇ ਬੈਠ ਇਸ ਪਰੰਪਰਾਗਤ ਪਰੇਡ ਦਾ ਖੁੱਲ ਕੇ ਅਨੰਦ ਮਾਣਦੇ ਹਨ ਅਤੇ ਹਿੱਸਾ ਲੈਣ ਵਾਲਿਆ ਦੀ ਹੌਸ਼ਲਾ ਅਫਜ਼ਾਈ ਵੀ ਕਰਦੇ ਹਨ। ਇਸ ਪਰੇਡ ਦੀ ਸਮਾਪਤੀ ਉਪਰੰਤ ਚਾਰ ਦਿਨ ਮੇਲੇ ਦਾ ਲੋਕ ਗੀਤ-ਸੰਗੀਤ, ਖੇਡਾਂ, ਰਾਈਡਾ, ਤਰ੍ਹਾਂ-ਤਰ੍ਹਾਂ ਦੇ ਝੂਲਿਆਂ ਅਤੇ ਖਾਣਿਆ ਦਾ ਅਨੰਦ ਮਾਣਦੇ ਹਨ।







ਮੇਲੇ ਦੌਰਾਨ ਹਰ ਸਾਲ ਸਟੇਜ਼ ਲੱਗਦੀ ਹੈ। ਜਿੱਥੋ ਵੱਖ-ਵੱਖ ਬੁਲਾਰੇ ਜਾਂ ਕਲਾਕਾਰ ਰਿਵਾਇਤੀ ਤੌਰ 'ਤੇ ਆਪਣੇ ਵਿਚਾਰ ਜਾਂ ਕਲਾ ਦਾ ਖੁੱਲ ਕੇ ਪ੍ਰਦਰਸਨ ਕਰਦੇ ਹਨ।

ਇਸੇ ਹੀ ਸਟੇਜ਼ ਤੋਂ ਗਾਇਕੀ ਦਾ ਖੁੱਲਾ ਅਖਾੜਾ ਵੀ ਲੱਗਦਾ ਹੈ। ਜਿਸ ਵਿੱਚ ਵੱਖ-ਵੱਖ ਭਾਈਚਾਰੇ ਦੇ ਲੋਕ ਆਪਣੀ ਕਲਾ ਦਾ ਖੁੱਲ ਕੇ ਪ੍ਰਗਟਾ ਕਰਦੇ ਹੋਏ, ਦੂਸਰੇ ਭਾਈਚਾਰਿਆਂ ਨਾਲ ਸੱਭਿਆਚਾਰ ਦੀ ਸਾਂਝ ਪਾਉਦੇ ਹਨ। ਕਰਮਨ ਸ਼ਹਿਰ ਵਿੱਚ ਪੰਜਾਬੀ ਭਾਈਚਾਰੇ ਦੀ ਸੰਘਣੀ ਵੱਸੋਂ ਹੈ। ਇਸੇ ਲੜੀ ਤਹਿਤ ਪਹਿਲੀ ਵਾਰ ਕਿਰਨਜੋਤ ਕੌਰ ਢੇਸੀ ਦੇ ਉੱਦਮ ਸਦਕਾ, ਗੁਲਬਿੰਦਰ ਗੈਰੀ ਢੇਸੀ ਅਤੇ ਕੁਲਵੰਤ ਧਾਲੀਆਂ ਨੇ ਪੰਜਾਬੀ ਸੱਭਿਆਚਾਰ ਦੀ ਸਾਂਝ ਪਾਉਦਾ ਪ੍ਰੋਗਰਾਮ ਸਟੇਜ਼ ਸਫਲਤਾ ਨਾਲ ਪੇਸ਼ ਕੀਤਾ। ਜਿਸ ਦੀ ਸੁਰੂਆਤ ਦਿਲਦਾਰ ਮਿਊਜ਼ੀਕਲ ਬ੍ਰਦਰਜ਼ ਗਰੁੱਪ ਕੈਲੇਫੋਰਨੀਆਂ ਦੇ ਕਲਾਕਾਰ ਅਵਤਾਰ ਗਰੇਵਾਲ, ਰਾਣੀ ਗਿੱਲ, ਕਾਂਤਾ ਸਹੋਤਾ ਨੇ ਕੀਤੀ। ਜਦ ਕਿ ਬਾਕੀ ਕਲਾਕਾਰਾਂ ਵਿੱਚ ਪੱਪੀ ਭਦੌੜ, ਜੋਗਿੰਦਰ ਸਿੰਘ ਜੋਗੀ, ਅਮਰੀਕ ਸਿੰਘ ਸੰਗੀਤ ਮਾਸਟਰ, ਗੀਤਕਾਰ ਸਤਵੀਰ ਹੀਰ ਆਦਿਕ ਕਲਾਕਾਰਾਂ ਨੇ ਜਿੱਥੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ, ਉੱਥੇ ਅਮਰੀਕਨਾਂ ਨੂੰ ਵੀ ਨੱਚਣ ਲਾ ਦਿੱਤਾ। ਮੇਲੇ ਦੇ ਪ੍ਰਬੰਧਕਾਂ ਵਿੱਚੋਂ ਮਿਸ. ਸੂਸਨ ਨੇ ਪੰਜਾਬੀ ਭਾਈਚਾਰੇ ਨੂੰ ਅਗਲੇ ਸਾਲ ਦਾ ਸੱਦਾ ਦਿੰਦੇ ਹੋਏ, ਇਸ ਸਫਲ ਪੇਸ਼ਕਾਰੀ ਦੀ ਵਧਾਈ ਵੀ ਦਿੱਤੀ। ਅੰਤ ਆਪਣੀਆਂ ਯਾਦਗਾਰੀ ਪੈੜਾਂ ਛੱਡਦਾ ਹੋਇਆ ਇਹ ਮੇਲਾ ਯਾਦਗਾਰੀ ਹੋ ਨਿਬੜਿਆ।

# ਗੁਰਬਖਸ਼ ਸਿੰਘ ਸਿੱਧੂ ਨੇ ਸੀਨੀਅਰ ਗੇਮਾਂ ਵਿੱਚ ਜਿੱਤਿਆ ਗੋਲਡ ਮੈਡਲ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆਂ)-** ਫਰਿਜਨੋ ਨਿਵਾਸੀ ਗੁਰਬਖਸ਼ ਸਿੰਘ ਸਿੱਧੂ ਅਮਰੀਕਾ ਵਿੱਚ ਹੁੰਦੀਆਂ ਸੀਨੀਅਰ ਗੀਮਾਂ ਵਿੱਚ ਜੌਹਰ ਵਿਖਕੇ ਅਕਸਰ ਚਰਚਾ ਵਿੱਚ ਰਹਿੰਦੇ ਹਨ। ਅੱਜ-ਕੱਲ ਓਹ ਸੀਨੀਅਰ ਗੀਮਾਂ ਵਿੱਚ ਹਿੱਸਾ ਲੈਣ ਗਈ ਕੈਲੀਫੋਰਨੀਆਂ ਦੇ ਸ਼ਹਿਰ ਸੈਨ ਡਿਓਗੋ ਵਿਖੇ ਗਏ ਹੋਏ ਹਨ, ਜਿੱਥੇ ਉਹਨਾਂ ਨੇ ਹੈਂਮਰ ਥ੍ਰੋ ਵਿੱਚ ਸੋਨ ਤਗਮਾਂ ਜਿੱਤਕੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ। ਲੰਘੇ ਐਤਵਾਰ ਮੇਸਾ ਕਾਲਜ ਦੇ ਮੈਦਾਨਾਂ ਵਿੱਚ 50+ ਸਾਲ ਦੇ ਪੁਰਸ਼ਾਂ ਅਤੇ ਔਰਤਾਂ ਦੇ ਉਮਰ ਸਮੂਹਾਂ ਲਈ ਟਰੈਕ ਅਤੇ ਫੀਲਡ ਇਵੈਂਟਾਂ ਲਈ ਸੈਨ ਡਿਏਗੋ ਸੀਨੀਅਰਜ਼ ਗੇਮਜ਼ ਹੋਈਆਂ। ਇਹਨਾਂ ਗੇਮਾਂ ਦੌਰਾਨ ਗੁਰਬਖਸ਼ ਸਿੰਘ ਸਿੱਧੂ ਨੇ ਹੈਮਰ ਥ੍ਰੋ ਈਵੈਂਟ ਵਿੱਚ ਹਿੱਸਾ ਲਿਆ ਅਤੇ 35:49 ਮੀਟਰ ਦੀ ਦੂਰੀ ਨਾਲ ਗੋਲਡ ਮੈਡਲ ਜਿੱਤਿਆ। ਡਿਸਕਸ਼ ਥਰੋਅ ਦੇ ਮੁਕਾਬਲੇ ਵਿੱਚ ਵੀ ਭਾਗ ਲਿਆ, ਅਤੇ 31:75 ਮੀਟਰ ਦੀ ਦੂਰੀ ਨਾਲ ਚੌਥਾ ਸਥਾਨ ਪ੍ਰਾਪਤ ਕੀਤਾ। ਇਹਨਾਂ ਖੇਡਾਂ ਵਿੱਚ ਅਮਰੀਕਾ ਦੇ ਅਰੀਜ਼ੋਨਾ, ਨਿਊ ਮੈਕਸੀਕੋ, ਟੈਕਸਾਸ ਅਤੇ ਨੇਵਾਡਾ ਵਰਗੇ ਗੁਆਂਢੀ ਰਾਜਾਂ ਦੇ 300 ਤੋਂ ਵੱਧ ਐਥਲੀਟਾਂ ਐਥਲੀਟਾਂ ਨੇ ਟ੍ਰੈਕ ਅਤੇ ਫੀਲਡ ਈਵੈਂਟਸ ਵਿੱਚ ਹਿੱਸਾ ਲਿਆ। ਗੁਰਬਖਸ਼ ਸਿੰਘ ਸਿੱਧੂ ਦੀ ਜਿੱਤ ਕਾਰਨ ਫਰਿਜਨੋ ਦੇ ਪੰਜਾਬੀ ਭਾਈਚਾਰੇ ਅੰਦਰ ਜਸ਼ਨ ਦਾ ਮਹੌਲ ਹੈ।




# ਡਾਕਟਰ ਬੀ ਆਰ ਅੰਬੇਡਕਰ ਨੌਜਵਾਨ ਸਭਾ ਅਤੇ ਮਿਸ਼ਨ ਪੇਅ ਬੈਕ ਟੂ ਸੁਸਾਇਟੀ ਵਲੋਂ ਸਨਮਾਨ ਸਮਾਰੋਹ ਅਤੇ ਪੂਨਾ ਪੈਕਟ ਦਿਵਸ ਸਬੰਧੀ ਸੈਮੀਨਾਰ ਕਰਵਾਇਆ ਗਿਆ

ਡਾਕਟਰ ਬੀ ਆਰ ਅੰਬੇਡਕਰ ਨੌਜਵਾਨ ਸਭਾ ਪਿੰਡ ਮਾਣਕਪੁਰ ਅਤੇ ਮਿਸ਼ਨ ਪੇਅ ਬੈਕ ਟੂ ਸੁਸਾਇਟੀ ਵਲੋਂ ਕਰਵਾਈ ਗਈ ਪ੍ਰਤੀਯੋਗਿਤਾ ਵਿੱਚ ਅੱਵਲ ਰਹਿਣ ਵਾਲੇ



ਬੱਚਿਆਂ ਨੂੰ ਸਨਮਾਨਿਤ ਕਰਨ ਲਈ ਸਨਮਾਨ ਸਮਾਰੋਹ ਅਤੇ ਪੂਨਾ ਪੈਕਟ ਦਿਵਸ ਸਬੰਧੀ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਹਿਮਾਂਸ਼ੂ, ਦਿਵਿਆਂਸ਼ੀ, ਨਿਸ਼ਾਂਤ, ਮਨਦੀਪ, ਬਲਜੀਤ, ਸੰਦੀਪ, ਅਮਿੰਦਰ, ਪ੍ਰੀਤ ਕੌਰ, ਸਿਮਰਨਜੋਤ, ਕਮਲਪ੍ਰੀਤ, ਸ਼ੈਲ ਭਾਰਤੀ, ਪੂਨਮ, ਦਰਸ਼ਨ, ਕਰਨ, ਅੰਕੁਸ਼, ਦਿਸ਼ਾਂਤ, ਅਰਸ਼, ਸਾਹਿਲ, ਦਿਲਬਾਗ, ਰਾਜਵੀਰ, ਅਰੁਣ, ਅੰਜਲੀ, ਨੇਹਾ, ਤਾਨੀਆ, ਕੋਮਲ, ਵਿਸਾਲੀ, ਕਚਨ, ਡਿੰਪਲ, ਹਰਮਨ, ਮਨਪ੍ਰੀਤ, ਹਰਸਦੀਪ, ਸੋਹਾਨਾ, ਅਸ਼ਮੀਤ, ਅਕਾਂਕਸ਼ਾ ਆਦਿ ਬੱਚਿਆਂ ਨੇ ਭਾਸ਼ਣ ਅਤੇ ਸਭਿਆਚਾਰਕ ਪ੍ਰੋਗਰਾਮਾ ਦੁਆਰਾ ਸਮਾਜ ਸਬੰਧੀ ਅਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਮੁੱਖ ਬੁਲਾਰੇ ਐਡਵੋਕੇਟ ਲਖਵੀਰ ਸਿੰਘ ਰੂਪਨਗਰ ਨੇ ਪੂਨਾ ਪੈਕਟ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿਤੀ। ਇਸ ਮੌਕੇ ਐਜੂਕੇਸ਼ਨ ਸੈਂਟਰ ਦੇ ਬੱਚਿਆਂ ਨੇ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ। ਇਸ ਮੌਕੇ ਮੁੱਖ ਮਹਿਮਾਨ ਸਾਹਿਬ ਕਾਂਸ਼ੀ ਰਾਮ ਦੇ ਭੈਣ ਬੀਬੀ ਸਵਰਨ ਕੌਰ ਬੁੰਗਾ ਦੀ ਅਗਵਾਈ ਵਿੱਚ ਡਾਕਟਰ ਬੀ ਆਰ ਅੰਬੇਡਕਰ ਨੌਜਵਾਨ ਸਭਾ ਅਤੇ ਮਿਸ਼ਨ ਪੇਅ ਬੈਕ ਟੂ ਸੁਸਾਇਟੀ ਦੇ ਆਗੂਆਂ ਅਤੇ ਆਏ ਹੋਏ ਮਹਿਮਾਨਾਂ ਐਡਵੋਕੇਟ ਲਖਵੀਰ ਸਿੰਘ, ਤੇਜ ਕੁਮਾਰ, ਡਾਕਟਰ ਰਣਵੀਰ ਸਿੰਘ, ਡਾਕਟਰ ਜੇ ਐਸ ਕਹਿਲ, ਕੁਲਦੀਪ ਚੰਦ, ਰਤਨ ਚੰਦ, ਰਾਮ ਕ੍ਰਿਸ਼ਨ, ਸਤੀਸ਼ ਕੁਮਾਰ, ਪਵਨ ਕੁਮਾਰ, ਗੁਰਦੇਵ ਸਿੰਘ, ਪੂੰਨੂ ਰਾਮ, ਬਲਜੀਤ ਕੌਰ, ਸੰਦੀਪ ਕੌਰ, ਜੋਤੀ ਦੇਵੀ, ਮਨਦੀਪ ਕੌਰ, ਤਰਸੇਮ ਲਾਲ, ਜਸਵਿੰਦਰ ਸਿੰਘ ਆਦਿ ਨੇ ਬੱਚਿਆਂ ਨੂੰ ਸਨਮਾਨਿਤ ਕੀਤਾ।

ਨੌਜਵਾਨ ਸਭਾ ਦੇ ਪ੍ਰਧਾਨ ਤੇਜ ਕੁਮਾਰ ਨੇ ਕਿਹਾ ਕਿ ਡਾਕਟਰ ਬੀ ਆਰ ਅੰਬੇਡਕਰ ਨੌਜਵਾਨ ਸਭਾ ਪਿੰਡ ਮਾਣਕਪੁਰ ਤਹਿਸੀਲ ਨੰਗਲ ਜਿਲ੍ਹਾ ਰੂਪਨਗਰ ਨੇ ਮਿਸ਼ਨ ਪੇਅ ਬੈਕ ਟੂ ਸੁਸਾਇਟੀ ਨਾਲ ਮਿਲਕੇ ਪ੍ਰਬੁੱਧ ਭਾਰਤ ਫਾਊਂਡੇਸ਼ਨ ਫ਼ਗਵਾੜਾ ਵਲੋਂ ਮਿਤੀ 27 ਅਗਸਤ ਨੂੰ ਲਿਖਤੀ ਪੇਪਰ ਕਰਵਾਇਆ ਗਿਆ ਸੀ ਜਿਸ ਵਿੱਚ ਨਾਲ ਲੱਗਦੇ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਵੱਖ ਵੱਖ ਪਿੰਡਾਂ ਕਥੇੜਾ, ਦੋਭੇਟਾ, ਮੈਦਾ ਮਾਜਰਾ, ਮੇਘਪੁਰ, ਪੱਟੀ, ਮਾਣਕਪੁਰ, ਰਾਏਪੁਰ, ਸੰਤੋਸ਼ਗੜ੍ਹ ਆਦਿ ਤੋਂ ਲੱਗਭੱਗ 120 ਬੱਚਿਆਂ ਨੇ ਉਤਸ਼ਾਹ ਨਾਲ ਭਾਗ ਲਿਆ। ਉਨ੍ਹਾਂ ਦੱਸਿਆ ਕਿ ਇਹ ਪ੍ਰਤੀਯੋਗਤਾ ਕਰਵਾਉਣ ਦਾ ਮੁੱਖ ਮੰਤਬ ਸਮਾਜ ਦੇ ਰਹਿਬਰਾਂ, ਦੇਸ਼ ਅਤੇ ਸਮਾਜ ਪ੍ਰਤੀ ਜਾਗਰੂਕਤਾ ਵਧਾਉਣਾ ਸੀ।

ਉਨ੍ਹਾਂ ਦੱਸਿਆ ਕਿ ਇਸ ਪ੍ਰਤੀਯੋਗਤਾ ਵਿੱਚ ਭਾਗ ਲੈਣ ਵਾਲੇ ਬੱਚਿਆਂ ਲਈ ਉਮਰ ਅਤੇ ਕਲਾਸ ਦੇ ਹਿਸਾਬ ਨਾਲ ਦੋ ਵੱਖ ਵੱਖ ਗਰੁੱਪ ਬਣਾਏ ਗਏ ਹਨ ਅਤੇ ਹਰੇਕ ਗਰੁੱਪ ਵਿੱਚੋਂ ਪਹਿਲੇ ਨੰਬਰ ਤੇ ਰਹਿਣ ਵਾਲੇ ਬੱਚੇ ਨੂੰ 2100/- ਰੁਪਏ, ਦੂਜੇ ਨੰਬਰ ਤੇ ਰਹਿਣ ਵਾਲੇ ਬੱਚੇ ਨੂੰ 1500/- ਰੁਪਏ ਅਤੇ ਤੀਜੇ ਨੰਬਰ ਤੇ ਰਹਿਣ ਵਾਲੇ ਬੱਚੇ ਨੂੰ 1100/- ਰੁਪਏ ਨਕਦ ਇਨਾਮ, ਮੈਡਲ ਅਤੇ ਸਿਰੋਪੇ ਦੇਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾਕਟਰ ਐਸ ਪੀ ਸੰਧੂ, ਸਵਰਨ ਸਿੰਘ, ਬਲਦੇਵ ਬੈਂਸ, ਸੁਖਦੇਵ ਸਿੰਘ, ਪ੍ਰੇਮ ਸਿੰਘ, ਰਾਮ ਪ੍ਰਕਾਸ਼, ਰਵਿੰਦਰ ਬੁੰਗਾ, ਮਹਿੰਦਰ ਸਿੰਘ, ਅਜੇ ਬੈਂਸ, ਪਰਵਿੰਦਰ ਭਾਰਤੀ, ਕਮਲ ਸਹਿਗਲ, ਪ੍ਰੇਮ ਚੰਦ, ਜਸਵੰਤ ਸਿੰਘ, ਰਾਜ ਕੁਮਾਰ, ਤਰਸੇਮ ਸਹੋਤਾ, ਪ੍ਰੇਮ ਬੰਗਾ, ਬਲਬੀਰ ਭਾਟੀਆ, ਜਗਤਾਰ, ਸ਼ੁਭਮ, ਮੋਹਿਤ, ਅਨਿਲ ਕੁਮਾਰ, ਦੀਪੂ, ਜਤਿਨ, ਗੁਰਪ੍ਰੀਤ ਸਿੰਘ, ਜਗਦੀਸ਼ ਕੁਮਾਰ, ਭੁਪਿੰਦਰ ਸਿੰਘ, ਸੁਨੀਲ ਕੁਮਾਰ, ਸਰੂਪ ਚੰਦ, ਹਰਦੇਵ ਸਿੰਘ, ਅਮਰੀਕ ਸਿੰਘ, ਹਰਪ੍ਰੀਤ ਸਿੰਘ, ਸਰਪੰਚ ਸੁਦੇਸ਼ ਕੁਮਾਰੀ, ਰਾਜ ਕੌਰ, ਨੀਰਜ਼ ਬਾਲਾ ਆਦਿ ਹਾਜਰ ਸਨ। ਇਸ ਮੌਕੇ ਪ੍ਰਬੰਧਕਾ ਵਲੋਂ ਆਏ ਹੋਏ ਮਹਿਮਾਨਾ ਨੂੰ ਸਨਮਾਨਿਤ ਕੀਤਾ ਗਿਆ ਅਤੇ ਆਈ ਸੰਗਤ ਲਈ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

**- ਕੁਲਦੀਪ ਚੰਦ 9417563054**

# ਪੰਜਾਬ ਬੈਂਕ ਮੁਲਾਜ਼ਮ ਫੈਡਰੇਸ਼ਨ ਵੱਲੋਂ ਗ਼ਦਰੀ ਬਾਬਿਆਂ ਦੇ ਮੇਲੇ ਲਈ ਸਹਾਇਤਾ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਗ਼ਦਰੀ ਬਾਬਿਆਂ ਦੇ ਮੇਲੇ ਲਈ ਆਰਥਕ ਸਹਾਇਤਾ ਕਰਨ ਲਈ ਸਮੂਹ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਕੀਤੀ ਅਪੀਲ ਨੂੰ ਭਰਵਾਂ ਹੁੰਗਾਰਾ ਭਰਦਿਆਂ ਅੱਜ ਪੰਜਾਬ ਬੈਂਕ ਮੁਲਾਜ਼ਮ ਫੈਡਰੇਸ਼ਨ ਦੇ ਨੁਮਾਇੰਦਿਆਂ ਨੇ ਦੇਸ਼ ਭਗਤ ਯਾਦਗਾਰ ਹਾਲ ਦੇ ਦਫ਼ਤਰ ਪਹੁੰਚਕੇ 50 ਹਜ਼ਾਰ ਰੁਪਏ ਦੀ ਸਹਾਇਤਾ ਕਰਕੇ ਮੇਲੇ ਲਈ ਸਹਾਇਤਾ ਰਾਸ਼ੀ ਇਕੱਠੀ ਕਰਨ ਦੀ ਮੁਹਿੰਮ ਦਾ ਉਤਸ਼ਾਹੀ ਆਗਾਜ਼ ਕੀਤਾ। ਪੰਜਾਬ ਬੈਂਕ ਮੁਲਾਜ਼ਮ ਫੈਡਰੇਸ਼ਨ ਜਲੰਧਰ ਯੂਨਿਟ ਦੇ ਬੈਂਕ ਆਫ਼ ਬੜੌਦਾ ਦੇ ਪ੍ਰਧਾਨ ਰਵੀ ਰਾਜਦਾਨ, ਜਨਰਲ ਸਕੱਤਰ ਆਰ.ਕੇ.ਠਾਕੁਰ, ਯੂਕੋ ਬੈਂਕ ਦੇ ਪ੍ਰਧਾਨ ਰਾਜ ਕੁਮਾਰ ਭਗਤ ਅਤੇ ਜਨਰਲ ਸਕੱਤਰ ਐਚ.ਐਸ.ਵੀਰ, ਸਹਾਇਕ ਸਕੱਤਰ ਐਨ.ਕੇ.ਖੰਨਾ, ਪੰਜਾਬ ਐਂਡ ਸਿੰਧ ਬੈਂਕ ਦੇ ਜਨਰਲ ਸਕੱਤਰ ਐਸ.ਪੀ.ਐਸ. ਵਿਰਕ, ਖਜ਼ਾਨਚੀ ਜਗਪ੍ਰੀਤ ਸਿੰਘ, ਯੂਨੀਅਨ ਬੈਂਕ ਆਫ਼ ਇੰਡੀਆ ਦੇ ਜਨਰਲ ਸਕੱਤਰ ਆਰ.ਕੇ.ਜੌਲੀ ਨੇ ਅੱਜ ਦਫ਼ਤਰ ਪੁੱਜਕੇ ਸਹਾਇਤਾ ਦਿੱਤੀ ਤਾਂ ਦੇਸ਼ ਭਗਤ ਯਾਦਗਾਰ ਕਮੇਟੀ ਨੇ ਹਾਰਦਿਕ ਧੰਨਵਾਦ ਕੀਤਾ।



ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸਾਬਕਾ ਵਿੱਤ ਸਕੱਤਰ ਅਤੇ ਟਰੱ-ਸਟੀ ਰਣਜੀਤ ਸਿੰਘ ਔਲਖ ਅਤੇ ਮਿਊਜ਼ੀਅਮ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ ਨੇ ਬੈਂਕ ਮੁਲਾਜ਼ਮ ਫੈਡਰੇਸ਼ਨ ਦੇ ਸਭਨਾਂ ਸਾਥੀਆਂ ਨੂੰ ਕਮੇਟੀ ਦੀਆਂ ਪ੍ਰਕਾਸ਼ਿਤ ਕਿਤਾਬਾਂ ਦਾ ਸੈਟ ਦੇ ਕੇ ਸਨਮਾਨਿਤ ਕੀਤਾ। ਮੇਲੇ ਦੀ ਮਹੱਤਤਾ, ਇਸਦੀ ਦੇਣ ਅਤੇ ਮੁਲਕ ਦੇ ਸਿਰ 'ਤੇ ਖੜ੍ਹੀਆਂ ਅਨੇਕਾਂ ਚੁਣੌਤੀਆਂ ਬਾਰੇ ਆਪਸੀ ਵਿਚਾਰਾਂ ਕਰਦਿਆਂ ਇਹ ਸਾਂਝਾ ਮੱਤ ਬਣਿਆ ਕਿ ਮੇਲਾ, ਪੰਜਾਬ ਮੁਲਕ ਅਤੇ ਪ੍ਰਦੇਸਾਂ ਅੰਦਰ ਰੁਲ ਰਹੇ ਪਰਿਵਾਰਾਂ ਲਈ ਹਨੇਰੇ ਵਿੱਚ ਇੱਕ ਚਾਨਣ ਦੀ ਲੀਕ ਦਾ ਕੰਮ ਕਰਦਾ ਹੈ ਇਸ ਲਈ ਤਨ, ਮਨ, ਧਨ ਨਾਲ ਮੇਲੇ ਦੀ ਮੱਦਦ ਕਰਨਾ ਸਮੂਹ ਸੰਸਥਾਵਾਂ ਅਤੇ ਦੇਸ਼ ਭਗਤਾਂ ਦੀ ਵਿਰਾਸਤ ਦੇ ਪਹਿਰੇਦਾਰਾਂ ਦਾ ਨੈਤਿਕ ਫ਼ਰਜ਼ ਹੈ।

# ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਸੂਬੇ ਭਰ 'ਚ ਕੀਤੇ ਜਾਣ ਵਾਲੇ ਧਰਨਿਆਂ ਦੀਆਂ ਤਿਆਰੀਆਂ ਮੁਕੰਮਲ: ਪੀਟਰ, ਰਸੂਲਪੁਰ, ਘੁੱਗਸ਼ੋਰ

**ਚੰਡੀਗੜ੍ਹ/ਜਲੰਧਰ, (ਦਲਜੀਤ ਕੌਰ )**-ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਮਜ਼ਦੂਰਾਂ ਦੇ ਬੁਨਿਆਦੀ ਮੁੱਦਿਆਂ ਜ਼ਮੀਨ, ਪਲਾਟ, ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਮਾਲਕੀ ਹੱਕ ਦੇਣ, ਪੱਕਾ ਰੁਜ਼ਗਾਰ ਤੇ ਦਿਹਾੜੀ 'ਚ ਵਾਧਾ ਕਰਨ, ਕਰਜ਼ਾ ਮੁਆਫ਼ੀ ਅਤੇ ਸਮਾਜਿਕ ਜ਼ਬਰ ਦੇ ਖਾਤਮੇ ਲਈ 20 ਸਤੰਬਰ ਨੂੰ ਪੰਜਾਬ ਭਰ ਵਿੱਚ ਜ਼ਿਲ੍ਹਾ, ਤਹਿਸੀਲ ਪੱਧਰੀ ਧਰਨੇ ਮੁਜ਼ਾਹਰੇ ਕੀਤੇ ਜਾਣਗੇ। ਸੂਬਾ ਦਫ਼ਤਰ ਪੁੱਜੀਆਂ ਰਿਪੋਰਟਾਂ ਅਨੁਸਾਰ ਇਸ ਸੰਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ ਅਤੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਦੱਸਿਆ ਕਿ ਧਰਨੇ ਮੁਜ਼ਾਹਰਿਆਂ ਦੌਰਾਨ ਮੰਗ ਕੀਤੀ ਜਾਵੇਗੀ ਕਿ ਪੰਚਾਇਤੀ ਜ਼ਮੀਨਾਂ 'ਚੋਂ ਕਾਨੂੰਨ ਅਨੁਸਾਰ ਰਾਖਵੇਂ ਤੀਜੇ ਹਿੱਸੇ ਦਾ ਹੱਕ ਘੱਟ ਰੇਟ 'ਤੇ ਦਲਿਤਾਂ ਨੂੰ ਪੱਕੇ ਤੌਰ ਉੱਤੇ ਦਿੱਤਾ ਜਾਵੇ, ਪਿੰਡ ਖੋਖਰ ਜ਼ਿਲ੍ਹਾ ਮੁਕਤਸਰ, ਮਡੌਰ ਬਲਾਕ ਨਾਭਾ ਜ਼ਿਲ੍ਹਾ ਪਟਿਆਲਾ ਸਮੇਤ ਰਾਜ ਭਰ ਵਿੱਚ ਪੰਚਾਇਤੀ ਜ਼ਮੀਨਾਂ ਦੀਆਂ ਕੀਤੀਆਂ ਡੰਮੀ ਬੋਲੀਆਂ ਦੀ ਸਮਾਂਬੱਧ ਮੈਜਿਸਟ੍ਰੇਟ ਜਾਂਚ ਕਰਵਾ ਕੇ ਡੰਮੀ ਬੋਲੀਆਂ ਰੱਦ ਕਰਕੇ ਇਸ ਸਕੈਂਡਲ ਵਿੱਚ ਸ਼ਾਮਿਲ ਲੋਕਾਂ ਵਿਰੁੱਧ ਐੱਸ.ਸੀ., ਐੱਸ.ਟੀ. ਦੇ ਪਰਚੇ ਦਰਜ ਕੀਤੇ ਜਾਣ ਤੇ ਜ਼ਮੀਨ ਅਸਲ ਹੱਕਦਾਰ ਦਲਿਤ ਮਜ਼ਦੂਰਾਂ ਨੂੰ ਦਿੱਤਾ ਜਾਵੇ, ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਰਜਿਸਟਰੀਆਂ ਕਰਕੇ ਮਾਲਕੀ ਦੇ ਹੱਕ ਪੰਚਾਇਤੀ ਵੋਟਾਂ ਤੋਂ ਪਹਿਲਾਂ ਪਹਿਲਾਂ ਦਿੱਤੇ ਜਾਣ, ਰਾਜ ਭਰ ਵਿੱਚ ਲੋੜਵੰਦ ਪਰਿਵਾਰਾਂ ਨੂੰ ਰਿਹਾਇਸ਼ੀ ਪਲਾਟ ਦੇਣ ਲਈ ਗ੍ਰਾਮ ਸਭਾ ਇਜਲਾਸਾਂ ਵਿੱਚ ਪਾਸ ਕੀਤੇ ਮਤਿਆਂ ਅਨੁਸਾਰ ਪਲਾਟ ਅਲਾਟ ਕੀਤੇ ਜਾਣ, ਰਹਿੰਦੇ ਪਿੰਡਾਂ ਵਿੱਚ ਗ੍ਰਾਮ ਸਭਾ ਅਜਲਾਸ ਕਰਕੇ ਮਤੇ ਪਾਸ ਕਰਨੇ ਯਕੀਨੀ ਬਣਾਉਂਦੇ ਹੋਏ ਪਲਾਟ ਦਿੱਤੇ ਜਾਣ, ਢੇਰ ਸੁੱਟਣ ਲਈ ਪਲਾਟ ਅਲਾਟ ਕੀਤੇ ਜਾਣ ਅਤੇ ਸਾਂਝੀਆਂ,



ਪੰਚਾਇਤੀ ਜ਼ਮੀਨਾਂ ਉੱਪਰ ਕਾਬਜ਼ ਮਜ਼ਦੂਰਾਂ ਨੂੰ ਮਾਲਕੀ ਹੱਕ ਦਿੱਤੇ ਜਾਣ, ਕੱਚੇ ਘਰਾਂ ਤੇ ਗਾਡਰ ਵੱਲਿਆਂ ਵਾਲੇ ਖਸਤਾ ਹਾਲਤ ਘਰ ਨੂੰ ਪੱਕੇ ਕਰਨ ਅਤੇ ਮਕਾਨ ਉਸਾਰੀ ਲਈ 5-5 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇ, ਮਗਨਰੇਗਾ ਸਕੀਮ ਨੂੰ ਸਹੀ ਅਰਥਾਂ ਵਿੱਚ ਲਾਗੂ ਕਰਦੇ ਹੋਏ 100 ਦਿਨ ਦਾ ਰੁਜ਼ਗਾਰ ਮੁਹੱਈਆਂ ਕਰਵਾਉਣ ਦੀ ਗਾਰੰਟੀ ਤੇ ਬਾਕੀ ਦਿਨਾਂ ਲਈ ਸੂਬਾ ਸਰਕਾਰ ਕੰਮ ਦੇਣਾ ਯਕੀਨੀ ਬਣਾਵੇ। ਮਨਰੇਗਾ ਹੇਠ ਦਿਹਾੜੀਆਂ ਵਿੱਚ ਕੀਤੀ ਗਈ ਹੇਰਾਫੇਰੀ ਦੀ ਸਮਾਂਬੱਧ ਪੜਤਾਲ ਕੀਤੀ ਜਾਵੇ, ਕੀਤੇ ਗਏ ਕੰਮ ਦੇ ਬਕਾਏ ਫੌਰੀ ਜਾਰੀ ਕੀਤੇ ਜਾਣ, ਮਗਨਰੇਗਾ ਕਾਰਜਾਂ ਦਾ ਸੋਸ਼ਲ ਆਡਿਟ ਕਰਨਾ ਯਕੀਨੀਂ ਬਣਾਕੇ ਘਪਲੇਬਾਜ਼ੀ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਦਿੱਤੀ ਜਾਵੇ ਅਤੇ 52 ਛੁੱਟੀਆਂ ਸਮੇਤ ਸਾਲ ਭਰ ਮਜ਼ਦੂਰਾਂ ਨੂੰ ਲੋੜ ਅਨੁਸਾਰ ਪੱਕਾ ਰੁਜ਼ਗਾਰ ਮੁਹੱਈਆਂ ਕਰਵਾਇਆ ਜਾਵੇ ਤੇ ਅੱਤ ਦੀ ਮਹਿੰਗਾਈ ਅਨੁਸਾਰ ਹਰ ਖੇਤਰ ਵਿੱਚ ਮਜ਼ਦੂਰਾਂ ਦੀ ਦਿਹਾੜੀ ਪ੍ਰਤੀ ਦਿਨ 1000 ਰੁਪਏ ਕੀਤੀ ਜਾਵੇ, ਬੇਜ਼ਮੀਨੇ ਮਜ਼ਦੂਰਾਂ ਸਿਰ ਸਹਿਕਾਰੀ, ਸਰਕਾਰੀ ਤੇ ਗੈਰ-ਸਰਕਾਰੀ ਸਮੁੱਚੇ ਕਰਜ਼ੇ ਮੁਆਫ਼ ਕੀਤੇ ਜਾਣ ਅਤੇ ਕੋ-ਅਪ-ਸੁਸਾਇਟੀਆਂ ਵਿੱਚ ਮਜ਼ਦੂਰਾਂ ਨੂੰ ਬਿਨਾਂ ਸ਼ਰਤ ਮੈਂਬਰਸ਼ਿਪ ਦਿੱਤੀ ਜਾਵੇ ਅਤੇ ਖੁਸ਼ੀ ਗਮੀਂ ਮੌਕੇ ਲੋੜ ਪੈਣ 'ਤੇ ਸਹਿਕਾਰੀ ਸਭਾਵਾਂ ਤੇ ਸਰਕਾਰੀ ਬੈਂਕਾਂ ਵਿੱਚ ਬਿਨਾਂ ਵਿਆਜ ਬੇਜ਼ਮੀਨੇ ਮਜ਼ਦੂਰਾਂ ਲਈ ਬਦਲਵੇਂ ਕਰਜ਼ੇ ਦਾ ਪ੍ਰਬੰਧ ਕੀਤਾ ਜਾਵੇ ਅਤੇ ਦਲਿਤ ਮਜ਼ਦੂਰਾਂ ਨਾਲ ਹੁੰਦੇ ਸਮਾਜਿਕ ਜ਼ਬਰ ਨੂੰ ਸਖ਼ਤੀ ਨਾਲ ਰੋਕਿਆ ਜਾਵੇ।

ਆਗੂਆਂ ਨੇ ਕਿਹਾ ਕਿ ਸੱਤਾ ਪ੍ਰਾਪਤੀ ਤੋਂ ਪਹਿਲਾਂ ਪੇਂਡੂ ਮਜ਼ਦੂਰਾਂ ਕੋਲੋਂ ਗਾਰੰਟੀਆਂ ਦੇ ਨਾਂ ਉੱਤੇ ਵੋਟਾਂ ਲੈ ਕੇ ਸਰਕਾਰ ਬਣਾਈ। ਉਪਰੰਤ ਦਿੱਤੀਆਂ ਸਾਰੀਆਂ ਗਾਰੰਟੀਆਂ ਨੂੰ ਪੂਰੀ ਤਰ੍ਹਾਂ ਵਿਸਾਰ ਦਿੱਤਾ ਹੈ। ਮੰਗਾਂ ਮਸਲਿਆਂ ਨੂੰ ਹੱਲ ਕਰਨਾ ਤਾਂ ਦੂਰ ਡੇਢ ਸਾਲ ਤੋਂ ਵੱਧ ਸਮਾਂ ਬੀਤ ਜਾਣ 'ਤੇ ਵੀ ਸਰਕਾਰ ਦੇ ਮੂੰਹ ਚੋਂ ਦਲਿਤ, ਮਜ਼ਦੂਰ ਸ਼ਬਦ ਤੱਕ ਸੁਣਨ ਨੂੰ ਨਹੀਂ ਮਿਲਿਆ। ਮੁੱਖ ਮੰਤਰੀ ਵਲੋਂ ਖ਼ੁਦ ਅਤੇ ਆਪ ਦੀ ਸਰਕਾਰ ਦੇ ਕੈਬਨਿਟ ਮੰਤਰੀਆਂ ਦੇ ਆਧਾਰਿਤ ਸਬ ਕਮੇਟੀ ਵੱਲੋਂ ਮਜ਼ਦੂਰ ਜਥੇਬੰਦੀਆਂ ਨਾਲ ਮੀਟਿੰਗਾਂ ਕਰਕੇ ਦਲਿਤ ਮਜ਼ਦੂਰਾਂ ਨੂੰ ਦਿੱਤੀਆਂ ਗਈਆਂ ਗਾਰੰਟੀਆਂ ਉੱਤੇ ਅਮਲ ਕਰਨ ਦੀ ਥਾਂ ਹੱਕ ਮੰਗਦੇ ਦਲਿਤ ਮਜ਼ਦੂਰਾਂ ਦੀ ਆਵਾਜ਼ ਨੂੰ ਲਾਠੀਆਂ ਦੇ ਜ਼ੋਰ ਨਾਲ ਦਬਾ ਕੇ ਝੂਠੇ ਪੁਲਿਸ ਕੇਸ ਪਾ ਕੇ ਜੇਲ੍ਹ ਵਿੱਚ ਬੰਦ ਕਰਨ ਨੂੰ ਤਰਜੀਹ ਦਿੱਤੀ ਗਈ।

ਇਸ ਦੀ ਉਘੜਵੀਂ ਉਦਾਹਰਨ ਪਿੰਡ ਮਡੌਰ ਬਲਾਕ ਨਾਭਾ ਜ਼ਿਲ੍ਹਾ ਪਟਿਆਲਾ ਦੇ ਦਲਿਤ ਮਜ਼ਦੂਰਾਂ ਉੱਪਰ ਜ਼ਬਰ ਕਰਕੇ ਇਰਾਦਾ ਕਤਲ ਵਰਗੀਆਂ ਸੰਗੀਨ ਧਾਰਾਵਾਂ ਤਹਿਤ ਕੇਸ ਵਿੱਚ 17 ਮਜ਼ਦੂਰਾਂ ਨੂੰ ਜੇਲ੍ਹ ਡੱਕਣ ਅਤੇ ਉਹਨਾਂ ਦਾ ਰਾਖਵੇਂ ਤੀਜੇ ਹਿੱਸੇ ਦੀ ਪੰਚਾਇਤੀ ਜ਼ਮੀਨ ਦਾ ਹੱਕ ਖੋਹਣ ਦੇ ਕੀਤੇ ਜਾ ਰਹੇ ਯਤਨਾਂ ਤੋਂ ਦੇਖ ਸਕਦੇ ਹਾਂ। ਉਨ੍ਹਾਂ ਗਿਰਫ਼ਤਾਰ ਆਗੂਆਂ, ਮਜ਼ਦੂਰਾਂ ਨੂੰ ਤੁਰੰਤ ਰਿਹਾਅ ਕਰਨ ਅਤੇ ਜ਼ਮੀਨ ਦਾ ਅਸਲ ਹੱਕਦਾਰ ਦਲਿਤਾਂ ਨੂੰ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਆਪ ਸਰਕਾਰ ਵਲੋਂ ਮਜ਼ਦੂਰਾਂ ਨੂੰ ਪੂਰੀ ਤਰ੍ਹਾਂ ਅੱਖੋਂ ਪਰੋਖੇ ਕੀਤਾ ਹੋਇਆ ਹੈ। ਜਿਸ ਕਾਰਨ ਪੇਂਡੂ ਮਜ਼ਦੂਰਾਂ ਦੇ ਮਨਾਂ ਵਿੱਚ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ। ਯੂਨੀਅਨ ਨੇ ਮਜ਼ਦੂਰਾਂ ਨੂੰ 20 ਸਤੰਬਰ ਦੇ ਜ਼ਿਲਾ, ਤਹਿਸੀਲ ਪੱਧਰੀ ਧਰਨੇ ਮੁਜ਼ਾਹਰਿਆਂ ਨੂੰ ਸਫ਼ਲ ਬਣਾਉਣ ਦੀ ਅਪੀਲ ਕੀਤੀ ਹੈ।

# ਸੋਰਾਇਸਿਸ ਦੇ ਗੰਭੀਰ ਮਰੀਜ਼ਾਂ ਨੂੰ ਦਿਲ ਦੀ ਬਿਮਾਰੀ ਦਾ ਜ਼ਿਆਦਾ ਖ਼ਤਰਾ

ਅੱਜ-ਕੱਲ੍ਹ ਚਮੜੀ ਸਬੰਧੀ ਰੋਗ ਸੋਰਾਇਸਿਸ ਤੋਂ ਕਈ ਲੋਕ ਪਰੇਸ਼ਾਨ ਹਨ। ਹਾਲਾਂਕਿ ਇਹ ਆਮ ਚਮੜੀ ਰੋਗ ਤੋਂ ਅਲੱਗ ਹੈ ਕਿਉਂਕਿ ਇਸ ਵਿਚ ਰੋਗ ਪ੍ਰਤੀਰੋਧਕ ਤੰਤਰ ਸਿਹਤਮੰਦ ਕੋਸ਼ਿਕਾਵਾਂ ’ਤੇ ਹਮਲਾ ਕਰਨ ਲੱਗਦਾ ਹੈ। ਇਸ ਨਾਲ ਚਮੜੀ ਲਾਲ ਹੋ ਜਾਂਦੀ ਹੈ ਤੇ ਇਸ ’ਤੇ ਪਪੜੀ ਜਿਹੀ ਬਣਨ ਲੱਗਦੀ ਹੈ। ਇਹ ਇਕ ਤਾਂ ਦੇਖਣ ’ਚ ਖ਼ਰਾਬ ਲੱਗਦਾ ਹੈ, ਉੱਥੇ ਪੀੜਤ ਨੂੰ ਕਾਫ਼ੀ ਪਰੇਸ਼ਾਨੀ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਇਕ ਖੋਜ ’ਚ ਇਹ ਵੀ ਸਾਹਮਣੇ ਆਇਆ ਹੈ ਕਿ ਗੰਭੀਰ ਸੋਰ-ਾਇਸਿਸ ਮਰੀਜ਼ਾਂ ’ਚ ਦਿਲ ਨਾਲ ਜੁੜੀ ਬਿਮਾਰੀ ਦਾ ਵੀ ਜ਼ਿਆਦਾ ਖ਼ਤਰਾ ਰਹਿੰਦਾ ਹੈ। ਇਹ ਖੋਜ ਐਲਜ਼ੇਵੀਅਰ ਜਨਰਲ ਆਫ ਇਨਵੈਸਟੀਗੇਟਿਵ ਡਮਟੋਲਾਜੀ ’ਚ ਛਾਪੀ ਗਈ ਹੈ। ਸੋਰਾਇਸਿਸ ਤੋਂ ਦੁਨੀਆ ਭਰ ’ਚ ਵੱਡੀ ਆਬਾਦੀ ਪ੍ਰਭਾਵਿਤ ਹੈ। ਖੋਜਕਰਤਾਵਾਂ ਨੇ 503 ਸੋਰਾਇਸਿਸ ਮਰੀਜ਼ਾਂ ਨੂੰ ਆਪਣੇ



ਅਧਿਐਨ ’ਚ ਸ਼ਾਮਲ ਕੀਤਾ। ਉਨ੍ਹਾਂ ਸਾਰਿਆਂ ’ਚ ਸਾਧਾਰਨ ਤੌਰ ’ਤੇ ਦਿਲ ਨਾਲ ਜੁੜੀ ਕਿਸੇ ਤਰ੍ਹਾਂ ਦੀ ਸਮੱਸਿਆ ਦੇ ਕਲੀਨਿਕਲ ਸਬੂਤ ਮੌਜੂਦ ਨਹੀਂ ਸਨ। ਜਦੋਂ ਇਨ੍ਹਾਂ ਦੀ ਡੂੰਘਾਈ ਨਾਲ ਜਾਂਚ ਕੀਤੀ ਗਈ ਤਾਂ 30 ਫ਼ੀਸਦੀ ’ਚ ਕੋਰੋਨਰੀ ਮਾਇਕ੍ਰੋਵਸਕੂਲਰ ਸਬੰਧੀ ਸਮੱਸਿਆ ਪਾਈ ਗਈ। ਇਹ ਦਿਲ ਸਬੰਧੀ ਇਕ ਸਮੱਸਿਆ ਹੁੰਦੀ ਹੈ। ਪੇਡੋਮਾ ਯੂਨੀਵਰਸਿਟੀ ਦੇ ਮੈਡੀਸਨ ਵਿਭਾਗ ਦੇ ਚਮੜੀ ਰੋਗ ਮਾਹਿਰ ਸਟੀਫੈਨੋ ਪਿਆਸੇਰਿਕੋ ਦਾ ਕਹਿਣਾ ਹੈ ਕਿ ਅਸੀਂ ਦਿਲ ਸਬੰਧੀ ਬਿਮਾਰੀ ਕੋਰੋਨਰੀ ਮਾਇਕ੍ਰੋਵਸਕੂਲਰ ਡਿਸਫੈਕਸ਼ਨ ਸਬੰਧੀ ਹੋਰ ਅਧਿਐਨ ਕਰਨਾ ਚਾਹੁੰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸੋਰਾਇਸਿਸ ਦੇ ਮਰੀਜ਼ਾਂ ’ਚ ਦਿਲ ਸਬੰਧੀ ਸਮੱਸਿਆ ਦਾ ਸਮਾਂ ਰਹਿੰਦੇ ਪਤਾ ਲਗਾਉਣ ’ਚ ਕਾਮਯਾਬੀ ਮਿਲਣ ’ਤੇ ਹਾਰਟ ਫੇਲ੍ਹ ਵਰਗੀਆਂ ਘਟਨਾਵਾਂ ਟਾਲਣ ’ਚ ਮਦਦ ਮਿਲ ਸਕਦੀ ਹੈ।






# ਪੜ੍ਹੇ-ਲਿਖੇ ਬੇਰੋਜ਼ਗਾਰਾਂ ਨੂੰ ਵੱਧ ਤੋਂ ਵੱਧ ਕਰਜ਼ਾ ਦੇ ਕੇ ਮਜ਼ਬੂਤ ਬਣਾਉਣ ਬੈਂਕ - ਵਧੀਕ ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਬੈਂਕ ਵੱਖ-ਵੱਖ ਕਰਜ਼ਾ ਯੋਜਨਾਵਾਂ ਰਾਹੀਂ ਨੌਜਵਾਨਾਂ ਨੂੰ ਮਜ਼ਬੂਤ ਕਰਨ ਲਈ ਪੜ੍ਹੇ-ਲਿਖੇ ਬੇਰੋਜ਼ਗਾਰ ਨੌਜਵਾਨਾਂ ਨੂੰ ਵੱਧ ਤੋਂ ਵੱਧ ਕਰਜ਼ਾ ਪ੍ਰਦਾਨ ਕਰਨ, ਤਾਂ ਜੋ ਉਹ ਮਜ਼ਬੂਤ ਹੋ ਸਕਣ। ਇਹ ਵਿਚਾਰ ਵਧੀਕ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਨੇ ਅੱਜ ਜ਼ਿਲ੍ਹੇ ਦੇ ਲੀਡ ਬੈਂਕ ਵਲੋਂ ਜ਼ਿਲ੍ਹੇ ਦੇ ਬੈਂਕਾਂ ਦੇ ਕੰਮਕਾਜ਼ ਦਾ ਜਾਇਜ਼ਾ ਲੈਣ ਸਬੰਧੀ ਜ਼ਿਲ੍ਹਾ ਸਲਾਹਕਾਰ ਕਮੇਟੀ ਅਤੇ ਜ਼ਿਲ੍ਹਾ ਪੱਧਰੀ ਸਮੀਖਿਆ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਰੱਖੇ। ਵਧੀਕ ਡਿਪਟੀ ਕਮਿਸ਼ਨਰ ਨੇ ਇਸ ਦੌਰਾਨ ਬੈਂਕਾਂ ਨੂੰ ਸੀ.ਡੀ ਰੇਸ਼ੋ ਵਧਾਉਣ ਦੀ ਜ਼ਰੂਰਤ ਸਬੰਧੀ ਨਿਰਦੇਸ਼ ਦਿੰਦਿਆਂ ਬੈਂਕਾਂ ਨੂੰ ਇਸ ਦਿਸ਼ਾ ਵੱਲ ਧਿਆਨ ਦੇਣ ਲਈ ਕਿਹਾ, ਤਾਂ ਜੋ ਵੱਧ ਤੋਂ ਵੱਧ ਲੋਕ ਖਾਸ ਤੌਰ 'ਤੇ ਪੜ੍ਹੇ-ਲਿਖੇ ਬੇਰੋਜ਼ਗਾਰ ਨੌਜਵਾਨ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਦੇ ਲੋਕ ਕਰਜ਼ਾ ਪ੍ਰਾਪਤ ਕਰਕੇ ਆਰਥਿਕ ਧੰਦੇ ਸ਼ੁਰੂ ਕਰਕੇ ਜੀਵਨ ਪੱਧਰ ਨੂੰ ਉੱਚਾ ਚੁੱਕ ਸਕਣ।




ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਵੱਖ-ਵੱਖ ਬੈਂਕਾਂ ਦੁਆਰਾ ਕਰਜ਼ਾ ਯੋਜਨਾ ਸਾਲ 2023-24 ਤਹਿਤ ਜੂਨ 2023 ਤੱਕ ਕੁੱਲ 2020.22 ਕਰੋੜ ਰੁਪਏ ਕਰਜ਼ੇ ਵਜੋਂ ਦਿੱਤੇ ਗਏ, ਜਦਕਿ ਟੀਚਾ 2469.75 ਕਰੋੜ ਰੁਪਏ ਦਾ ਸੀ। ਇਸ ਵਿਚ ਤਰਜੀਹੀ ਖੇਤਰ ਨੂੰ 1437.37 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਗਏ, ਜਦਕਿ ਗੈਰ-ਤਰਜੀਹੀ ਖੇਤਰ ਵਿਚ 582 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਗਏ। ਤਰਜੀਹੀ ਖੇਤਰ ਵਿਚ 709.90 ਕਰੋੜ ਰੁਪਏ ਖੇਤੀਬਾੜੀ ਲਈ, 651.77 ਕਰੋੜ ਰੁਪਏ ਗੈਰ-ਖੇਤੀਬਾੜੀ ਲਈ, 75.70 ਕਰੋੜ ਰੁਪਏ ਹੋਰਨਾਂ ਤਰਜੀਹੀ ਖੇਤਰਾਂ ਨੂੰ ਕਰਜ਼ੇ ਵਜੋਂ ਦਿੱਤੇ ਗਏ।

ਰਾਹੁਲ ਚਾਬਾ ਨੇ ਬੈਂਕਾਂ ਨੂੰ ਵੱਧ ਤੋਂ ਵੱਧ ਸਵੈ ਸਹਾਇਤਾ ਗਰੁੱਪਾਂ ਨੂੰ ਕਰਜ਼ਾ ਪ੍ਰਦਾਨ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਬੈਂਕਾਂ ਨੂੰ ਵੱਖ-ਵੱਖ ਸਕੀਮਾਂ ਬਾਰੇ ਲੋਕਾਂ ਨੂੰ ਜਾਣਕਾਰੀ ਦੇਣ ਅਤੇ ਖੇਤੀ ਅਤੇ ਲਘੂ ਉਦਯੋਗ, ਸੇਵਾ ਖੇਤਰ, ਸਰਕਾਰੀ ਪ੍ਰੋਗਰਾਮਾਂ ਜਿਵੇਂ ਕਿ ਪ੍ਰਧਾਨ ਮੰਤਰੀ ਰੋਜ਼ਗਾਰ ਸਿਰਜਣ ਪ੍ਰੋਗਰਾਮ, ਰਾਸ਼ਟਰੀ ਸ਼ਹਿਰੀ ਆਜੀਵਿਕਾ ਮਿਸ਼ਨ, ਡੇਅਰੀ ਟਾਈ-ਅੱਪ ਯੋਜਨਾ, ਪ੍ਰਧਾਨ ਮੰਤਰੀ ਸਵੈ ਨਿਧੀ ਪ੍ਰੋਗਰਾਮ ਤਹਿਤ ਕਰਜ਼ੇ ਦੇਣ ਦੀ ਪ੍ਰਕਿਰਿਆ ਵਿਚ ਤੇਜ਼ੀ ਲਿਆਉਣ ਲਈ ਵੀ ਕਿਹਾ। ਉਨ੍ਹਾਂ ਬੈਂਕਾਂ ਨੂੰ ਕਿਹਾ ਕਿ ਕਿ ਡੀ.ਆਰ.ਆਈ ਸਕੀਮ ਵਿਚ ਵੱਧ ਤੋਂ ਵੱਧ ਗਰੀਬ ਲੋਕਾਂ ਨੂੰ ਕਰਜ਼ਾ ਦਿੱਤਾ ਜਾਵੇ, ਤਾਂ ਜੋ ਉਨ੍ਹਾਂ ਦੀ ਆਮਦਨ ਵਿਚ ਵਾਧਾ ਹੋ ਸਕੇ ਅਤੇ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਹੋ ਸਕੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਅਤੇ ਪ੍ਰਧਾਨ ਮੰਤਰੀ ਜੀਵਨ ਜੋਤੀ ਯੋਜਨਾ ਤਹਿਤ ਵੱਧ ਤੋਂ ਵੱਧ ਗਰੀਬ ਲੋਕਾਂ ਦਾ ਬੀਮਾ ਕੀਤਾ ਜਾਵੇ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸਰਕਲ ਹੈਡ ਪੰਜਾਬ ਨੈਸ਼ਨਲ ਬੈਂਕ ਸੰਜੀਵ ਕੁਮਾਰ ਨੇ ਦੱਸਿਆ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਬੈਂਕਾਂ ਵਿਚ ਜਮ੍ਹਾਂ ਰਾਸ਼ੀ, ਜੋ ਕਿ ਜੂਨ 2022 ਵਿਚ 38635 ਕਰੋੜ ਸੀ, ਜੂਨ 2023 ਵਿਚ ਵੱਧ ਕੇ 41351 ਕਰੋੜ ਰੁਪਏ ਹੋ ਗਈ। ਇਸੇ ਤਰ੍ਹਾਂ ਬੈਂਕਾਂ ਵਲੋਂ ਦਿੱਤੇ ਗਏ ਕਰਜ਼ੇ ਦੀ ਰਕਮ ਜੋ ਕਿ ਜੂਨ 2022 ਵਿਚ 10393 ਕਰੋੜ ਰੁਪਏ ਸੀ, ਜੂਨ 2023 ਵਿਚ ਵੱਧ ਕੇ 11191 ਕਰੋੜ ਰੁਪਏ ਹੋ ਗਈ।

ਲੀਡ ਜ਼ਿਲ੍ਹਾ ਮੈਨੇਜਰ ਰਾਜੇਸ਼ ਜੋਸ਼ੀ ਨੇ ਦੱਸਿਆ ਕਿ ਜ਼ਿਲ੍ਹੇ ਦੇ ਬੈਂਕਾਂ ਵਿਚ 7799 ਕਿਸਾਨਾਂ ਨੂੰ 163 ਕਰੋੜ ਰੁਪਏ ਦੇ ਕਿਸਾਨ ਕਾਰਡ ਜਾਰੀ ਕੀਤੇ ਗਏ ਹਨ। ਉਨ੍ਹਾਂ ਬੈਂਕ ਅਧਿਕਾਰੀਆਂ ਨੂੰ ਸਲਾਹ ਦਿੱਤੀ ਕਿ ਉਹ ਨਵੇਂ ਉੱਦਮੀਆਂ ਨੂੰ ਵੱਧ ਤੋਂ ਵੱਧ ਕਰਜ਼ਾ ਦੇਣ, ਤਾਂ ਜੋ ਜ਼ਿਲ੍ਹੇ ਵਿਚ ਨਵੇਂ ਉਦਯੋਗ ਧੰਦੇ ਲੱਗ ਸਕਣ ਅਤੇ ਲੋਕਾਂ ਨੂੰ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਮਿਲ ਸਕਣ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਦਾ ਬੈਂਕਾਂ ਨੂੰ ਵੱਧ ਤੋਂ ਵੱਧ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਮੀਟਿੰਗ ਵਿਚ ਪਸ਼ੂ ਪਾਲਣ ਵਿਭਾਗ, ਜ਼ਿਲ੍ਹਾ ਉਦਯੋਗ ਕੇਂਦਰ, ਐਸ. ਆਰ. ਐਲ. ਐਮ, ਐਨ.ਯੂ.ਐਲ.ਐਮ ਆਦਿ ਦੇ ਅਧਿਕਾਰੀ ਤੇ ਸਾਰੇ ਬੈਂਕਾਂ ਦੇ ਡੀ.ਸੀ.ਓਜ਼ ਸ਼ਾਮਿਲ ਹੋਏ।

# 4161 ਮਾਸਟਰ ਕੇਡਰ ਯੂਨੀਅਨ ਦੀ ਡੀ ਪੀ ਆਈ (ਸੈ.ਸਿ) ਨਾਲ ਹੋਈ ਮੀਟਿੰਗ

## ਇੱਕ ਅਕਤੂਬਰ ਤੋਂ ਸਿੱਖਿਆ ਮੰਤਰੀ ਦੇ ਪਿੰਡ ਗੰਭੀਰਪੁਰ ਅਣਮਿੱਥੇ ਸਮੇਂ ਲਈ ਧਰਨੇ ਦਾ ਐਲਾਨ

**ਐਸ ਏ ਐਸ ਨਗਰ/ਸੰਗਰੂਰ, (ਦਲਜੀਤ ਕੌਰ)-** 4161 ਮਾਸਟਰ ਕੇਡਰ ਯੂਨੀਅਨ ਦੀ ਮੀਟਿੰਗ ਡੀ ਪੀ ਆਈ ਸ਼੍ਰੀ ਸੰਜੀਵ ਸ਼ਰਮਾ ਨਾਲ ਹੋਈ। ਮੀਟਿੰਗ ਵਿੱਚ 4161 ਮਾਸਟਰ ਕੇਡਰ ਦੀ ਦੂਜੀ ਲਿਸਟ ਜਾਰੀ ਕਰਨ, ਮਿਊਜ਼ਿਕ ਵਿਸ਼ੇ ਦੀਆਂ ਲਿਸਟਾਂ ਜਾਰੀ ਕਰਨ ਅਤੇ 4161 ਭਰਤੀ ਵਿਚ ਨਿਯੁਕਤ ਹੋ ਚੁੱਕੇ ਉਮੀਦਵਾਰਾਂ ਦੀ ਡਾਈਟਾਂ ਵਿਚ ਟ੍ਰੇਨਿੰਗ ਲੱਗਣ ਦੀ ਤਰੀਕ ਤੋਂ ਤਨਖਾਹ ਜਾਰੀ ਕਰਵਾਉਣ ਸਬੰਧੀ ਗੱਲਬਾਤ ਹੋਈ।

ਇਸ ਮੀਟਿੰਗ ਸਬੰਧੀ ਜਾਣਕਾਰੀ ਦਿੰਦੇ ਹੋਏ ਉਹਨਾਂ ਨੇ ਕਿਹਾ ਕਿ ਉਹ ਉੱਚ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਇਸ ਸਬੰਧੀ ਜਾਣਕਾਰੀ ਦੇਣਗੇ।

ਇਸ ਤੋਂ ਇਲਾਵਾ 4161 ਭਰਤੀ ਵਿਚ ਜਿਹੜੇ ਉਮੀਦਵਾਰ ਜੁਆਇੰਨ ਕਰ ਚੁੱਕੇ ਹਨ ਉਹਨਾਂ ਟ੍ਰੇਨਿੰਗ ਸਮੇਂ ਤੋਂ ਤਨਖਾਹ ਜਾਰੀ ਕਰਵਾਉਣ ਸਬੰਧੀ ਵੀ ਗੱਲਬਾਤ ਕੀਤੀ ਗਈ। ਪਿਛਲੇ ਦਿਨੀਂ ਵਿਭਾਗ ਵੱਲੋਂ ਇੱਕ ਪੱਤਰ ਜਾਰੀ ਕਰਕੇ ਇਹਨਾਂ ਅਧਿਆਪਕਾਂ ਦੀ ਜੁਇਨਿੰਗ ਤਰੀਕ 9 ਮਈ ਮੰਨ ਲਈ ਗਈ ਸੀ, ਪਰੰਤੂ ਹਜੇ ਵੀ 9 ਮਈ ਤੋਂ ਤਨਖਾਹ ਕਢਵਾਉਣ



4161 ਯੂਨੀਅਨ ਦੇ ਸੂਬਾ ਪ੍ਰਧਾਨ ਰਸ਼ਪਾਲ ਜਲਾਲਾਬਾਦ, ਮੀਤ ਪ੍ਰਧਾਨ ਮਾਲਵਿੰਦਰ ਬਰਨਾਲਾ ਅਤੇ ਸੰਦੀਪ ਸਿੰਘ ਗਿੱਲ ਨੇ ਦੱਸਿਆ ਕੇ 4161 ਭਰਤੀ ਜਿਹੜੀ ਕਿ ਲੰਬੇ ਸਮੇਂ ਤੋਂ ਚੱਲ ਰਹੀ ਹੈ ਹੁਣ ਤੱਕ ਵੀ ਪੂਰੀ ਹੋਣ ਦੀ ਉਡੀਕ ਵਿੱਚ ਹੈ। 4161 ਭਰਤੀ ਦੇ ਦੂਜੀ ਲਿਸਟ ਵਾਲੇ ਉਮੀਦਵਾਰ ਲੰਬੇ ਸਮੇਂ ਤੋਂ ਆਪਣੀਆਂ ਲਿਸਟਾਂ ਦਾ ਇੰਤਜ਼ਾਰ ਕਰ ਰਹੇ ਹਨ। ਇਸ ਸਬੰਧੀ ਡੀ ਪੀ ਆਈ ਸ਼੍ਰੀ ਸੰਜੀਵ ਸ਼ਰਮਾ ਨੇ ਦੱਸਿਆ ਕਿ ਕਾਫ਼ੀ ਉਮੀਦਵਾਰਾਂ ਵੱਲੋਂ ਹਜੇ ਤੱਕ ਈ ਪੰਜਾਬ ਉੱਤੇ ਆਪਣੀਆਂ ਆਈ ਡੀ ਨਹੀਂ ਬਣਾਈ ਗਈ ਹੈ। ਜਿਸ ਕਾਰਨ ਦੂਜੀ ਲਿਸਟ ਜਾਰੀ ਕਰਨ ਲਈ ਖਾਲੀ ਸੀਟਾਂ ਦਾ ਸਹੀ ਵੇਰਵਾ ਨਹੀਂ ਬਣ ਸਕਿਆ। ਉਹਨਾਂ ਭਰੋਸਾ ਦਿੱਤਾ ਕਿ ਦਸ ਦਿਨਾਂ ਦੇ ਅੰਦਰ ਦੂਜੀ ਲਿਸਟ ਵਾਲੇ ਉਮੀਦਵਾਰਾਂ ਨੂੰ ਰਹਿੰਦੀ ਪ੍ਰਕਿਰਿਆ ਪੂਰੀ ਕਰਕੇ ਸਕੂਲਾਂ ਵਿੱਚ ਭੇਜ ਦਿੱਤਾ ਜਾਵੇਗਾ। ਉਹਨਾਂ ਨੇ ਇਹ ਵੀ ਭਰੋਸਾ ਦਿੱਤਾ ਕੇ 4161 ਦੀ ਕੋਈ ਵੀ ਸੀਟ ਖਾਲੀ ਨਹੀਂ ਰਹਿਣ ਦਿੱਤੀ ਜਾਵੇਗੀ। ਮਿਊਜ਼ਿਕ ਵਿਸ਼ੇ ਦੀਆਂ ਲਿਸਟਾਂ ਜਾਰੀ ਕਰਨ ਸਬੰਧੀ ਸਬੰਧੀ ਸਮੱਸਿਆ ਆ ਰਹੀ ਹੈ। ਇਸ ਸਬੰਧੀ ਡੀ ਪੀ ਆਈ ਸਾਹਿਬ ਨੇ ਭਰੋਸਾ ਦਿੱਤਾ ਕਿ ਜਲਦੀ ਹੀ ਪਿਛਲੇ ਪੱਤਰ ਵਿੱਚ ਸੋਧ ਕਰਕੇ ਤਨਖਾਹ ਸਬੰਧੀ ਸਪਸ਼ਟੀਕਰਨ ਵਾਲਾ ਪੱਤਰ ਜਾਰੀ ਕਰ ਦਿੱਤਾ ਜਾਵੇਗਾ।

4161 ਮਾਸਟਰ ਕੇਡਰ ਯੂਨੀਅਨ ਦੇ ਆਗੂ ਲਵੀ ਢਿੰਗੀ, ਬਲਕਾਰ ਮਘਾਣੀਆ, ਹਰਜੋਤ ਸਿੰਘ ਅਨੰਦਪੁਰ ਸਾਹਿਬ, ਕੁਲਵਿੰਦਰ ਕੌਰ ਅਨੰਦਪੁਰ ਸਾਹਿਬ, ਅਜੀਤ ਜੈਨ ਸਰਦੂਲਗੜ੍ਹ ਅਤੇ ਹਰਦੀਪ ਸਿੰਘ ਰੋਪੜ ਨੇ ਕਿਹਾ ਕਿ ਜੇਕਰ ਸਰਕਾਰ ਵੱਲੋਂ ਜਲਦੀ ਹੀ 4161 ਦੇ ਸਾਰੇ ਵਿਸ਼ਿਆਂ ਦੀ ਦੂਜੀ ਲਿਸਟ ਅਤੇ ਮਿਊਜ਼ਿਕ ਵਿਸ਼ੇ ਦੀ ਲਿਸਟ ਜਾਰੀ ਕਰਕੇ ਸਕੂਲਾਂ ਵਿੱਚ ਨਾ ਭੇਜਿਆ ਗਿਆ ਤਾਂ ਉਹਨਾਂ ਵੱਲੋਂ ਇੱਕ ਅਕਤੂਬਰ ਤੋਂ ਸਿੱਖਿਆ ਮੰਤਰੀ ਦੇ ਪਿੰਡ ਗੰਭੀਰਪੁਰ ਅਣਮਿੱਥੇ ਸਮੇਂ ਲਈ ਧਰਨਾ ਸ਼ੁਰੂ ਕਰ ਦਿੱਤਾ ਜਾਵੇਗਾ। ਇਸ ਮੌਕੇ ਤੇ ਸੁਰਿੰਦਰ ਬਰਨਾਲਾ, ਰਣਵੀਰ ਅਬੋਹਰ, ਕਰਨ ਕੰਬੋਜ਼, ਮਨਪ੍ਰੀਤ ਬੋਹਾ ਆਦਿ ਯੂਨੀਅਨ ਆਗੂ ਹਾਜ਼ਰ ਸਨ।






# ਉੱਘੇ ਸ਼ਾਇਰ ਪ੍ਰੋ. ਸੁਰਿੰਦਰ ਸੀਰਤ ਨਾਲ ਰੂ-ਬ-ਰੂ, ਖ਼ੂਬਸੂਰਤ ਸਾਹਿਤਕ ਮਹਿਫ਼ਲ ਸਜੀ

**ਨਿਵਾਰਕ (ਕੈਲੀਫ਼ੋਰਨੀਆ) –** ਬੀਤੇ ਦਿਨੀਂਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੀਫ਼ੋਰਨੀਆ (ਵਿਪਸਾਅ) ਵਲੋਂ ਮਹਿਰਾਨ ਰੈਸਟੋਰੈਂਟ ਵਿਖੇ ਖ਼ੂਬਸੂਰਤ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਉੱਘੇ ਸ਼ਾਇਰ ਪ੍ਰੋ ਸੁਰਿੰਦਰ ਸੀਰਤ ਨਾਲ ਰੂ-ਬ-ਰੂ ਕੀਤਾ ਗਿਆ। ਪਹਿਲੇ ਸੈਸ਼ਨ ਦੀ ਸ਼ੁਰੂਆਤ ਕਰਦਿਆਂ ਵਿਪਸਾਅ ਦੇ ਪ੍ਰਧਾਨ ਕੁਲਵਿੰਦਰ ਵਲੋਂ ਆਏਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ। ਕੁਲਵਿੰਦਰ, ਸੁਖਵਿੰਦਰ ਕੰਬੋਜ, ਡਾ. ਗੁਰਪ੍ਰੀਤ ਧੁੱਗਾ ਅਤੇ ਸੁਰਜੀਤ ਸਖੀ ਨੇ ਸੁਰਿੰਦਰ ਸੀਰਤ ਅਤੇ ਮਿਸਿਜ਼ ਸੀਰਤ ਨੂੰ ਫ਼ੁੱਲਾਂਦਾ ਗੁਲਦਸਤਾ ਭੇਂਟ ਕਰਦਿਆਂ ਰੂ-ਬ-ਰੂ ਸਮਾਗਮ ਵਿੱਚ ਜੀ ਆਇਆਂ ਕਿਹਾ। ਇਸ ਮਹਿਫ਼ਲ ਦੇ ਪ੍ਰਧਾਨਗੀ ਮੰਡਲ ਵਿੱਚ ਸੁਰਿੰਦਰ ਸੀਰਤ ਦੇ ਨਾਲ ਕੈਨੇਡਾ ਤੋਂ ਪਹੁੰਚੇ ਕਵੀ ਰਾਜਵੰਤ ਰਾਜ, ਦਵਿੰਦਰ ਗੌਤਮ, ਯੂ.ਕੇ ਤੋਂਨਛੱਤਰ ਭੋਗਲਅਤੇ ਕੁਲਵਿੰਦਰ ਸ਼ਸੋਭਤ ਹੋਏ। ਸੁਖਦੇਵ ਸਾਹਿਲ ਨੇਸੁਰਿੰਦਰ ਸੀਰਤ ਦੀਮਕਬੂਲ ਗ਼ਜ਼ਲ"ਉਦਾਸ ਗਲੀਆਂ ਉਜਾੜ ਮੰਜ਼ਰ, ਮੇਰੇ ਗਿਰਾਂ ਦਾ ਨਸੀਬ ਹੋਇਆ, ਹਵਾ ਹਵਾ ਦੀ ਬਣੀ ਹੈ ਬੈਰਨ, ਸਮਾਂ ਸਮੇਂ ਦਾ ਰਕੀਬ ਹੋਇਆ" ਦਾ ਗਾਇਨ ਕਰਕੇ ਮਹਿਫ਼ਲ ਦੀ ਸੰਜੀਦਾ ਅੰਦਾਜ਼ ਵਿੱਚ ਸ਼ੁਰੂਆਤ ਕੀਤੀ।



ਰੂ-ਬ-ਰੂ ਦੌਰਾਨ ਸੀਰਤ ਨੇ ਆਪਣੀਆਂ ਕਵਿਤਾਵਾਂ ਅਤੇ ਸ਼ੇਅਰਾਂ ਦੇ ਹਵਾਲੇ ਦਿੰਦਿਆਂਆਪਣੇ ਸਾਹਿਤਕ ਸਫ਼ਰ ਦਾ ਤੁਆਰਫ਼ ਸਰੋਤਿਆਂ ਨਾਲ ਕਰਾਇਆ। ਉਹਨਾਂ ਕਿਹਾ ਕਿ ਹਰ ਲੇਖਕ ਦੀ ਜੋ ਸ਼ਨਾਖ਼ਤ ਹੁੰਦੀ ਹੈ ਉਹਦੇ ਪਿੱਛੇ ਲੇਖਕ ਦਾ ਪਿਛੋਕੜ ਹੁੰਦਾ ਹੈ। ਜੇ ਮੈਂ ਸਾਹਿਤ ਦੇ ਮੈਦਾਨ ਵਿੱਚ ਆਇਆ ਹਾਂ ਤਾਂ ਇਸ ਪਿੱਛੇ ਮੇਰਾ ਪਿਛੋਕੜ ਹੈ। 'ਕੁਝ ਇਵੇਂ ਜਾਂਦਾ ਏ ਗੁਆਚ' ਕਵਿਤਾ ਰਾਹੀਂ ਉਹਨਾਂ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਵਿੱਚ ਵੱਸਦੇ ਆਪਣੇ ਪਿੰਡ "ਸੈਦਪੁਰਾ" ਦੀ ਪੱਤੀ ਕਲਾਲ ਪੁਰਾਵਿੱਚ ਗੁਜ਼ਾਰੇ ਬਚਪਨ ਅਤੇ ਜਵਾਨੀ ਦੇ ਦਿਨਾਂ ਨਾਲ ਸਾਂਝ ਪਵਾਈ। ਕਵਿਤਾ ਵਿੱਚ ਪਿੰਡ ਦਾ ਦ੍ਰਿਸ਼ ਏਨੀਂ ਸੰਜੀਦਗੀ ਨਾਲ ਬਿੰਬਾਂ ਵਿੱਚ ਰਚਿਆ ਕਿ ਸਰੋਤਿਆਂ ਦਾ ਮਨ ਟੁੰਬਿਆ । ਉਹਨਾਂ ਕਿਹਾ – ਮਾਂ ਮੇਰੇ ਬਚਪਨ ਵਿੱਚ ਹੀ ਗੁਜ਼ਰ ਚੁੱਕੀ ਸੀ, ਮੈਨੂੰ ਉਸਦੀ ਕੋਈ ਯਾਦ ਨਹੀਂ। ਨਿਹਾਲੋ ਦਾਦੀ ਅੰਮਾਂ ਹੀ ਮੇਰੀ ਮਾਂ ਦੀ ਜਗ੍ਹਾ ਸੀ। ਪਿੰਡ ਰਹਿੰਦੇ ਵਕਤ ਹੀ ਮੈਂ ਚੰਗੇ ਵਿਦਿਆਰਥੀ ਅਤੇ ਖਿਡਾਰੀ ਵਜੋਂ ਸਾਹਮਣੇ ਆ ਰਿਹਾ ਸੀ ਜਿਸ ਕਰਕੇ ਮੇਰੇ ਪਿੰਡ ਦੇ ਲੋਕ ਮੈਨੂੰ ਬਹੁਤ ਪਿਆਰ ਕਰਦੇ ਸਨ। ਉਨ੍ਹਾਂ ਕਿਹਾ– ਮੈਨੂੰ ਬਚਪਨ ਤੋਂ ਹੀ ਲਿਖਣ ਅਤੇ ਗਾਉਣ ਦਾ ਸ਼ੌਕ ਸੀ।ਜਦੋਂ ਮੈਂ ਸ੍ਰੀਨਗਰ ਤੋਂ ਪਿੰਡ ਆਉਂਦਾ ਸੀ ਤਾਂ ਲੋਕ ਮੇਰੇ ਕੋਲੋਂ ਸ਼ਬਦ ਜਾਂ ਕਵਿਤਾ ਸੁਣਨ ਲਈ ਉਡੀਕਦੇ ਰਹਿੰਦੇ ਸੀ।

ਅਮਰ ਸਿੰਘ ਡਿਗਰੀ ਕਾਲਜ ਤੋਂਬੀ.ਐਸ.ਸੀ ਅਤੇ ਕਸ਼ਮੀਰ ਯੂਨੀਵਰਸਿਟੀ, ਸ੍ਰੀਨਗਰਤੋਂ ਫਿਜ਼ਿਕਸ ਦੀ ਐੱਮ.ਐੱਸ.ਸੀ ਕਰਨ ਤੋਂ ਬਾਅਦ ਮੈਂ ਪਬਲਿਕ ਸਰਵਿਸ ਕਮੀਸ਼ਨ ਦਾ ਇਮਤਿਹਾਨ ਪਾਸ ਕਰਕੇ ਕਾਲਜ ਲੈਕਚਰਾਰ ਲਈ ਸਿਲੈੱਕਟ ਹੋ ਗਿਆ ਅਤੇ ਮੇਰੀ ਨਿਯੁਕਤੀ ਜੀ ਜੀ ਐੱਮ ਸਾਇੰਸ ਕਾਲਜ ਜੰਮੂ ਵਿੱਚ ਬਤੌਰ ਫਿਜ਼ਿਕਸ ਦੇ ਲੈਕਚਰਾਰ ਹੋ ਗਈ। ਕੁਝ ਸਾਲ ਬਾਅਦ ਏਥੇ ਹੀ ਮੈਂ ਫਿਜ਼ਿਕਸ ਦਾਅਸਿੱਸਟੈਂਟ ਪ੍ਰੋਫੈਸਰ ਬਣਿਆ। ਇਥੇ ਰਹਿੰਦਿਆਂ ਆਪਣਾ ਵਿਹਲਾ ਵਕਤ ਜੰਮੂ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿੱਚ ਬਿਤਾਉਣ ਲੱਗਾ। ਜੰਮੂ ਵਿੱਚ ਪੰਜਾਬੀ ਲੇਖਕ ਸਭਾ ਸੀ ਜੋ ਅੱਜ ਤੱਕ ਚਲਦੀ ਹੈ। ਯੂਨੀਵਰਸਿਟੀ ਅਤੇ ਲੇਖਕ ਸਭਾ ਪੰਜਾਬੀ ਸਾਹਿਤਕ ਸਰਗਰਮੀਆਂ ਦਾ ਖਾਸ ਕੇਂਦਰ ਸਨ। ਉਥੇ ਡਾ: ਕਰਤਾਰ ਸਿੰਘ ਸੂਰੀ ਅਤੇ ਯੂਨੀਵਰਸਿਟੀ ਵਿਚਲੇ ਹੋਰ ਪ੍ਰੋਫੈਸਰਾਂ ਨਾਲ ਮੁਲਾਕਾਤਹੋਈ। ਡਾ: ਸੂਰੀਮੇਰਾ ਮਿੱਤਰ ਬਣ ਗਿਆ। ਇਹ ਦਾਇਰਾ ਹੋਰ ਪਸਰਿਆ ਅਤੇ ਏਥੇ ਹੀ ਮੇਰੀ ਜਾਣ ਪਹਿਚਾਣ ਡਾ. ਅਤਰ ਸਿੰਘ ਅਤੇ ਡਾ. ਵਿਸ਼ਵਾ ਨਾਥ ਤਿਵਾੜੀ ਅਤੇ ਉਰਦੂ/ਪੰਜਾਬੀ ਦੇ ਹੋਰ ਬਹੁਤ ਸਾਰੇ ਸਾਹਿਤਕਾਰਾਂ ਨਾਲ ਹੋਈ। 1983 ਵਿੱਚ ਹੋਈ ਇੱਕ ਵਰਲਡ ਕਾਨਫਰੰਸ ਵਿੱਚ ਮੈਂ ਅਤੇ ਸੁਰਜੀਤ ਸਖੀ ਨੇ ਜੰਮੂ ਕਸ਼ਮੀਰ ਤੋਂ ਸ਼ਿਰਕਤ ਕੀਤੀ। ਜਦ ਮੈਂ ਇਸ ਮੁਸ਼ਾਇਰੇ ਵਿੱ- ਚਆਪਣੀ ਕਵਿਤਾ "ਪੱਥਰ ਦਰ ਪੱਥਰ" ਸੁਣਾਈ ਤਾਂ ਡਾ: ਤਿਵਾੜੀ ਨੇ ਮੈਨੂੰ ਜੱਫੀ ਵਿੱਚ ਲੈ ਲਿਆ। ਇਸ ਮੁਸ਼ਾਇਰੇ 'ਚ ਮਿਲੀ ਪਹਿਚਾਣ ਨੇ ਮੈਨੂੰ ਬਹੁਤ ਉਤਸ਼ਾਹਿਤ ਕੀਤਾ। ਫਿਰ ਲੇਖਣੀ, ਮੁਸ਼ਾਇਰਿਆਂ ਅਤੇ ਸਾਹਿਤਕ ਕਾਰਜਾਂ ਦਾ ਸਿਲਸਿਲਾ ਲਗਾਤਾਰ ਚਲਦਾ ਰਿਹਾ। ਉਹਨਾਂ ਆਪਣੀ ਕਵਿਤਾ "ਪੱਥਰ ਦਰ ਪੱਥਰ" ਸਰੋਤਿਆਂ ਨਾਲ ਸਾਂਝੀ ਕੀਤੀ।



ਮੈਂ ਪਹਿਲੇ ਕਵਿਤਾ ਲਿਖਦਾ ਸੀ। ਤਰੰਨਮ 'ਚ ਗੀਤ ਕਹੇ ਜਾਂਦੇ ਸੀ ਪਰ ਸਾਨੂੰ ਗ਼ਜ਼ਲ ਦੀ ਸੂਝ ਨਹੀਂ ਸੀ। ਜੰਮੂ ਵਿੱਚ ਕਲਚਰਲ ਅਕੈਡਮੀ ਨੇ ਆਲ ਇੰਡੀਆ ਪੰਜਾਬੀ ਮੁਸ਼ਾਇਰਾ ਕਰਵਾਇਆ ਜਿਸ ਵਿੱਚ ਉਸਤਾਦ ਗ਼ਜ਼ਲਗੋ ਪ੍ਰਿੰ: ਤਖ਼ਤ ਸਿੰਘ ਵੀ ਸ਼ਾਮਲ ਸਨ। ਮੈਂ ਤਰੰਨਮ ਵਿੱਚ ਗ਼ਜ਼ਲਸੁਣਾਈ ਜੋ ਆਰੂਜ਼ ਤੇਪੂਰੀ ਨਹੀਂ ਸੀ। ਏਥੇ ਤਖਤ ਸਿੰਘ ਨੇ ਮੈਨੂੰ ਗ਼ਜ਼ਲ ਬਾਰੇ ਸਮਝਾਇਆ ਅਤੇ ਮੈਨੂੰ ਆਪਣਾ ਸ਼ਾਗਿਰਦ ਬਣਾ ਲਿਆ। ਇਸੇ ਦੌਰਾਨ ਸੁਰਜੀਤ ਸਖੀ ਨੇ ਵੀ ਪ੍ਰਿੰ: ਤਖ਼ਤ ਸਿੰਘ ਨੂੰ ਆਪਣਾ ਉਸਤਾਦ ਧਾਰ ਲਿਆ। ਮੈਂ ਛੇਤੀ ਗ਼ਜ਼ਲ ਬਾਰੇ ਸਿੱਖਿਆ ਅਤੇ ਗ਼ਜ਼ਲ ਲਿਖਣ ਲਗ ਪਿਆ। ਉਹਨਾਂ ਕਿਹਾ ਕਿ ਸ਼ਾਇਰ ਵਲੋਂ ਜੋ ਵੀ ਸਿਨਫ਼ ਵਰਤੀ ਜਾਏ ਉਸ ਬਾਰੇ ਪੂਰੀ ਜਾਣਕਾਰੀ ਹੋਣੀ ਚਾਹੀਦੀ ਏ।

1990ਵਿਆਂ ਦੇ ਸ਼ੁਰੂ ਵਿੱਚ ਅਸਿੱਸਟੈਂਟ ਪ੍ਰੋਫੈਸਰ ਦੀ ਨੌਕਰੀ ਤੋਂਵਾਲੰਟਰੀਰਿਟਾਇਰਮੈਂਟਲੈ ਕੇ ਉਹ ਅਮਰੀਕਾ ਆ ਗਏ। ਉਸ ਵਕਤ ਕੈਲੀਫ਼ੋਰਨੀਆ ਵਿੱਚ ਕੋਈ ਸਾਹਿਤਕ ਮਾਹੌਲ ਨਹੀਂ ਸੀ। ਏਥੇ ਆ ਕੇ ਸਭ ਤੋਂ ਪਹਿਲਾਂ ਸੁਖਵਿੰਦਰ ਕੰਬੋਜ, ਕਹਾਣੀਕਾਰ ਅਮਰਜੀਤ ਦਰਦੀ ਅਤੇ ਸੁਖਦਰਸ਼ਨ ਧਾਲੀਵਾਲ ਨਾਲ ਮੁਲਾਕਾਤ ਹੋਈ। ਇਸ ਮੌਕੇਸੁਖਵਿੰਦਰ ਕੰਬੋਜ ਨੇ ਕਿਹਾ ਕਿ "ਮੈਂ ਇਹ ਦੱਸਣਾ ਚਾਹਨਾਂ ਕਿ ਜੋ ਇਹ ਪੰਜਾਬੀ ਸਾਹਿਤ ਸਭਾ ਬਣਾਈ ਗਈ....ਮੈਂ ਹਾਲਾਂਕਿ ਕੈਲੀਫ਼ੋਰਨੀਆ 'ਚ ਬੈਠਾ ਕਿਤਾਬ ਐਡਿਟ ਕਰ ਰਿਹਾ ਸੀ ਅਮਰੀਕੀ ਪੰਜਾਬੀ ਕਵਿਤਾ ਤੇ, ਇਹ ਮੇਰੇ ਮਨ 'ਚ ਨਹੀਂ ਆਈ ਕਿ ਏਥੋਂ ਦੇ ਲੇਖਕਾਂ ਨੂੰ ਇਕੱਠਾ ਕੀਤਾ ਜਾਏ। ਲੇਖਕ ਬੜੀ ਦੂਰ ਦੂਰ ਰਹਿੰਦੇ ਸੀਗੇ। ਇਹ ਸਿਫਤ ਸੀਰਤ ਸਾਹਿਬ ਦੀ ਹੈ ਕਿ ਇਹਨਾਂ ਪਹਿਲੀ ਵਾਰੀ ਯਤਨ ਕਰਕੇ, ਆਪਣਾ ਸਮਾਂ ਕੱਢ ਕੇ,, ਪੱਲਿਓਂ ਪੈਸੇ ਅਤੇ ਗੈਸ ਖਰਚ ਕੇ,... ਇਹ ਪੰਜਾਬੀ ਸਾਹਿਤ ਸਭਾ (ਕੈਲੀਫ਼ੋਰਨੀਆ) ਦੇ ਜਨਮ ਦਾਤਾ ਨੇ। ਮੈਂ ਇਹਨਾਂ ਦੇ ਨਾਲ ਜ਼ਰੂਰ ਤੁਰਿਆਂ ਪਰ ਇਹ ਆਈਡੀਆ ਇਹਨਾਂ ਦਾ ਸੀ।" ਕੰਬੋਜ ਨੇ ਜਾਣਕਾਰੀ ਦਿੱਤੀ ਕਿ ਸੀਰਤ ਦਾ ਗ਼ਜ਼ਲ ਸੰਗ੍ਰਹਿ "ਅਰੂਪੇ ਅੱਖਰਾਂ ਦਾ ਅਕਸ" ਕੁਰੂਕਸ਼ੇਤਰ ਯੂਨੀਵਰਸਿਟੀ ਦੇ ਸਿਲੇਬਸ ਵਿੱਚ ਪੜਾਈ ਜਾ ਰਹੀ ਹੈ।

ਬਾਅਦ ਵਿੱਚ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਬਨਣ ਵੇਲੇ ਵੀ ਪ੍ਰੋ ਸੀਰਤ ਇਸਦਾ ਮੁੱਢਲਾ ਅਤੇ ਮੋਢੀ ਮੈਂਬਰ ਬਣਿਆ, ਵਿਪਸਾਅ ਦੇ ਪ੍ਰਧਾਨ ਅਤੇ ਕਾਰਜਕਰਨੀ ਮੈਂਬਰ ਵਜੋਂ ਕਈ ਸਾਲ ਜ਼ਿੰਮੇਵਾਰੀ ਨਿਭਾਈ ਹੈ। ਉਹ ਪਿਛਲੇ 30 ਸਾਲ ਤੋਂ ਕੈਲੀਫ਼ੋਰਨੀਆ ਦੀਆਂ ਸਾਹਿਤਕ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹੇ ਹਨ। ਕੈਲੀਫ਼ੋਰਨੀਆ ਵਿੱਚ ਹੋਈਆਂ ਬਹੁਤ ਸਾਰੀਆਂਸਾਹਿਤਿਕ ਕਾਨਫਰੰਸਾਂ ਦੇ ਉਹ ਰੂਹੇ-ਰਵਾਂ ਰਹੇ ਹਨ। ਉਹਨਾਂ ਦੀਆਂ ਪੰਜਾਬੀ ਗ਼ਜ਼ਲ ਅਤੇ ਕਵਿਤਾ ਦੀਆਂ ਅੱਧੀ ਦਰਜ਼ਨ ਤੋਂ ਵੱਧ ਕਿਤਾਬਾਂ ਛੱਪ ਚੁੱਕੀਆਂ ਹਨ। ਉਹਨਾਂ ਦਾਨਾਵਲ "ਭਰਮ ਭੁਲੱਈਆਂ"ਸਾਹਿਤਕ ਹਲਕਿਆਂ ਵਿੱਚ ਕਾਫੀ ਚਰਚਤ ਹੈ, ਜਿਸਦਾ ਦੂਜਾ ਸੰਸਕਰਣ ਵੀ ਛਪ ਗਿਆ ਹੈ। ਉਹਨਾਂ ਦਾ ਇੱਕ ਕਹਾਣੀ ਸੰਗ੍ਰਹਿ "ਪੂਰਬ ਪੱਛਮ ਤੇ ਪਰਵਾਸ"ਵੀ ਛਪ ਚੁੱਕਾ ਹੈ। ਡਾ: ਦਰਿਆ ਵੱਲੋਂ ਉਹਨਾਂ ਦੀਆਂ ਸਾਹਿਤਕ ਉਪਲਭਦੀਆਂ ਬਾਰੇ ਲਿਖੇ ਗਏ ਲੇਖਾਂ ਨੂੰ ਇਕੱਠਿਆਂ ਕਰਕੇ ਕਿਤਾਬ "ਸੀਰਤ – ਸਿਰਜਣਾ ਅਤੇ ਸੰਵਾਦ" ਸੰਪਾਦਿਤ ਕੀਤੀ ਗਈ ਹੈ। ਉਹਨਾਂ ਕਿਹਾ ਕਿ ਉਹ ਆਪਣੇ ਸਾਹਿਤਕ ਅਤੇ ਨਿੱਜੀ ਜੀਵਨ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ।

ਰਾਤ ਦੀ ਓਟ 'ਚ ਹੁੰਦਾ ਏ ਤੇਰਾ ਚੀਰ ਹਰਣ,
ਜਾਗਦੇ ਰਹਿਣਾ ਤੇ ਹੋਰਾਂ ਨੂੰ ਜਗਾ ਕੇ ਰੱਖਣਾ।
ਬੰਦ ਨੇ ਤਾਕ, ਐਪਰ ਝਾਕ ਰਹੇ ਬਾਹਰ ਸਭੋ
ਆਪਣੀ ਔਕਾਤ ਦੇ ਕੁਝ ਪਰਦੇ ਗਿਰਾ ਕੇ ਰੱਖਣਾ।

ਇਹ ਨਗਰ ਮੇਰਾ ਨਾ ਜ਼ਮੀ ਮੇਰੀ/ਨਾ ਹੀ ਮੇਰਾ ਕੋਈ ਅਕਾਸ਼ ਹੈ।
ਮੈਂ ਅਦਿੱਸ ਦਿਸ਼ਾ ਵਿੱਚ ਭਟਕ ਰਿਹਾ/ਮੈਨੂੰ ਆਪਣੇ ਘਰ ਦੀ ਤਲਾਸ਼ ਹੈ।

ਸੁਰਿੰਦਰ ਸੀਰਤ ਦਿਲਕਸ਼ ਤਰੰਨਮ ਦਾ ਮਾਲਕ ਵੀ ਹੈ। ਰੂ-ਬ-ਰੂ ਦੇ ਅੰਤ ਵਿੱਚ ਸੀਰਤ ਨੇ ਆਪਣੀ ਤਾਜ਼ਾ ਗ਼ਜ਼ਲ ਤਰੰਨਮ ਵਿੱਚ ਗਾ ਕੇ ਸਰੋਤਿਆਂ ਦੀ ਦਾਦ ਵਸੂਲ ਕੀਤੀ।

ਜੋ ਨਿਗ੍ਹਾ ਮਿਰੀ ਚ ਹੈ ਛਬ ਤੇਰੀ, ਕੋਈ ਰੰਗ ਉਸ 'ਚ ਕਿਵੇਂ ਭਰਾਂ।
ਨਾ ਤੂੰ ਸਾਹਮਣੇ ਮਿਰੇ ਆ ਸਕੇਂ, ਤੇਰੀ ਆਰਤੀ ਮੈਂ ਕਿਵੇਂ ਕਰਾਂ।

ਜਗਜੀਤ ਨੌਸ਼ਹਿਰਵੀ ਨੇ ਕਿਹਾ ਕਿ ਗਦਰ ਲਹਿਰ ਦੇ ਕਵੀਆਂ ਤੋਂ ਬਾਅਦ ਇਕ ਲੰਮਾ ਵਕਫ਼ਾ ਹੈ ਜਦੋਂ ਕੈਲੀਫ਼ੋਰਨੀਆ ਵਿੱਚ ਪੰਜਾਬੀ ਸਾਹਿਤ ਦੀ ਕੋਈ ਖਾਸ ਸਰਗਰਮੀ ਨਜ਼ਰ ਨਹੀਂ ਆਉਂਦੀ। ਜੋ ਪਿਛਲੇ ਤੀਹ ਪੈਂਤੀ ਸਾਲ ਪੰਜਾਬੀ ਸਾਹਿਤ ਸਰਗਰਮੀਆਂ ਹੋਈਆਂ ਨੇ ਉਹਨਾਂ ਦੀ ਸ਼ੁਰੂਆਤ ਕਰਨ ਅਤੇ ਕੈਲੀਫ਼ੋਰਨੀਆ ਵਿੱਚ ਲੇਖਕਾਂ ਨੂੰ ਸਾਹਿਤ ਸੰਸਥਾਵਾਂ ਰਾਹੀਂ ਜੋੜਨ ਵਿੱਚ ਸੀਰਤ ਨੇ ਜੋ ਅਹਿਮ ਭੂਮਿਕਾ ਨਿਭਾਈ ਹੈ ਉਸਦੀ ਪ੍ਰਸੰਸਾ ਕਰਨੀ ਬਣਦੀ ਹੈ। ਕੈਲੀਫ਼ੋਰਨੀਆ ਵਿੱਚ ਚੱਲੀ ਇਸ ਪੰਜਾਬੀ ਸਾਹਿਤਕ ਮੂਵਮੈਂਟ ਦੇ ਪ੍ਰੋ ਸੀਰਤ ਅਤੇ ਡਾ: ਗੁਰੂਮੇਲ ਸਿੱਧੂ, ਸੁਖਵਿੰਦਰ ਕੰਬੋਜ, ਹਰਜਿੰਦਰ ਕੰਗ ਸਮੇਤ ਮੋਢੀ ਰਹੇ ਹਨ। ਅਸੀਂ ਸਭ ਬਾਅਦ ਵਿੱਚ ਇਸ 'ਚ ਸ਼ਾਮਲ ਹੋਏ ਹਾਂ। ਹਰਜਿੰਦਰ ਕੰਗ ਨੇ ਸੀਰਤ ਬਾਰੇ ਕਿਹਾ ਕਿ "ਕੋਈ ਕੰਮ ਕਰਨਾ ਹੋਰ ਗੱਲ ਆ, ਪਰ ਕੰਮ ਨੂੰ ਜਨੂੰਨ ਨਾਲ ਕਰਨਾ ਹੋਰ ਗੱਲ ਏ। ਬੁਲੰਦੀਓਂ ਪਰ ਪਹੁੰਚਣਾ ਕੋਈ ਕਮਾਲ ਨਹੀਂ, ਬੁਲੰਦੀਓਂ ਪਰ ਠਹਿਰਣਾ ਕਮਾਲ ਹੋਤਾ ਹੈ। ਇਹ ਕਮਾਲ ਮੇਰੇ ਖਿਆਲ ਸੀਰਤ ਨੇ ਕੀਤਾ ਹੈ। ਸ਼ਬਦ ਦੇ ਉਹ ਨਾਲ ਨਾਲ ਰਹੇ ਨੇ। ਸ਼ਬਦ ਨੂੰ ਜਿਉਂਦੇ ਜਿਉਂਦੇ ਸ਼ਬਦ ਵਰਗੇ ਹੀ ਹੋ ਗਏ ਨੇ।"

ਪ੍ਰਿੰ: ਹਜ਼ੂਰਾ ਸਿੰਘ ਨੇ ਸੀਰਤ ਵਾਸਤੇ ਲਿਖੀ ਆਪਣੀ ਨਜ਼ਮ ਗਾ ਕੇ ਸੁਣਾਈ – "ਪਿਆਰ ਕਰਨਾ ਸਿਖਾ ਰਿਹਾ ਸੀਰਤ, ਦਿਲ ਦੀ ਦੁਨੀਆਂ ਤੇ ਛਾ ਰਿਹਾ ਸੀਰਤ।" ਹਰਭਜਨ ਢਿਲੋਂ ਨੇ ਸੀਰਤ ਨੂੰ ਰੂ-ਬ-ਰੂ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਸੀਰਤ ਸਭ ਸਾਹਿਤਕਾਰਾਂ ਨੂੰ ਜੋੜਨ ਵਾਲਾ ਹੈ।

ਸਮਾਗਮ ਵਿੱਚ ਉਹਨਾਂ ਦੀ ਧਰਮ ਪਤਨੀ ਹਰਮਿੰਦਰ ਕੌਰ ਆਹਲੂਵਾਲੀਆ ਅਤੇ ਬੇਟੀਆਂ ਹਰਜਸਲੀਨ, ਜੀਨੂੰ ਅਤੇ ਦੋਹਤਰੀ ਰਾਨੀਆ ਵੀ ਹਾਜ਼ਰ ਸਨ। ਸਮਾਗਮ ਦੌਰਾਨ ਚਾਰ ਕਿਤਾਬਾਂ – ਕਨੇਡਾ ਵਾਸੀ ਸ਼ਾਇਰਾ ਬਿੰਦੂ ਦਲਵੀਰ ਕੌਰ ਦੀ ਸ਼ਾਇਰੀ "ਹਰਫ਼ ਇਲਾਹੀ", ਕਨੇਡਾ ਵਾਸੀ ਗ਼ਜ਼ਲਕਾਰ ਪਾਲ ਢਿਲੋਂ ਦਾ ਗ਼ਜ਼ਲ ਸੰਗ੍ਰਹਿ 'ਸੁਪਨੇ ਵਾਲੀਆਂ ਅੱਖਾਂ', ਫਰਿਜ਼ਨੋ ਵਾਸੀ ਅਸ਼ਰਫ਼ ਗਿੱਲ ਦੀ ਕਿਤਾਬ "ਪੰਜਾਬੀਗ਼ਜ਼ਲਾਂ ਦੀ ਚੋਣਵੀਂ ਕਿਤਾਬ"ਅਤੇ ਪੰਜਾਬ ਤੋਂ ਮਹੰਤ ਹਰਪਾਲ ਦਾਸ ਜੀ ਦੀ "ਲਫ਼ਜ਼ਾਂ ਦੀ ਲੋਅ' ਦੀ ਅਵਤਾਰ ਗੋਂਦਾਰਾ, ਸੰਤੋਖ ਸਿੰਘ ਮਿਨਹਾਸ, ਗੁਰਪ੍ਰੀਤ ਧੁੱਗਾ, ਅਸ਼ੋਕ ਭੌਰਾ, ਬੀਬੀ ਸੁਰਜੀਤ ਕੌਰ ,ਹਰਪ੍ਰੀਤ ਕੌਰ ਧੂਤ, ਅਮਰਜੀਤ ਪੰਨੂ, ਜੋਤੀ ਸਿੰਘ ਨੇ ਲੋਕ ਅਰਪਣ ਕੀਤੀਆਂ। ਸਮਾਗਮ ਦੇ ਦੂਜੇ ਸੈਸ਼ਨ ਵਿੱਚ ਮਹਿਮਾਨ ਲੇਖਕ ਰਾਜਵੰਤ ਰਾਜ, ਦਵਿੰਦਰ ਗੌਤਮ ਅਤੇਨਛੱਤਰ ਸਿੰਘਭੋਗਲ ਨਾਲ ਵੀ ਸਰੋਤਿਆਂ ਦੀ ਮੁਲਾਕਾਤ ਹੋਈ। ਵਿਪਸਾਅ ਮੈਂਬਰਾਂ ਵਲੋਂ ਤਿੰਨਾਂ ਆਏ ਮਹਿਮਾਨ ਲੇਖਕਾਂ ਦਾ ਲੋਈਆਂ ਦੇ ਕੇ ਸਨਮਾਨ ਕੀਤਾ ਗਿਆ। ਸਮਾਗਮ ਦੇ ਅੰਤ ਵਿੱਚ ਕੁਲਵਿੰਦਰ ਨੇ ਹਾਜ਼ਰ ਮਹਿਮਾਨਾਂ, ਲੇਖਕਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਕਵੀ ਦਰਬਾਰ ਵਿੱਚ ਹਰਭਜਨ ਢਿੱਲੋਂ, ਪ੍ਰਿੰਸੀਪਲ ਹਜ਼ੂਰਾ ਸਿੰਘ, ਐਸ਼ ਕੁਮ ਐਸ਼, ਚਰਨਜੀਤ ਸਿੰਘ ਪੰਨੂੰ, ਗਗਨਦੀਪ ਮਾਹਲ, ਸੰਤੋਖ ਸਿੰਘਮਿਨਹਾਸ, ਹਰਜਿੰਦਰ ਕੰਗ, ਅਵਤਾਰ ਗੋਂਦਾਰਾ, ਜੋਤੀਸਿੰਘ, ਨੰਨੂ ਸਹੋਤਾ, ਮਨਦੀਪ ਗੋਰਾ, ਰਮਨ, ਮਹਿੰਦਰ ਸਿੰਘਸੰਘੇੜਾ, ਬੀਬੀ ਸੁਰਜੀਤ ਕੌਰ, ਹਰਪ੍ਰੀਤ ਕੌਰ ਧੂਤ, ਮੁਕੇਸ਼ ਕੁਮਾਰ, ਸੁਰਜੀਤ ਸਖੀ, ਕੁਲਵਿੰਦਰ, ਲਾਜ ਨੀਲਮ ਸੈਣੀ, ਸੁਖਵਿੰਦਰ ਕੰਬੋਜ, ਅਤੇ ਜਗਜੀਤ ਨੌਸ਼ਹਿਰਵੀ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਤਤਿੰਦਰ ਕੌਰ ਨੇ ਕਹਾਣੀ ਪੇਸ਼ ਕੀਤੀ। ਹੋਰਨਾਂ ਤੋਂਇਲਾਵਾ ਪ੍ਰੋ. ਸੁਖਦੇਵ ਸਿੰਘ, ਸੁਰਿੰਦਰ ਸਿੰਘ ਧਨੋਆ, ਪ੍ਰੋ. ਬਲਜਿੰਦਰ ਸਿੰਘ ਸਵੈਚ, ਸਰਬਜੀਤਕੌਰ ਚੀਮਾ, ਮਨਜੀਤ ਪਲਾਹੀ, ਦਰਸ਼ ਢਿਲੋਂ ਅਤੇ ਹੋਰ ਸਾਹਿਤ ਪ੍ਰੇਮੀ ਸਮਾਗਮ ਵਿੱਚ ਸ਼ਾਮਲ ਹੋਏ।

**– ਜਗਜੀਤ ਨੌਸ਼ਹਿਰਵੀ 510-676-1565**

# ਧਰਤੀ ਦਾ ਪੰਧ ਛੱਡ ਐੱਲ-1 ਵੱਲ ਵਧਿਆ 'ਆਦਿਤਿਆ', ਕਰੂਜ਼ ਪੜਾਅ ਦੀ ਹੋਈ ਸ਼ੁਰੂਆਤ


**ਬੈਂਗਲੂਰੂ–** ਸੂਰਜ ਦਾ ਅਧਿਐਨ ਕਰਨ ਲਈ ਭਾਰਤ ਦਾ ਪਹਿਲਾ ਸੂਰਜ ਮਿਸ਼ਨ 'ਆਦਿਤਿਆ ਐੱਲ 1' ਧਰਤੀ ਦਾ ਪੰਧ ਛੱਡ ਕੇ ਐੱਲ-1 ਵੱਲ ਵਧ ਚੱਲਿਆ ਹੈ। ਮੰਗਲਵਾਰ ਨੂੰ ਰਾਤ ਦੋ ਵਜੇ ਟਰਾਂਸ-ਲੈਂਗ੍ਰੇਜੀਅਨ ਪੁਆਇੰਟ ਇੰਸਰਸ਼ਨ (ਟੀਐੱਲ1 ਆਈ) ਦੀ ਪ੍ਰਕਿਰਿਆ ਪੂਰੀ ਕਰ ਕੇ 'ਆਦਿਤਿਆ' ਨੂੰ ਧਰਤੀ ਦੇ ਗੁਰੂਤਾਕਰਸ਼ਣ ਖੇਤਰ ਤੋਂ ਬਾਹਰ ਪਹੁੰਚਾਇਆ ਗਿਆ। ਇਸ ਦੇ ਨਾਲ ਹੀ ਕਰੂਜ਼ ਪੜਾਅ ਦੀ ਸ਼ੁਰੂਆਤ ਹੋ ਗਈ ਹੈ। ਕਰੂਜ਼ ਪੜਾਅ ਤੋਂ ਬਾਅਦ 'ਆਦਿਤਿਆ' ਐੱਲ 1 ਕੋਲ ਪਹੁੰਚੇਗਾ।




ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਨੇ ਐਕਸ 'ਤੇ ਪੋਸਟ ਕੀਤਾ, 'ਐੱਲ 1 ਪੁਆਇੰਟ ਵੱਲ! ਟੀਐੱਲ1 ਆਈ ਦੀ ਪ੍ਰਕਿਰਿਆ ਸਫਲਤਾਪੂਰਵਕ ਪੂਰੀ ਕੀਤੀ ਗਈ ਹੈ। 'ਆਦਿਤਿਆ' ਹੁਣ ਉਸ ਰਾਹ 'ਤੇ ਹੈ ਜੋ ਇਸ ਨੂੰ ਸੂਰਜ-ਧਰਤੀ ਦਰਮਿਆਨ ਕੇਐੱਲ 1 ਪੁਆਇੰਟ 'ਤੇ ਲੈ ਜਾਵੇਗਾ। 110 ਦਿਨਾਂ ਦੇ ਕਰੂਜ਼ ਪੜਾਅ ਤੋਂ ਬਾਅਦ ਇਸ ਨੂੰ ਐੱਲ 1 ਦੇ ਨੇੜਲੇ ਪੰਧ 'ਚ ਸਥਾਪਤ ਕੀਤਾ ਜਾਵੇਗਾ।' ਇਹ ਲਗਾਤਾਰ ਪੰਜਵੀਂ ਵਾਰ ਹੈ ਜਦੋਂ ਇਸਰੋ ਨੇ ਕਿਸੇ ਪੁਲਾੜ ਵਾਹਨ ਜਾਂ ਅਬਜ਼ਰਵੇਟਰੀ ਨੂੰ ਕਿਸੇ ਹੋਰ ਖਗੋਲੀ ਪਿੰਡ ਜਾਂ ਪੁਲਾੜ ਵੱਲ ਸਫਲਤਾਪੂਰਵਕ ਤਬਦੀਲ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਇਸਰੋ ਨੇ ਆਪਣੇ ਪੁਲਾੜ ਵਾਹਨ ਨੂੰ ਤਿੰਨ ਵਾਰ ਚੰਦਰਮਾ ਅਤੇ ਇਕ ਵਾਰ ਮੰਗਲ ਵੱਲ ਤਬਦੀਲ ਕੀਤਾ ਹੈ। ਪੀਐੱਸਐੱਲਵੀ-ਸੀ 57 ਨੇ ਸ੍ਰੀਹਰੀਕੋਟਾ ਦੇ ਸਤੀਸ਼ ਧਵਨ ਪੁਲਾੜ ਕੇਂਦਰ ਤੋਂ 2 ਸਤੰਬਰ ਨੂੰ 'ਆਦਿਤਿਆ' ਨਾਲ ਉਡਾਣ ਭਰੀ ਸੀ। ਪੀਐੱਸਐੱਲਵੀ ਨੇ ਇਸ ਨੂੰ 235 ਯ 19,500 ਕਿਲੋਮੀਟਰ ਦੇ ਪੰਧ 'ਚ ਸਥਾਪਤ ਕਰ ਦਿੱਤਾ ਸੀ। ਇਸ ਤੋਂ ਬਾਅਦ ਚਾਰ ਵਾਰ 3, 5 , 10 ਤੇ 15 ਸਤੰਬਰ ਨੂੰ ਇਸ ਦਾ ਪੰਧ ਬਦਲਿਆ ਗਿਆ ਸੀ।

ਧਰਤੀ ਤੋਂ 15 ਲੱਖ ਕਿਲੋਮੀਟਰ ਦੂਰ ਐੱਲ 1 ਪੁਲਾੜ 'ਚ ਸਥਿਤ ਉਹ ਸਥਾਨ ਹੈ, ਜਿੱਥੇ ਸੂਰਜ ਤੇ ਧਰਤੀ ਦਾ ਗੁਰੂਤਾਕਰਸ਼ਣ ਬਲ ਬਰਾਬਰ ਹੁੰਦਾ ਹੈ। ਐੱਲ-1 ਦੇ ਨੇੜਲੇ ਪੰਧ 'ਚ ਰੱਖੇ ਗਏ ਸੈਟੇਲਾਈਟ ਨਾਲ ਸੂਰਜ ਨੂੰ ਬਿਨਾਂ ਕਿਸੇ ਪਰਛਾਵੇਂ ਤੋਂ ਲਗਾਤਾਰ ਦੇਖਿਆ ਜਾ ਸਕਦਾ ਹੈ। ਦੇਸ਼ ਦੇ ਪਹਿਲੇ ਸੂਰਜ ਮਿਸ਼ਨ ਤਹਿਤ ਇਸਰੋ ਅਬਜ਼ਰਵੇਟਰੀ ਭੇਜ ਰਿਹਾ ਹੈ। 'ਆਦਿਤਿਆ' ਪੰਜ ਸਾਲ ਦੇ ਮਿਸ਼ਨ ਦੌਰਾਨ ਐੱਲ-1 ਨਾਲ ਹੀ ਸੂਰਜ ਦਾ ਅਧਿਐਨ ਕਰੇਗਾ। ਇਸ 'ਚ ਸੱਤ ਪੇਲੋਡ ਹਨ। ਇਹ ਪੇਲੋਡ ਫੋਟੋਸਫੇਅਰ (ਪ੍ਰਕਾਸ਼ਮੰਡਲ), ਕ੍ਰੋਮੋਸਫੇਅਰ (ਕੋਰੋਨਾ ਅਤੇ ਫੋਟੋਸਫੇਅਰ ਦੇ ਵਿਚਕਾਰਲੀ ਪਰਤ) ਅਤੇ ਸੂਰਜ ਦੀ ਸਭ ਤੋਂ ਬਾਹਰੀ ਪਰਤ (ਕੋਰੋਨਾ) ਦਾ ਅਧਿਐਨ ਕਰਨਗੇ। ਐੱਲ-1 ਦਾ ਉਪਯੋਗ ਕਰਦਿਆਂ ਚਾਰ ਪੇਲੋਡ ਸਿੱਧੇ ਸੂਰਜ ਵੱਲ ਹੋਣਗੇ। ਬਾਕੀ ਤਿੰਨ ਪੇਲੋਡ ਐੱਲ-1 'ਤੇ ਹੀ ਖੇਤਰਾਂ ਦਾ ਅਧਿਐਨ ਕਰਨਗੇ।

# ਯਾਦਗਾਰੀ ਹੋ ਨਿਬੜਿਆ ਸਰੀ ਓਪਨ 2023












ਜੇਕਰ ਮੌਜੂਦਾ ਸਮੇਂ ਟੈਨਿਸ ਵਿੱਚ ਪਰਵਾਸੀ ਪੰਜਾਬੀ ਭਾਈਚਾਰੇ ਵਲੋਂ ਉਲੀਕੇ ਕਿਸੇ ਸਾਰਥਕ ਕਦਮ ਦੀ ਚਰਚਾ ਕੀਤੀ ਜਾਵੇਗੀ ਤਾਂ ਯਕੀਨਨ ਨਿਊਟਨ ਟੈਨਿਸ ਕਲੱਬ, ਸਰੀ ਦਾ ਨਾਮ ਸਭ ਤੋਂ ਪਹਿਲਾਂ ਹਰ ਕਿਸੇ ਦੀ ਜੁਬਾਨ ਤੇ ਆਵੇਗਾ। ਨਿਊਟਨ ਟੈਨਿਸ ਕਲੱਬ, ਸਰੀ ਉਂਝ ਤਾਂ 2015 ਤੋਂ ਕਾਰਜਸ਼ੀਲ ਹੈ ਪਰ ਅਧਿਕਾਰਤ ਤੌਰ ਤੇ ਇਹ 2019 ਵਿੱਚ ਹੋਂਦ ਵਿੱਚ ਆਇਆ ਤੇ ਹੁਣ ਦੂਜੇ ਸਰੀ ਓਪਨ 2023 ਦਾ ਸਫ਼ਲ ਅਯੋਜਨ ਕਰਕੇ ਇਸ ਨੇ ਇਕ ਹੋਰ ਮੀਲ ਪੱਥਰ ਆਪਣੇ ਨਾਮ ਕਰ ਲਿਆ। ਮੈਂ ਕਦੇ ਪਿੱਛੇ ਮੁੜ ਕੇ ਨਹੀਂ ਵੇਖਦੀ, ਮੈਂ ਅੱਗੇ ਵੱਲ ਹੀ ਵੇਖਦੀ ਹਾਂ।

ਪ੍ਰਸਿੱਧ ਟੈਨਿਸ ਖਿਡਾਰਨ ਸਟੈਫੀ ਗ੍ਰਾਫ ਦੇ ਉਪਰੋਕਤ ਕਥਨ ਤੇ ਪਹਿਰਾ ਦਿੰਦੇ ਹੋਏ ਨਿਊਟਨ ਕਲੱਬ ਮੈਂਬਰ ਵੀ ਤਨ-ਮਨ-ਧਨ ਨਾਲ ਇਕਜੁੱਟ ਹੋ ਕੇ ਕਾਰਜ ਕਰ ਰਹੇ ਹਨ। ਦੱਸ ਦੇਵਾਂ ਕਿ ਨਿਊਟਨ ਟੈਨਿਸ ਕਲੱਬ ਪਰਵਾਸੀ ਪੰਜਾਬੀਆਂ ਵਲੋਂ ਲੀਕ ਤੋਂ ਹੱਟ ਕੇ ਟੈਨਿਸ ਖੇਡ ਨਾਲ ਨੌਜਵਾਨਾਂ ਨੂੰ ਜੋੜਨ ਦਾ ਇਕ ਵਿਲੱਖਣ ਉਪਰਾਲਾ ਹੈ ਕਿਉਂਕਿ ਪੰਜਾਬੀਆਂ ਦੀ ਜਿਆਦਾਤਰ ਮਨਭਾਉਂਦੀਆਂ ਖੇਡਾਂ ਹਾਕੀ, ਕਬੱਡੀ, ਫੁੱਟਬਾਲ ਜਾਂ ਕ੍ਰਿਕਟ ਹੀ ਰਹੀਆਂ ਹਨ। ਇਸ ਹੀ ਸੰਦਰਭ ਵਿੱਚ ਨਿਊਟਨ-ਸਰੀ ਪੰਜਾਬੀ ਭਾਈਚਾਰੇ ਨੇ ਆਪਸੀ ਸਹਿਯੋਗ ਨਾਲ ਨਿਊਟਨ ਟੈਨਿਸ ਕਲੱਬ ਦਾ ਗਠਨ ਕਰ ਕੇ ਵੱਡਾ ਉੱਦਮ ਕੀਤਾ ਹੈ ਤਾਂ ਜੋ ਟੈਨਿਸ ਵਰਗੀ ਵੱਕਾਰੀ ਖੇਡ ਵਿੱਚ ਵੀ ਪੰਜਾਬੀ ਮੂਲ ਦੇ ਖਿਡਾਰੀਆਂ ਨੂੰ ਖੇਡਣ ਲਈ ਉਤਸ਼ਾਹਿਤ ਕੀਤਾ ਜਾ ਸਕੇ।

ਨਿਊਟਨ ਟੈਨਿਸ ਕਲੱਬ ਹੋਰ ਭਾਈਵਾਲ ਕਲੱਬਾਂ ਨਾਲ ਮਿਲ ਕੇ ਟੈਨਿਸ ਖੇਡ ਨੂੰ ਪ੍ਰਫੁੱਲਤ ਕਰਨ ਲਈ ਯਤਨਸ਼ੀਲ ਹੈ। ਇਸ ਹੀ ਲੜੀ ਵਿੱਚ ਇਸ ਨੂੰ ਸਨਸ਼ਾਈਨ ਕਲੱਬ ਡੇਲਟਾ ਦਾ ਭਰਪੂਰ ਸਹਿਯੋਗ ਮਿਲ ਰਿਹਾ ਹੈ। ਨਿਊਟਨ ਕਲੱਬ, ਟੈਨਿਸ ਬੀ.ਸੀ ਤੋਂ ਮਾਨਤਾ ਪ੍ਰਾਪਤ ਹੈ ਅਤੇ ਅਗਾਂਹ ਨਿਊਟਨ ਕਲੱਬ ਨੂੰ ਟੈਨਿਸ ਕੈਨੇਡਾ ਦਾ ਮੈਂਬਰ ਹੋਣ ਦਾ ਵੀ ਮਾਣ ਪ੍ਰਾਪਤ ਹੈ। ਇਸ ਕਲੱਬ ਦੇ ਮੌਜੂਦਾ ਸਮੇਂ 150 ਮੈਂਬਰ ਹਨ। ਨਿਊਟਨ, ਇੱਕ ਗੈਰ ਮੁਨਾਫ਼ਾ ਸੰਸਥਾ ਹੈ ਜਿਸ ਦਾ ਮੁੱਖ ਮਕਸਦ ਟੈਨਿਸ ਖੇਡ ਨੂੰ ਆਮ ਲੋਕਾਂ ਵਿੱਚ ਹੋਰ ਪ੍ਰਫੁਲਿਤ ਕਰਨ ਤੋਂ ਹੈ। ਕਲੱਬ ਮੁੱਖ ਤੌਰ ਤੇ ਬੱਚਿਆਂ ਅਤੇ ਨੌਜਵਾਨਾ ਨੂੰ ਖੇਡਾਂ ਰਾਹੀ ਇੱਕ ਯੋਗ ਅਤੇ ਨਰੋਈ ਸੇਧ ਦੇਣ ਲਈ ਵਚਨਬੱਧ ਹੈ। ਨਿਊਟਨ ਟੈਨਿਸ ਕਲੱਬ, ਟੈਨਿਸ ਖੇਡ ਨਾਲ ਸਬੰਧਿਤ ਬੱਚਿਆਂ ਦੇ ਕੈਂਪ, ਟੈਨਿਸ ਲੀਗ ਅਤੇ ਸਾਲਾਨਾ ਡਬਲਜ਼ ਟੈਨਿਸ ਟੂਰਨਾਮੈਂਟ ਵਰਗੀਆਂ ਗਤੀਵਿਧੀਆਂ ਵਿੱਚ ਆਪਣੀ ਸ਼ਮੂਲੀਅਤ ਸਫਲਤਾ ਨਾਲ ਦਰਜ ਕਰਵਾ ਚੁੱਕਾ ਹੈ। ਇਸ ਹੀ ਲੜੀ ਅਧੀਨ ਪਿਛਲੇ ਮਹੀਨੇ ਅਗਸਤ ਵਿੱਚ ਟੈਨਿਸ ਬੀ. ਸੀ. ਦੁਆਰਾ ਮਾਨਤਾ ਪ੍ਰਾਪਤ ਦੂਜਾ 'ਸਰੀ ਓਪਨ ਟੈਨਿਸ ਟੂਰਨਾਮੈਂਟ 2023 ਮਿਤੀ 4 ਤੋਂ ਅਗਸਤ ਤੋਂ 13 ਅਗਸਤ ਤੱਕ ਨਿਊਟਨ ਟੈਨਿਸ ਕੋਰਟ ਵਿੱਚ ਸਫਲਤਾ-ਪੂਰਵਕ ਕਰਵਾਇਆ ਗਿਆ ਜਿਸ ਵਿੱਚ ਟੈਨਿਸ ਦੇ ਵੱਖ-ਵੱਖ ਪੱਧਰ ਜਿਵੇਂ 2.5, 3.0, 3.5, 4.0, 4.5 ਅਤੇ ਓਪਨ ਵਰਗ ਅਧੀਨ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਬ੍ਰਿਟਿਸ਼ ਕੋਲੰਬੀਆ ਅਤੇ ਹੋਰ ਪ੍ਰੋਵਿੰਸ ਦੇ ਵੱਖ-ਵੱਖ ਸ਼ਹਿਰਾਂ ਤੋਂ 526 ਖਿਡਾਰੀਆਂ ਨੇ ਵੱਖ-ਵੱਖ ਮੁਕਾਬਲਿਆਂ ਵਿੱਚ ਸ਼ਮੂਲੀਅਤ ਕੀਤੀ। ਇਸ ਸਾਲ ਪਿਛਲੇ ਸਾਲ ਦੇ ਮੁਕਾਬਲੇ ਕੁਲ ਖਿਡਾਰੀਆਂ ਦੀ ਗਿਣਤੀ ਵਿੱਚ ਚੋਖਾ ਵਾਧਾ ਹੋਇਆ ਕਿਉਂਕਿ ਪਿਛਲੇ ਸਾਲ ਇਹ ਗਿਣਤੀ 340 ਹੀ ਸੀ। ਇਨਾਮਾਂ ਦੀ ਰਾਸ਼ੀ ਵੀ ਇਸ ਵਾਰ ਪਹਿਲਾਂ ਨਾਲੋਂ ਦੁੱਗਣੀ ਭਾਵ ਵੀਹ ਹਜ਼ਾਰ ਕੈਨੇਡੀਅਨ ਡਾਲਰ ਰੱਖੀ ਗਈ ਸੀ। ਸਰੀ ਉਪਨ ਦਾ ਸਫਲ ਆਯੋਜਨ ਕਰਨ ਲਈ 520 ਮੁਕਾਬਲਿਆਂ ਲਈ 20 ਟੈਨਿਸ ਕੋਰਟਾਂ ਦੀ ਵਰਤੋਂ ਕੀਤੀ ਗਈ। ਇਸ ਵਿੱਚ ਸਨਸ਼ਾਈਨ ਕਲੱਬ ਨੇ ਵੀ ਆਪਣੇ ਕੋਰਟ ਮੁਹੱਈਆ ਕਰਵਾਏ ਸਨ। ਖਿਡਾਰੀਆਂ ਦੀ ਹੌਸਲਾ ਅਫਜਾਈ ਕਰਨ ਲਈ ਵੱਡੀ ਗਿਣਤੀ ਵਿੱਚ ਦਰਸ਼ਕਾਂ ਦਾ ਵੀ ਭਰਪੂਰ ਸਾਥ ਮਿਲਿਆ। ਸਰੀ-ਨਿਊਟਨ ਪ੍ਰਸ਼ਾਸਨਿਕ ਅਧਿਕਾਰੀਆਂ, ਸਪਾਂਸਰਜ, ਵਲੰਟੀਅਰਾਂ ਅਤੇ ਕਮਿਊਨਿਟੀ ਮੈਂਬਰਾਂ ਨੇ ਵੀ ਇਸ ਕੱਪ ਦੀ ਸਫਲਤਾ ਲਈ ਆਪਣਾ ਵੱਡਮੁੱਲਾ ਯੋਗਦਾਨ ਪਾਇਆ। ਇਸ ਵਾਰ ਟੈਨਿਸ ਬੀ.ਸੀ ਅਤੇ ਸਿਟੀ ਆਫ਼ ਸਰੀ ਵਲੋਂ ਨਿਊਟਨ ਕਲੱਬ ਦੀ ਵਿਤੀ ਸਹਾਇਤਾ ਲਈ ਫੰਡ ਵੀ ਜਾਰੀ ਕੀਤੇ ਜਾ ਰਹੇ ਹਨ। ਸਰੀ ਸਿਟੀ ਮੇਅਰ ਬ੍ਰੈਂਡਾ ਲੌਕ ਨੇ ਫਾਈਨਲ ਮੁਕਾਬਲੇ ਵਾਲੇ ਦਿਨ ਕਲੱਬ ਪ੍ਰਬੰਧਕਾ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਜੈਤੂ ਖਿਡਾਰੀਆਂ ਨੂੰ ਇਨਾਮ ਤਕਸੀਮ ਵੀ ਕੀਤੇ। ਨਿਊਟਨ ਕਲੱਬ ਦੀ ਸਮੁੱਚੀ ਟੀਮ ਵੱਲੋਂ ਆਏ ਹੋਏ ਦਰਸ਼ਕਾਂ ਅਤੇ ਪਹੁੰਚੀਆਂ ਸਮੁੱਚੀਆਂ ਸ਼ਖਸੀਅਤਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਡਾਇਰੈਕਟਰ ਗੈਰੀ ਡੇਹਲੋ ਇਸ ਟੂਰਨਾਮੈਂਟ ਦਾ ਸਫਲ ਅਯੋਜਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਟੂਰਨਾਮੈਂਟ ਦੇ ਡਰਾਅ ਤਿਆਰ ਕਰਨ ਵਿੱਚ ਸੋਫੀਆ ਪਾਈਲੀਪੈਂਕੋ, ਜੈ ਵਿਲਾਨੁਏਵਾ ਅਤੇ ਪਵਨ ਬ੍ਰੈਚ ਨੇ ਬਾਖੂਬੀ ਡਿਊਟੀ ਨਿਭਾਈ। ਰਾਜਦੀਪ ਝੱਲੀ ਅਤੇ ਅਮਰਜੀਤ ਸੰਧੂ ਦੀ ਸੁਚੱਜੀ ਅਗਵਾਈ ਵੀ ਸਰੀ ਉਪਨ ਦੀ ਸਫਲਤਾ ਵਿੱਚ ਖਾਸ ਸਥਾਨ ਰੱਖਦੀ ਹੈ।

ਡਾਇਰੈਕਟਰ ਆਫ ਅਪਰੈਨਸ਼ਨਜ ਗੁਰਮੁੱਖ ਝੂਟੀ ਦੇ ਅਣਥੱਕ ਯਤਨਾਂ ਨਾਲ ਨਿਊਟਨ ਟੈਨਿਸ ਕਲੱਬ ਨਿੱਤ ਨਵੀਆਂ ਮੰਜਿਲਾਂ ਸਰ ਕਰ ਰਿਹਾ ਹੈ ਅਤੇ ਸਰੀ ਓਪਨ ਨੂੰ ਸਫ਼ਲ ਬਣਾਉਣ ਵਿੱਚ ਵੀ ਉਨ੍ਹਾਂ ਦਾ ਵਿਸ਼ੇਸ਼ ਯੋਗਦਾਨ ਹੈ। ਬੱਚਿਆਂ ਦੀ ਕੋਚਿੰਗ (ਯੰਗ ਏਸਸ) ਦੀ ਜਿੰਮੇਵਾਰੀ ਕੋਆਰਡੀਨੇਟਰ ਪਵਨਦੀਪ ਸਾਹਨੀ ਦੇਖ-ਰੇਖ ਹੇਠਾਂ ਲਗਾਤਾਰ ਚਲ ਰਹੀ ਹੈ। ਕੋਚ ਦੀ ਜ਼ਿੰਮੇਵਾਰੀ ਬੀ.ਸੀ ਟੈਨਿਸ ਦੇ ਮਾਪਦੰਡਾਂ ਅਨੁਸਾਰ ਹੀ ਸਬੰਧਿਤ ਕੋਚ ਨੂੰ ਦਿੱਤੀ ਜਾਂਦੀ ਹੈ। ਨਿਊਟਨ ਟੈਨਿਸ ਹਫਤੇ ਵਿੱਚ ਦੋ ਦਿਨ ਨੌਜਵਾਨ ਖਿਡਾਰੀਆਂ ਦੀਆਂ ਕੋਚਿੰਗ ਕਲਾਸਾਂ ਦਾ ਵੀ ਪ੍ਰਬੰਧ ਕਰਦਾ ਹੈ। ਇਸ ਵਾਰ ਹੋਏ ਮੁਕਾਬਲਿਆਂ ਵਿੱਚ ਪੁਰਸ਼ਾ ਦੇ ਸਿੰਗਲਜ਼ ਵਰਗ ਵਿੱਚ ਪਿਛਲੇ ਸਾਲ ਦੇ ਰਿਆਨ ਡੂ ਟੋਇਟ ਇਕ ਵਾਰ ਫਿਰ ਤੋਂ ਜੈਤੂ ਬਣੇ ਅਤੇ ਫਾਈਨਲਿਸਟ ਰਹੇ 'ਹੈਨਰੀ ਰੇਨ' ਮਹਿਲਾ ਸਿੰਗਲਜ਼ ਓਪਨ ਚੈਂਪੀਅਨ ਬਣਨ ਦਾ ਮਾਣ 'ਅਨਾ ਮਾਰੀਆ' ਦੇ ਹਿੱਸੇ ਆਇਆ, ਅਨਾ ਮਾਰੀਆ ਨੇ ਫਾਈਨਲ ਵਿੱਚ 'ਹਾਨਾ ਚੋ' ਨੂੰ ਹਰਾ ਕੇ ਸਰੀ ਕੱਪ ਆਪਣੇ ਨਾਮ ਕੀਤਾ। ਪੁਰਸ਼ਾਂ ਦਾ ਓਪਨ ਡਬਲਜ਼ ਵਿੱਚ 'ਰਿਆਨ ਡੂਟੋਇਟ' ਅਤੇ 'ਅਵੀ ਸ਼ੁਗਰ' ਜੇਤੂ ਰਹੇ ਜਦ ਕਿ ਫਾਈਨਲਿਸਟ ਰਹੇ ਬੈਨ ਕਿਰਸ਼ ਅਤੇ ਪਾਲ ਰੈਚਫੋਰਡ। ਇਸ ਤਰ੍ਹਾਂ ਹੀ ਮਹਿਲਾ ਓਪਨ ਡਬਲਜ਼ ਵਿੱਚ ਜੂਲੀਅਟ ਜੀਆ ਵੇਨ ਝਾਂਗ ਅਤੇ ਵੈਂਡੀ ਕਿਊ ਵੇਨ ਝਾਂਗ ਨੇ ਹਾਨਾ ਚੋ ਅਤੇ ਰੇਨਾਟਾ ਗਾਬੂਜ਼ਯਾਨ ਨੂੰ ਹਰਾ ਕੇ ਸਰੀ ਓਪਨ ਆਪਣੇ ਨਾਮ ਕੀਤਾ। ਇਸ ਦੇ ਨਾਲ ਹੀ ਮਿਕਸਡ ਓਪਨ ਡਬਲਜ਼ ਵਿੱਚ ਮਨਦੀਪ ਯਾਦਵ ਅਤੇ 'ਵੈਂਡੀ ਕਿਊ ਵੇਨ ਝਾਂਗ' ਜੈਤੂ ਅਤੇ 'ਸੇਬੇਸਟਿਅਨ ਡੀ' ਅਤੇ 'ਰੇਬੇਕਾ ਜੌਜ਼ੀ' ਉਪਜੈਤੂ ਰਹੇ।

ਪੰਜਾਬੀ ਜਿੱਥੇ ਵੀ ਜਾਂਦੇ ਹਨ ਆਪਣੇ ਕਾਰਜਾਂ ਦੁਆਰਾ ਗੁਰੂ ਸਾਹਿਬਾਨ ਦੇ ਸਿਧਾਂਤ ਦਾ ਵੀ ਨਾਲ-ਨਾਲ ਪ੍ਰਚਾਰ ਕਰਦੇ ਰਹਿੰਦੇ ਹਨ। ਇਸ ਹੀ ਲੜੀ ਵਿੱਚ ਸਰੀ ਓਪਨ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤਿਆ। ਇਸ ਵਿੱਚ ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ ਦਾ ਵਿਸ਼ੇਸ਼ ਸਹਿਯੋਗ ਸੀ। ਕੰਨਵਲ ਸ਼ੋਕਰ ਜੀ ਨੇ ਇਨ੍ਹਾਂ ਕਾਰਜਾਂ ਵਿੱਚ ਵੱਧ-ਚੜ ਕੇ ਹਿੱਸਾ ਲਿਆ। ਖਿਡਾਰੀਆਂ ਲਈ ਵੀ ਇਹ ਇਕ ਨਵਾਂ ਤਜਰਬਾ ਸੀ। ਇਸ ਤੋਂ ਪਹਿਲਾ ਨਿਊਟਨ ਟੈਨਿਸ ਕਲੱਬ ਨੇ ਅੰਡਰ-14 ਅਤੇ ਅੰਡਰ-16 ਦੇ ਟੈਨਿਸ ਮੁਕਾਬਲਿਆਂ ਦਾ ਜੁਲਾਈ ਵਿੱਚ ਸਫ਼ਲ ਅਯੋਜਨ ਕੀਤਾ। 'ਸਰੀ ਪ੍ਰੋਵੀਜਨਲ ਲੀਗ' ਦੀ ਵੀ ਮੇਜ਼ਬਾਨੀ ਪਿਛਲੇ ਸਮਿਆਂ ਵਿੱਚ ਨਿਊਟਨ ਦੁਆਰਾ ਸਫ਼ਲਤਾ ਪੂਰਵਕ ਕੀਤੀ ਗਈ। ਹੁਣ ਅਗਲੇ ਮਹੀਨੇ ਨਿਊਟਨ ਕਲੱਬ 'ਟਰੂ ਸਟਾਰ' ਟੂਰਨਾਮੈਂਟ ਅੰਡਰ-12 ਅਤੇ ਅੰਡਰ-14 ਦੀ ਵੀ ਮੇਜ਼ਬਾਨੀ ਸਤੰਬਰ ਵਿੱਚ ਕਰਨ ਜਾ ਰਿਹਾ ਹੈ। ਜੇਕਰ ਇਵੇਂ ਹੀ ਸਾਰਾ ਕੁੱਝ ਸਹੀ ਦਿਸ਼ਾ ਵਿੱਚ ਚੱਲਦਾ ਰਿਹਾ ਤਾਂ ਹੋ ਸਕਦਾ ਹੈ ਕਿ ਜਸਵੀਰ ਸਿੰਘ ਪੰਧੇਰ ਅਤੇ ਰਾਜਦੀਪ ਸਿੰਘ ਝੱਲੀ ਵੱਲੋਂ ਲਏ ਗਏ ਸੁਪਨੇ ਦੇ ਨਤੀਜੇ ਵਜੋਂ ਆਉਂਦੇ ਪੰਜ- ਦਸ ਸਾਲਾਂ ਵਿੱਚ ਹੋ ਸਕਦਾ ਹੈ ਕਿ ਕੋਈ ਪੰਜਾਬੀ ਖਿਡਾਰੀ ਕਿਸੇ ਗਰੇਡ ਸਲੇਮ ਟੂਰਨਾਮੈਂਟ ਵਿਚ ਕੈਨੇਡਾ ਦੇਸ਼ ਵੱਲੋਂ ਖੇਡਦਾ ਨਜ਼ਰ ਆਏ। ਜੇਕਰ ਇਸ ਕਲੱਬ ਦੀ ਪੂਰੀ ਕਾਰਜਸ਼ੈਲੀ ਉੱਪਰ ਝਾਤ ਮਾਰੀਏ ਤਾਂ ਜਸਵੀਰ ਸਿੰਘ ਪੰਧੇਰ, ਰਾਜਦੀਪ ਸਿੰਘ ਝੱਲੀ, ਗੁਰਿੰਦਰ ਡੇਹਲੋ, ਗੁਰਮੁੱਖ ਸਿੰਘ ਝੂਟੀ ਅਤੇ ਅਮਰਜੀਤ ਸਿੰਘ ਸੰਧੂ ਦੇ ਨਾਮ ਉਭਰ ਕੇ ਸਾਹਮਣੇ ਆਉਂਦੇ ਹਨ। ਗੁਰਿੰਦਰ ਡੇਹਲੋ ਜੋ ਆਪ ਫ਼ੀਲਡ ਹਾਕੀ ਦੇ ਬਹੁਤ ਵਧੀਆ ਖਿਡਾਰੀ ਰਹੇ ਹਨ, ਹੁਣ ਉਹ ਨਿਊਟਨ ਕਲੱਬ ਨਾਲ ਜੁੜ ਕੇ ਟੈਕਨੀਕਲ ਅਤੇ ਸੰਚਾਰ ਸਲਾਹਕਾਰ ਦੇ ਰੂਪ ਵਿੱਚ ਕਲੱਬ ਨੂੰ ਆਪਣੀ ਵੱਡਮੁਲੀਆ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਨਿਊਟਨ ਕਲੱਬ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਇਸ ਕਲੱਬ ਦੀ ਵੈੱਬਸਾਈਟ newtonteninsclub.ca ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ ਉਪਰ ਫੋਲੋ ਕੀਤਾ ਜਾ ਸਕਦਾ ਹੈ। ਟੈਨਿਸ ਇੱਕ ਮਹਿੰਗੀ ਖੇਡ ਹੈ ਅਤੇ ਜੇਕਰ ਨਿਊਟਨ ਕਲੱਬ ਨੂੰ ਆਪਣੇ ਭਾਈਚਾਰੇ, ਖੇਡ ਪ੍ਰੇਮੀਆ ਅਤੇ ਹੋਰ ਅਧਿਕਾਰਤ ਸੰਸਥਾਵਾਂ ਦਾ ਇੰਝ ਹੀ ਸਹਿਯੋਗ ਮਿਲਦਾ ਰਿਹਾ ਤਾਂ ਇਸ ਪੇਸ਼ੇਵਾਰ ਖੇਡ ਵਿੱਚ ਵੀ ਕਾਮਯਾਬੀ ਦੀਆ ਮੰਜ਼ਿਲਾਂ ਸਰ ਕੀਤੀਆਂ ਜਾ ਸਕਦੀਆਂ ਹਨ। ਮਰਹੂਮ ਪ੍ਰਸਿੱਧ ਅਮਰੀਕੀ ਟੈਨਿਸ ਖਿਡਾਰੀ ਆਰਥਰ ਐਸ਼ ਦਾ ਇਹ ਕਥਨ ਨਿਊਟਨ ਟੈਨਿਸ ਕਲੱਬ, ਸਰੀ ਦੇ ਮੈਂਬਰਾਂ ਤੇ ਬਿਲਕੁਲ ਢੁੱਕਵਾਂ ਬੈਠਦਾ ਹੈ ਕਿ: 'ਜਿੱਥੇ ਤੁਸੀਂ ਹੋ ਉੱਥੋ ਸ਼ੁਰੂ ਕਰੋ। ਜੋ ਤੁਹਾਡੇ ਕੋਲ ਹੈ ਉਸ ਦੀ ਵਰਤੋਂ ਕਰੋ।

ਤੁਸੀਂ ਜੋ ਕਰ ਸਕਦੇ ਹੋ ਕਰੋ।' ਉਮੀਦ ਇਹੀ ਕੀਤੀ ਜਾ ਸਕਦੀ ਹੈ ਕਿ ਨਿ-ਊਟਨ ਕਲੱਬ ਮੈਬਰਾਂ ਦੀਆਂ ਅਣਥੱਕ ਕੋਸ਼ਿਸ਼ਾਂ ਨੂੰ ਇਕ ਨਾ ਇਕ ਦਿਨ ਸਫਲਤਾ ਦਾ ਬੂਰ ਜਰੂਰ ਪਾਵੇਗਾ... ਆਮੀਨ!



**ਜਗਜੀਤ ਸਿੰਘ**
**ਗਣੇਸ਼ਪੁਰ**
**ਵਟਸਐਪ:**
**94655-76022**

# ਪੇਂਡੂ ਮਜ਼ਦੂਰ ਯੂਨੀਅਨ ਵਲੋਂ ਸੂਬੇ ਭਰ ਵਿੱਚ ਧਰਨੇ ਮੁਜ਼ਾਹਰੇ

**ਚੰਡੀਗੜ੍ਹ, (ਦਲਜੀਤ ਕੌਰ)-** ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਮਜ਼ਦੂਰਾਂ ਦੇ ਬੁਨਿਆਦੀ ਮੁੱਦਿਆਂ ਜ਼ਮੀਨ, ਪਲਾਟ, ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਮਾਲਕੀ ਹੱਕ ਦੇਣ, ਪੱਕਾ ਰੁਜ਼ਗਾਰ ਤੇ ਦਿਹਾੜੀ ਚ ਵਾਧਾ ਕਰਨ, ਕਰਜ਼ਾ ਮੁਆਫ਼ੀ ਅਤੇ ਸਮਾਜਿਕ ਜ਼ਬਰ ਦੇ ਖਾਤਮੇ ਲਈ ਅੱਜ ਪੰਜਾਬ ਭਰ ਵਿੱਚ 9 ਜ਼ਿਲਿਆਂ ਅੰਦਰ 6 ਜ਼ਿਲ੍ਹਾ ਅਤੇ 10 ਤਹਿਸੀਲ ਕੇਂਦਰਾਂ ਉੱਪਰ ਧਰਨੇ ਮੁਜ਼ਾਹਰੇ ਕਰਕੇ ਗਾਰੰਟੀਆਂ ਵਾਲੀ ਸਰਕਾਰ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।

ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ ਅਤੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਮਜ਼ਦੂਰਾਂ ਦੀਆਂ ਮੰਗਾਂ ਨੂੰ ਪੂਰੀ ਤਰਾਂ ਵਿਸਾਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵਲੋਂ ਅਤੇ ਕੈਬਨਿਟ ਮੰਤਰੀਆਂ ਦੇ ਆਧਾਰਿਤ ਸਬ ਕਮੇਟੀ ਵਲੋਂ ਮਜ਼ਦੂਰਾਂ ਦੀਆਂ ਮੰਨੀਆਂ ਮੰਗਾਂ ਨੂੰ ਵੀ ਅਮਲ ਵਿੱਚ ਲਾਗੂ ਨਹੀਂ ਕਰਵਾ ਸਕੇ। ਜਿਸ ਕਾਰਨ ਬੇਜ਼ਮੀਨੇ ਦਲਿਤਾਂ, ਮਜ਼ਦੂਰਾਂ ਨੂੰ ਸੜਕਾਂ ਉੱਪਰ ਆਉਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਧਰਨੇ ਮੁਜ਼ਾਹਰਿਆਂ ਦੌਰਾਨ ਮੁੱਖ ਮੰਤਰੀ ਨੂੰ ਭੇਜੇ ਗਏ ਯਾਦ ਪੱਤਰ ਰਾਹੀਂ ਮੰਗ ਕੀਤੀ ਗਈ ਕਿ ਪੰਚਾਇਤੀ ਜ਼ਮੀਨਾਂ ਚੋਂ ਕਾਨੂੰਨ ਅਨੁਸਾਰ ਰਾਖਵੇਂ ਤੀਜੇ ਹਿੱਸੇ ਦਾ ਹੱਕ ਘੱਟ ਰੇਟ 'ਤੇ ਦਲਿਤਾਂ ਨੂੰ ਪੱਕੇ ਤੌਰ ਉੱਤੇ ਦਿੱਤਾ ਜਾਵੇ, ਪਿੰਡ ਖੋਖਰ ਜ਼ਿਲ੍ਹਾ ਮੁਕਤਸਰ, ਮਡੌਰ ਬਲਾਕ ਨਾਭਾ ਜ਼ਿਲ੍ਹਾ ਪਟਿਆਲਾ ਸਮੇਤ ਰਾਜ ਭਰ ਵਿੱਚ ਪੰਚਾਇਤੀ ਜ਼ਮੀਨਾਂ ਦੀਆਂ ਕੀਤੀਆਂ ਡੰਮੀ ਬੋਲੀਆਂ ਦੀ ਸਮਾਂਬੱਧ ਮੈਜਿਸਟ੍ਰੇਟ ਜਾਂਚ ਕਰਵਾ ਕੇ ਡੰਮੀ ਬੋਲੀਆਂ ਰੱਦ ਕਰਕੇ ਇਸ ਸਕੈਂਡਲ ਵਿੱਚ ਸ਼ਾਮਿਲ ਲੋਕਾਂ ਵਿਰੁੱਧ ਐੱਸ ਸੀ, ਐਸ ਟੀ ਐਕਟ ਦੇ ਪਰਚੇ ਦਰਜ ਕੀਤੇ ਜਾਣ ਤੇ ਜ਼ਮੀਨ ਅਸਲ ਹੱਕਦਾਰ ਦਲਿਤ ਮਜ਼ਦੂਰਾਂ ਨੂੰ ਦਿੱਤੀ ਜਾਵੇ, ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਰਜਿਸਟਰੀਆਂ




ਕਰਕੇ ਮਾਲਕੀ ਦੇ ਹੱਕ ਪੰਚਾਇਤੀ ਵੋਟਾਂ ਤੋਂ ਪਹਿਲਾਂ ਪਹਿਲਾਂ ਦਿੱਤੇ ਜਾਣ, ਰਾਜ ਭਰ ਵਿੱਚ ਲੋੜਵੰਦ ਪਰਿਵਾਰਾਂ ਨੂੰ ਰਿਹਾਇਸ਼ੀ ਪਲਾਟ ਦੇਣ ਲਈ ਗ੍ਰਾਮ ਸਭਾ ਅਜਲਾਸਾਂ ਵਿੱਚ ਪਾਸ ਕੀਤੇ ਮਤਿਆਂ ਅਨੁਸਾਰ ਪਲਾਟ ਅਲਾਟ ਕੀਤੇ ਜਾਣ, ਰਹਿੰਦੇ ਪਿੰਡਾਂ ਵਿੱਚ ਗ੍ਰਾਮ ਸਭਾ ਅਜਲਾਸ ਕਰਕੇ ਮਤੇ ਪਾਸ ਕਰਨੇ ਯਕੀਨੀ ਬਣਾਉਂਦੇ ਹੋਏ ਪਲਾਟ ਦਿੱਤੇ ਜਾਣ, ਢੇਰ ਸੁੱਟਣ ਲਈ ਪਲਾਟ ਅਲਾਟ ਕੀਤੇ ਜਾਣ ਅਤੇ ਸਾਂਝੀਆਂ, ਪੰਚਾਇਤੀ ਜ਼ਮੀਨਾਂ ਉੱਪਰ ਕਾਬਜ਼ ਮਜ਼ਦੂਰਾਂ ਨੂੰ ਮਾਲਕੀ ਹੱਕ ਦਿੱਤੇ ਜਾਣ, ਕੱਚੇ ਘਰਾਂ ਤੇ ਗਾਡਰ ਵੱਲਿਆਂ ਵਾਲੇ ਖਸਤਾ ਹਾਲਤ ਘਰ ਨੂੰ ਪੱਕੇ ਕਰਨ ਅਤੇ ਮਕਾਨ ਉਸਾਰੀ ਲਈ 5-5 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇ, ਮਗਨਰੇਗਾ ਸਕੀਮ ਨੂੰ ਸਹੀ ਅਰਥਾਂ ਵਿੱਚ ਲਾਗੂ ਕਰਦੇ ਹੋਏ 100 ਦਿਨ ਦਾ ਰੁਜ਼ਗਾਰ ਮੁਹੱਈਆਂ ਕਰਵਾਉਣ ਦੀ ਗਾਰੰਟੀ ਤੇ ਬਾਕੀ ਦਿਨਾਂ ਲਈ ਸੂਬਾ ਸਰਕਾਰ ਕੰਮ ਦੇਣਾ ਯਕੀਨੀ ਬਣਾਵੇ। ਮਨਰੇਗਾ ਹੇਠ ਦਿਹਾੜੀਆਂ ਵਿੱਚ ਕੀਤੀ ਗਈ ਹੇਰਾਫੇਰੀ




ਦੀ ਸਮਾਂਬੱਧ ਪੜਤਾਲ ਕੀਤੀ ਜਾਵੇ, ਕੀਤੇ ਗਏ ਕੰਮ ਦੇ ਬਕਾਏ ਫੌਰੀ ਜਾਰੀ ਕੀਤੇ ਜਾਣ, ਮਗਨਰੇਗਾ ਕਾਰਜਾਂ ਦਾ ਸੋਸ਼ਲ ਆਡਿਟ ਕਰਨਾ ਯਕੀਨੀਂ ਬਣਾਕੇ ਘਪਲੇਬਾਜ਼ੀ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਦਿੱਤੀ ਜਾਵੇ ਅਤੇ 52 ਛੁੱਟੀਆਂ ਸਮੇਤ ਸਾਲ ਭਰ ਮਜ਼ਦੂਰਾਂ ਨੂੰ ਲੋੜ ਅਨੁਸਾਰ ਪੱਕਾ ਰੁਜ਼ਗਾਰ ਮੁਹੱਈਆਂ ਕਰਵਾਇਆ ਜਾਵੇ ਤੇ ਅੱਤ ਦੀ ਮਹਿੰਗਾਈ ਅਨੁਸਾਰ ਹਰ ਖੇਤਰ ਵਿੱਚ ਮਜ਼ਦੂਰਾਂ ਦੀ ਦਿਹਾੜੀ ਪ੍ਰਤੀ ਦਿਨ 1000 ਰੁਪਏ ਕੀਤੀ ਜਾਵੇ, ਬੇਜ਼ਮੀਨੇ ਮਜ਼ਦੂਰਾਂ ਸਿਰ ਸਹਿਕਾਰੀ,ਸਰਕਾਰੀ ਤੇ ਗੈਰ-ਸਰਕਾਰੀ ਸਮੁੱਚੇ ਕਰਜ਼ੇ ਮੁਆਫ਼ ਕੀਤੇ ਜਾਣ ਅਤੇ ਕੋ-ਅਪ-ਸੁਸਾਇਟੀਆਂ ਵਿੱਚ ਮਜ਼ਦੂਰਾਂ ਨੂੰ ਬਿਨਾਂ ਸ਼ਰਤ ਮੈਂਬਰਸ਼ਿਪ ਦਿੱਤੀ ਜਾਵੇ ਅਤੇ ਖ਼ੁਸ਼ੀ ਗਮੀਂ ਮੌਕੇ ਲੋੜ ਪੈਣ 'ਤੇ ਸਹਿਕਾਰੀ ਸਭਾਵਾਂ ਤੇ ਸਰਕਾਰੀ ਬੈਂਕਾਂ ਵਿੱਚ ਬਿਨਾਂ ਵਿਆਜ ਬੇਜ਼ਮੀਨੇ ਮਜ਼ਦੂਰਾਂ ਲਈ ਬਦਲਵੇਂ ਕਰਜ਼ੇ ਦਾ ਪ੍ਰਬੰਧ ਕੀਤਾ ਜਾਵੇ ਅਤੇ ਦਲਿਤ ਮਜ਼ਦੂਰਾਂ ਨਾਲ ਹੁੰਦੇ ਸਮ-ਾਜਿਕ ਜ਼ਬਰ ਨੂੰ ਸਖ਼ਤੀ ਨਾਲ ਰੋਕਿਆ ਜਾਵੇ।

ਇਸ ਮੌਕੇ ਇੱਕ ਮਤਾ ਪਾਸ ਕਰਕੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਗੁਰਵਿੰਦਰ ਬੌੜਾਂ ਸਮੇਤ ਪਿੰਡ ਮਡੌਰ ਪਟਿਆਲਾ ਦੇ 17 ਦਲਿਤ ਮਜ਼ਦੂਰਾਂ ਨੂੰ ਤੁਰੰਤ ਰਿਹਾਅ ਕਰਨ ਅਤੇ ਪੰਚਾਇਤੀ ਜ਼ਮੀਨ ਦਾ ਹੱਕ ਅਸਲ ਹੱਕਦਾਰ ਦਲਿਤਾਂ ਨੂੰ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਸੱਤਾ ਪ੍ਰਾਪਤੀ ਤੋਂ ਪਹਿਲਾਂ ਪੇਂਡੂ ਮਜ਼ਦੂਰਾਂ ਕੋਲੋਂ ਗਾਰੰਟੀਆਂ ਦੇ ਨਾਂ ਉੱਤੇ ਵੋਟਾਂ ਲੈ ਕੇ ਸਰਕਾਰ ਬਣਾਈ, ਉਪਰੰਤ ਦਿੱਤੀਆਂ ਸਾਰੀਆਂ ਗਾਰੰਟੀਆਂ ਨੂੰ ਪੂਰੀ ਤਰ੍ਹਾਂ ਵਿਸਾਰ ਦਿੱਤਾ ਹੈ। ਮੰਗਾਂ ਮਸਲਿਆਂ ਨੂੰ ਹੱਲ ਕਰਨਾ ਤਾਂ ਦੂਰ ਡੇਢ ਸਾਲ ਤੋਂ ਵੱਧ ਸਮਾਂ ਬੀਤ ਜਾਣ 'ਤੇ ਵੀ ਸਰਕਾਰ ਦੇ ਮੂੰਹ ਚੋਂ ਦਲਿਤ, ਮਜ਼ਦੂਰ ਸ਼ਬਦ ਤੱਕ ਸੁਣਨ ਨੂੰ ਨਹੀਂ ਮਿਲਿਆ। ਮੁੱਖ ਮੰਤਰੀ ਵਲੋਂ ਖ਼ੁਦ ਅਤੇ ਆਪ ਦੀ ਸਰਕਾਰ ਦੇ ਕੈਬਨਿਟ ਮੰਤਰੀਆਂ ਦੇ ਆਧਾਰਿਤ ਸਬ ਕਮੇਟੀ ਵਲੋਂ ਮਜ਼ਦੂਰ ਜਥੇਬੰਦੀਆਂ ਨਾਲ ਮੀਟਿੰਗਾਂ ਕਰਕੇ ਦਲਿਤ ਮਜ਼ਦੂਰਾਂ ਨੂੰ ਦਿੱਤੀਆਂ ਗਈਆਂ ਗਾਰੰਟੀਆਂ ਉੱਤੇ ਅਮਲ ਕਰਨ ਦੀ ਥਾਂ ਹੱਕ ਮੰਗਦੇ ਦਲਿਤ ਮਜ਼ਦੂਰਾਂ ਦੀ ਆਵਾਜ਼ ਨੂੰ ਲਾਠੀਆ ਦੇ ਜ਼ੋਰ ਨਾਲ ਦਬਾ ਕੇ ਝੂਠੇ ਪੁਲਿਸ ਕੇਸ ਪਾ ਕੇ ਜੇਲ੍ਹ ਵਿੱਚ ਬੰਦ ਕਰਨ ਨੂੰ ਤਰਜੀਹ ਦਿੱਤੀ ਗਈ। ਇਸ ਦੀ ਉਘੜਵੀਂ ਉਦਾਹਰਨ ਪਿੰਡ ਮਡੌਰ ਬਲਾਕ ਨਾਭਾ ਜ਼ਿਲ੍ਹਾ ਪਟਿਆਲਾ ਦੇ ਦਲਿਤ ਮਜ਼ਦੂਰਾਂ ਉੱਪਰ ਜ਼ਬਰ ਕਰਕੇ ਇਰਾਦਾ ਕਤਲ ਵਰਗੀਆਂ ਸੰਗੀਨ ਧਾਰਾਵਾਂ ਤਹਿਤ ਕੇਸ ਵਿੱਚ 17 ਮਜ਼ਦੂਰਾਂ ਨੂੰ ਜੇਲ੍ਹ ਡੱਕਣ ਅਤੇ ਉਹਨਾਂ ਦਾ ਰਾਖਵੇਂ ਤੀਜੇ ਹਿੱਸੇ ਦੀ ਪੰਚਾਇਤੀ ਜ਼ਮੀਨ ਦਾ ਹੱਕ ਖੋਹਣ ਦੇ ਕੀਤੇ ਜਾ ਰਹੇ ਯਤਨਾਂ ਤੋਂ ਦੇਖ ਸਕਦੇ ਹਾਂ।

# ਹੁਸ਼ਿਆਰਪੁਰ 'ਚ 9 ਅਕਤੂਬਰ ਨੂੰ ਬਸਪਾ ਕਰੇਗੀ ਸੰਵਿਧਾਨ ਬਚਾਓ ਮਹਾਰੈਲੀ - ਜਸਵੀਰ ਸਿੰਘ ਗੜ੍ਹੀ

## ਬਸਪਾ ਨੇ ਦਸ ਲੋਕ ਸਭਾ ਦੇ ਦੋ-ਦੋ ਇੰਚਾਰਜ ਨਿਯੁਕਤ ਕੀਤੇ

**ਫਗਵਾੜਾ (ਬੀ.ਕੇ.ਰੱਤੂ)–** ਬਹੁਜਨ ਸਮਾਜ ਪਾਰਟੀ ਵਲੋਂ ਪੰਜਾਬ ਵਿੱਚ ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦੇ ਹੋਏ 10 ਲੋਕ ਸਭਾ ਦੇ ਦੋ-ਦੋ ਇੰਚਾਰਜ ਦੇ ਨਿਯੁਕਤ ਕੀਤੇ ਗਏ ਹਨ। ਬਸਪਾ ਸੂਬਾ ਪ੍ਰਧਾਨ ਸ ਜਸਵੀਰ ਸਿੰਘ ਗੜ੍ਹੀ ਨੇ ਅੱਜ ਜਲੰਧਰ ਦੇ ਸਾਹਿਬ ਕਾਂਸ਼ੀ ਰਾਮ ਭਵਨ ਵਿਚ ਸੂਬਾ ਪੱਧਰੀ ਮੀਟਿੰਗ ਕੀਤੀ ਜਿਸ ਵਿਚ ਸੂਬਾ ਜਨਰਲ ਸਕੱਤਰ, ਸੂਬਾ ਸਕੱਤਰ, ਸੂਬਾ ਕਮੇਟੀ ਮੈਂਬਰ, ਜਿਲ੍ਹਾਂ ਇੰਚਾਰਜ, ਜਿਲ੍ਹਾਂ ਪ੍ਰਧਾਨ ਤੇ ਵਿਧਾਨ ਸਭਾ ਪੱਧਰੀ ਆਗੂ ਹਾਜ਼ਿਰ ਹੋਏ। ਮੁੱਖ ਮਹਿਮਾਨ ਵਜੋਂ ਸੂਬਾ ਇੰਚਾਰਜ ਵਿਧਾਇਕ ਡਾ ਨਛੱਤਰ ਪਾਲ ਹਾਜ਼ਿਰ ਰਹੇ। ਲਗਭਗ ਪੰਜ ਘੰਟੇ ਚੱਲੀ ਮੀਟਿੰਗ ਵਿੱਚ ਜ਼ਮੀਨੀ ਪੱਧਰ ਤੇ ਸੰਗਠਨ ਦੀਆਂ ਰਿਪੋਰਟਾਂ ਅਤੇ ਰਾਜਨੀਤਿਕ ਹਾਲਾਤਾਂ ਤੇ ਚਰਚਾ ਕੀਤੀ ਗਈ। ਜਮੀਨੀ ਪੱਧਰ ਤੇ ਸੰਗਠਨ ਨੂੰ ਮਜ਼ਬੂਤ ਕਰਨ ਹਿਤ ਪੰਜਾਬ ਦੀਆਂ 10 ਲੋਕ ਸਭਾ ਦੇ ਇੰਚਾਰਜ ਨਿਯੁਕਤ ਕੀਤੇ ਗਏ ਜਿਸ ਵਿੱਚ ਲੋਕ ਸਭਾ ਸ਼੍ਰੀ ਆਨੰਦਪੁਰ ਸਾਹਿਬ ਦੇ ਇੰਚਾਰਜ ਵਿਧਾਇਕ ਡਾ ਨਛੱਤਰ ਸਿੰਘ, ਸ਼੍ਰੀ ਅਜੀਤ ਸਿੰਘ ਭੈਣੀ ਤੇ ਸ਼੍ਰੀ ਰਾਜਾ ਰਾਜਿੰਦਰ ਸਿੰਘ ਨਨਹੇੜੀਆਂ ਹੋਣਗੇ। ਜਲੰਧਰ ਲੋਕ ਸਭਾ ਦੇ ਇੰਚਾਰਜ ਸ਼੍ਰੀ ਗੁਰਮੇਲ ਚੁੰਬਰ ਤੇ ਐਡਵੋਕੇਟ ਬਲਵਿੰਦਰ ਕੁਮਾਰ ਹੋਣਗੇ। ਹੁਸ਼ਿਆਰਪੁਰ ਲੋਕ ਸਭਾ ਦੇ ਇੰਚਾਰਜ ਸ਼੍ਰੀ ਗੁਰਲਾਲ ਸੈਲਾ ਤੇ ਚੌਧਰੀ ਗੁਰਨਾਮ ਸਿੰਘ ਹੋਣਗੇ। ਖੱਡੂਰ ਸਾਹਿਬ ਲੋਕ ਸਭਾ ਦੇ ਇੰਚਾਰਜ ਸ਼੍ਰੀ ਤਰਸੇਮ ਥਾਪਰ ਤੇ ਸ਼੍ਰੀ ਕੁਲਵਿੰਦਰ ਸਿੰਘ ਸਹੋਤਾ ਹੋਣਗੇ। ਫਿਰੋਜ਼ਪੁਰ ਲੋਕ ਸਭਾ ਦੇ ਇੰਚਾਰਜ ਸ਼੍ਰੀ ਓਮ ਪ੍ਰਕਾਸ਼ ਸਰੋਆ ਤੇ ਸੁਖਦੇਵ ਸਿੰਘ ਸ਼ੀਰਾ ਹੋਣਗੇ। ਫਰੀਦਕੋਟ ਲੋਕ ਸਭਾ ਦੇ ਇੰਚਾਰਜ ਸ਼੍ਰੀ ਗੁਰਬਖਸ਼ ਸਿੰਘ ਚੌਹਾਨ ਤੇ ਸ਼੍ਰੀ ਸੰਤ ਰਾਮ ਮੱਲੀਆਂ ਹੋਣਗੇ। ਬਠਿੰਡਾ ਲੋਕ ਸਭਾ ਦੇ ਇੰਚਾਰਜ ਸ਼੍ਰੀ ਕੁਲਦੀਪ ਸਿੰਘ ਸਰਦੂਲਗੜ੍ਹ ਤੇ ਸ਼੍ਰੀਮਤੀ ਮੀਨਾ ਰਾਣੀ ਹੋਣਗੇ। ਸੰਗਰੂਰ ਲੋਕ ਸਭਾ ਦੇ ਇੰਚਾਰਜ ਸ਼੍ਰੀ ਚਮਕੌਰ ਸਿੰਘ ਵੀਰ ਤੇ ਡਾ ਮੱਖਣ ਸਿੰਘ ਜੀ ਹੋਣਗੇ। ਪਟਿਆਲਾ ਲੋਕ ਸਭਾ ਦੇ ਇੰਚਾਰਜ ਸ਼੍ਰੀ ਬਲਦੇਵ ਸਿੰਘ ਮਹਿਰਾ ਤੇ ਸ਼੍ਰੀ ਜਗਜੀਤ ਸਿੰਘ ਛਰਬੜ ਹੋਣਗੇ। ਫ਼ਤਹਿਗੜ੍ਹ ਸਾਹਿਬ ਲੋਕ ਸਭਾ ਦੇ ਇੰਚਾਰਜ ਸ਼੍ਰੀ ਕੁਲਵੰਤ ਸਿੰਘ ਮਹਤੋ ਅਤੇ ਡਾ ਜਸਪ੍ਰੀਤ ਸਿੰਘ ਬੀਜਾ ਹੋਣਗੇ। ਸੰਗਠਨ ਦੀ ਮਜ਼ਬੂਤੀ ਲਈ ਲੋਕ ਸਭਾ ਗੁਰਦਾਸਪੁਰ ਤੇ ਸ਼੍ਰੀ ਅੰਮ੍ਰਿਤਸਰ ਵਿਖੇ ਕੋਆਰਡੀਨੇਟਰ ਸ਼੍ਰੀ ਗੁਰਨਾਮ ਚੌਧਰੀ ਜੀ ਹੋਣਗੇ।



ਸ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕੇਡਰ ਦੇ ਅਧਾਰ ਤੇ ਪਿੰਡ ਪਿੰਡ ਸੰਗਠਨ ਦੀ ਮਜ਼ਬੂਤੀ ਪਹਿਲਾ ਪ੍ਰੋਗਰਾਮ ਹੈ, ਜਿਸ ਲਈ ਪੰਜਾਬ ਨੂੰ 2300 ਸੈਕਟਰਾਂ ਵਿੱਚ ਵੰਡਕੇ ਕੰਮ ਚਲ ਰਿਹਾ ਹੈ। ਜਿਸਦਾ ਪਹਿਲਾ ਪੜਾਅ 9 ਅਕਤੂਬਰ ਨੂੰ ਪੂਰਾ ਹੋਵੇਗਾ ਜੋਕਿ ਪਿਛਲੇ ਦੋ ਮਹੀਨੇ ਤੋਂ ਚੱਲ ਰਿਹਾ ਹੈ। ਸ ਗੜ੍ਹੀ ਨੇ ਕਿਹਾ ਕਿ 9ਅਕਤੂਬਰ ਨੂੰ ਸਾਹਿਬ ਕਾਂਸ਼ੀ ਰਾਮ ਜੀ ਦੇ ਪ੍ਰੀਨਿਰਵਾਣ ਮੌਕੇ ਸੰਵਿਧਾਨ ਬਚਾਓ ਵਿਸ਼ਾਲ ਮਹਾਰੈਲੀ ਹੋਸ਼ਿਆਰਪੁਰ ਵਿਖੇ ਕੀਤੀ ਜਾਵੇਗੀ, ਜਿਸ ਵਿੱਚ ਕੇਂਦਰੀ ਲੀਡਰਸ਼ਿਪ ਵਿਸੇਸ਼ ਰੂਪ ਵਿੱਚ ਪੁੱਜੇਗੀ। ਵਿਧਾਇਕ ਡਾ ਨਛੱਤਰ ਪਾਲ ਜੀ ਨੇ ਕਿਹਾ ਕਿ ਅੱਜ ਭਾਜਪਾ ਦੇਸ਼ ਵਿੱਚ ਸੰਵਿਧਾਨ ਨੂੰ ਬਦਲਣ ਲਈ ਤਰ੍ਹਾਂ ਤਰ੍ਹਾਂ ਦੀਆਂ ਗੋਂਦਾਂ ਗੁੰਦ ਰਹੀ ਹੈ। ਜਿਸਦੇ ਖ਼ਿਲਾਫ਼ ਬਹੁਜਨ ਸਮਾਜ ਦਾ ਵਿਸ਼ਾਲ ਸਕਤੀ ਪ੍ਰਦਰਸ਼ਨ ਹੋਵੇਗਾ, ਜਿਸ ਵਿਚ ਮੁੱਖ ਤੌਰ ਤੇ ਦੋਆਬੇ ਦੀਆ ਤਿੰਨ ਲੋਕ ਸਭਾ ਨੂੰ ਕੇਂਦਰਿਤ ਕੀਤਾ ਜਾਵੇਗਾ।

# ਆਸੀਆਨ ਮੁਲਕਾਂ ਵੱਲੋਂ ਦੱਖਣੀ ਚੀਨ ਸਾਗਰ ਨੇੜੇ ਜਲ ਸੈਨਾ ਦਾ ਸਾਂਝਾ ਅਭਿਆਸ

**ਜਕਾਰਤਾ (ਇੰਡੋਨੇਸ਼ੀਆ)** ਦੱਖਣ-ਪੂਰਬੀ ਏਸ਼ਿਆਈ ਮੁਲਕਾਂ ਦੀ ਐਸੋਸੀਏਸ਼ਨ ਨੇ ਵਿਵਾਦਤ ਦੱਖਣੀ ਚੀਨ ਸਾਗਰ ਨੇੜੇ ਜਲ ਸੈਨਾ ਦਾ ਪਹਿਲਾ ਸੰਯੁਕਤ ਅਭਿਆਸ਼ ਸ਼ੁਰੂ ਕੀਤਾ ਹੈ। ਇਹ ਅਭਿਆਸ ਅਜਿਹੇ ਸਮੇਂ ਸ਼ੁਰੂ ਕੀਤਾ ਗਿਆ ਹੈ ਜਦੋਂ ਕਈ ਮੈਂਬਰ ਦੇਸ਼ ਖੇਤਰ ਵਿੱਚ ਚੀਨ ਦਾ ਦਬਦਬਾ ਵਧਣ ਦਾ ਵਿਰੋਧ ਕਰ ਰਹੇ ਹਨ। ਇੰਡੋਨੇਸ਼ਿਆਈ ਫੌਜ ਦੇ ਮੁਖੀ ਐਡਮ. ਯੂਡੋ ਮਾਰਗੋਨੋ ਨੇ ਕਿਹਾ ਕਿ ਇਸ ਅਭਿਆਸ ਵਿੱਚ ਸਮੁੰਦਰੀ



ਗਸ਼ਤ ਮੁਹਿੰਮ, ਤਲਾਸ਼ੀ ਤੇ ਬਚਾਅ ਕਾਰਜ ਆਦਿ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇੰਡੋਨੇਸ਼ੀਆ ਦੇ ਨਟੂਨਾ ਜਲ ਖੇਤਰ ਵਿੱਚ ਚੱਲ ਰਹੇ ਇਸ ਪੰਜ ਰੋਜ਼ਾ ਅਭਿਆਸ ਦਾ ਮਕਸਦ ਆਸੀਆਨ ਮੁਲਕਾਂ ਵਿਚਾਲੇ ਫ਼ੌਜੀ ਸਬੰਧਾਂ ਨੂੰ ਹੁਲਾਰਾ ਦੇਣਾ ਅਤੇ ਅੰਤਰ-ਕਾਰਜਸ਼ੀਲਤਾ ਵਧਾਉਣਾ ਹੈ। ਆਸੀਆਨ ਮੁਲਕ ਪਹਿਲਾਂ ਵੀ ਅਮਰੀਕਾ ਅਤੇ ਚੀਨ ਸਮੇਤ ਹੋਰ ਦੇਸ਼ਾਂ ਨਾਲ ਸਮੁੰਦਰੀ ਅਭਿਆਸਾਂ ਵਿੱਚ ਹਿੱਸਾ ਲੈ ਚੁੱਕੇ ਹਨ ਪਰ ਇਸ ਹਫ਼ਤੇ ਦੇ ਅਭਿਆਸ ਵਿੱਚ ਸਿਰਫ ਆਸੀਅਨ ਦੇਸ਼ ਹੀ ਸ਼ਾਮਲ ਹਨ। ਬਹੁਤੇ ਦੇਸ਼ਾਂ ਵੱਲੋਂ ਇਸ ਨੂੰ ਚੀਨ ਨੂੰ ਵਿਰੋਧ ਦਾ ਸੰਕੇਤ ਦੇਣ ਵਜੋਂ ਦੇਖਿਆ ਜਾ ਰਿਹਾ ਹੈ। ਸਿੰਗਾਪੁਰ ਦੇ ਨਾਲ ਲੱਗਦੇ ਬਾਟਮ ਟਾਪੂ 'ਤੇ ਅਭਿਆਸ ਦੇ ਉਦਘਾਟਨੀ ਸਮਾਗਮ ਵਿੱਚ ਆਸੀ-ਆਨ ਮੁਲਕਾਂ ਦੇ ਫੌਜੀ ਅਧਿਕਾਰੀਆਂ ਨੇ ਸ਼ਮੂਲੀਅਤ ਕੀਤੀ। ਸਮਾਗਮ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਾਰਗੋਨੋ ਨੇ ਕਿਹਾ, ''ਖੇਤਰ ਵਿੱਚ ਗਤੀਵਿਧੀਆਂ ਕਰ ਰਹੇ ਦੇਸ਼ਾਂ ਨੂੰ ਨਿਯਮਾਂ ਦੀ ਉਲੰਘਣਾ ਨਹੀਂ ਕਰਨੀ ਚਾਹੀਦੀ।'' ਉਨ੍ਹਾਂ ਪੱਤਰਕਾਰਾਂ ਨੂੰ ਦੱਸਿਆ ਕਿ ਆਸੀਆਨ ਦੇਸ਼ਾਂ ਨੇ ਹਰ ਸਾਲ ਫੌਜੀ ਅਭਿਆਸ ਕਰਵਾਉਣ ਲਈ ਸਹਿਮਤੀ ਦਿੱਤੀ ਹੈ।

# ਭਾਰਤੀ ਮੂਲ ਦੇ ਹਿੰਦੂਆਂ ਨੂੰ ਦਿੱਤੀ ਕੈਨੇਡਾ ਛੱਡਣ ਦੀ ਧਮਕੀ

**ਟੋਰਾਂਟੋ–** ਖਾਲਿਸਤਾਨੀ ਅੱਤਵਾਦੀ ਹਰਦੀਪ ਸਿੰਘ ਨਿੱਝਰ ਦੇ ਕਤਲ ਨੂੰ ਲੈ ਕੇ ਭਾਰਤ ਅਤੇ ਕੈਨੇਡਾ ਵਿਚਾਲੇ ਟਕਰਾਅ ਚੱਲ ਰਿਹਾ ਹੈ। ਤਾਜ਼ਾ ਖ਼ਬਰ ਇਹ ਹੈ ਕਿ ਖਾਲਿਸਤਾਨ ਪੱਖੀ ਸਿੱਖਸ ਫਾਰ ਜਸਟਿਸ ਗਰੁੱਪ ਨੇ ਅੱਗ ਵਿੱਚ ਤੇਲ ਪਾਉਣ ਦਾ ਕੰਮ ਕੀਤਾ ਹੈ। ਕੈਨੇਡਾ 'ਚ ਰਹਿ ਰਹੇ ਭਾਰਤੀ ਮੂਲ ਦੇ ਹਿੰਦੂਆਂ ਨੂੰ ਕੈਨੇਡਾ ਛੱਡਣ ਲਈ ਕਿਹਾ ਹੈ। ਭਾਰਤ ਸਰਕਾਰ ਨੇ ਖਾਲਿਸਤਾਨ ਪੱਖੀ ਹੋਣ ਕਾਰਨ 2019 'ਚ ਸਿੱਖਸ ਫਾਰ ਜਸਟਿਸ (SFJ) 'ਤੇ ਪਾਬੰਦੀ ਲਗਾ ਦਿੱਤੀ ਸੀ।

**ਭਾਰਤ-ਹਿੰਦੂ ਕੈਨੇਡਾ ਛੱਡੋ**

ਸਿੱਖਸ ਫਾਰ ਜਸਟਿਸ ਦੇ ਗੁਰਪਤਵੰਤ ਪੰਨੂ ਨੇ ਇੱਕ ਵੀਡੀਓ ਜਾਰੀ ਕਰ ਕੇ ਇਹ ਧਮਕੀ ਦਿੱਤੀ ਹੈ। ਵੀਡੀਓ 'ਚ ਪੰਨੂੰ ਨੇ ਕਿਹਾ ਹੈ, 'ਭਾਰਤ-ਹਿੰਦੂ ਕੈਨੇਡਾ ਛੱਡੋ, ਇੰਡੀਆ ਜਾਓ। ਤੁਸੀਂ ਨਾ ਸਿਰਫ ਭਾਰਤ ਦਾ ਸਮਰਥਨ ਕਰਦੇ ਹੋ, ਸਗੋਂ ਖਾਲਿਸਤਾਨ ਪੱਖੀ ਸਿੱਖਾਂ ਦੇ ਭਾਸ਼ਣਾਂ ਦਾ ਵੀ ਵਿਰੋਧ ਕਰਦੇ ਹੋ। ਗੁਰਪਤਵੰਤ ਪੰਨੂ ਦੀ ਇਹ ਵੀਡੀਓ ਤੇਜ਼ੀ ਨਾਲ ਵਾਇਰਲ ਹੋਈ ਹੈ। ਦੱਸ ਦੇਈਏ ਕਿ ਗੁਰਪਤਵੰਤ ਪੰਨੂ ਨੂੰ ਭਾਰਤ 'ਚ ਅੱਤਵਾਦੀ ਐਲਾਨਿਆ ਜਾ ਚੁੱਕਾ ਹੈ। ਭਾਰਤ ਤੇ ਕੈਨੇਡਾ ਵਿਚਾਲੇ ਵਿਵਾਦ ਉਦੋਂ ਸ਼ੁਰੂ ਹੋਇਆ ਜਦੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੰਸਦ 'ਚ ਕਿਹਾ ਕਿ ਇਸ ਸਾਲ ਜੂਨ 'ਚ ਨਿੱਝਰ ਦੇ ਕਤਲ ਪਿੱਛੇ ਭਾਰਤ ਸਰਕਾਰ ਦੇ ਏਜੰਟਾਂ ਦਾ ਹੱਥ ਹੋ ਸਕਦਾ ਹੈ। ਇਸ ਤੋਂ ਤੁਰੰਤ ਬਾਅਦ ਕੈਨੇਡਾ ਨੇ ਭਾਰਤੀ ਡਿਪਲੋਮੈਟ ਨੂੰ ਕੱਢ ਦਿੱਤਾ। ਕੈਨੇਡਾ ਦੇ ਸਾਰੇ ਦੋਸ਼ਾਂ ਨੂੰ ਰੱਦ ਕਰਦਿਆਂ ਭਾਰਤ ਨੇ ਕੈਨੇਡੀਅਨ ਡਿਪਲੋਮੈਟ ਨੂੰ 5 ਦਿਨਾਂ ਦੇ ਅੰਦਰ ਦਿੱਲੀ ਛੱਡਣ ਲਈ ਵੀ ਕਿਹਾ ਹੈ।

ਕੈਨੇਡੀਅਨ ਹਿੰਦੂਜ਼ ਫਾਰ ਹਾਰਮੋਨੀ ਦੇ ਬੁਲਾਰੇ ਵਿਜੇ ਜੈਨ ਨੇ ਪੰਨੂ ਦੀ ਧਮਕੀ 'ਤੇ ਚਿੰਤਾ ਪ੍ਰਗਟਾਈ ਹੈ। ਕਿਹਾ- 'ਹੁਣ ਅਸੀਂ ਹਰ ਪਾਸੇ ਪੂਰੇ ਪੈਮਾਨੇ 'ਤੇ ਹਿੰਦੂਫੋਬੀਆ ਦੇਖ ਰਹੇ ਹਾਂ।' ਜੈਨ ਨੇ ਕਿਹਾ ਕਿ ਨਿੱਝਰ ਦੀ ਹੱਤਿਆ 'ਚ ਭਾਰਤ ਦੀ ਕਥਿਤ ਸ਼ਮੂਲੀਅਤ ਬਾਰੇ ਟਰੂਡੋ ਦੀਆਂ ਟਿੱਪਣੀਆਂ ਭਾਵਨਾਵਾਂ ਨੂੰ ਭੜਕਾ ਸਕਦੀਆਂ ਹਨ। ਅਸੀਂ ਚਿੰਤਤ ਹਾਂ ਕਿ ਇਸ ਨਾਲ ਕੈਨੇਡਾ 'ਚ ਹਿੰਦੂ ਲੋਕਾਂ ਦੀ ਜਾਨ 1985 ਵਾਂਗ ਖਤਰੇ ਵਿੱਚ ਪੈ ਸਕਦੀ ਹੈ।

# ਦਿਲ ਦੇ ਦੌਰੇ ਕਾਰਨ ਮਰਨ ਤੋਂ ਪਹਿਲਾਂ 40 ਬੱਚਿਆਂ ਨੂੰ ਬਚਾਅ ਗਿਆ ਸਕੂਲ ਬੱਸ ਚਾਲਕ

**ਅਮਰਾਵਤੀ–** ਬੱਸ ਦੇ ਡਰਾਈਵਰ ਨੇ ਦਿਲ ਦਾ ਦੌਰਾ ਪੈਣ ਕਾਰਨ ਮਰਨ ਤੋਂ ਪਹਿਲਾਂ 40 ਸਕੂਲੀ ਬੱਚੇ ਵਾਲ-ਵਾਲ ਬਚਾਅ ਲਏ। ਨਿੱਜੀ ਸਕੂਲ ਬੱਸ ਦਾ ਚਾਲਕ 53 ਸਾਲਾ ਗੁੱਰਾਲਾ ਏ-ਦੁਕੋਂਦਾਲੂ ਅੱਜ ਆਂਧਰਾ ਪ੍ਰਦੇਸ਼ ਦੇ ਬਾਪਟਲਾ ਜ਼ਿਲ੍ਹੇ ਵਿੱਚ ਵਿਦਿਆਰਥੀਆਂ ਨੂੰ ਲਿਜਾ ਰਿਹਾ ਸੀ। ਇਸ ਦੌਰਾਨ ਉਸ ਨੂੰ ਅਚਾਨਕ ਦਿਲ ਦਾ ਦੌਰਾ ਪੈ ਗਿਆ ਪਰ ਉਸ ਨੇ ਕੋਈ ਦੁਰਘਟਨਾ ਹੋਣ ਤੋਂ ਪਹਿਲਾਂ ਹੀ ਬੱਸ ਨੂੰ ਰੋਕ ਦਿੱਤਾ। ਸਥਾਨਕ ਲੋਕਾਂ ਨੇ ਉਸ ਨੂੰ ਹਸਪਤਾਲ ਪਹੁੰਚਾਇਆ ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਵਿਦਿਆਰਥੀਆਂ ਨੂੰ ਉਸੇ ਬੱਸ ਵਿੱਚ ਇੱਕ ਹੋਰ ਡਰਾਈਵਰ ਸਕੂਲ ਲੈ ਗਿਆ। ਪੁਲੀਸ ਨੇ ਮਾਮਲੇ ਦੀ ਜਾਂਚ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ।







9 ਅਕਤੂਬਰ 2023,

**ਚਲੋ ਹੁਸ਼ਿਆਰਪੁਰ**

ਸੰਵਿਧਾਨ ਬਚਾਓ ਮਹਾਂਪੰਚਾਇਤ

ਸਾਹਿਬ ਕਾਂਸ਼ੀ ਰਾਮ ਜੀ ਦੇ ਪ੍ਰੀਨਿਰਵਾਣ ਦਿਵਸ ਨੂੰ ਸਮਰਪਿਤ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਮਾਣਯੋਗ *ਸ ਜਸਵੀਰ ਸਿੰਘ ਗੜ੍ਹੀ* ਜੀ ਦੇ ਵੱਖ ਵੱਖ ਹਲਕਿਆਂ ਦੇ ਤੁਫਾਨੀ ਦੌਰੇ ਤਹਿਤ ਪ੍ਰੋਗਰਾਮਾ ਦੀ ਲੜੀ ਵਿਚ ਜਲੰਧਰ ਜਿਲ੍ਹੇ ਦੇ ਹਲਕਿਆਂ ਦੇ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਤਹਿ ਹੋਏ ਹਨ;

*22 ਸਤੰਬਰ, 2023, ਦਿਨ ਸ਼ੁੱਕਰਵਾਰ*

ਸਮਾਂ ਦੁਪਹਿਰ 1.00 ਵਜੇ ਹਲਕਾ ਆਦਮਪੁਰ
ਸਮਾਂ ਸ਼ਾਮ 4.00 ਵਜੇ ਹਲਕਾ ਕਰਤਾਰਪੁਰ (ਲਾਂਬੜਾ ਪਾਸਾ)
ਸਮਾਂ ਸ਼ਾਮ 6.00 ਵਜੇ ਜਲੰਧਰ ਸ਼ਹਿਰੀ ਚਾਰੇ ਵਿਧਾਨ ਸਭਾਵਾਂ

ਸਬੰਧਤ ਸਾਰੇ ਆਗੂ ਸਹਿਬਾਨ ਵਿਧਾਨ ਸਭਾ ਦੇ ਸਾਰੇ ਸੈਕਟਰ ਪ੍ਰਧਾਨ/ਸਕੱਤਰ ਤੱਕ ਦੇ ਅਹੁਦੇਦਾਰਾਂ ਨੂੰ ਆਉਣਾ ਯਕੀਨੀ ਬਨਾਉਣ।
ਸਬੰਧਤ ਜਿਲ੍ਹੇ ਦੇ ਸੂਬਾ ਅਤੇ ਜਿਲ੍ਹੇ ਦੀ ਲੀਡਰਸ਼ਿਪ ਆਪਣੇ ਆਪਣੇ ਹਲਕੇ ਦੀ ਮੀਟਿੰਗ ਵਿਚ ਪਹੁੰਚਣਾ ਯਕੀਨੀ ਬਨਾਓ ਜੀ।
ਸੈਕਟਰ ਪਧਰ ਤੱਕ ਦੇ ਆਗੂ ਸਹਿਬਾਨਾਂ ਨੂੰ ਸਨੇਹੇ ਲਗਾ ਕੇ ਮੀਟਿੰਗ ਦੀ ਵੱਡੇ ਪਧਰ ਤੇ ਤਿਆਰੀ ਕੀਤੀ ਜਾਵੇ।

ਜਸਵੰਤ ਰਾਏ
ਸੂਬਾ, ਦਫਤਰ ਸਕੱਤਰ, ਬਹੁਜਨ ਸਮਾਜ ਪਾਰਟੀ, ਪੰਜਾਬ।



**"ਦੇਸ਼ ਦੁਆਬਾ"**

**ਹਫਤਾਵਾਰੀ ਅਖਬਾਰ**

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

**ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ**

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

www.deshdoaba.com www.ambedkartimes.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ





ਇੰਡੋ-ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਆਫ ਅਮੈਰਿਕਾ ਵੱਲੋਂ 2 ਸਤੰਬਰ 2023 ਨੂੰ ਸੈਕਰਾਮੈਂਟੋ ਵਿਖੇ ''ਮੇਲਾ ਗਦਰੀ ਬਾਬਿਆਂ ਦਾ'' ਮਨਾਇਆ ਗਿਆ। ਇਸ ਮੌਕੇ ਅਮੈਰਿਕਨ ਸੀਨੀਅਰ ਸਿਟੀਜਨ ਗਰੁੱਪ, ਸੈਕਰਾਮੈਂਟੋ ਦੇ ਅਹੁਦੇਦਾਰਾਂ ਦਾ ਸਨਮਾਨ ਕੀਤਾ ਗਿਆ। *ਤਸਵੀਰਾਂ ਅਤੇ ਵੇਰਵਾ- ਸੁਖਚੈਨ ਸਿੰਘ*

# 13ਵੀਂ ਕੌਮੀ ਯੋਗਾ ਮੀਟ ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ ਵਿਚ ਹੋਈ





ਭਾਰਤ ਦੇ ਸਿਖਿਆ ਮੰਤਰਾਲੇ ਅਧੀਨ ਮਿਆਰੀ ਸਿੱਖਿਆ ਦੇ ਰਹੇ 649 ਜਵਾਹਰ ਨਵੋਦਿਆ ਵਿਦਿਆਲਿਆਂ ਦੇ ਪੂਰੇ ਦੇਸ਼ ਵਿੱਚੋਂ ਆਏ 335 ਖਿਡਾਰੀਆਂ ਦੀ 13ਵੀਂ ਕੌਮੀ ਯੋਗਾ ਮੀਟ 10 ਸਤੰਬਰ 2023 ਨੂੰ ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ ਜਿਲ੍ਹਾ ਹੁਸ਼ਿਆਰਪੁਰ ਵਿੱਚ ਸ਼ੁਰੂ ਹੋਈ। ਕੋਮਲ ਮਿੱਤਲ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਇਸ ਮੌਕੇ ਮੁੱਖ ਮਹਿਮਾਨ ਸਨ। ਜੇ ਐਨ ਵੀ ਫਲਾਹੀ ਦੇ ਵਿਦਿਆਰਥੀਆਂ ਨੇ ਸਵਾਗਤੀ ਗੀਤ ਗਾ ਕੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ। ਸੰਤੋਸ਼ ਸ਼ਰਮਾ ਸਹਾਇਕ ਕਮਿਸ਼ਨਰ ਨੇ ਮੁੱਖ ਮਹਿਮਾਨ, ਟੀਮ ਮੈਨਜਰਾਂ, ਮਹਿਮਾਨਾਂ ਅਤੇ ਇਸ ਮੀਟ ਵਿੱਚ ਹਿੱਸਾ ਲੈਣ ਆਏ ਖਿਡਾਰੀਆਂ ਦਾ ਸਵਾਗਤ ਕਰਦਿਆਂ ਵਿਦਿਆਰਥੀਆਂ ਨੂੰ ਯੋਗਾ ਦੇ ਮਹੱਤਵ ਬਾਰੇ ਦੱਸਿਆ।

ਭਾਰਤ ਦੇ ਅੱਠ ਨਵੋਦਿਆ ਵਿਦਿਆਲਿਆ ਸਮਿਤੀ ਖੇਤਰਾਂ ਭੋਪਾਲ, ਚੰਡੀਗੜ੍ਹ, ਹੈਦਰਾਬਾਦ, ਜੈਪੁਰ, ਲਖਨਊ, ਪਟਨਾ, ਪੁਣੇ, ਸ਼ਿਲਾਂਗ ਦੇ ਖਿਡਾਰੀਆਂ ਨੇ ਸ਼ਾਨਦਾਰ ਮਾਰਚ ਪਾਸਟ ਕੀਤਾ। ਮੁੱਖ ਮਹਿਮਾਨ ਨੇ ਨਵੋਦਿਆ ਵਿਦਿਆਲਿਆ ਸਮਿਤੀ ਦਾ ਝੰਡਾ ਲਹਿਰਾਇਆ। ਇਸ ਉਪਰੰਤ ਖਿਡਾਰੀਆਂ ਨੇ ਖੇਡ ਨੂੰ ਖੇਡ ਦੀ ਸੱਚੀ ਭਾਵਨਾ ਨਾਲ਼ ਖੇਡਣ ਦੀ ਸਹੁੰ ਚੁੱਕੀ।

ਵਿਦਿਆਲਿਆ ਦੇ ਪ੍ਰਿੰਸੀਪਲ ਰੰਜੂ ਦੂਗਲ ਨੇ ਵਿਦਿਆਰਥੀਆਂ ਦੀਆਂ ਵਿਸ਼ੇਸ਼ ਪ੍ਰਾਪਤੀਆਂ ਦੀ ਰਿਪੋਰਟ ਪੜ੍ਹੀ। ਜੇ ਐਨ ਵੀ ਪੋਜੇਵਾਲ ਨੇ ਗਿੱਧਾ ਅਤੇ ਜੇ ਐਨ ਵੀ ਹਮੀਰਪੁਰ ਨੇ ਹਰਿਆਣਵੀ ਡਾਂਸ ਪੇਸ਼ ਕੀਤਾ। ਮੁੱਖ ਮਹਿਮਾਨ ਕੋਮਲ ਮਿੱਤਲ ਨੇ ਖੇਡਾਂ ਰਾਹੀਂ ਹੁੰਦੇ ਚਰਿੱਤਰ ਨਿਰਮਾਣ ਬਾਰੇ ਬੋਲਦਿਆਂ ਸਾਰੇ ਵਿਦਿਆਰਥੀਆਂ ਨੂੰ ਇਸ ਮੀਟ ਵਿੱਚ ਹਿੱਸਾ ਲੈਣ ਲਈ ਅਸ਼ੀਰਵਾਦ ਦਿੱਤਾ ਅਤੇ ਹੁਸ਼ਿਆਰਪੁਰ ਜ਼ਿਲੇ ਵਿੱਚ ਹੋ ਰਹੀ ਇਸ ਮੀਟ 'ਤੇ ਖੁਸ਼ੀ ਦਾ ਇਜਹਾਰ ਕੀਤਾ। ਮੁੱਖ ਮਹਿਮਾਨ ਨੂੰ ਵਿਦਿਆਲਿਆ ਵਲੋਂ ਯਾਦ ਚਿੰਨ ਨਾਲ ਸਨਮਾਨਿਤ ਕੀਤਾ। ਸਹਾਇਕ ਕਮਿਸ਼ਨਰ ਡੀ ਡੀ ਸ਼ਰਮਾ ਨੇ ਸਾਰਿਆਂ ਦਾ ਧੰਨਵਾਦ ਕੀਤਾ।

**ਭੋਪਾਲ ਰੀਜਨ ਨੇ ਜਿੱਤੀ ਓਵਰ ਆਲ ਟਰਾਫੀ**
**ਪਟਨਾ ਰੀਜਨ ਰਿਹਾ ਦੂਜੇ ਸਥਾਨ 'ਤੇ**

ਤਿੰਨ ਰੋਜਾ 13ਵੀਂ ਐਨ ਵੀ ਐਸ ਨੈਸ਼ਨਲ ਯੋਗਾ ਮੀਟ 12 ਸਤੰਬਰ 2023 ਸੰਪੰਨ ਹੋ ਗਈ ਜਿਸ ਵਿੱਚ ਬ੍ਰਹਮ ਸ਼ੰਕਰ ਜਿੰਪਾ, ਕੈਬਨਿਟ ਮੰਤਰੀ ਪੰਜਾਬ ਬਤੌਰ ਮੁੱਖ ਮਹਿਮਾਨ, ਐਸ ਕੇ ਬੋਮਰਾ ਸੋਨਾਲੀਕਾ ਟਰੈਕਟਰਜ਼ ਲਿਮਟਿਡ, ਮੇਅਰ ਸੁਰਿੰਦਰ ਕੁਮਾਰ ਛਿੰਦਾ, ਡਿਪਟੀ ਮੇਅਰ ਪਰਵੀਨ ਸੈਣੀ ਵਿਸ਼ੇਸ਼ ਮਹਿਮਾਨ ਸਨ। ਵਿਦਿਆਰਥੀਆਂ ਨੇ ਕਲਾਤਮਿਕ, ਤਾਲਬੱਧ ਅਤੇ ਗਰੁੱਪ ਯੋਗਾ ਦੇ ਵੱਖ-ਵੱਖ ਤਰ੍ਹਾਂ ਦੇ ਯੋਗਾ ਆਸਣ ਕੀਤੇ। ਵਿਦਿਆਰਥੀਆਂ ਨੇ ਆਪਣੇ ਸੂਬਿਆਂ ਦੇ ਸੱਭਿਆਚਾਰ ਨੂੰ ਦਰਸਾਉਂਦੀਆਂ ਪੇਸ਼ਕਾਰੀਆਂ ਪੇਸ਼ ਕੀਤੀਆਂ। ਜੇ ਐਨ ਵੀ ਲੌਂਗੋਵਾਲ਼ ਅਤੇ ਪਟਿਆਲਾ ਦੇ ਵਿਦਿਆਰਥੀਆਂ ਨੇ ਸਵਾਗਤੀ ਗੀਤ ਗਾਇਆ, ਜੇ ਐਨ ਵੀ ਪਟਿਆ਼ਲਾ ਨੇ ਭੰਗੜਾ ਅਤੇ ਜੇ ਐਨ ਵੀ ਹਮੀਰਪੁਰ ਦੇ ਬੱਚਿਆਂ ਨੇ ਨਾਟੀ ਪੇਸ਼ ਕੀਤੀ।

ਕੈਪਟਨ ਟੀਨਾ ਧੀਰ, ਡਿਪਟੀ ਕਮਿਸ਼ਨਰ ਨਵੋਦਿਆ ਵਿਦਿਆਲਿਆ ਸਮਿਤੀ ਚੰਡੀਗੜ੍ਹ ਨੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ। ਨਵੋਦਿਆ ਵਿਦਿਆਲਿਆ ਸਮਿਤੀ ਖੇਤਰੀ ਦਫਤਰ ਚੰਡੀਗੜ੍ਹ ਦੇ ਸਾਰੇ ਸਹਾਇਕ ਕਮਿਸ਼ਨਰਾਂ, ਇਸ ਮੀਟ ਦੇ ਸੁਚੱਜੇ ਪ੍ਰਬੰਧ ਲਈ ਵੱਖ ਵੱਖ ਨਵੋਦਿਆ ਵਿਦਿਆਲਿਆਂ ਤੋਂ ਡਿਊਟੀ ਤੇ ਆਏ ਪ੍ਰਿੰਸੀਪਲਾਂ ਅਤੇ ਸਟਾਫ ਮੈਂਬਰਾਂ ਦਾ ਪੂਰਨ ਸਹਿਯੋਗ ਲਈ ਤਹਿ ਦਿਲੋਂ ਧੰਨਵਾਨ ਕੀਤਾ।

ਉਨ੍ਹਾਂ ਨੇ ਸਾਰੇ ਪ੍ਰਤੀਯੋਗੀਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ ਅਤੇ ਨਵੋਦਿਆ ਵਿਦਿਆਲੀ ਫਲਾਹੀ ਦੇ ਪ੍ਰਿੰਸੀਪਲ ਰੰਜੂ ਦੂੱਗਲ, ਸਟਾਫ ਅਤੇ ਵਿਦਿਆਰਥੀਆਂ ਨੂੰ ਇਹ ਮੀਟ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਸ਼ਾਬਾਸ਼ ਦਿੱਤੀ।

ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨਾਂ ਅਤੇ ਟੀਮ ਮੈਨੇਜਰਾਂ ਨੂੰ ਯਾਦ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਓਵਰਆਲ ਟਰਾਫੀ ਭੋਪਾਲ ਰੀਜਨ ਨੇ ਜਿੱਤੀ ਅਤੇ ਪਟਨਾ ਰੀਜਨ ਦੂਜੇ ਸਥਾਨ 'ਤੇ ਰਿਹਾ।

ਲੜਕੀਆਂ ਦੇ ਮੁਕਾਬਲਿਆਂ ਵਿੱਚ 14 ਸਾਲ ਵਰਗ ਵਿੱਚ ਭੋਪਾਲ ਰੀਜਨ ਪਹਿਲੇ, ਲਖਨਊ ਰੀਜਨ ਦੂਜੇ, 17 ਸਾਲ ਵਰਗ ਵਿੱਚ ਭੋਪਾਲ ਰੀਜਨ ਪਹਿਲੇ, ਪਟਨਾ ਰੀਜਨ ਦੂਜੇ ਅਤੇ 19 ਸਾਲ ਵਰਗ ਵਿੱਚ ਪਟਨਾ ਰੀਜਨ ਪਹਿਲੇ ਅਤੇ ਭੋਪਾਲ ਰੀਜਨ ਦੂਜੇ ਸਥਾਨ 'ਤੇ ਰਹੇ।

ਲੜਕਿਆਂ ਦੇ ਮੁਕਾਬਲਿਆਂ ਵਿੱਚ 14 ਸਾਲ ਵਰਗ ਵਿੱਚ ਲਖਨਊ ਰੀਜਨ ਨੇ ਪਹਿਲਾ, ਪਟਨਾ ਰੀਜਨ ਨੇ ਸੂਜਾ, 17 ਸਾਲ ਵਰਗ ਵਿੱਚ ਭੋਪਾਲ ਰੀਜਨ ਨੇ ਪਹਿਲਾ, ਪਟਨਾ ਰੀਜਨ ਦੂਜੇ ਅਤੇ 19 ਸਾਲ ਵਰਗ ਵਿੱਚ ਭੋਪਾਲ ਰੀਜਨ ਨੇ ਪਹਿਲਾ ਅਤੇ ਪਟਨਾ ਰੀਜਨ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਬ੍ਰਹਮ ਸ਼ੰਕਰ ਜਿੰਪਾ ਨੇ ਜੇਤੂਆਂ ਨੂੰ ਇਨਾਮ ਵੰਡੇ।

ਆਪਣੇ ਸੰਬੋਧਨ ਵਿੱਚ ਮੁੱਖ ਮਹਿਮਾਨ ਨੇ ਕਿਹਾ ਕਿ ਭਾਰਤ ਦੇਸ਼ ਦੇ ਹਜਾਰਾਂ ਸੱਭਿਆਚਾਰਕ ਰੰਗ ਹਨ ਅਤੇ ਪੂਰੇ ਭਾਰਤ ਵਿੱਚੋਂ ਆਏ ਖਿਡਾਰੀਆਂ ਨੂੰ ਦੇਖ ਕੇ ਬਹੁਤ ਖੁਸ਼ੀ ਹੋਈ ਹੈ। ਅੰਤ ਵਿੱਚ ਪ੍ਰਿੰਸੀਪਲ ਸ਼੍ਰੀਮਤੀ ਰੰਜੂ ਦੂੱਗਲ ਨੇ ਸਾਰਿਆਂ ਦੀ ਹਾਜ਼ਰੀ ਅਤੇ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ।

ਇਸ ਮੀਟ ਦੌਰਾਨ ਨਵੋਦਿਆ ਵਿਦਿਆਲਿਆ ਸਮਿਤੀ ਖੇਤਰੀ ਦਫ਼ਤਰ ਚੰਡੀਗੜ੍ਹ ਦੇ ਸਹਾਇਕ ਕਮਿਸ਼ਨਰ ਸੰਤੋਸ਼ ਸ਼ਰਮਾ, ਅਨੀਤਾ ਕੁਮਾਰੀ, ਆਰ. ਕੇ ਵਰਮਾ, ਡੀ ਡੀ ਸ਼ਰਮਾ, ਵੱਖ-ਵੱਖ ਜਵਾਹਰ ਨਵੋਦਿਆ ਵਿਦਿਆਲਿਆਂ ਦੇ ਪ੍ਰਿੰਸੀਪਲ ਐਸ. ਡੀ. ਸ਼ਰਮਾ, ਰਵਿੰਦਰ ਕੁਮਾਰ, ਰਵਿੰਦਰ ਸਿੰਘ, ਨਿਸ਼ੀ ਗੋਇਲ, ਸੁਨੀਤਾ, ਦਿਨੇਸ਼ ਸਰਸਵਤ, ਭਾਰਤ ਭੂਸ਼ਨ ਵਰਮਾ ਜਿਲ੍ਹਾ ਪ੍ਰਧਾਨ ਬੀ ਜੇ ਪੀ, ਡਾਕਟਰ ਮਨਪ੍ਰੀਤ ਸਿੰਘ ਬੈਂਸ, ਡਾ. ਨਰਿੰਦਰ ਸਿੰਘ, ਕੈਬਨਿਟ ਮੰਤਰੀ ਦੇ ਪੀ ਏ ਮਨੀਸ਼ ਸ਼ਰਮਾ, ਇੰਜ: ਨਰੇਸ਼ ਕੁਮਾਰ ਦੀਪਕ ਐਸ ਡੀ ਓ, ਇੰਜ: ਓਮਨਿੰਦਰ ਸਿੰਘ ਅਡੀਸ਼ਨਲ ਐਸ ਡੀ ਓ, ਚਰਨਜੀਤ ਜੇ. ਈ, ਟੀਮਾਂ ਦੇ ਮੈਨੇਜਰ ਨਰੰਜਣ ਦਲਾਈ (ਭੋਪਾਲ ਰੀਜ਼ਨ), ਪਵਨ ਕੁਮਾਰ ਦੂਬੇ (ਪਟਨਾ ਰੀਜ਼ਨ), ਸੁਨੀਲ (ਪੁਣੇ ਰੀਜ਼ਨ), ਐਸ. ਕੇ ਤਿਵਾੜੀ (ਚੰਡੀਗੜ੍ਹ ਰੀਜ਼ਨ), ਰਤੀਸ਼ (ਸ਼ਿਲੌਂਗ ਰੀਜ਼ਨ), ਯੋਗੇਸ਼ ਕੁਮਾਰ ਮੌਰੀਆ (ਲਖਨਊ ਰੀਜ਼ਨ), ਗਜ਼ੇ ਸਿੰਘ (ਜੈਪੁਰ ਰੀਜ਼ਨ), ਪਾਂਡੂ ਰੰਗਾਰਾਓ (ਹੈਦਰਾਬਾਦ ਰੀਜ਼ਨ), ਸੀਨੀਅਰ ਅਧਿਆਪਕ ਸੰਜੀਵ ਕੁਮਾਰ ਤੋਂ ਇਲਾਵਾ ਵੱਖ-ਵੱਖ ਸਕੂਲਾਂ ਤੋਂ ਆਏ ਅਤੇ ਨਵੋਦਿਆ ਫਲਾਹੀ ਦੇ ਸਟਾਫ ਮੈਂਬਰ ਜਸਵਿੰਦਰ ਸਿੰਘ ਖਿਆੜਾ, ਰਕੇਸ਼ ਸੋਨੀ, ਸੋਨਿਕਾ ਵਸ਼ਿਸ਼ਟ, ਚੰਚਲ ਸਿੰਘ, ਦੀਪਿਕਾ ਸ਼ਰਮਾ, ਮਮਤਾ ਦੇਵੀ, ਰਾਜੀਵ ਕੁਮਾਰ, ਸ਼ਿਲਪਾ ਰਾਣੀ, ਓਵੈਸ ਅਹਿਮਦ ਰਾਜਾ, ਐਸ ਏ ਲੋਨ, ਭਾਰਤ ਜਸਰੋਟੀਆ, ਮੀਡੀਆ ਇੰਚਾਰਜ ਸੀਤਾ ਰਾਮ ਬਾਂਸਲ, ਮੁਹੰਮਦ ਜਕੀ, ਸੰਦੀਪ ਕੁਮਾਰ ਸ਼ਰਮਾ, ਸੰਤੋਸ਼ ਕੁਮਾਰੀ ਯਾਦਵ, ਸੁਮੇਧਾ ਭਾਰਦਵਾਜ, ਸੁਰਿੰਦਰ ਕੁਮਾਰ, ਬੀ ਐਸ ਚੌਹਾਨ, ਬਲਜਿੰਦਰ ਕੌਰ, ਗਣੇਸ਼ ਕੁਮਾਰ, ਗੀਤਿਕਾ ਕੁਮਾਰੀ, ਗੁਰਦੀਪ ਕੌਰ, ਰਜਿੰਦਰ ਸਿੰਘ ਗਿਆਨੀ, ਹਰਿੰਦਰਜੀਤ ਸਿੰਘ, ਰਵਿੰਦਰ ਸਿੰਘ, ਲਲਿਤਾ ਗੌਤਮ, ਅਰੁਣਾ ਸ਼ਰਮਾ, ਧਰੁਵ ਚੌਹਾਨ, ਅੰਕਿਤਾ ਕੁਮਾਰੀ, ਟਿੱਕਾ ਰਾਮ, ਅੰਕੁਰ, ਕਮਲਜੀਤ ਕੌਰ, ਪੁਨੀਤ ਕੁਮਾਰ ਚੰਦਾ, ਜਗਦੇਵ ਕੁਮਾਰ, ਰਜਿੰਦਰ ਸਿੰਘ, ਲਾਭ ਸਿੰਘ, ਸੱਤਪਾਲ, ਭੁਪਿੰਦਰ ਕੁਮਾਰ, ਇੰਦਰਜੀਤ ਕੌਰ, ਮਨਜੀਤ ਸਿੰਘ ਮਨੂ, ਬਲਬੀਰ ਸਿੰਘ, ਰਸ਼ਪਾਲ ਸਿੰਘ, ਨਵੀਨ ਕੁਮਾਰ ਸਿੰਘ, ਰਵੀ ਕੁਮਾਰ, ਅਨਿਲ ਕੁਮਾਰ, ਮਨਜੀਤ ਕੁਮਾਰ, ਰਮੇਸ਼ ਕੁਮਾਰ, ਕੁਲਦੀਪ ਸਿੰਘ, ਅਮਨ ਕੁਮਾਰ, ਲੋਬਸ ਕੁਮਾਰ, ਮੁਖਤਿਆਰ ਸਿੰਘ, ਸੁਰਜੀਤ ਲਾਲ ਸਰਪੰਚ ਫਲਾਹੀ, ਬਲਜਿੰਦਰ ਕੌਰ ਸਰਪੰਚ ਮਹਿਮੋਵਾ਼ਲ, ਸੁਨੀਲ ਕੁਮਾਰ, ਵਿਨੇ ਕੁਮਾਰ, ਚਰਨਬੀਰ ਸਿੰਘ ਆਦਿ ਹਾਜ਼ਰ ਸਨ।

# ਭਾਰਤੀ ਵਿਦੇਸ਼ ਮੰਤਰਾਲੇ ਨੇ ਕੈਨੇਡਾ ਜਾ ਰਹੇ ਤੇ ਉਥੇ ਰਹਿ ਰਹੇ ਆਪਣੇ ਨਾਗਰਿਕਾਂ ਤੇ ਵਿਦਿਆਰਥੀਆਂ ਨੂੰ ਸਾਵਧਾਨ ਰਹਿਣ ਲਈ ਕਿਹਾ

**ਨਵੀਂ ਦਿੱਲੀ-** ਕੈਨੇਡਾ ਵੱਲੋਂ ਭਾਰਤ ਦੀ ਯਾਤਰਾ ਬਾਰੇ ਸਾਵਧਾਨੀ ਵਰਤਣ ਦੀ ਦਿੱਤੀ ਸਲਾਹ ਤੋਂ ਬਾਅਦ ਜੁਆਬੀ



ਕਾਰਵਾਈ ਵਿੱਚ ਭਾਰਤ ਨੇ ਵੀ ਆਪਣੇ ਨਾਗਰਿਕਾਂ ਨੂੰ ਕੈਨੇਡਾ ਜਾਣ ਬਾਰੇ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਹੈ। ਭਾਰਤ ਨੇ ਯਾਤਰਾ ਕਰਨ ਵਾਲਿਆਂ ਖਾਸ ਤੌਰ 'ਤੇ ਭਾਰਤੀ ਵਿਦਿਆਰਥੀਆਂ ਨੂੰ ਕਿਹਾ ਗਿਆ ਹੈ ਕਿ ਉਹ ਵਧ ਰਹੀਆਂ ਭਾਰਤ ਵਿਰੋਧੀ ਗਤੀਵਿਧੀਆਂ ਦੇ ਮੱਦੇਨਜ਼ਰ ਸਾਵਧਾਨ ਰਹਿਣ।

ਭਾਰਤੀ ਵਿਦੇਸ਼ ਮੰਤਰਾਲੇ ਨੇ ਕੈਨੇਡਾ ਵਿੱਚ ਭਾਰਤੀ ਨਾਗਰਿਕਾਂ ਅਤੇ ਵਿਦਿਆਰਥੀਆਂ ਨੂੰ ਓਟਵਾ ਵਿੱਚ ਭਾਰਤ ਦੇ ਹਾਈ ਕਮਿਸ਼ਨ ਜਾਂ ਟੋਰਾਂਟੋ ਅਤੇ ਵੈਨਕੂਵਰ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਵਿੱਚ ਆਪਣੀਆਂ ਸਬੰਧਤ ਵੈਬਸਾਈਟਾਂ, ਜਾਂ MADAD ਪੋਰਟਲ madad.govi.n ਰਾਹੀਂ ਰਜਿਸਟਰ ਕਰਨ ਲਈ ਵੀ ਕਿਹਾ ਹੈ। ਇਸ ਵਿੱਚ ਕਿਹਾ ਗਿਆ ਹੈ, 'ਰਜਿਸਟ੍ਰੇਸ਼ਨ ਹਾਈ ਕਮਿਸ਼ਨ ਅਤੇ ਕੌਂਸਲੇਟ ਜਨਰਲ ਨੂੰ ਕਿਸੇ ਵੀ ਐਮਰਜੰਸੀ ਜਾਂ ਅਣਸੁਖਾਵੀਂ ਘਟਨਾ ਦੀ ਸਥਿਤੀ ਵਿੱਚ ਕੈਨੇਡਾ ਵਿੱਚ ਭਾਰਤੀ ਨਾਗਰਿਕਾਂ ਨਾਲ ਬਿਹਤਰ ਢੰਗ ਨਾਲ ਸੰਪਰਕ ਕਰਨ ਦੇ ਯੋਗ ਬਣਾਵੇਗੀ।'

# ਹਾਈ ਬਲੱਡ ਪ੍ਰੈਸ਼ਰ ਤੋਂ ਪੀੜਤ 5 ਮਰੀਜ਼ਾਂ 'ਚੋਂ 4 ਦਾ ਨਹੀਂ ਹੋ ਰਿਹਾ ਢੁਕਵਾਂ ਇਲਾਜ: ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ

**ਨਵੀਂ ਦਿੱਲੀ-** ਵਿਸ਼ਵ ਸਿਹਤ ਸੰਗਠਨ (ਡਬਲਿਊਐਚਓ) ਦੀ ਨਵੀਂ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਹਾਈ ਬਲੱਡ ਪ੍ਰੈਸ਼ਰ ਤੋਂ ਪੀੜਤ ਹਰ ਪੰਜ ਵਿੱਚੋਂ ਚਾਰ ਵਿਅਕਤੀਆਂ ਦਾ ਢੁਕਵਾਂ ਇਲਾਜ ਨਹੀਂ ਕੀਤਾ ਜਾਂਦਾ ਹੈ। ਇਹ ਜਾਣਕਾਰੀ ਵਿਸ਼ਵ ਸਿਹਤ ਸੰਗਠਨ ਦੀ ਨਵੀਂ ਰਿਪੋਰਟ ਵਿੱਚ ਦਿੱਤੀ ਗਈ ਹੈ। ਹਾਈ ਬਲੱਡ ਪ੍ਰੈਸ਼ਰ ਦੇ ਖਤਰਨਾਕ ਪ੍ਰਭਾਵ ਦਾ ਵੇਰਵਾ ਦਿੰਦੇ ਹੋਏ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜੇ ਦੇਸ਼ ਇਲਾਜ ਦਾ ਵਿਸਥਾਰ ਕਰਦੇ ਹਨ ਤਾਂ ਹੁਣ ਤੋਂ ਸਾਲ 2050 ਦੇ ਵਿਚਕਾਰ ਕਰੀਬ 7.6 ਕਰੋੜ ਹਾਈ ਬਲੱਡ ਪ੍ਰੈਸ਼ਰ ਨਾਲ ਸਬੰਧਤ ਮੌਤਾਂ ਨੂੰ ਰੋਕਿਆ ਜਾ ਸਕਦਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਲਾਜ ਤੱਕ ਪਹੁੰਚ ਵਿੱਚ ਸੁਧਾਰ ਕਰਨ ਨਾਲ ਇੱਕੋ ਸਮੇਂ ਦੌਰਾਨ 12 ਕਰੋੜ ਸਟ੍ਰੋਕ, 7.9 ਕਰੋੜ ਦਿਲ ਦੇ ਦੌਰੇ ਅਤੇ ਦਿਲ ਫੇਲ੍ਹ ਹੋਣ ਦੇ 1.7 ਕਰੋੜ ਮਾਮਲਿਆਂ ਨੂੰ ਰੋਕਿਆ ਜਾ ਸਕਦਾ ਹੈ। ਰਿਪੋਰਟ ਮੁਤਾਬਕ ਹਾਈਪਰਟੈਨਸ਼ਨ ਵਾਲੇ ਲੋਕਾਂ ਦੀ ਗਿਣਤੀ, ਜਿਨ੍ਹਾਂ ਦਾ ਬਲੱਡ ਪ੍ਰੈਸ਼ਰ 140/90 ਜਾਂ ਇਸ ਤੋਂ ਵੱਧ ਹੈ ਜਾਂ ਹਾਈ ਬਲੱਡ ਪ੍ਰੈਸ਼ਰ ਲਈ ਦਵਾਈ ਲੈ ਰਹੇ ਹਨ, 1990 ਅਤੇ 2019 ਦਰਮਿਆਨ ਦੁੱਗਣੀ ਹੋ ਕੇ 65 ਕਰੋੜ ਤੋਂ ਤੋਂ 1.3 ਅਰਬ ਹੋ ਗਈ ਹੈ। ਵਿਸ਼ਵ ਪੱਧਰ 'ਤੇ ਹਾਈ ਬਲੱਡ ਪ੍ਰੈਸ਼ਰ ਵਾਲੇ ਅੱਧੇ ਲੋਕ ਇਸ ਸਮੇਂ ਆਪਣੀ



ਸਥਿਤੀ ਤੋਂ ਅਣਜਾਣ ਹਨ ਅਤੇ ਹਾਈ ਬਲੱਡ ਪ੍ਰੈਸ਼ਰ ਵਾਲੇ ਤਿੰਨ-ਚੌਥਾਈ ਤੋਂ ਵੱਧ ਬਾਲਗ ਘੱਟ ਅਤੇ ਮੱਧ-ਆਮਦਨ ਵਾਲੇ ਦੇਸ਼ਾਂ ਵਿੱਚ ਰਹਿੰਦੇ ਹਨ।

# 5-ਰੋਜ਼ਾ ਵਿਸ਼ਵ ਸ਼ਾਂਤੀ ਅਤੇ ਸਦਭਾਵਨਾ ਲਈ ਸਮਰੱਥ ਮੀਡਿਆ ਵਿਸ਼ੇ 'ਤੇ ਨੈਸ਼ਨਲ ਮੀਡੀਆ ਕਾਨਫਰੰਸ

**ਅਵਤਾਰ ਸਿੰਘ ਭੰਵਰਾ**

ਬ੍ਰਹਮਾ ਕੁਮਾਰੀਜ਼ ਵੱਲੋਂ 8 ਤੋਂ 12 ਸਤੰਬਰ ਤੱਕ "ਵਿਸ਼ਵ ਸ਼ਾਂਤੀ ਅਤੇ ਸਦਭਾਵਨਾ ਲਈ ਸਮਰੱਥ ਮੀਡਿਆ" (ਇਮਪਾਵਰਡ ਮੀਡੀਆ ਫਾਰ ਗਲੋਬਲ ਪੀਸ ਐਂਡ ਹਾਰਮੋਨੀ) ਵਿਸ਼ੇ 'ਤੇ 5-ਰੋਜ਼ਾ ਨੈਸ਼ਨਲ ਮੀਡੀਆ ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਰਾਜ ਯੋਗ ਐਜੂਕੇਸ਼ਨ ਐਂਡ ਰਿਸਰਚ ਫਾਊਂਡੇਸ਼ਨ ਦੇ ਸਹਿਯੋਗ ਨਾਲ ਆਯੋਜਿਤ, ਇਹ ਕਾਨਫਰੰਸ ਸ਼ਾਂਤਮਈ ਢੰਗ ਨਾਲ ਤਲਹੇਟੀ, ਆਬੂ, ਰਾਜਸਥਾਨ ਸਥਿਤ ਬ੍ਰਹਮਾ ਕੁਮਾਰੀ ਦੇ ਸ਼ਾਂਤੀਵਨ ਕੈਂਪਸ ਵਿੱਚ ਨੇਪਰੇ ਚੜ੍ਹੀ। ਇਸ ਕਾਨਫਰੰਸ ਵਿੱਚ ਪ੍ਰਿੰਟ, ਇਲੈਕਟ੍ਰਾਨਿਕ, ਡਿਜੀਟਲ/ਸੋਸ਼ਲ ਮੀਡੀਆ ਦੀ ਨੁਮਾਇੰਦਗੀ ਕਰਨ ਵਾਲੇ 1,500 ਤੋਂ ਵੱਧ ਮੀਡੀਆ ਪੇਸ਼ੇਵਰਾਂ ਦੇ ਨਾਲ-ਨਾਲ ਮੀਡੀਆ ਸਲਾਹਕਾਰ/ਅਕਾਦ-ਮੀਸ਼ੀਅਨ ਅਤੇ ਪਬਲਿਕ ਰਿਲੇਸ਼ਨ ਪ੍ਰੈਕਟੀਸ਼ਨਰਾਂ ਨੇ ਨਿੱਜੀ ਤੌਰ 'ਤੇ ਲਾਭ ਲੈਣ ਅਤੇ ਪੇਸ਼ੇਵਰ ਤੌਰ 'ਤੇ ਅੱਪਡੇਟ ਕਰਨ ਲਈ ਹਿੱਸਾ ਲਿਆ।

ਪ੍ਰਮਾਣਿਕ ਸੈਸ਼ਨ ਨੂੰ ਸੀਨੀਅਰ ਰਾਜ ਯੋਗ ਅਧਿਆਪਕ ਅਤੇ ਵਿਸ਼ਵ-ਪ੍ਰਸਿੱਧ ਪ੍ਰੇਰਕ ਬੁਲਾਰੇ ਭੈਣ ਬੀ ਕੇ ਸ਼ਿਵਾਨੀ ਦੁਆਰਾ ਸੰਬੋਧਿਤ ਕੀਤਾ ਗਿਆ ਸੀ। ਬੀ ਕੇ ਸ਼ਿਵਾਨੀ ਜਿਸ ਨੇ ਹਾਜ਼ਰੀਨ ਨੂੰ ਅਜੋਕੇ ਸਮੇਂ ਦੇ ਸੱਦੇ ਨੂੰ ਸੁਣਨ ਲਈ ਪ੍ਰੇਰਿਤ ਕੀਤਾ - ਵਿਸ਼ਵ ਲਈ ਇੱਕ ਲਾਈਟਹਾਊਸ ਅਤੇ ਮਾਈਟ ਹਾਊਸ ਬਣਨ ਲਈ ਪ੍ਰੇਰਤ ਕੀਤਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜਿਸ ਤਰ੍ਹਾਂ ਅਸੀਂ ਆਪਣੀ ਸਰੀਰਕ ਖੁਰਾਕ ਵੱਲ ਧਿਆਨ ਦਿੰਦੇ ਹਾਂ, ਉਸੇ ਤਰ੍ਹਾਂ ਸਾਨੂੰ ਆਪਣੀ ਭਾਵਨਾਤਮਕ ਖੁਰਾਕ ਵੱਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਇਸ਼ਾਰਾ ਕੀਤਾ ਕਿ ਜੋ ਅਸੀਂ ਸੁਣਦੇ, ਪੜ੍ਹਦੇ ਅਤੇ ਦੇਖਦੇ ਹਾਂ ਉਹ ਸਾਡੀ ਭਾਵਨਾਤਮਕ ਖੁਰਾਕ ਬਣ ਜਾਂਦੇ ਹਨ ਅਤੇ ਮੀਡੀਆ ਦੇ ਰੂਪ ਵਿੱਚ, ਤੁਸੀਂ ਸਮਾਜ ਨੂੰ ਇਸ ਖੁਰਾਕ ਦੀ ਸੇਵਾ ਕਰਦੇ ਹੋ। ਵਿਸ਼ਵ ਵਿੱਚ ਮਾਨਸਿਕ ਸਿਹਤ ਸੰਕਟ ਨੂੰ ਰੇਖਾਂਕਿਤ ਕਰਦੇ ਹੋਏ, ਖਾਸ ਕਰਕੇ ਨੌਜਵਾਨਾਂ ਵਿੱਚ, ਉਨ੍ਹਾਂ ਮੀਡੀਆ ਨੂੰ ਇਸ ਸੰਕਟ ਨਾਲ ਨਜਿੱਠਣ ਲਈ ਕਾਫ਼ੀ ਕੁਝ ਨਾ ਕਰਨ ਲਈ ਬੁਲਾਇਆ। ਜੇਕਰ ਤੁਸੀਂ ਸਹੀ ਸਮੱਗਰੀ ਬਣਾਉਂਦੇ ਹੋ, ਯਾਨੀ ਕਿ ਪੌਸ਼ਟਿਕ ਆਹਾਰ ਦੀ ਸੇਵਾ ਕਰਦੇ ਹੋ, ਤਾਂ ਇਹ ਉਸ ਖੁਰਾਕ ਦਾ ਸੇਵਨ ਕਰਨ ਵਾਲਿਆਂ ਦੀ ਮਾਨਸਿਕ ਸ਼ਕਤੀ ਨੂੰ ਵਧਾਏਗਾ, ਇਹ ਉਹਨਾਂ ਨੂੰ ਸ਼ਕਤੀਸ਼ਾਲੀ ਅਤੇ ਜੀਵਨ ਦੀ ਜ਼ਿੰਮੇਵਾਰੀ ਸੰਭਾਲਣ ਦੇ ਯੋਗ ਬਣਾਵੇਗਾ। ਇਸ ਲਈ, ਮੀਡੀਆ ਨੂੰ ਪਹਿਲਾਂ ਆਪਣੇ ਆਪ ਨੂੰ ਤਾਕਤਵਰ ਬਣਾਉਣਾ ਚਾਹੀਦਾ ਹੈ - ਉਨ੍ਹਾਂ ਸੁਝਾਅ ਦਿੱਤਾ ਕਿ ਉਹ ਹਰ ਰੋਜ਼ 30 ਮਿੰਟ ਅਧਿਆਤਮਿਕ ਧਿਆਨ ਲਗਾ ਕੇ ਦਿਨ ਦੀ ਸ਼ੁਰੂਆਤ ਕਰਨ। ਇਹ ਕਹਿਣਾ ਕਿ ਕੋਈ ਸਮਾਂ ਨਹੀਂ ਹੈ ਆਪਣੇ ਆਪ ਨੂੰ ਧੋਖਾ ਦੇਣਾ ਹੈ। ਜਦੋਂ ਮਨ ਸ਼ਕਤੀਸ਼ਾਲੀ ਹੁੰਦਾ ਹੈ, ਤਾਂ ਇਹ ਜੋ ਵਿਚਾਰ ਪੈਦਾ ਕਰਦਾ ਹੈ ਤੇ ਉਹ ਉੱਚਾ ਹੁੰਦਾ ਹੈ ਅਤੇ ਇਸ ਤਰ੍ਹਾਂ ਤਿਆਰ ਕੀਤੀ ਗਈ ਸਮੱਗਰੀ ਵਧੀਆ ਪਰੋਸੀ ਜਾਵੇਗੀ। ਭੈਣ ਸ਼ਿਵਾਨੀ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਬੱਚਿਆਂ ਨੂੰ ਤਣਾਅ, ਚਿੰਤਾ ਅਤੇ ਉਦਾਸੀ ਤੋਂ ਬਚਾਓ। ਉਨ੍ਹਾਂ




ਅਤੇ ਬਾਕੀ ਸਮਾਜ ਨੂੰ ਮਾਰਗਦਰਸ਼ਨ ਕਰਨ ਵਾਲੇ ਲਾਈਟ ਐਂਡ ਮਾਈਟ ਹਾਊਸ ਬਣ ਕੇ, ਅਸੀਂ ਸਾਰੇ ਮਿਲ ਕੇ ਸੁਨਹਿਰੀ ਭਾਰਤ ਦੀ ਸ਼ੁਰੂਆਤ ਕਰ ਸਕਦੇ ਹਾਂ।

ਸੈਸ਼ਨ ਦੀ ਪ੍ਰਧਾਨਗੀ ਡਾ: ਬੀ.ਕੇ. ਮਰਥਿਉਂਜੈ, ਚੇਅਰਪਰਸਨ, ਐਜੂ ਵਿੰਗ, ਬ੍ਰਹਮਾ ਕੁਮਾਰੀਜ਼, ਮਾਊਂਟ ਆਬੂ ਨੇ ਕੀਤੀ। ਉਨ੍ਹਾਂ ਕਿਹਾ ਕਿ ਭੈਣ ਸ਼ਿਵਾਨੀ ਨੇ ਮਾਨਸਿਕ ਤਾਕਤ ਬਣਾਉਣ ਵਿੱਚ ਮੁੱਲਵਾਨ ਸਿੱਖਿਆ ਦੇ ਮਹੱਤਵ ਬਾਰੇ ਗੱਲ ਕੀਤੀ। ਜਦੋਂ ਕਿ ਮੀਡੀਆ ਸਮੇਤ ਹਰ ਖੇਤਰ ਵਿੱਚ ਯੂਨੀਵਰਸਿਟੀਆਂ ਹਨ, ਜਿਸ ਚੀਜ਼ ਦੀ ਘਾਟ ਸੀ ਉਹ ਨੈਤਿਕਤਾ, ਮਾਨਵੀਕਰਨ ਅਤੇ ਜੋ ਪੜ੍ਹਾਇਆ ਜਾ ਰਿਹਾ ਸੀ ਉਸ ਦਾ ਅਧਿਆਤਮੀਕਰਨ ਸੀ। ਉਨ੍ਹਾਂ ਕਿਹਾ ਕਿ ਜਦੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੀ ਸੋਚ ਨੂੰ ਉੱਚਾ ਚੁੱਕਣ ਦੇ ਯੋਗ ਬਣਾ ਕੇ ਸ਼ਕਤੀ ਪ੍ਰਦਾਨ ਕਰ ਸਕਦੇ ਹਾਂ, ਤਾਂ ਅਸੀਂ ਲਾਈਟਹਾਊਸ ਅਤੇ ਸ਼ਕਤੀਸ਼ਾਲੀ ਘਰਾਂ, ਸ਼ਾਂਤੀ ਦੇ ਦੂਤਾਂ ਅਤੇ ਦੂਤਾਂ ਦੇ ਸਮਾਜ ਦੀ ਸਿਰਜਣਾ ਕਰਾਂਗੇ।

ਵਿਸ਼ੇਸ਼ ਮਹਿਮਾਨ ਪ੍ਰੋ (ਡਾ.) ਮਾਨਸਿੰਘ ਪਰਮਾਰ, ਸਾਬਕਾ ਵੀਸੀ, ਕੇ.ਟੀ ਯੂਨੀਵਰਸਿਟੀ ਆਫ ਜੇ.ਐਂਡ.ਐਮ.ਸੀ., ਰਾਏਪੁਰ (ਸੀ.ਜੀ.) ਨੇ ਬ੍ਰਹਮਾ ਕੁਮਾਰੀ ਦੀਆਂ ਸਿੱਖਿਆਵਾਂ ਨੂੰ ਰੇਖਾਂਕਿਤ ਕਰਦੇ ਹੋਏ ਦੱਸਿਆ ਕਿ ਕਿਸ ਤਰ੍ਹਾਂ ਆਪਣੇ ਆਪ ਨੂੰ ਇੱਕ ਸ਼ੁੱਧ ਉੱਚੀ ਆਤਮਾ, ਪਰਮਾਤਮਾ ਦਾ ਬੱਚਾ ਮੰਨਣਾ ਅਤੇ ਸੰਭਾਲਣਾ ਬੁਨਿਆਦੀ ਹੈ। ਕਿਰਿਆਵਾਂ ਕਰਦੇ ਸਮੇਂ ਇਹ ਚੇਤਨਾ ਜਗਾਉਣੀ ਜ਼ਰੂਰੀ ਹੈ।

ਇਸ ਮੌਕੇ ਮੁੱਖ ਮਹਿਮਾਨ ਕੁਲਦੀਪ ਰਾਏ ਸ਼ਰਮਾ, ਐਮਪੀ (ਲੋਕ ਸਭਾ), ਅੰਡੇਮਾਨ ਅਤੇ ਨਿਕੋਬਾਰ ਟਾਪੂ ਨੇ ਕਿਹਾ ਕਿ ਉਹ ਇਹ ਤਜ਼ਵੀਜ਼ ਸੰਸਦ ਵਿੱਚ ਵੀ ਰੱਖਣਗੇ। ਉਨ੍ਹਾਂ ਨੇ ਇੱਕ ਵਿਅਕਤੀ ਦੇ ਜੀਵਨ ਵਿੱਚ ਮੀਡੀਆ ਦੇ ਵੱਡੇ ਪ੍ਰਭਾਵ ਨੂੰ ਵੀ ਰੇਖਾਂਕਿਤ ਕੀਤਾ - ਇਹ ਹਰ ਜਗ੍ਹਾ ਹੈ। ਉਸਨੇ ਇਸ਼ਾਰਾ ਕੀਤਾ ਕਿ ਅਸੀਂ ਇਸਨੂੰ ਆਪਣੇ ਨਾਲ ਬਾਥਰੂਮ (ਮੋਬਾਈਲ/ਅਖਬਾਰ) ਵਿੱਚ ਵੀ ਲੈ ਜਾਂਦੇ ਹਾਂ! ਸਿਰਫ਼ ਮੀਡੀਆ ਹੀ ਸਮਾਜ ਨੂੰ ਸਹੀ ਦਿਸ਼ਾ ਦੇਣ ਅਤੇ ਸੁਨਹਿਰੀ ਭਾਰਤ ਦੀ ਸਿਰਜਣਾ ਵੱਲ ਮੁੜਨ ਵਿੱਚ ਮਦਦ ਕਰ ਸਕਦਾ ਹੈ। ਇੰਸਟਾ-ਗ੍ਰਾਮ ਰੀਲਜ਼, ਯੂਟਿਊਬ ਸ਼ਾਰਟਸ ਆਦਿ ਵਰਗੇ ਫਾਰਮੈਟਾਂ ਦੀ ਵਰਤੋਂ ਕਿਉਂ ਨਹੀਂ ਕੀਤੀ ਜਾਂਦੀ।

ਇਸ ਕਾਨਫਰੰਸ ਵਿੱਚ, ਮੀਡੀਆ ਅਤੇ ਅਧਿਆਤਮਿਕ ਦੋਵਾਂ ਵਿਸ਼ਿਆਂ ਵਿੱਚ ਮਾਹਰ ਬੁਲਾਰਿਆਂ ਨੇ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ 13 ਵੱਖ-ਵੱਖ ਸੈਸ਼ਨਾਂ ਦਾ ਸੰਚਾਲਨ ਕੀਤਾ ਜਿਸ ਵਿੱਚ ਦੋ ਇਨਸਾਈਟ ਸੈਸ਼ਨ, ਪੰਜ ਮੈਡੀਟੇਸ਼ਨ ਸੈਸ਼ਨ ਅਤੇ ਦੋ ਪਲੈਨਰੀ ਸੈਸ਼ਨ ਸ਼ਾਮਲ ਹਨ, ਜਿਨ੍ਹਾਂ ਵਿਚ (1) ਸਮਾਜ ਦਾ ਪ੍ਰਭਾਵ - ਸਮਾਜ 'ਤੇ ਮੀਡੀਆ, (2) ਗਲੋਬਲ ਇਕਸੁਰਤਾ ਲਈ ਸ਼ਾਂਤੀ ਪੱਤਰਕਾਰੀ, (3) ਨੈਤਿਕਤਾ ਦੀ ਲੋੜ ਮੀਡੀਆ ਵਿੱਚ ਸੰਤੁਲਨ, (4) ਸ਼ਾਂਤੀ ਅਤੇ ਸਦਭਾਵਨਾ ਲਈ ਅਧਿਆਤਮਿਕ ਗਿਆਨ - ਮੀਡੀਆ ਦੀ ਭੂਮਿਕਾ- ਕਾਨਫਰੰਸ ਥੀਮ 'ਤੇ ਉਦਘਾਟਨੀ ਸੈਸ਼ਨ।

ਕਾਨਫਰੰਸ ਨੇ ਪਾਲਣਾ ਲਈ ਹੇਠ ਲਿਖੇ ਮਤੇ ਵੀ ਪਾਸ ਕੀਤੇ। 1. ਮੀਡੀਆ ਦਾ ਫਰਜ਼ ਸਿਰਫ਼ ਖ਼ਬਰਾਂ ਦੀ ਰਿਪੋਰਟ ਕਰਨਾ ਨਹੀਂ ਹੈ, ਸਗੋਂ ਆਪਣੇ ਆਪ ਨੂੰ ਸਮਝਣ ਵੱਲ ਧਿਆਨ ਦੇਣ ਅਤੇ ਨੈਤਿਕ ਸੰਤੁਲਨ ਲਿਆਉਣ ਲਈ ਕੰਮ ਕਰਨ ਦੀ ਜ਼ਿੰਮੇਵਾਰੀ ਲੈਣਾ ਹੈ ਤਾਂ ਕਿ ਸੰਸਾਰ ਵਿੱਚ ਸ਼ਾਂਤੀ ਪੈਦਾ ਹੋਵੇ। 2. ਮੀਡੀਆ ਦਾ ਉਦੇਸ਼ ਰਾਸ਼ਟਰ ਦੀਆਂ ਸੂਚਨਾ ਲੋੜਾਂ ਦੀ ਸੇਵਾ ਕਰਨਾ ਅਤੇ ਖੇਡਣਾ ਹੈ, ਸਦਭਾਵਨਾ ਅਤੇ ਸਦਭਾਵਨਾ ਲਿਆਉਣ ਵਿੱਚ ਸਮਾਜ ਲਈ ਇੱਕ ਨਿਗਰਾਨ ਦੀ ਭੂਮਿਕਾ ਨਿਭਾਏ। 3. ਬ੍ਰਹਮਾ ਕੁਮਾਰੀ ਦਾ ਮੀਡੀਆ ਵਿੰਗ ਪੀਸ ਜਰਨਲਿਜ਼ਮ ਦੇ ਉਦੇਸ਼ ਨੂੰ ਪੂਰਾ ਕਰਨ ਲਈ ਮੀਡੀਆ ਪੇਸ਼ੇਵਰਾਂ ਦੀ ਸਹਾਇਤਾ ਅਤੇ ਸ਼ਕਤੀਕਰਨ ਲਈ ਯਤਨਸ਼ੀਲ ਰਹੇਗਾ - ਗਲੋਬਲ ਹਾਰਮਨੀ. 4. ਭਾਰਤ ਦੁਆਰਾ ਆਯੋਜਿਤ ਘ-20 ਸਿਖਰ ਸੰਮੇਲਨ ਦੀ ਉੱਚ-ਪੱਧਰੀ ਸਫਲਤਾ ਤੋਂ ਪ੍ਰੇਰਨਾ ਲੈਣ ਲਈ ਅਤੇ ਸ਼ਾਂਤੀ, ਭਾਰਤ ਮਾਰਗ ਵੱਲ ਵਿਸ਼ਵ ਰਾਏ ਨੂੰ ਆਕਾਰ ਦੇਣ ਦੀ ਕੋਸ਼ਿਸ਼ ਕਰੋ। 5. ਸਮਾਜ ਦੀ ਖੁਸ਼ੀ ਲਈ ਸਥਾਨਕ, ਖੇਤਰੀ ਅਤੇ ਰਾਸ਼ਟਰੀ ਮੀਡੀਆ ਦੇ ਕਰਮਚਾਰੀਆਂ ਨੂੰ ਆਪਣੇ ਆਪ ਨੂੰ ਅਧਿਆਤਮਿਕ ਤੌਰ 'ਤੇ ਸਮਰੱਥ ਬਣਾਉਣ ਵਿੱਚ ਸਹਾਇਤਾ ਕਰਨਾ ਤਾਂ ਜੋ ਉਹ ਆਪਣੇ ਆਪ ਨੂੰ ਭਲਾਈ ਲਈ ਪੂਰੀ ਤਰ੍ਹਾਂ ਸਮਰਪਿਤ ਕਰ ਸਕਣ। 6. ਇਹ ਸੁਨਿਸ਼ਚਿਤ ਕਰਨਾ ਕਿ ਮੀਡੀਆ ਆਪਣੀ ਭੂਮਿਕਾ ਨੂੰ ਸੱਚਾਈ ਨਾਲ ਅਤੇ ਬਿਨਾ ਪੱਖਪਾਤ ਨਿਭਾਉਣ ਲਈ ਸ਼ਕਤੀ ਦਿੱਤੀ ਗਈ ਹੈ, ਇਹ ਸੰਕਲਪ ਲਿਆ ਗਿਆ ਹੈ ਕਿ ਸਮਾਜ ਨੂੰ ਸੁਧਾਰਨ ਲਈ ਸ਼ਾਂਤੀ ਦੀ ਚੋਣ ਕਰਨਾ ਸਮੇਂ ਦੀ ਲੋੜ ਹੈ।

7. ਜਿਵੇਂ ਸੋਸ਼ਲ ਮੀਡੀਆ ਤੇਜ਼ੀ ਨਾਲ ਵਧ ਰਿਹਾ ਹੈ, ਇਹ ਸੰਕਲਪ ਲਿਆ ਗਿਆ ਹੈ ਕਿ ਇਹ ਸਵੈ-ਨਿਯੰਤ੍ਰਿਤ ਕਰੇਗਾ ਅਤੇ ਗਲਤ ਜਾਣਕਾਰੀ ਨੂੰ ਰੋਕ ਕੇ ਸਮਾਜ ਦੇ ਅੰਦਰ ਸੁਹਿਰਦ ਮਨੁੱਖੀ ਸਬੰਧਾਂ ਦੀ ਸਾਂਭ-ਸੰਭਾਲ ਲਈ ਆਪਣੇ ਆਪ ਨੂੰ ਜ਼ਿੰਮੇਵਾਰੀ ਨਾਲ ਵਿਹਾਰ ਕੀਤਾ ਜਾਵੇ।






# ਜੁੜਵਾ ਭੈਣਾਂ ਨੇ ਦੱਖਣੀ ਕੋਰੀਆ ਵਿੱਚ ਸੋਨ ਤਗਮੇ ਜਿੱਤ ਕੇ ਟਰਾਈਸਿਟੀ ਦਾ ਚਮਕਾਇਆ ਨਾਂ

**ਚੰਡੀਗੜ੍ਹ (ਹਰਦੇਵ ਚੌਹਾਨ)–** ਟਰਾਈਸਿਟੀ ਦੀਆਂ 13 ਸਾਲਾ ਜੁੜ੍ਵਾਂ ਭੈਣਾਂ ਤਾਨਿਆ ਅਤੇ ਤਨੀਸ਼ਾ ਨੇ ਦੱਖਣੀ ਕੋਰੀਆ ਵਿੱਚ ਹਾਲ ਹੀ ਵਿੱਚ ਹੋਏ ਵਿਸ਼ਵ ਡਾਂਸ ਫੈਸਟੀਵਲ ਵਿੱਚ ਦੋ ਸੋਨ ਤਗਮੇ ਜਿੱਤੇ ਹਨ। ਤਾਨਿਆ ਅਤੇ ਤਨੀਸ਼ਾ ਨੂੰ ਇੰਟਰਨੈਸ਼ਨਲ ਡਾਂਸ ਆਰਗੇਨਾਈਜੇਸ਼ਨ (ਆਈਡੀਓ), ਦੱਖਣੀ ਕੋਰੀਆ ਦੁਆਰਾ ਆਯੋਜਿਤ ਡਾਂਸ ਫੈਸਟੀਵਲ ਵਿੱਚ ਉੱਤਰੀ ਭਾਰਤ ਦੀ ਪ੍ਰਤੀਨਿਧਤਾ ਕਰਨ ਲਈ ਚੁਣਿਆ ਗਿਆ ਸੀ। ਇਨ੍ਹਾਂ ਜੁੜ੍ਵਾਂ ਬੱਚੀਆਂ ਨੇ ਨਾ ਸਿਰਫ ਟਰਾਈਸਿਟੀ ਦਾ, ਸਗੋਂ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ। ਚੈਂਪੀਅਨਸ਼ਿਪ ਵਿੱਚ 20 ਤੋਂ ਵੱਧ ਦੇਸ਼ਾਂ ਨੇ ਭਾਗ ਲਿਆ ਸੀ।

ਜ਼ਿਕਰਯੋਗ ਹੈ ਕਿ ਜੁੜ੍ਵਾ ਭੈਣਾਂ 4 ਸਾਲ ਦੀ ਉਮਰ ਤੋਂ ਹੀ ਰਾਕਸਟਾਰ ਅਕੈਡਮੀ 'ਚ ਟਰੇਨਿੰਗ ਲੈ ਰਹੀਆਂ ਹਨ। ਅਕੈਡਮੀ ਦੀਆਂ ਟਰਾਈਸਿਟੀ ਅਤੇ ਆਸ-ਪਾਸ ਦੇ ਖੇਤਰਾਂ ਵਿੱਚ ਕੁੱਲ 18 ਸ਼ਾਖਾਵਾਂ ਹਨ। ਤਾਨਿਆ ਅਤੇ ਤਨੀਸ਼ਾ, ਉਨ੍ਹਾਂ ਦੇ ਸਲਾਹਕਾਰ ਰਾਕਸਟਾਰ ਅਕੈਡਮੀ ਦੇ ਮੈਨੇਜਿੰਗ ਡਾਇਰੈਕਟਰ ਅਤੇ ਡਾਂਸ ਡਾਇਰੈਕਟਰ, ਸਮੀਰ ਮਹਾਜਨ ਅਤੇ ਸਾਕਸ਼ੀ ਰੌਥਨ ਜੋ ਕਿ ਅਕੈਡਮੀ ਦੇ ਸਹਿ-ਸੰਸਥਾਪਕ ਹਨ, ਸ਼੍ਰੀਮਤੀ ਹਰਪ੍ਰੀਤ ਦੂਬੇ, ਲੜ੍ਕੀਆਂ ਦੇ ਕਥਕ ਕੋਚ ਅਤੇ ਦੋਵਾਂ ਲੜ੍ਕੀਆਂ ਦੇ ਪਿਤਾ ਵਿਨੋਦ ਕੁਮਾਰ ਨੇ ਇੱਥੇ ਪ੍ਰੈੱਸ ਕਲੱਬ ਵਿਖੇ ਆਯੋਜਿਤ ਪੱਤਰਕਾਰ ਸੰਮੇਲਨ ਦੌਰਾਨ ਜੁੜ੍ਵਾਂ ਭੈਣਾਂ ਦੀਆਂ ਪ੍ਰਾਪਤੀਆਂ ਬਾਰੇ ਵੇਰਵੇ ਸਾਂਝੇ ਕੀਤੇ।






ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਤਾਨਿਆ ਨੇ ਕਿਹਾ, ''ਅਸੀਂ 'ਆਧੁਨਿਕ ਸਮਕਾਲੀ' ਅਤੇ 'ਲੋਕਧਾਰਾ' ਦੀਆਂ ਸ਼੍ਰੇਣੀਆਂ ਵਿੱਚ ਦੋ ਸੋਨ ਤਗਮੇ ਜਿੱਤੇ ਹਨ ਅਤੇ ਇਸ ਪ੍ਰਾਪਤੀ 'ਤੇ ਬਹੁਤ ਮਾਣ ਮਹਿਸੂਸ ਕਰ ਰਹੇ ਹਾਂ।'' ਤਨੀਸ਼ਾ ਨੇ ਅੱਗੇ ਕਿਹਾ ਕਿ, ''ਅਸੀਂ ਅੰਤਰਰਾਸ਼ਟਰੀ ਪੱਧਰ 'ਤੇ ਮੁਕਾਬਲਾ ਕਰਨ ਲਈ ਸਖ਼ਤ ਮਿਹਨਤ ਕੀਤੀ।

ਕੋਰੀਆ ਵਿੱਚ ਪ੍ਰਦਰਸ਼ਨ ਨੇ ਸਾਨੂੰ ਭਵਿੱਖ ਦੇ ਮੁਕਾਬਲਿਆਂ ਵਿੱਚ ਹੋਰ ਵੀ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ ਹੈ।'' ਸਮੀਰ ਮਹਾਜਨ, ਅਭਿਨੇਤਾ, ਕਲਾਕਾਰ ਅਤੇ ਕੋਰੀਓਗ੍ਰਾਫਰ ਨੇ ਖੁਲਾਸਾ ਕੀਤਾ ਕਿ ਇਸ ਜੋੜ੍ਹੀ ਨੇ ਅਪਰੈਲ ਵਿੱਚ ਬੈਂਗਲੁਰੂ ਵਿੱਚ ਡਾਂਸ ਵਿਸ਼ਵ ਕੱਪ ਵਿੱਚ ਪ੍ਰਦਰਸ਼ਨ ਕੀਤਾ ਸੀ, ਜਿੱਥੇ ਉਹਨਾਂ ਨੇ ਕਈ ਪ੍ਰਤੀਯੋਗੀਆਂ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਸੀ। ਇੰਨਾ ਹੀ ਨਹੀਂ ਜੂਨ 'ਚ ਹੋਈ ਏਸ਼ੀਆ ਪੈਸੀਫਿਕ ਡਾਂਸ ਕਾਂਗਰਸ ਦੁਬਈ 'ਚ ਵੀ ਜੁੜ੍ਵਾ ਬੱਚੀਆਂ ਜੇਤੂ ਰਹੀਆਂ ਸਨ।

ਜੁੜ੍ਵਾਂ ਭੈਣਾਂ ਨੇ ਇਸ ਮੌਕੇ ਆਪਣੇ ਤਜਰਬੇ ਸਾਂਝੇ ਕਰਦਿਆਂ ਦੱਸਿਆ ਕਿ ਜਦੋਂ ਸਾਡੇ ਸਾਹਮਣੇ ਅੰਤਰਰਾਸ਼ਟਰੀ ਪੱਧਰ ਦੇ ਕਲਾਕਾਰਾਂ ਦੀ ਪੇਸ਼ਕਾਰੀ ਹੁੰਦੀ ਹੈ ਤਾਂ ਘਬਰਾਹਟ ਹੋਣੀ ਸੁਭਾਵਕ ਹੈ, ਪਰ ਸਾਡੇ ਅਧਿਆਪਕਾਂ ਨੇ ਸਾਨੂੰ ਹਮੇਸ਼ਾ ਆਪਣੇ ਆਪ ਅਤੇ ਆਪਣੇ ਹੁਨਰ 'ਤੇ ਵਿਸ਼ਵਾਸ ਕਰਨ ਲਈ ਕਿਹਾ ਸੀ, ਜੋ ਅਸੀਂ ਸਟੇਜ 'ਤੇ ਕੀਤਾ।

ਜੁੜ੍ਵਾਂ ਭੈਣਾਂ ਨੇ ਦੱਸਿਆ ਕਿ ਉਨ੍ਹਾਂ ਦਾ ਅਗਲਾ ਉਦੇਸ਼ ਵੱਖ-ਵੱਖ ਡਾਂਸ ਸ਼ੈਲੀਆਂ ਨੂੰ ਸਿੱਖਣਾ ਅਤੇ ਖੋਜਣਾ ਹੈ।

# ਤਰਕਸ਼ੀਲਾਂ ਵੱਲੋਂ ਜੋਤਿਸ਼ ਗ਼ੈਰ ਵਿਗਿਆਨਕ, ਅਸੰਵਿਧਾਨਕ, ਅੰਧਵਿਸ਼ਵਾਸੀਕਰਨ ਦੀ ਨਿਖੇਧੀ

**ਬਰਨਾਲਾ, (ਦਲਜੀਤ ਕੌਰ)–** ਤਰਕਸ਼ੀਲ ਸੁਸਾਇਟੀ ਪੰਜਾਬ ਨੇ ਭਾਰਤੀ ਫੁੱਟਬਾਲ ਦੀ ਕੌਮੀ ਟੀਮ ਦੇ ਵਿਦੇਸ਼ੀ ਕੋਚ ਵਲੋਂ ਭਾਰਤੀ ਫੁੱਟਬਾਲ ਫੈਡਰੇਸ਼ਨ ਦੇ ਸਕੱਤਰ ਦੇ ਕਹਿਣ 'ਤੇ ਪਿਛਲੇ ਸਾਲ ਏਸ਼ੀਆ ਫੁੱਟਬਾਲ ਕੱਪ ਦੇ ਪ੍ਰੀ ਕੁਆਲੀਫਾਈ ਮੈਚਾਂ ਲਈ ਕੌਮੀ ਟੀਮ ਦੀ ਚੋਣ ਕਰਨ ਮੌਕੇ ਦਿੱਲੀ ਦੇ ਇਕ ਜੋਤਸ਼ੀ ਦੀਆਂ ਸੇਵਾਵਾਂ ਲੈਣ ਅਤੇ ਇਸਦੇ ਬਦਲੇ ਉਸਨੂੰ 15 ਲੱਖ ਰੁਪਏ ਦਾ ਭੁਗਤਾਨ ਕਰਨ ਦੀ ਲੋਕ ਵਿਰੋਧੀ ਅਤੇ ਗੈਰ ਵਿਗਿਆਨਕ ਕਾਰਵਾਈ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਕੇਂਦਰ ਸਰਕਾਰ ਤੋਂ ਇਸ ਸਮੁੱਚੇ ਘਟਨਾਕ੍ਰਮ ਦੀ ਨਿਆਇਕ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ ਅਤੇ ਇਸ ਸਚਾਈ ਨੂੰ ਮੀਡੀਏ ਰਾਹੀਂ ਜੱਗ ਜਾਹਰ ਕਰਨ ਵਾਲੇ ਭਾਰਤੀ ਫੁੱਟਬਾਲ ਕੋਚ ਇਗੋਰ ਸਟੀਮਕ ਨੂੰ ਭੇਜਿਆ' ਕਾਰਣ ਦਸੋ 'ਨੋਟਿਸ, ਰੱਦ ਕਰਨ ਦੀ ਵੀ ਮੰਗ ਕੀਤੀ ਹੈ।

ਇਸ ਸਬੰਧੀ ਪ੍ਰੈੱਸ ਬਿਆਨ ਜਾਰੀ ਕਰਦਿਆਂ ਤਰਕਸ਼ੀਲ ਸੁਸਾਇਟੀ ਪੰਜਾਬ ਜ਼ੋਨ ਬਰਨਾਲਾ- ਸੰਗਰੂਰ ਦੇ ਆਗੂਆਂ ਮਾਸਟਰ ਪਰਮਵੇਦ, ਸੀਤਾ ਰਾਮ, ਸੋਹਣ ਸਿੰਘ ਮਾਝੀ, ਨਾਇਬ ਸਿੰਘ ਦਿੜ੍ਬਾ ਤੇ ਰਜਿੰਦਰ ਰਾਜੂ ਧੂਰੀ ਨੇ ਦੱਸਿਆ ਕਿ ਅੰਗਰੇਜ਼ੀ ਦੀ ਇਕ ਪ੍ਰਮੁੱਖ ਅਖ਼ਬਾਰ ਇੰਡੀਅਨ ਐਕਸਪ੍ਰੈਸ ਨੂੰ ਇੰਟਰਵਿਊ ਦਿੰਦਿਆਂ ਭਾਰਤੀ ਫੁੱਟਬਾਲ ਟੀਮ ਦੇ ਵਿਦੇਸ਼ੀ ਕੋਚ ਇਗੋਰ ਸਟੀਮਕ ਨੇ ਇਹ ਦਾਅਵਾ ਕੀਤਾ ਹੈ ਕਿ ਆਲ ਇੰਡੀਆ ਫੁੱਟਬਾਲ ਫੈਡਰੇਸ਼ਨ ਦੇ ਤਤਕਾਲੀ ਸਕੱਤਰ ਜਨਰਲ ਕੁਸ਼ਲ ਦਾਸ ਨੇ ਹੀ ਉਸਨੂੰ ਦਿੱਲੀ ਦੇ ਜੋਤਸ਼ੀ ਦੀਆਂ ਸੇਵਾਵਾਂ ਲੈਣ ਲਈ ਮਜਬੂਰ ਕੀਤਾ ਸੀ ਜਿਸ ਕਰਕੇ ਮਈ 2022 ਵਿਚ ਭਾਰਤੀ ਫੁੱਟਬਾਲ ਟੀਮ ਵਲੋਂ ਖੇਡੇ ਗਏ ਹਰ ਮੈਚ ਤੋਂ ਪਹਿਲਾਂ ਜੋਤਸ਼ੀ ਨੂੰ ਸਾਰੇ 11 ਖਿਡਾਰੀਆਂ ਦਾ ਬਿਉਰਾ ਦਿੱਤਾ ਗਿਆ ਜਿਸ ਵਲੋਂ ਇਕੱਲੇ ਇਕੱਲੇ ਖਿਡਾਰੀ ਦੇ ਟੇਵਿਆਂ ਅਨੁਸਾਰ ਤੀਰ ਤੁੱਕੇ ਨਾਲ ਭਵਿਖਬਾਣੀ ਕਰਕੇ ਭਾਰਤੀ ਕੌਮੀ ਟੀਮ ਦੀ ਚੋਣ ਕਰਨ ਦੀ ਸਲਾਹ ਦਿੱਤੀ ਗਈ ਅਤੇ ਇਸ ਬਦਲੇ ਉਸਨੂੰ 15 ਲੱਖ ਰੁਪਏ ਦਾ ਭੁਗਤਾਨ ਵੀ ਕੀਤਾ ਗਿਆ।




ਤਰਕਸ਼ੀਲ ਆਗੂਆਂ ਨੇ ਭਾਜਪਾ ਦੀ ਕੇਂਦਰ ਸਰਕਾਰ ਵਲੋਂ ਹਰ ਖੇਤਰ ਵਿਚ ਲਾਗੂ ਕੀਤੇ ਜਾ ਰਹੇ ਫ਼ਿਰਕੂ ਹਿੰਦੂਤਵੀ ਏਜੰਡੇ ਦਾ ਵਿਰੋਧ ਕਰਦਿਆਂ ਦੋਸ਼ ਲਾਇਆ ਕਿ ਖੇਡਾਂ ਵਿਚ ਖਿਡਾਰੀਆਂ ਦੀ ਸਖ਼ਤ ਮਿਹਨਤ, ਬਿਹਤਰ ਖੇਡ ਸਹੂਲਤਾਂ, ਸਟੈਮਨਾ ,ਖੇਡ ਅਭਿਆਸ, ਖੇਡ ਭਾਵਨਾ ਅਤੇ ਵਧੀਆ ਪ੍ਰਦਰਸ਼ਨ ਦੇ ਸਿਰ ਤੇ ਹੀ ਸਫ਼ਲਤਾ ਹਾਸਿਲ ਕੀਤੀ ਜਾ ਸਕਦੀ ਹੈ ਪਰ ਮੋਦੀ ਸਰਕਾਰ ਵਲੋਂ ਖਿਡਾਰੀਆਂ ਨੂੰ ਆਧੁਨਿਕ ਸਹੂਲਤਾਂ ਦੇਣ ਦੀ ਬਜਾਏ ਉਨ੍ਹਾਂ ਦੀ ਸਮਰੱਥਾ ਨੂੰ ਰੱਦ ਕਰਕੇ ਗੈਰ ਵਿਗਿਆਨਕ ਜੋਤਿਸ਼-ਰਾਸ਼ੀ ਫਲ ਤੇ ਜੰਤਰ ਮੰਤਰ ਦੇ ਤੀਰ ਤੁਕਿਆਂ ਰਾਹੀਂ ਨਾ ਸਿਰਫ ਖਿਡਾਰੀਆਂ, ਕੋਚਾਂ ਅਤੇ ਦੇਸ਼ ਦਾ ਅਪਮਾਨ ਕੀਤਾ ਗਿਆ ਹੈ ਬਲਕਿ ਸਿੱਖਿਆ, ਸਿਹਤ, ਖੇਡ, ਕਲਾ ਅਤੇ ਇਨ੍ਹਾਂ ਨਾਲ ਸੰਬੰਧਿਤ ਸੰਸਥਾਵਾਂ ਦਾ ਭਗਵਾਂਕਰਨ ਅਤੇ ਵਪਾਰੀਕਰਨ ਕਰਕੇ ਦੇਸ਼ ਵਿੱਚ ਫਿਰਕੂਵਾਦ ਅਤੇ ਅੰਧ ਵਿਸ਼ਵਾਸ ਫੈਲਾਉਣ ਦੇ ਇਲਾਵਾ ਸਾਮਰਾਜ ਪੱਖੀ ਨੀਤੀਆਂ ਹੇਠ ਆਮ ਲੋਕਾਂ ਨੂੰ ਸ਼ਰੇਆਮ ਲੁੱਟਿਆ ਵੀ ਜਾ ਰਿਹਾ ਹੈ।

ਤਰਕਸ਼ੀਲ ਆਗੂਆਂ ਨੇ ਸਮੂਹ ਲੋਕ ਪੱਖੀ, ਅਗਾਂਹਵਧੂ ਅਤੇ ਜਮਹੂਰੀ ਤਾਕਤਾਂ ਨੂੰ ਅਪੀਲ ਕੀਤੀ ਕਿ ਉਹ ਭਾਜਪਾ ਸੰਘ ਵਲੋਂ ਦੇਸ਼ ਵਿਚ ਇਕ ਯੋਜਨਾਬੱਧ ਸਾਜਿਸ਼ ਹੇਠ ਫ਼ਿਰਕੂ ਫਾਸ਼ੀਵਾਦੀ, ਅੰਧ ਵਿਸ਼ਵਾਸੀ ਅਤੇ ਗ਼ੈਰ ਸੰਵਿਧਾਨਿਕ, ਗ਼ੈਰ ਵਿਗਿਆਨਕ ਗਤੀਵਿਧੀਆਂ ਰਾਹੀਂ ਜਨਤਕ ਸਰਮਾਏ ਨੂੰ ਸ਼ਰੇਆਮ ਲੁਟਾਏ ਜਾਣ ਦਾ ਡਟਵਾਂ ਵਿਰੋਧ ਕਰਦੇ ਹੋਏ ਆਮ ਲੋਕਾਂ ਨੂੰ ਜਿੰਦਗੀ ਵਿਚ ਵਿਗਿਆਨਕ ਸੋਚ ਅਤੇ ਜੱਥੇਬੰਦਕ ਸੰਘਰਸ਼ ਦੀ ਭਾਵਨਾ ਅਪਣਾਉਣ ਲਈ ਪ੍ਰੇਰਿਤ ਕਰਨ।

# ਗ਼ਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਵੱਲੋ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਜਨਮ ਦਿਨ ਮਨਾਉਣ ਦਾ ਫੈਸਲਾ

**ਸ਼ਹੀਦ ਊਧਮ ਸਿੰਘ ਵਾਲਾ, (ਦਲਜੀਤ ਕੌਰ)** ਗ਼ਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਵੱਲੋ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ 24 ਸਤੰਬਰ ਨੂੰ ਮਨਾਇਆ ਜਾਵੇਗਾ। ਸਵੇਰੇ 10 ਵਜੇ ਇਸ ਦਿਨ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਤੇ ਗੱਲ ਕਰਦੇ ਇੱਕ ਲੈਕਚਰ ਤੇ ਕਵੀ ਦਰਬਾਰ ਵੀ ਸੁਨਾਮ ਊਧਮ ਸਿੰਘ ਵਾਲਾ ਵਿਖੇ ਦਾ ਇੰਟਰਨੈਸ਼ਨਲ ਆਕਸਫੋਰਡ ਸਕੂਲ ਵਿੱਚ ਕਰਵਾਇਆ ਜਾਵੇਗਾ।



ਮੰਚ ਆਗੂ ਬਲਵੀਰ ਚੰਦ ਲੌਂਗੋਵਾਲ ਨੇ ਦੱਸਿਆ ਕਿ ਭਗਤ ਸਿੰਘ ਦੀ ਜ਼ਿੰਦਗੀ ਬਾਰੇ ਵਿਸ਼ੇਸ਼ ਲੈਕਚਰ ਭਗਤ ਸਿੰਘ ਜੀ ਦੇ ਭਾਣਜੇ ਪੋ. ਜਗਮੋਹਣ ਸਿੰਘ ਜੀ ਦਾ ਹੋਵੇਗਾ। ਗ਼ਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਵੱਲੋ ਇੱਕ ਕਵੀ ਦਰਬਾਰ ਵੀ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਇਲਾਕੇ ਦੇ ਉਸਾਰੂ ਸੋਚ ਵਾਲ਼ੇ ਕਵੀ ਆਪਣੀਆਂ ਲੋਕ ਪੱਖੀ ਰਚਨਾਵਾਂ ਸਾਂਝੀਆਂ ਕਰਣਗੇ। ਪ੍ਰਸਿੱਧ ਲੋਕ ਪੱਖੀ ਕਵਿੱਤਰੀ ਤੇ ਅਲੋਚਕ ਡਾ. ਅਰਵਿੰਦਰ ਕੌਰ ਕਾਕੜਾ, ਸੱਤਪਾਲ ਭੀਖੀ, ਸੁੱਖਵਿੰਦਰ ਪੱਪੀ, ਡਾ. ਸੰਤੋਖ ਸਿੰਘ ਸੁੱਖੀ, ਰਾਜਵਿੰਦਰ ਕੌਰ ਜਟਾਣਾਂ, ਰਣਜੀਤ ਧੂਰੀ, ਸੁਖਜੀਤ ਚੀਮਾ, ਸਮੇਤ ਹੋਰ ਕਵੀ ਵੀ ਇਸ ਕਵੀ ਦਰਬਾਰ ਵਿਚ ਆਪਣੀ ਹਾਜ਼ਰੀ ਲਗਵਾਉਣਗੇ ਅਤੇ ਹੋਰ ਕਈ ਪ੍ਰਸਿੱਧ ਕਵੀ ਤੇ ਕਵਿਤਰੀਆਂ ਆਪਣੀਆਂ ਰਚਨਾਵਾਂ ਪੇਸ਼ ਕਰਨਗੇ। ਮੰਚ ਦੇ ਸਕੱਤਰ ਅਨਿਲ ਕੁਮਾਰ ਨੇ ਦੱਸਿਆ ਕਿ ਉਧਮ ਸਿੰਘ ਭਗਤ ਸਿੰਘ ਨੂੰ ਆਪਣਾ ਦੋਸਤ ਦੱਸਦਾ ਸੀ।

ਮੰਚ ਵੱਲੋ ਮੀਟਿੰਗ ਕਰਕੇ ਸਾਰੇ ਪ੍ਰੋਗਰਾਮ ਦੀ ਰੂਪ ਰੇਖਾ ਤਹਿ ਕੀਤੀ ਗਈ ਮੀਟਿੰਗ ਵਿੱਚ ਪਵਨ ਕੁਮਾਰ, ਬਲਜੀਤ ਨਮੋਲ, ਪਦਮ ਸ਼ਰਮਾ, ਪ੍ਰੇਮ ਸਰੂਪ ਛਾਜਲੀ, ਸੁਖਜੀਤ ਸਿੰਘ ਚੀਮਾ, ਨਾਇਬ ਸਿੰਘ ਰਟੋਲ਼ਾ, ਰਣਬੀਰ ਸਿੰਘ, ਨਰੇਸ਼ ਕੁਮਾਰ ਗਗਨਦੀਪ ਛਾਜਲੀ, ਰਾਕੇਸ਼ ਕੁਮਾਰ, ਗੁਰਮੇਲ ਸਿੰਘ, ਹਰਦੇਵ ਸਿੰਘ, ਸੁਖਜਿੰਦਰ ਸਿੰਘ, ਮਿੱਠੂ ਸਿੰਘ, ਗੁਰਮੀਤ ਸਿੰਘ, ਦਾਤਾ ਸਿੰਘ ਨਮੋਲ ਸਮੇਤ ਹੋਰ ਕਈ ਆਗੂ ਮੌਜੂਦ ਸਨ। ਆਗੂਆਂ ਨੇ ਸੁਨਾਮ ਊਧਮ ਸਿੰਘ ਵਾਲਾ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਮੰਚ ਵੱਲੋ ਮੰਨਾਏ ਜਾ ਰਹੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਦੇ ਸਮਾਗਮ ਵਿੱਚ ਵੱਧ ਤੋ ਵੱਧ ਗਿਣਤੀ ਵਿੱਚ ਹਿੱਸਾ ਲੈਣ।

# ਰਣਜੀਤ ਔਜਲਾ ਨੇ ਸਰਕਾਰੀ ਪ੍ਰਾਇਮਰੀ ਸਕੂਲ ਢੱਡੇ ਨੂੰ ਭੇਂਟ ਕੀਤਾ ਇਨਵਰਟਰ

**ਫਗਵਾੜਾ (ਬੀ.ਕੇ.ਰੱਤੂ)–** ਸਰਕਾਰੀ ਪ੍ਰਾਇਮਰੀ ਸਕੂਲ ਢੱਡੇ ਵਿਖੇ ਰਣਜੀਤ ਔਜਲਾ ਨੇ ਸਕੂਲ ਨੂੰ




ਇਨਵਰਟਰ ਭੇਂਟ ਕੀਤਾ। ਰਣਜੀਤ ਖੇਡ ਜਗਤ ਵਿੱਚ ਬਹੁਤ ਵੱਡੀਆਂ ਵੱਡੀਆਂ ਪ੍ਰਾਪਤੀਆਂ ਕਰ ਚੁੱਕੇ ਹਨ। ਬਾਕਸਿੰਗ ਦੀ ਦੁਨੀਆਂ ਵਿੱਚ ਨਾਮ ਖੱਟਣ ਤੋਂ ਬਾਅਦ ਸਕਿਪਿੰਗ (ਰੱਸੀ ਟੱਪਣਾ) ਵਿੱਚ ਵੀ ਵਿਸ਼ਵ ਰਿਕਾਰਡ ਬਣਾਇਆ ਹੈ ਅਤੇ ਇੰਟਰਨੈਸ਼ਨਲ ਬੁੱਕ ਆਫ਼ ਰਿਕਾਰਡ (ਵਰਲਡ ਰਿਕਾਰਡ ਆਫ਼ ਐਕਸੀਲੈਂਸ) ਵਿੱਚ ਆਪਣਾ ਨਾਮ ਦਰਜ ਕਰਵਾਉਣ ਵਿੱਚ ਸਫਲਤਾ ਹਾਸਲ ਕੀਤੀ ਹੈ। ਰਣਜੀਤ ਔਜਲਾ ਦੇ ਪਿਤਾ ਸੁਰਿੰਦਰ ਪਾਲ ਅਤੇ ਮਾਤਾ ਰੇਸ਼ਮ ਕੌਰ ਜੀ ਰਣਜੀਤ ਔਜਲਾ ਨੂੰ ਸਮੇਂ ਸਮੇਂ ਤੇ ਸਮਾਜ ਭਲਾਈ ਦੇ ਕੰਮਾਂ ਵਿੱਚ ਸਹਿਯੋਗ ਕਰਨ ਪ੍ਰੇਰਣਾ ਦਿੰਦੇ ਰਹਿੰਦੇ ਹਨ।

ਇਸ ਮੌਕੇ ਸਕੂਲ ਇੰਚਾਰਜ ਮੀਨਾ ਮੈਡਮ ਤੇ ਰਣਜੀਤਾ ਮੈਡਮ ਨੇ ਆਏ ਹੋਏ ਸੁਰਿੰਦਰ ਪਾਲ, ਨਿਤਿਨ ਮੁਕੰਦਪੁਰ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਮਾਜ ਸੇਵਕ ਧਰਮਿੰਦਰ ਭੁੱਲਾਰਾਈ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਰਣਜੀਤ ਔਜਲਾ ਜੀ ਨੂੰ ਜਦੋਂ ਵੀ ਯਾਦ ਕੀਤਾ ਤਾਂ ਉਨ੍ਹਾਂ ਨੇ ਵਿਸ਼ੇਸ਼ ਸਹਿਯੋਗ ਕੀਤਾ। ਪਿਛਲੇ ਦਿਨੀਂ ਇਸੇ ਹੀ ਸਕੂਲ ਨੂੰ ਇੱਕ ਸਾਥੀ ਵਲੋਂ 44 ਬੇਗ 44 ਪਾਣੀ ਵਾਲੀਆਂ ਬੋਤਲਾਂ ਦਾ ਸਹਿਯੋਗ ਕੀਤਾ ਦੇਣ 'ਤੇ ਉਹਨਾਂ ਦਾ ਵੀ ਬਹੁਤ ਬਹੁਤ ਧੰਨਵਾਦ ਕੀਤਾ। ਇਸ ਮੌਕੇ ਰਾਜਿੰਦਰ ਘੇੜਾ ਚੇਅਰਮੈਨ ਅੰਬੇਡਕਰ ਸੈਨਾ, ਬਲਵੀਰ ਕੌਰ, ਸਰਬਜੀਤ ਕੌਰ ਤੋਂ ਇਲਾਵਾ ਸਕੂਲ ਸਟਾਫ ਤੇ ਬੱਚੇ ਹਾਜ਼ਰ ਸਨ।

# ਰਣਜੀਤ ਪਵਾਰ ਪ੍ਰਧਾਨ ਜਿਲਾ ਜਲੰਧਰ ਭਾਜਪਾ (ਦਿਹਾਤੀ) ਵਲੋਂ ਅਹੁਦੇਦਾਰੀਆਂ ਵਿੱਚ ਫੇਰਬਦਲ

**ਜਲੰਧਰ (ਜੱਸੀ)–**ਅੱਜ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਰਣਜੀਤ ਸਿੰਘ ਪਵਾਰ ਪ੍ਰਧਾਨ ਜਿਲ੍ਹਾ ਜਲੰਧਰ ਦਿਹਾਤੀ ਭਾਜਪਾ ਨੇ ਦੱਸਿਆ ਕਿ ਉਹਨਾਂ ਜਿਲਾ ਜਲੰਧਰ ਦਿਹਾਤੀ ਦੇ ਅਹੁਦੇਦਾਰਾਂ ਦੀਆਂ ਜ਼ਿੰਮੇਵਾਰੀਆ ਵਿੱਚ ਥੋੜ੍ਹਾ ਫੇਰ ਬਦਲ ਕੀਤਾ ਹੈ ਉਹਨਾਂ ਦੱਸਿਆ ਕਿ ਹੁਸਨ ਲਾਲ ਪੂਰਨਪੁਰ ਨੂੰ ਭਛ ਮੋਰਚੇ ਦਾ ਜਿਲ੍ਹਾ ਪ੍ਰਧਾਨ , ਅਜੇ ਕੁਮਾਰ ਪੁੰਝ ਗੁਰਾਇਆ ਨੂੰ ਜਿਲ੍ਹਾ ਇੰਚਾਰਜ ਮੀਡੀਆ ,ਰਾਜੀਵ ਸਿੰਗਲਾਂ ਆਦਮਪੁਰ ਨੂੰ ਸਕੱਤਰ ਜਿਲ੍ਹਾ ਜਲੰਧਰ ਅਤੇ ਬਿਕਰਮ ਸਿੰਘ ਵਿੱਕੀ ਨੂੰ ਆਦਮਪੁਰ ਮੰਡਲ ਦਾ ਪ੍ਰਧਾਨ ਨਿਯੁਕਤ ਕੀਤਾ ਹੈ। ਪਵਾਰ ਨੇ ਕਿਹਾ ਆਉਣ ਵਾਲੀਆ ਚੋਣਾਂ ਨੂੰ ਮੁੱਖ ਰੱਖਦਿਆਂ ਪੂਰੇ ਜਿਲ੍ਹੇ ਵਿੱਚ



ਕੁਝ ਸਾਥੀਆਂ ਦੀਆਂ ਜ਼ਿੰਮੇਵਾਰੀਆ ਵਿੱਚ ਫੇਰ ਬਦਲ ਕੀਤਾ ਜਾ ਸਕਦਾ ਹੈ।

ਉਹਨਾ ਕਿਹਾ ਭਾਜਪਾ ਹੀ ਇੱਕੋ ਇੱਕ ਅਜਿਹੀ ਪਾਰਟੀ ਹੈ ਜਿਸ ਵਿੱਚ ਮਿਹਨਤ ਕਰਨ ਵਾਲਿਆਂ ਨੂੰ ਬਿਨਾ ਕਿਸੇ ਸ਼ਿਪਾਰਸ਼ ਆਹੁਦੇ ਦੇ ਕੇ ਨਿਵਾਜਿਆ ਜਾਂਦਾ ਹੈ ਤਾ ਕਿ ਉਹ ਪਾਰਟੀ ਦੀ ਚੜਦੀ ਕਲਾ ਲਈ ਹੋਰ ਜ਼ਿਆਦਾ ਕੰਮ ਕਰਨ ਪਵਾਰ ਨੇ ਕਿਹਾ ਕਿ ਅਸੀਂ ਜ਼ਮੀਨੀ ਪੱਧਰ ਤੇ ਕੰਮ ਕਰ ਕੇ ਪੰਜਾਬ ਪ੍ਰਧਾਨ ਸ੍ਰੀ ਸੁਨੀਲ ਜਾਖੜ ਜੀ ਦੇ ਦਿਸ਼ਾ ਨਿਰਦੇਸ਼ਾ ਸਦਕਾ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਾ ਕੇ ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਦੀ ਉੱਚੀ ਸੋਚ ਸਦਕਾ ਨਸ਼ਾ ਅਤੇ ਬੇਰੁਜ਼ਗਾਰ ਮੁਕਤ ਪੰਜਾਬ ਬਣਾਵਾਂਗੇ।

# ਸਿੱਖ ਜਗਤ ਇਕੱਠਾ ਹੋ ਕੇ ਕੌਮੀ ਇਨਸਾਫ ਮੋਰਚੇ ਵਲੋਂ ਸ਼ੁਰੂ ਕੀਤੇ ਸੰਘਰਸ਼ ਨੂੰ ਸਫਲ ਬਣਾਵੇ !

ਜੰਗ ਸਿੰਘ
ਮੋਬਾਇਲ ਨੰ +1 415 603 7380

ਕੌਮੀ ਇਨਸਾਫ ਮੋਰਚੇ ਨੇ 7 ਜਨਵਰੀ 2023 ਨੂੰ ਚਾਰ ਸਿੱਖ ਮੁੱਖ ਮੰਗਾਂ ਜਿਸ ਵਿੱਚ ਸਾਲ 2015 ਵਿੱਚ ਪਿੰਡ ਜਵਾਹਰੇ ਕੇ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਚੋਰੀ ਕਰਨ ਉਪਰੰਤ 600 ਅੰਗਾਂ ਨੂੰ ਪਾੜ੍ਹ ਕੇ ਗਲੀਆਂ ਵਿੱਚ ਖਿਲਾਰਣ ਵਾਲੇ ਦੋਸ਼ੀਆਂ ਨੂੰ ਫੜ੍ਹਣ, ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਸਜਾਵਾਂ ਦੇਣ ਅਤੇ ਬੰਦੀ ਸਿੰਘ ਜਿਨਾਂ ਨੇ ਸਿੱਖ ਸੰਘਰਸ਼ ਦੌਰਾਨ ਵੱਖ ਵੱਖ ਦੋਸ਼ਾਂ ਤਹਿਤ ਉਮਰ ਕੈਦ ਤੋਂ ਵੀ ਦੁੱਗਣੀਆਂ ਸਜਾਵਾਂ ਤਕ ਪੂਰੀਆਂ ਕਰ ਲਈਆਂ ਹਨ ਨੂੰ ਪੱਕੇ ਤੌਰਤੇ ਰਿਹਾਅ ਕੀਤਾ ਜਾਵੇ ਦੀਆਂ ਮੰਗਾਂ ਨੂੰ ਲੈ ਕੇ ਮੋਹਾਲੀ ਚੰਡੀਗੜ੍ਹ ਬਾਰਡਰ ਜਿਥੇ ਕੌਮੀ ਸਿੱਖ ਮੋਰਚੇ ਦੇ ਯੋਧਿਆਂ ਨੂੰ ਮੁਜਾਹਰਾ ਕਰਕੇ ਚੰਡੀਗੜ੍ਹ ਜਾਂਦੇ ਹੋਏ ਜੱਥੇ ਨੂੰ ਪੁਲੀਸ ਨੇ ਜਬਰੀ ਰੋਕਿਆ ਸੀ ਉਸੇ ਸਥਾਨ ਤੇ ਉਨਾਂ ਨੇ ਪੱਕੇ ਤੌਰਤੇ ਟੈਂਟ ਲਗਾ ਕੇ ਉਸ ਥਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਸੰਘਰਸ਼ ਸ਼ੁਰੂ ਕੀਤਾ ਹੋਇਆ ਹੈ। ਇਸ ਤੋਂ ਪਹਿਲਾਂ ਉਨਾਂ ਨੇ ਸੁੱਤੀ ਪਈ ਸਰਕਾਰ ਨੂੰ ਜਗਾਉਣ ਲਈ 26 ਜਨਵਰੀ 2023 ਨੂੰ ਮੁਹਾਲੀ ਵਿਖੇ ਲਾ ਮਿਸਾਲ ਰੋਸ ਮਾਰਚ ਕੀਤਾ ਸੀ ਜਿਸ ਬਾਰੇ ਅਖਬਾਰਾਂ ਵਿੱਚ ਖਬਰਾਂ ਵੀ ਪ੍ਰਕਾਸ਼ਿਤ ਹੋਈਆਂ ਸਨ। ਮੀਡੀਏ ਵਲੋਂ ਇਹ ਦਸਿਆ ਗਿਆ ਸੀ ਕਿ ਸਿੱਖ ਸੰਗਤਾਂ ਵਿੱਚ ਕੇਂਦਰ ਦੀ ਭਾਜਪਾ ਸਰਕਾਰ ਪ੍ਰਤੀ ਇਤਨਾ ਰੋਸ ਸੀ ਕਿ ਇਹ ਮਾਰਚ 18 ਕਿਲੋਮੀਟਰ ਤੋਂ ਕਿਤੇ ਵਧੇਰੇ ਲੰਮੇਰਾ ਸੀ ।ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਸਿੱਖ ਕੌਮ ਦੀਆਂ ਸਾਂਝੀਆਂ ਮੰਗਾਂ ਹੋਣ ਤੇ ਲੜਾਈ ਸਿਰਫ ਕੌਮੀ ਇਨਸਾਫ ਮੋਰਚੇ, ਦੱਲ ਖਾਲਸਾ, ਸ਼੍ਰੋਮਣੀ ਅਕਾਲੀ ਦੱਲ (ਅੰਮ੍ਰਿਤਸਰ) ਆਦਿ ਜਥੇਬੰਦੀਆਂ ਹੀ ਲੜ੍ਹ ਰਹੀਆਂ ਹਨ। ਬਾਕੀ ਸਿੱਖ ਜਥੇਬੰਦੀਆਂ ਤੇ ਸਿੱਖ ਜਗਤ ਦਾ ਇਕੱਠਿਆਂ ਨਾ ਹੋਣ ਦਾ ਨਤੀਜਾ ਹੈ ਕਿ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਵਿੱਚ ਤੇ ਹੋਰ ਮੰਗਾਂ ਨੂੰ ਪ੍ਰਵਾਨ ਕਰਾਉਣ ਵਿੱਚ ਸਰਕਾਰ ਦੀ ਬੇਰੁੱਖੀ ਚਲੀ ਆ ਰਹੀ ਹੈ।ਕੌਮੀ ਇਨਸਾਫ ਮੋਰਚੇ ਦੇ ਆਗੂਆਂ ਨੇ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਤੋਂ ਵੀ ਇਕ ਰੋਸ ਸ਼ੁਰੂ ਕਰਕੇ ਪੰਜਾਬ ਦੇ ਗਵਰਨਰ ਨੂੰ ਮਿਲਣ ਲਈ ਚੰਡੀਗੜ੍ਹ ਲਈ ਰਵਾਨਾ ਹੋਇਆ ਸੀ ਉਸ ਨਾਲ ਮੀਟਿੰਗ ਦੌਰਾਨ ਜੋ ਗਲ ਬਾਤ ਹੋਈ ਸੀ ਜਿਸ ਵਿੱਚ ਉਨਾਂ ਨੇ ਇਹ ਕਿਹਾ ਸੀ ਕਿ ਉਹ ਉਨਾਂ ਨੂੰ ਬੰਦੀ ਸਿੰਘ ਜਿਨਾਂ ਦੀ ਰਿਹਾਈ ਦੀ ਉਹ ਮੰਗ ਕਰ ਰਹੇ ਹਨ ਤੇ ਉਨਾਂ ਨੇ ਕਿੰਨੀਆਂ ਕਿੰਨੀਆਂ ਸਜਾਵਾਂ ਕੱਟ ਲਈਆਂ ਹਨ ਉਨਾਂ ਦੀ ਲਿਸਟ ਦੇਣ ਤਾਂ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਅਗਲੇਰੀ ਕਾਰਵਾਈ ਕੀਤੀ ਜਾ ਸਕੇ। ਇਹ ਮੰਗੀ ਜਾਣਕਾਰੀ ਕੌਮੀ ਇਨਸਾਫ ਮੋਰਚੇ ਦੇ ਆਗੂਆਂ ਵਲੋਂ ਨਿਸਚਿਤ ਸਮੇਂ ਵਿੱਚ ਪੰਜਾਬ ਦੇ ਗਵਰਨਰ ਸ੍ਰੀ ਬਨਵਾਰੀ ਲਾਲ ਪ੍ਰੋਹਤ ਨੂੰ ਦੇ ਵੀ ਦਿੱਤੀ ਸੀ। ਕੌਮੀ ਇਨਸਾਫ ਮੋਰਚੇ ਦੇ ਆਗੂਆਂ ਦੀ ਇਕ ਹੋਰ ਮੀਟਿੰਗ 14 ਅਗਸਤ 2023 ਨੂੰ ਇਨਾਂ ਮੰਗਾਂ ਦੇ ਸਬੰਧ ਵਿੱਚ ਪੰਜਾਬ ਦੇ ਗਵਰਨਰ ਨਾਲ ਹੋਈ ਸੀ ਜਿਸ ਵਿੱਚ ਉਨਾਂ ਨੇ ਫਿਰ 10 ਦਿਨ ਦਾ ਸਮਾਂ ਮੰਗਿਆ ਸੀ । ਇਥੇ ਦਸਣਾ ਬਣਦਾ ਹੈ ਕਿ ਇਕ ਸਾਲ ਪਹਿਲਾਂ ਵੀ ਇਹੋ ਗੱਲ ਪੰਜਾਬ ਦੇ ਗਵਰਨਰ ਨੇ ਸਿੱਖ ਆਗੂਆਂ ਨਾਲ ਇਕ ਮਿਲਣੀ ਦੌਰਾਨ ਸਤ ਦਿਨਾਂ ਦਾ ਸਮਾਂ ਮੰਗਣ ਵਾਲੀ ਗੱਲ ਦਾ ਜਿਕਰ ਕੀਤਾ ਸੀ, ਉਸੇ ਸਮੇਂ ਸਿੱਖ ਆਗੂਆਂ ਨੇ ਗਵਰਨਰ ਸਾਹਿਬ ਨੂੰ ਚੇਤੇ ਕਰਵਾਉਂਦਿਆ ਕਿਹਾ ਸੀ ਕਿ ਇਹ ਗੱਲ ਤਾਂ ਤੁਸੀ ਇਕ ਸਾਲ ਪਹਿਲਾਂ ਵੀ ਕਹਿ ਚੁੱਕੇ ਹੋ ਪਰ ਹਾਲੇ ਤਕ ਮਸੱਲਾ ਉਥੇ ਦਾ ਉਥੇ ਹੁਣ ਤਕ ਖੜਾ ਹੈ। ਕੋਈ ਨਤੀਜਾ ਨਹੀਂ ਨਿਕਲਿਆ? ਇਹ ਸੁਣ ਕੇ ਗਵਰਨਰ ਸਾਹਿਬ ਝਿੱਥੇ ਜਿਹੇ ਤਾਂ ਜਰੂਰ ਪੈ ਗਏ ਸਨ ।ਇਹ ਲਫਜ ਇਸ ਗੱਲ ਦਾ ਪ੍ਰਗਟਾਵਾ ਕਰਦੇ ਹਨ ਕਿ ਪੰਜਾਬ ਦੇ ਗਵਰਨਰ ਸਮੇਤ ਕੇਂਦਰ ਦੀ ਸਰਕਾਰ ਇਸ ਮਸੱਲੇ ਨੂੰ ਹੱਲ ਕਰਨ ਦੀ ਬਜਾਏ ਇਸ ਨੂੰ ਲੱਟਕਾ ਕੇ ਰੱਖਣਾ ਚਾਹੁੰਦੀ ਹੈ। ਹੁਣ ਜੇ ਕਰ ਇਨਾਂ ਮਸੱਲਿਆਂ ਤੇ ਝਾਤ ਮਾਰੀਏ ਤਾਂ ਸਾਲ 2015 ਵਿੱਚ ਜਦੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਹੋਈਆਂ ਜਾਂ ਗੋਲੀ ਚਲੀ ਸੀ ਜਿਸ ਵਿੱਚ ਦੋ ਬੇਦੋਸ਼ੇ ਸਿੱਖ ਨੌਜੁਆਨਾਂ ਦੀ ਮੌਤ ਹੋਈ ਸੀ ਉਸ ਸਮੇਂ ਪੰਜਾਬ ਵਿੱਚ ਸ੍ਰ ਪ੍ਰਕਾਸ਼ ਸਿੰਘ ਬਾਦਲ ਦੀ ਸ਼੍ਰੋਮਣੀ ਅਕਾਲੀ ਦੱਲ ਦੀ ਸਰਕਾਰ ਰਾਜ ਕਰ ਰਹੀ ਸੀ ਜਿਸ ਦੇ ਆਗੂ ਖੁਦ ਸ੍ਰੀ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਮੰਨਦੇ ਸਨ। ਇਹ ਲੀਡਰਸ਼ਿਪ ਇੰਨੀ ਸੁਆਰਥੀ ਸੀ ਕਿ ਉਨਾਂ ਨੂੰ ਆਪਣੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵੱਧ ਸਿਰਸੇ ਵਾਲੇ ਸਾਧ ਦੀਆਂ ਵੋਟਾਂ ਪਿਆਰੀਆਂ ਸਨ ਜਿਸ ਕਰਕੇ ਦੋਸ਼ੀਆਂ ਦਾ ਪਤਾ ਹੋਣ ਦੇ ਬਾਵਜੂਦ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਪਿਛੇ ਸਿਰਸੇ ਵਾਲੇ ਬਾਬੇ ਸ੍ਰੀ ਰਾਮ ਰਹੀਮ ਸਿੰਘ ਦਾ ਹੱਥ ਹੈ । ਉਨਾਂ ਨੂੰ ਫੜ੍ਹਿਆ ਨਹੀਂ ਗਿਆ। ਇਸੇ ਅਖੌਤੀ ਸਾਧ ਰਾਮ ਰਹੀਮ ਸਿੰਘ ਜਿਸ ਨੇ ਦਸਮ ਪਾਤਸ਼ਾਹ ਦੇ ਅੰਮ੍ਰਿਤ ਦੀ ਨਕਲ ਕਰਦਿਆਂ 'ਜਾਮ ਇਨਸਾਂ' ਪਿਆ ਕੇ ਇਕ ਤਰ੍ਹਾਂ ਨਾਲ ਸਿੱਖ ਧਰਮ ਦੀ ਖਿੱਲ਼ੀ ਉਡਾਈ ਸੀ ਉਸੇ ਸਾਧ ਨੂੰ ਸ੍ਰੀ ਅਕਾਲ ਤਖਤ ਤੋਂ ਬਿਨ ਮੁਆਫੀ ਮੰਗੇ ਸ੍ਰ ਪ੍ਰਕਾਸ਼ ਸਿੰਘ ਬਾਦਲ ਤੇ ਉਸ ਦੇ ਸਪੁੱਤਰ ਸੁਖਬੀਰ ਸਿੰਘ ਬਾਦਲ ਨੇ ਸਿੱਖ ਪੰਥ ਦੇ ਪੰਜ ਜਥੇਦਾਰਾਂ ਕੋਲੋਂ ਜਬਰੀ ਮੁਆਫੀ ਦੁਆਈ ਗਈ ਸੀ। ਜਿਸ ਦਾ ਸਿੱਖ ਪੰਥ ਨੇ ਸਖਤ ਵਿਰੋਧ ਕੀਤਾ ਤਾਂ ਇਸ ਮੁਆਫੀ ਨੂੰ ਸਹੀ ਦਰਸਾਉਣ ਲਈ ਸ਼੍ਰੋਮਣੀ ਕਮੇਟੀ ਵਲੋਂ ਲਗ ਭਗ ਇਕ ਕਰੋੜ੍ਹ ਰੁਪਏ ਦੇ ਵੱਖ ਵੱਖ ਅਖਬਾਰਾਂ ਨੂੰ ਇਸ਼ਤਿਹਾਰ ਦਿੱਤੇ ਗਏ। ਇਸ ਦੇ ਬਾਵਜੂਦ ਜਦੋਂ ਸਿੱਖ ਕੌਮ ਨੇ ਇਸ ਦਾ ਵਿਰੋਧ ਜਾਰੀ ਰਖਿਆ ਤਾਂ ਫਿਰ ਕਿਧਰੇ ਜਾ ਕੇ ਮਜਬੂਰ ਹੋ ਕੇ ਉਸੇ ਮੁਆਫੀ ਨੂੰ ਸਿੱਖ ਕੌਮ ਦੇ ਜਥੇਦਾਰਾਂ ਨੂੰ ਰੱਦ ਕਰਨਾ ਪਿਆ ਸੀ। ਉਪਰੰਤ ਕਾਂਗਰਸ ਪਾਰਟੀ ਦੀ ਸਰਕਾਰ ਜਿਸ ਦੀ ਅਗਵਾਈ ਕੈਪਟਨ ਅਮਰਿੰਦਰ ਸਿੰਘ ਪੰਜ ਸਾਲਾਂ ਤਕ ਕਰਦੇ ਰਹੇ ਸਜਾਵਾਂ ਦੇਣ ਦਾ ਵਾਅਦਾ ਕਰਕੇ ਉਨਾਂ ਵਲੋਂ ਵੀ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਸਜਾਵਾਂ ਨਾ ਦੇਣਾ । ਉਪਰੰਤ ਆਮ ਆਦਮੀ ਪਾਰਟੀ ਦੀ ਸਰਕਾਰ ਜਿਸ ਨੂੰ ਹੋਂਦ ਵਿੱਚ ਆਇਆਂ ਡੇਢ ਸਾਲ ਤੋਂ ਵਧੇਰੇ ਦਾ ਸਮਾਂ ਹੋ ਗਿਆ ਹੈ ਜਿਹੜੀ ਪਾਰਟੀ ਆਪਣੇ ਆਪ ਨੂੰ ਰਵਾਇਤੀ ਪਾਰਟੀਆਂ ਤੋਂ ਵੱਖਰਾ ਦਸਦੀ ਸੀ ਇਸ ਪਾਰਟੀ ਦੇ ਸੁਪਰੀਮੋ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਜਿਹਨਾਂ ਨੇ ਆਪਣੇ ਸਿਰ ਤੇ ਸ਼ਹੀਦ ਭਗਤ ਸਿੰਘ ਦੀ ਪੱਗ ਦੇ ਰੰਗ ਵਾਲੀ ਬਸੰਤੀ ਪੱਗ ਸਜਾਈ ਹੋਈ ਹੈ ਜਿਨਾਂ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਹ ਕਿਹਾ ਸੀ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਓ ਅਸੀ ਇਕ ਮਹੀਨੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋਸ਼ੀਆਂ ਨੂੰ ਫੜ੍ਹ ਕੇ ਸਜਾਵਾਂ ਦੇਵਾਂਗੇ । ਅੱਜ ਇਸ ਪਾਰਟੀ ਦਾ ਕਿਰਦਾਰ ਵੀ ਰਵਾਇਤੀ ਪਾਰਟੀਆਂ ਵਰਗਾ ਬਣ ਜਾਣ ਕਰਕੇ ਇਸ ਪਾਰਟੀ ਨੇ ਵੀ ਮਸਲੇ ਨੂੰ ਹੱਲ ਕਰਨ ਦੀ ਹੁਣ ਤਕ ਪੂਣੀ ਵੀ ਨਹੀਂ ਕੱਤੀ। ਆਮ ਆਦਮੀ ਪਾਰਟੀ ਦੇ ਅੰਮ੍ਰਿਤਸਰ ਤੋਂ ਵਿਧਾਨ ਸਭਾ ਮੈਂਬਰ ਕੰਵਰ ਪ੍ਰਤਾਪ ਸਿੰਘ ਕਈ ਵਾਰ ਪੰਜਾਬ ਸਰਕਾਰ ਦਾ ਧਿਆਨ ਇਸ ਮੰਗ ਵਲ ਦੁਆ ਚੁੱਕੇ ਹਨ ਨਾਂ ਤਾਂ ਉਨਾਂ ਨੂੰ ਵਿਧਾਨ ਸਭਾ ਵਿੱਚ ਗੱਲ ਕਰਨ ਦਾ ਮੌਕਾ ਦਿੱਤਾ ਗਿਆ ਨਾ ਹੀ ਮੱਸਲਾ ਹੱਲ ਕੀਤਾ ਹੈ। ਪਾਰਟੀ ਦੇ ਸੁਪਰੀਮੋ ਸ੍ਰੀ ਕੇਜਰੀਵਾਲ ਬਾਰੇ ਪੰਜਾਬੀਆਂ ਦੇ ਭੁਲੱਖੇ ਕਾਫੀ ਹੱਦ ਤਕ ਦੂਰ ਹੋ ਗਏ ਹਨ ਕਿ ਆਮ ਆਦਮੀ ਪਾਰਟੀ ਦੀ ਉਹ ਹੀ ਨੀਤੀ ਹੈ ਜੋ ਭਾਜਪਾ ਦੀ ਹੈ। ਇਸ ਪਾਰਟੀ ਨੇ ਚੋਣਾਂ ਜਿੱਤਣ ਖਾਤਰ ਸਜਾਵਾਂ ਦੇਣ ਦੀ ਅਵਾਜ ਬੁਲੰਦ ਕਰਕੇ ਪੰਜਾਬੀਆਂ ਦੀਆਂ ਵੋਟਾਂ ਬਟੋਰੀਆਂ ਹਨ ਜਿਸ ਕਾਰਨ ਇਹ ਪਾਰਟੀ ਵੀ ਦਿਨ ਬ ਦਿਨ ਪੰਜਾਬੀਆਂ ਦੇ ਮਨੋਂ ਲਹਿ ਰਹੀ ਹੈ। ਪੰਜਾਬ ਦੇ ਲੋਕਾਂ ਦੇ ਮਸਲੇ ਉੱਝ ਦੇ ਉੱਝ ਬਰਕਰਾਰ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸ੍ਰੀ ਕੇਜਰੀਵਾਲ ਦੀ ਕਠਪੁੱਤਲੀ ਬਣ ਕੇ ਕਰੋੜ੍ਹਾਂ ਰੁਪਏ ਦੇ ਦੂਸਰੇ ਪ੍ਰਾਂਤਾਂ ਵਿੱਚ ਪੰਜਾਬ ਦੇ ਇਸ਼ਤਿਹਾਰ ਦੇ ਕੇ, ਆਮ ਆਦਮੀ ਪਾਰਟੀ ਦੀਆਂ ਚੋਣਾਂ ਵਿੱਚ ਸ੍ਰੀ ਕੇਜਰੀਵਾਲ ਨੂੰ ਪੰਜਾਬ ਦੇ ਚੌਪਰ ਵਿੱਚ ਬਿਠਾ ਕੇ ਦੂਜੇ ਪ੍ਰਾਤਾਂ ਜਿਥੇ ਚੋਣਾਂ ਹੋ ਰਹੀਆਂ ਹਨ ਉਨਾਂ ਪ੍ਰਾਤਾਂ ਵਿੱਚ ਘੁੰਮਾ ਕੇ ਪੰਜਾਬ ਨੂੰ ਕਰਜੇ ਦੀ ਦਲ ਦਲ ਵਿੱਚ ਹੋਰ ਧਕਦੇ ਆ ਰਹੇ ਹਨ।

ਪੰਜਾਬ ਦੇ ਲੋਕ ਇਹ ਸਭ ਕੁਝ ਵੇਖਦੇ ਆ ਰਹੇ ਹਨ। ਜਿਸ ਕਾਰਨ ਬਸੰਤੀ ਪੱਗੜ੍ਹੀ ਬੰਨਣ ਵਾਲੇ ਸ੍ਰ ਮਾਨ ਵੀ ਹੁਣ ਪੰਜਾਬੀਆਂ ਦੀਆਂ ਅੱਖਾਂ ਵਿੱਚ ਰੜ੍ਹਕਣੇ ਸ਼ੁਰੂ ਹੋ ਗਏ ਹਨ। ਹਾਲਾਂ ਕਿ ਇਸ ਪਾਰਟੀ ਨੂੰ ਪੰਜਾਬ ਦੇ ਲੋਕਾਂ ਨੇ ਸੰਗਰੂਰ ਦੀਆਂ ਚੋਣਾਂ ਵਿੱਚ ਹਾਰ ਦੁਆ ਕੇ ਇਕ ਟਰੇਲਰ ਰਾਹੀਂ ਪ੍ਰੱਤਖ ਦਸ ਦਿਤਾ ਸੀ ਕਿ ਪੰਜਾਬ ਦੇ ਲੋਕ ਸ੍ਰੀ ਕੇਜਰੀਵਾਲ ਜਿਸ ਨੇ ਸਾਰੇ ਪੰਜਾਬ ਨੂੰ ਆਪਣੀ ਜਕੜ੍ਹ ਵਿੱਚ ਲੈ ਰਖਿਆ ਹੈ ਉਸ ਨੂੰ ਬਿਲਕੁਲ ਸਵੀਕਾਰ ਕਰਨ ਵਾਲੇ ਨਹੀਂ। ਕੌਮੀ ਇਨਸਾਫ ਮੋਰਚੇ ਦੇ ਪ੍ਰਮੁੱਖ ਇਕ ਆਗੂ ਬਾਪੂ ਤਰਲੋਕ ਸਿੰਘ ਜਿਹੜੇ ਕਿ ਭਾਈ ਜਗਤਾਰ ਸਿੰਘ ਹਵਾਰਾ ਦੇ ਪਿਤਾ ਹਨ ਨੇ ਇਕ ਮੁਲਾਕਾਤ ਵਿੱਚ ਦਸਿਆ ਕਿ ਉਨਾਂ ਨੇ ਮੋਰਚਾ ਲਗਾਉਣ ਤੋਂ ਪਹਿਲਾਂ ਤੇ ਹੁਣ ਤਕ ਸਾਰੀਆਂ ਸਿੱਖ ਜਥੇਬੰਦੀਆਂ ਨਾਲ ਸੰਪਰਕ ਕੀਤਾ ਹੈ ਪਰ ਉਹ ਹਾਲੇ ਤਕ ਉਹ ਖਾਮੋਸ਼ ਬੈਠੀਆਂ ਹਨ।ਸਿੱਖ ਕੌਮ ਦੀ ਤਰਾਸਦੀ ਇਹ ਹੈ ਕਿ ਇਸ ਸਮੇਂ ਸਿੱਖ ਕੌਮ ਲੀਡਰ ਰਹਿਤ ਹੈ। ਸ਼੍ਰੋਮਣੀ ਅਕਾਲੀ ਦੱਲ ਜਿਸ ਨੇ ਪੰਜਾਬ ਵਿੱਚ ਲਗ ਭਗ ਤਿੰਨ ਦਹਾਕੇ ਰਾਜ ਹੀ ਨਹੀਂ ਕੀਤਾ ਬਲਕਿ ਕੇਂਦਰ ਵਿੱਚ ਵੀ ਭਾਜਪਾ ਸਰਕਾਰ ਵਿੱਚ ਭਾਈਵਾਲ ਰਹੀ ਹੈ ਪਰ ਇਸ ਨੇ ਵੀ ਪੰਜਾਬ ਦਾ ਇਕ ਵੀ ਮਸੱਲਾ ਹੱਲ ਨਹੀਂ ਕਰਵਾਇਆ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ , ਪਾਣੀ ਤੇ ਡੈਮਾਂ ਆਦਿ ਸਭ ਮੱਸਲੇ ਉੱਝ ਦੇ ਉੱਝ ਲਟਕਦੇ ਆ ਰਹੇ ਹਨ। ਸ਼੍ਰੋਮਣੀ ਅਕਾਲੀ ਦੱਲ ਨੇ ਬੰਦੀ ਸਿੰਘਾਂ ਨੂੰ ਰਿਹਾ ਕਰਾਉਣਾ ਤਾਂ ਦੂਰ ਦੀ ਗੱਲ ਸ੍ਰ ਪਰਕਾਸ਼ ਸਿੰਘ ਬਾਦਲ ਜਦੋਂ ਪੰਜਾਬ ਦੇ ਮੁੱਖ ਮੰਤਰੀ ਸਨ ਬੰਦੀ ਸਿੰਘਾਂ ਬਾਰੇ ਇੰਝ ਕਹਿ ਕੇ ਜੇ ਕਰ ਇਨਾਂ ਬੰਦੀ ਸਿੰਘਾਂ ਨੂੰ ਪੰਜਾਬ ਵਿੱਚ ਰੱਖਿਆ ਗਿਆ ਤਾਂ ਪੰਜਾਬ ਦੇ ਅਮਨ ਕਾਨੂੰਨ ਦੀ ਹਾਲਤ ਵਿਗੜ੍ਹ ਸਕਦੀ ਹੈ ਬੰਦੀ ਸਿੰਘਾਂ ਨੂੰ ਪੰਜਾਬ ਵਿੱਚ ਰੱਖਣ ਦੀ ਥਾਂ ਤੇ ਦੂਸਰੇ ਪ੍ਰਾਂਤਾਂ ਵਿੱਚ ਭੇਜਦੀ ਰਹੀ ਹੈ। ਇਸੇ ਤਰਾਂ ਹੀ ਦਿੱਲੀ ਜਿਥੇ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਇਸ ਨੇ ਚੌਥੀ ਵਾਰ ਪ੍ਰੋ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੀ ਮੰਗ ਨੂੰ ਰੱਦ ਕਰ ਦਿੱਤਾ ਹੈ ।

ਕੇਂਦਰ ਸਰਕਾਰ ਦੀ ਹੋਰ ਮਕਾਰੀ ਵੇਖੋ ਕਿ ਭਾਈ ਜਗਤਾਰ ਸਿੰਘ ਹਵਾਰਾ ਜਿਹੜੇ 1995 ਤੋਂ ਜੇਲ ਵਿੱਚ ਬੰਦ ਹਨ ਉਨਾਂ ਵਿਰੁੱਧ ਹੁਣ 28 ਸਾਲਾਂ ਬਾਅਦ ਚਾਰਸ਼ੀਟ ਜਾਰੀ ਕੀਤੀ ਹੈ ਜਿਸ ਦੀ ਸਤੰਬਰ ਵਿੱਚ ਸੁਣਵਾਈ ਰੱਖੀ ਗਈ ਹੈ ਤਾਂ ਕਿ ਉਸ ਦੀ ਰਿਹਾਈ ਨੂੰ ਲਟਕਾਇਆ ਜਾ ਸਕੇ। ਜੋ ਸਰਕਾਰ ਦੀ ਸਿੱਖਾਂ ਪ੍ਰਤੀ ਮੰਦੀ ਸੋਚ ਦਾ ਪ੍ਰਗਟਾਵਾ ਕਰ ਰਹੀ ਹੈ। ਇਸ ਸਮੇਂ ਸਿੱਖ ਕੌਮ ਨੂੰ ਸੁਹਿਰਦ ਆਗੂ ਦੀ ਜਰੂਰਤ ਹੈ ਜਿਹੜਾ ਪੰਜਾਬ ਦੇ ਮੁੱਖ ਮੱਸਲੇ ਹੱਲ ਕਰਵਾ ਸਕੇ। ਸਿੱਖ ਪੰਥ ਨੇ ਬਾਦਲਾਂ ਦੀਆਂ ਪੰਜਾਬ ਤੇ ਸਿੱਖ ਵਿਰੋਧੀ ਨੀਤੀਆਂ ਨੂੰ ਵੇਖਦਿਆਂ ਹੋਇਆਂ ਉਨਾਂ ਨੂੰ ਬਿਲਕੁਲ ਨਕਾਰ ਦਿੱਤਾ ਹੈ। ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਸ੍ਰ ਹਰਵਿੰਦਰ ਸਿੰਘ ਫੂਲਕਾ ਜਿਨਾ ਦਾ ਨਾਂ ਸਿੱਖ ਜਗਤ ਵਿੱਚ ਸਤਿਕਾਰ ਵਜੋਂ ਲਿਆ ਜਾਂਦਾ ਹੈ ਉਨਾਂ ਨੂੰ ਇਨਾਂ ਬੰਦੀ ਸਿੰਘਾਂ ਨੂੰ ਰਿਹਾ ਕਰਾਉਣ ਦੀ ਬਾਂਹ ਫੜਣੀ ਚਾਹੀਦੀ ਹੈ ।ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜ੍ਹੇ ਤੇ ਭਾਰਤ ਦੇ ਰਾਸ਼ਟਰਪਤੀ ਨੇ ਜਿਨਾਂ ਸਿੱਖ ਕੈਦੀਆਂ ਨੇ ਆਪਣੀਆਂ ਸਜਾਵਾਂ ਪੂਰੀਆਂ ਕਰ ਲਈਆਂ ਹਨ ।ਉਨਾਂ ਦੀ ਰਿਹਾਈ ਦਾ ਐਲਾਨ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਸੁਲਤਾਨ ਪੁਰ ਲੋਧੀ ਵਿਖੇ ਕਰ ਚੁੱਕੇ ਹਨ ਇਸ ਦੇ ਬਾਵਜੂਦ ਬੰਦੀ ਸਿੰਘਾਂ ਨੂੰ ਰਿਹਾ ਨਹੀਂ ਕੀਤਾ ਜਾ ਰਿਹਾ। ਇਸ ਕਰਕੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਸ੍ਰ ਫੂਲਕਾ ਸਾਹਿਬ ਨੂੰ ਇਨਾਂ ਬੰਦੀ ਸਿੰਘਾਂ ਨੂੰ ਰਿਹਾ ਕਰਾਉਣ ਲਈ ਸੁਪਰੀਮ ਕੋਰਟ ਵਿੱਚ ਆਪਣੀ ਚਾਰਾਜੋਰੀ ਸ਼ੁਰੂ ਕਰਨੀ ਚਾਹੀਦੀ ਹੈ। ਇਸ ਸਬੰਧ ਵਿੱਚ ਕੌਮੀ ਇਨਸਾਫ ਮੋਰਚੇ ਦੇ ਆਗੂਆਂ ਨੂੰ ਵੀ ਸ੍ਰ ਫੂਲਕਾ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਸੰਸਾਰ ਭਰ ਦੇ ਸਿੱਖਾਂ ਜਿਨਾਂ ਦੇ ਮਨਾਂ ਵਿੱਚ ਪੰਜਾਬ ਪ੍ਰਤੀ ਮੋਹ ਹੈ ਉਨਾਂ ਨੂੰ ਚਾਹੀਦਾ ਹੈ ਕਿ ਉਹ ਪਹਿਲ ਕਦਮੀ ਕਰਕੇ ਪੰਜਾਬ ਦੀਆਂ ਵੱਖ ਵੱਖ ਪਾਰਟੀਆਂ ਦੇ ਈਮਾਨਦਾਰ ਆਗੂਆਂ ਭਾਜਪਾ ਨੂੰ ਛੱਡ ਕੇ, ਬੁੱਧੀ ਜੀਵੀਆਂ, ਸਿੱਖ ਚਿੰਤਕਾਂ, ਕਿਸਾਨ ਆਗੂਆਂ ਆਦਿ ਨੂੰ ਸ਼ਾਮਲ ਕਰਕੇ ਇਕ ਕਮੇਟੀ ਦਾ ਗੱਠਨ ਕਰਨਾ ਚਾਹੀਦਾ ਹੈ ਜੋ ਪੰਜਾਬ ਦੇ ਸਾਰੇ ਵਿੰਗਾਂ ਚਾਹੇ ਉਹ ਇਸਤਰੀਆਂ ਹਨ, ਵਿਦਿਆਰਥੀ ਹਨ, ਨੌਜੁਆਨ ਹਨ ਸਭਨਾ ਦਾ ਸੰਗਠਨ ਮਜਬੂਤ ਕਰਕੇ ਪੰਜਾਬ ਦੀ ਖੇਤਰੀ ਪਾਰਟੀ ਦਾ ਰੂਪ ਦੇਣਾ ਚਾਹੀਦਾ ਹੈ ਜੋ ਕਿ ਇਸ ਸਮੇਂ ਦੀ ਵੱਡੀ ਮੰਗ ਹੈ ਤਾਂ ਕਿ ਪੰਜਾਬ ਦੇ ਮਸਲਿਆਂ ਸਬੰਧੀ ਸਾਂਝੀ ਜਦੋਜਹਿਦ ਸ਼ੁਰੂ ਕਰਕੇ ਉਨਾਂ ਦਾ ਹੱਲ ਕਰਵਾਇਆ ਜਾ ਸਕੇ।

ਜਿਨਾਂ ਚਿਰ ਸਰਬ ਸਾਂਝੀ ਜਥੇਬੰਦੀ ਹੋਂਦ ਵਿੱਚ ਨਹੀਂ ਆਉਂਦੀ ਉਨਾਂ ਚਿਰ ਸਾਰੇ ਪੰਜਾਬੀਆਂ ਨੂੰ ਇਕੱਠੇ ਹੋ ਕੇ ਬੰਦੀ ਸਿੰਘਾਂ ਨੂੰ ਰਿਹਾਅ ਕਰਾਉਣ ਦੇ ਨਾਲ ਹੋਰ ਜਿਹੜੀਆਂ ਉਪਰੋਕਤ ਬਿਆਨੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਸ਼ੁਰੂ ਕੀਤਾ ਗਿਆ ਹੈ ਉਸ ਵਿੱਚ ਕੌਮੀ ਇਨਸਾਫ ਮੋਰਚੇ ਦਾ ਡੱਟ ਕੇ ਸਾਥ ਦੇਣਾ ਚਾਹੀਦਾ ਹੈ ਤਾਂ ਕਿ ਉਹ ਇਸ ਸੰਘਰਸ਼ ਵਿੱਚ ਮੁਕੰਮਲ ਰੂਪ ਵਿੱਚ ਸਫਲ ਹੋ ਸਕਣ।

## (15 ਸਤੰਬਰ ਇੰਜਨੀਅਰ ਦਿਵਸ ਤੇ ਵਿਸ਼ੇਸ਼)


# ਇੰਜੀਨੀਅਰਿੰਗ ਦੀ ਮਨੁੱਖੀ ਜੀਵਨ 'ਚ ਮਹੱਤਤਾ



ਇੰਜੀ. ਸਤਨਾਮ ਸਿੰਘ ਮੱਟੂ
91-97797-08257

ਵਿਗਿਆਨ ਅਤੇ ਇੰਜੀਨੀਅਰਿੰਗ ਇੱਕ ਦੂਜੇ ਦੇ ਪੂਰਕ ਹਨ।ਇਹ ਦੋਵੇਂ ਹੀ ਸਮਾਜ ਭਲਾਈ ਜਾਂ ਲੋਕਾਈ ਲਈ ਕੰਮ ਕਰਦੇ ਹਨ। ਵਿਗਿਆਨ ਦੀਆਂ ਖੋਜਾਂ ਨੂੰ ਦਿਲਕਸ਼ ਬਣਾਉਣ ਅਤੇ ਮਾਨਵਤਾ ਲਈ ਵਰਤੋਂ ਯੋਗ ਬਣਾਉਣ ਲਈ ਇੰਜੀਨੀਅਰਿੰਗ ਦੀ ਮਹੱਤਤਾ ਨੂੰ ਕਦਾਚਿਤ ਨਜ਼ਰ ਨਹੀਂ ਕੀਤਾ ਜਾ ਸਕਦਾ। ਇੰਜੀਨੀਅਰਿੰਗ ਵਿਗਿਆਨ ਨੂੰ ਲੋਕਾਂ ਦੀ ਸਹੂਲਤ ਲਈ ਯੋਗ ਬਣਾਉਣ ਚ ਅਹਿਮ ਅਤੇ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਸੜਕਾਂ, ਨਹਿਰਾਂ, ਪੁਲ, ਮਹਿਲ, ਬਹੁਮੰਜ਼ਿਲਾ ਇਮਾਰਤਾਂ, ਜਲ ਸਪਲਾਈ, ਨਹਿਰੀ ਸਹੂਲਤਾਂ, ਡੈਮ, ਫਲਾਈਓਵਰ, ਸੁਰੰਗਾਂ, ਹਵਾਈ ਜਹਾਜ਼, ਸਮੁੰਦਰੀ, ਪ੍ਰਿੰਟਿਗ ਪ੍ਰੈਸ, ਰੇਲਾਂ, ਬੱਸਾਂ, ਕਾਰਾਂ, ਸਕੂਟਰ, ਮੋਟਰਸਾਈਕਲ, ਇਲੈਕਟ੍ਰਾਨਿਕ ਅਤੇ ਇਲੈਕਟਰੀਕਲ ਚੀਜ਼ਾਂ ਆਦਿ ਸਭ ਕੁਝ ਦੇ ਡਿਜ਼ਾਇਨ ਚ ਇੰਜੀਨੀਅਰਿੰਗ ਦਾ ਹੀ ਕਮਾਲ ਹੈ ਅਤੇ ਵਿਗਿਆਨ ਦੀ ਖੋਜ ਨੂੰ ਮਨੁੱਖ ਦੀ ਵਰਤੋਂ ਚ ਲਿਆਉਣ ਲਈ ਇੰਜੀਨੀਅਰਿੰਗ ਦੇ ਪੈਮਾਨਿਆਂ ਦੀ ਲੋੜ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਮਨੁੱਖੀ ਜੀਵਨ ਨੂੰ ਸੌਖਾ ਅਤੇ ਆਰਾਮਦਾਇਕ ਬਣਾਉਣ ਲਈ ਇੰਜੀਨੀਅਰਾਂ ਦੀ ਦਿਨ ਰਾਤ ਦੀ ਕਰੜੀ ਮਿਹਨਤ,ਅਖਿੱਝ ਅਤੇ ਸਾਰਥਿਕ ਸੋਚ ਕੰਮ ਕਰਦੀ ਹੈ। ਦੁਨੀਆਂ ਨੂੰ ਆਪਸ ਵਿੱਚ ਜੋੜਨ ਅਤੇ ਇੱਕ ਦੂਜੇ ਦੇ ਨੇੜੇ ਲਿਆਉਣ 'ਚ ਇੰਜਨੀਅਰਾਂ ਨੇ ਮੁਸੱਲਸਲ ਕੰਮ ਕੀਤਾ ਅਤੇ ਅੱਜ ਹਜ਼ਾਰਾਂ ਮੀਲ ਸਫ਼ਰ ਘੰਟਿਆਂ ਚ ਪੂਰਾ ਹੋ ਜਾਂਦਾ ਹੈ। ਇੰਜੀਨੀਅਰ ਦੀ ਸੁਚੱਜੀ, ਸਾਰਥਕ, ਗੁਣਾਤਮਕ ਅਤੇ ਕਰੜੀ ਮਿਹਨਤ ਸਦਕਾ ਦੇਸ਼ਾਂ ਵਿਚ ਸੜਕਾਂ ਦੇ ਜਾਲ ਵਿਛ ਗਏ ਹਨ, ਐਕਸੀਡੈਂਟ ਦੀ ਔਸਤ ਨੂੰ ਘਟਾਉਣ ਲਈ ਫਲਾਈਓਵਰਾਂ ਦਾ ਨਿਰਮਾਣ ਕੀਤਾ ਹੈ। ਟ੍ਰੈਫਿਕ ਸਮੱਸਿਆ ਨੂੰ ਭਾਂਪਦਿਆਂ ਇੰਜਨੀਅਰਾਂ ਸੜਕਾਂ ਨੂੰ ਚਹੁ ਮਾਰਗੀ, ਛੇ ਮਾਰਗੀ ਡਿਜ਼ਾਈਨ ਕਰਕੇ ਬਣਾ ਦਿੱਤਾ ਹੈ। ਫਲਾਈਓਵਰਾਂ ਦੇ ਦਿਲਕਸ਼ ਪਾਏਦਾਰ,ਉੱਚ ਪੱਧਰੀ ਡਿਜ਼ਾਈਨਾਂ ਨੇ ਜਿੱਥੇ ਦੇਸ਼ਾਂ ਦੀ ਖੂਬਸੂਰਤੀ ਚ ਵਾਧਾ ਕੀਤਾ ਹੈ, ਉੱਥੇ ਇਨਸਾਨ ਦੀ ਸੋਚ ਚੌਂਕਾਅ ਦਿੱਤਾ ਹੈ। ਇੰਜੀਨੀਅਰਾਂ ਨੇ ਮਿਹਨਤ ਅਤੇ ਦ੍ਰਿੜਤਾ ਨਾਲ ਪਹਾੜਾਂ ਦੇ ਸਿਖਰ ਅਤੇ ਸਮੁੰਦਰ ਦੇ ਪਾਣੀਆਂ ਦੀ ਹਿੱਕ ਚੀਰ ਕੇ ਸੜਕਾਂ ਦੂਸਰੇ ਕਿਨਾਰੇ ਤੇ ਪਹੁੰਚਾ ਦਿੱਤੀਆਂ ਹਨ। ਇਸੇ ਦੀ ਉਦਾਹਰਣ ਇੰਡੋ-ਤਿੱਬਤੀਅਨ ਸੜਕ ਦੁਨੀਆਂ ਦੀ ਸਭ ਤੋਂ ਉੱਚੀ ਸੜਕ ਅਤੇ ਪਾਮਬਨ ਪੁਲ (ਮੰਡਾਪਾਮ ਤੋਂ ਰਮੇਸਪਰਮ) ਸਮੁੰਦਰ ਚ ਰੇਲ ਟਰੈਕ 2.06 ਕਿਲੋਮੀਟਰ ਲੰਮਾ ਹੈ।



ਰੇਲਾਂ ਦੀ ਰਫ਼ਤਾਰ ਚ ਵਾਧਾ ਕਰਨ ਲਈ ਡਬਲ ਟਰੈਕ ਬਣਾ ਦਿੱਤੇ ਹਨ, ਇੱਥੋਂ ਤੱਕ ਕਿ ਮਾਲ ਗੱਡੀਆਂ ਲਈ ਅਲੱਗ ਲਾਈਨਾਂ ਡਿਜ਼ਾਈਨ ਕਰਕੇ ਸਮੇਂ ਅਤੇ ਪਾਵਰ ਦੀ ਬੱਚਤ ਕਰਨ ਵਿਚ ਕਾਮਯਾਬੀ ਹਾਸਲ ਕੀਤੀ ਹੈ। ਪਹਾੜਾਂ ਤੇ ਛੋਟੀ ਪਟੜੀ ਦੀਆਂ ਟ੍ਰੇਨਾਂ ਚਲਾ ਕੇ ਕ੍ਰਿਸ਼ਮਈ ਕੰਮ ਕੀਤਾ ਹੈ। ਰਿਸ਼ੀਕੇਸ਼ ਤੋਂ ਕਰਣ ਪ੍ਰਯਾਗ ਤੱਕ ਅਤੇ ਕੀਰਤਪੁਰ ਸਾਹਿਬ ਤੋਂ ਲੇਹ ਤੱਕ ਰੇਲਾਂ ਦਾ ਚੱਲ ਰਿਹਾ ਕੰਮ ਇੰਜੀਨੀਅਰਿੰਗ ਦਾ ਬੇਹਤਰੀਨ ਕਾਰਜ ਬਣਨ ਜਾ ਰਿਹਾ ਹੈ। ਸਮੁੰਦਰ ਵਿੱਚ ਪੁਲ ਬਣਾਉਣਾ, ਸਮੁੰਦਰਾਂ ਦੇ ਅੰਦਰ ਸੜਕਾਂ ਦਾ ਨਿਰਮਾਣ ਕਰਨਾ, ਪਹਾੜਾਂ ਦੀ ਛਾਤੀ ਚ ਮੋਘੇ ਕਰਕੇ ਸੁਰੰਗਾਂ ਬਣਾ ਦੇਣੀਆਂ, ਨਦੀਆਂ ਦੇ ਕੰਢਿਆਂ ਤੇ ਸੜਕਾਂ ਬਣਾਉਣਾ ਅਤੇ ਰੇਲ ਪਟੜੀਆਂ ਵਿਛਾਉਣਾ ਇਹ ਇੰਜਨੀਅਰਾਂ ਦੇ ਹਿੱਸੇ ਹੀ ਆਇਆ ਹੈ। ਪਹਾੜਾਂ ਨੂੰ ਕੱਟ ਕੇ, ਪੁਲ ਬਣਾ ਕੇ, ਸੁਰੰਗਾਂ ਬਣਾ ਕੇ ਇਨਸਾਨ ਦੀ ਹਰ ਥਾਂ ਸੌਖੀ ਪਹੁੰਚ ਇੰਜੀਨੀਅਰਿੰਗ ਨੇ ਬਣਾਈ ਹੈ। ਦਰਿਆਵਾਂ ਚ ਆਉਂਦੇ ਹੜ੍ਹਾਂ ਨੂੰ ਕਾਬੂ ਕਰਨ ਲਈ ਦਰਿਆਵਾਂ ਤੇ ਡੈਮ ਦਾ ਨਿਰਮਾਣ ਕਰਕੇ ਹੜ੍ਹਾਂ ਨੂੰ ਕੰਟਰੋਲ ਕਰ ਦਿੱਤਾ ਅਤੇ ਨਹਿਰਾਂ ਰਾਹੀਂ ਪਾਣੀ ਨੂੰ ਖੇਤੀਬਾੜੀ ਦੀ ਵਰਤੋਂ ਲਈ ਯੋਗ ਬਣਾਉਣਾ, ਇਹ ਇੰਜੀਨੀਅਰਿੰਗ ਦਾ ਹੀ ਕਮਾਲ ਹੈ। ਇਸ ਤੋਂ ਇਲਾਵਾ ਡੈਮਾਂ ਤੋਂ ਬਿਜਲੀ ਪੈਦਾ ਕਰਕੇ ਹਰ ਘਰ ਵਿੱਚ ਰੋਸ਼ਨੀ ਇੰਜੀਨੀਅਰਿੰਗ ਨੇ ਫੈਲਾਈ ਹੈ। ਡੈਮਾਂ ਤੋਂ ਹਾਈ ਵੋਲਟੇਜ ਕਰੰਟ ਵਾਲ਼ੀਆਂ ਤਾਰਾਂ ਨੂੰ ਟਾਵਰਾਂ ਰਾਹੀਂ ਗਰਿੱਡਾਂ ਤੱਕ ਪਹੁੰਚਾਇਆ ਅਤੇ ਇੱਥੋਂ ਘਰਾਂ ਤੱਕ ਸਪਲਾਈ ਪਹੁੰਚਾਉਣਾ ਇੰਜੀਨੀਅਰਾਂ ਦੀ ਸਖ਼ਤ ਮਿਹਨਤ ਦਾ ਹੀ ਨਤੀਜਾ ਹੈ।

ਖੁੱਲੀਆਂ ਗੱਡੀਆਂ ਅਤੇ ਗੱਡਿਆਂ ਨੂੰ ਏ ਸੀ ਸਹੂਲਤਾਂ ਨਾਲ ਲੈਸ ਕਰਨ, ਢੀਚਕ ਢੀਚਕ ਚਾਲ ਤੋਂ ਹਾਈ ਸਪੀਡ ਗੱਡੀਆਂ ਵਿਚ ਬਦਲਣ ਲਈ ਇੰਜੀਨੀਅਰਾਂ ਦੀ ਮਿਹਨਤ ਨੂੰ ਸਲੂਟ ਕਰਨਾ ਬਣਦਾ ਹੈ। ਝੌਂਪੜੀਆਂ ਅਤੇ ਕੱਚੇ ਘਰਾਂ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਮਕਾਨਾਂ ਅਤੇ ਬਹੁਮੰਜ਼ਿਲਾ ਇਮਾਰਤਾਂ ਚ ਤਬਦੀਲ ਕਰਨ ਚ ਇੰਜੀਨੀਅਰਾਂ ਦੀ ਸੂਝਬੂਝ ਅਤੇ ਦਿਮਾਗ ਦੀ ਕਾਢ ਨੇ ਹੀ ਕੰਮ ਕੀਤਾ ਹੈ।

ਪੀਣ ਵਾਲੇ ਸਾਫ ਸੁਥਰੇ ਪਾਣੀ ਦੀ ਆਮ ਲੋਕਾਂ ਦੇ ਘਰਾਂ ਤੱਕ ਸਪਲਾਈ ਦੇਣ ਲਈ ਪਾਈਪਾਂ ਦਾ ਜਾਲ ਵਿਛਾਉਣਾ ਅਤੇ ਆਸਮਾਨ ਛੂੰਹਦੀਆਂ ਟੈਂਕੀਆਂ ਦਾ ਨਿਰਮਾਣ ਕਰਕੇ ਗਰੂਤਾ ਪ੍ਰੈਸਰ ਰਾਹੀਂ ਪਾਣੀ ਛੱਡਣਾ,ਧਰਤੀ ਵਿੱਚੋਂ ਟਿਊਬਵੈੱਲਾਂ ਰਾਹੀਂ ਪਾਣੀ ਦੇ ਸੋਮਿਆਂ ਤੋਂ ਪਾਣੀਯੋਗ ਪਾਣੀ ਪ੍ਰਾਪਤ ਕਰਨਾ ਜਾਂ ਦਰਿਆਈ ਪਾਣੀ ਨੂੰ ਸੋਧ ਕਰਕੇ ਪੀਣ ਯੋਗ ਬਣਾਉਣਾ ਆਦਿ ਇੰਜੀਨੀਅਰਿੰਗ ਦੀ ਹੀ ਦੇਣ ਹੈ।

ਰਿਹਾਇਸ਼ੀ ਇਮਾਰਤਾਂ, ਟਾਵਰਾਂ, ਪੁਲਾਂ, ਬਹੁਮੰਜ਼ਿਲਾ ਇਮਾਰਤਾਂ ਆਦਿ ਨੂੰ ਭੂਚਾਲ, ਹੜ੍ਹ, ਤੂਫ਼ਾਨ, ਸਲਾਈਡਇੰਗ, ਖੋਰਾ, ਸਕਿਡਇੰਗ ਆਦਿ ਤੋਂ ਇੰਜਨੀਅਰਿੰਗ ਡਿਜ਼ਾਈਨ ਹੀ ਸੁਰੱਖਿਆ ਪ੍ਰਦਾਨ ਕਰਦਾ ਹੈ। ਇੱਕ ਡਾਕਟਰ ਇਨਸਾਨ ਦੀ ਦੁਰਘਟਨਾ ਵਾਪਰ ਜਾਣ ਤੇ ਮੱਦਦ ਕਰਦਾ ਹੈ, ਜਦਕਿ ਇੰਜਨੀਅਰ ਲੋਕਾਂ ਨੂੰ ਦੁਰਘਟਨਾ ਤੋਂ ਸੁਰੱਖਿਅਤ ਰੱਖਣ ਲਈ ਕੰਮ ਕਰਦਾ ਹੈ।

ਇੰਜਨੀਅਰਾਂ ਦੀ ਜ਼ਿੰਦਗੀ ਕਿਸੇ ਮਿਹਨਤਕਸ਼ ਅਤੇ ਤਪੱਸਵੀ ਦੀ ਜ਼ਿੰਦਗੀ ਤੋਂ ਘੱਟ ਨਹੀਂ ਹੁੰਦੀ ਕਿਉਂਕਿ ਉਹ ਖਤਰਨਾਕ ਹਾਲਾਤ 'ਚ ਵੀ ਆਪਣੇ ਕੰਮ ਪ੍ਰਤੀ ਉਹਿਰਦ ਅਤੇ ਸਮਰਪਿਤ ਰਹਿੰਦੇ ਹਨ। ਝੱਖੜਾਂ, ਮੀਂਹ, ਹੜ੍ਹ, ਹਨੇਰੀ, ਤੂਫ਼ਾਨ, ਪਹਾੜਾਂ ਚ ਢਿੱਗਾਂ ਡਿੱਗਣ, ਬੱਦਲ ਫਟਣ, ਭੂਚਾਲ ਵਰਗੀਆਂ ਆਫ਼ਤਾਂ ਕਾਰਣ ਵੀ ਇੰਜਨੀਅਰ ਕੰਮ ਚ ਮਸਰੂਫ਼ ਰਹਿੰਦਿਆ ਪੂਰਾ ਕਰਨ ਲਈ ਦ੍ਰਿੜ ਵਿਸ਼ਵਾਸ ਹੁੰਦੇ ਹਨ ਕਿਉਂਕਿ ਉਹਨਾਂ ਦਾ ਟੀਚਾ ਕੰਮ ਨੂੰ ਸੰਪੂਰਨ ਕਰਕੇ ਲੋਕਾਂ ਸਮਰਪਿਤ ਕਰਨਾ ਹੁੰਦਾ ਹੈ। ਹਰ ਇਨਸਾਨ ਦਾ ਕੰਮਕਾਜ ਤੋਂ ਸੁਰੱਖਿਅਤ ਘਰ ਵਾਪਿਸੀ ਇੱਕ ਇੰਜੀਨੀਅਰ ਦੀ ਜ਼ਿੰਦਗੀ ਦਾ ਨਿਸ਼ਾਨਾ ਹੁੰਦਾ ਹੈ।

ਭਾਰਤ ਵਿਚ 15 ਸਤੰਬਰ ਨੂੰ ਇੰਜੀਨੀਅਰਿੰਗ ਦਿਵਸ ਵਜੋਂ ਸਰਕਾਰੀ ਪੱਧਰ ਤੇ ਮਨਾਇਆ ਜਾਂਦਾ ਹੈ।ਇਸ ਦਿਨ ਇੰਜੀਨੀਅਰਿੰਗ ਖੇਤਰ ਚ ਨਿਵੇਕਲੀਆਂ ਪੈੜਾਂ ਪਾਉਣ ਵਾਲੇ ਭਾਰਤ ਰਤਨ ਸਿਵਲ ਇੰਜੀ. ਮੋਕਸ਼ਗੁੰਡਮ ਵਿਸ਼ਵੇਸ਼ਵਰਿਆ ਦਾ ਜਨਮ ਦਿਨ ਹੈ।ਇਸ ਵਾਰ ਵੀ 15 ਸਤੰਬਰ ਨੂੰ ਇੰਜਨੀਅਰ ਦਿਵਸ ਪੰਜਾਬ ਦੇ ਇੰਜਨੀਅਰਾਂ ਵੱਲੋਂ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ।

# 24 ਸਤੰਬਰ ਲਈ ਪੂਨਾ ਪੈਕਟ ਦਿਵਸ ਸਬੰਧੀ ਵਿਸ਼ੇਸ਼




ਕੁਲਦੀਪ ਚੰਦ
91-9417563054

24 ਸਤੰਬਰ ਨੂੰ ਪੂਨਾ ਪੈਕਟ ਦਿਵਸ ਵਜੋਂ ਯਾਦ ਕੀਤਾ ਜਾਂਦਾ ਹੈ। ਇਸ ਪੂਨਾ ਪੈਕਟ ਦੁਆਰਾ ਹੀ 24 ਸਤੰਬਰ 1932 ਨੂੰ ਭਾਰਤ ਵਿੱਚ ਰਹਿਣ ਵਾਲੇ ਕਰੋੜਾਂ ਦਲਿਤਾਂਜਿਨ੍ਹਾਂ ਨੂੰ ਹੁਣ ਅਨੁਸੂਚਿਤ ਜਾਤਾਂ ਕਿਹਾ ਜਾਂਦਾ ਹੈ ਨੂੰ ਬ੍ਰਿਟਿਸ਼ ਸਰਕਾਰ ਵਲੋਂ ਮਿਲੇ ਅਲੱਗ ਵੋਟ ਦੇ ਅਧਿਕਾਰਾਂ ਵਾਲੇ ਕਮਿਊਨਲ ਐਵਾਰਡ ਨੂੰ ਵਾਪਸ ਲਿਆ ਗਿਆ। ਭਾਰਤ ਵਿੱਚ ਰਹਿਣ ਵਾਲੇ ਇੱਕ ਵਰਗ ਦੇ ਲੋਕਾਂ ਨੂੰ ਵੱਖ ਵੱਖ ਨਾਮ ਜਿਵੇਂ ਅਛੂਤ, ਦਲਿਤ, ਮੂਲ ਨਿਵਾਸੀ, ਆਦਿਧਰਮੀ, ਭਾਰਤ ਦੇ ਮੋਢੀ ਆਦਿ ਨਾਮ ਦਿਤੇ ਗਏ ਹਨ ਸਮਾਜ ਵਿੱਚ ਫੈਲੀਆਂ ਕੁਪ੍ਰਥਾਵਾਂ ਕਾਰਨ ਸਦੀਆਂ ਤੋਂ ਜਾਨਵਰਾਂ ਨਾਲੋਂ ਵੀ ਮਾੜਾ ਜੀਵਨ ਬਤੀਤ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਹਰ ਤਰਾਂ ਦੇ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਆਰਥਿਕ ਅਧਿਕਾਰਾਂ ਤੋਂ ਬਾਂਝਾ ਰੱਖਿਆ ਗਿਆ ਸੀ। ਇਹ ਸਮਝੌਤਾ 24 ਸਤੰਬਰ 1932 ਨੂੰ ਦਲਿਤਾਂ ਦੇ ਬੁੱਧੀਜੀਵੀ ਆਗੂ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਕਾਂਗਰਸੀ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ ਵਿਚਕਾਰ ਪੂਨਾ ਮਹਾਂਰਾਸ਼ਟਰ ਦੀ ਯਰਵਦਾ ਜੇਲ ਵਿੱਚ ਹੋਇਆ ਸੀ ਅਤੇ ਇਸ ਸਮਝੌਤੇ ਦੁਆਰਾ ਦਲਿਤਾਂ ਨੂੰ ਅੰਗਰੇਜ਼ਾਂ ਵਲੋਂ ਮਿਲੇ ਵਖਰੇ ਚੌਣ ਅਧਿਕਾਰ ਕਮਿਉਨਲ ਐਵਾਰਡ ਨੂੰ ਖਤਮ ਕਰਕੇ ਮੌਜੂਦਾ ਰਾਖਵਾਂਕਰਣ ਨੀਤੀ ਯੋਜਨਾ ਮੰਨਜੂਰ ਕੀਤੀ ਗਈ। ਜੇਕਰ ਭਾਰਤ ਵਿੱਚ ਵਖਰੇ ਚੌਣ ਅਧਿਕਾਰਾਂ ਦਾ ਇਤਿਹਾਸ ਵੇਖੀਏ ਤਾਂ ਸਾਲ 1917 ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਨੁੰਮਾਇਦਿਆਂ ਵਿਚਕਾਰ 'ਲਖਨਊ ਪੈਕਟ' ਹੋਇਆ ਜਿਸਤੋਂ ਬਾਦ ਕਾਂਗਰਸ ਲੀਗ ਦੀ ਸਥਾਪਨਾ ਕੀਤੀ ਗਈ ਅਤੇ ਇਸ ਵਿੱਚ ਕਈ ਵਰਗਾਂ ਲਈ ਅਲੱਗ ਚੋਣ ਅਧਿਕਾਰਾਂ ਨੂੰ ਸਵੀਕਾਰ ਕੀਤਾ ਗਿਆ ਸੀ ਅਤੇ ਉਨ੍ਹਾਂ ਦੀ ਅਬਾਦੀ ਅਨੁਸਾਰ ਨੁਮਾਇੰਦਗੀ ਦਿੱਤੀ ਗਈ। ਇਸ ਚੋਣ ਸਮਝੌਤੇ ਵਿੱਚ ਸਦੀਆਂ ਤੋਂ ਲਿਤਾੜ੍ਹੇ ਕਰੌੜ੍ਹਾਂ ਦਲਿਤਾਂ ਦੀ ਨੁਮਾਇੰਦਗੀ ਦਾ ਕੋਈ ਜ਼ਿਕਰ ਨਹੀਂ ਸੀ। ਡਾਕਟਰ ਭੀਮ ਰਾਓ ਅੰਬੇਡਕਰ ਦੀ ਅਗਵਾਈ ਵਿੱਚਦਲਿਤ ਆਗੂਆਂ ਦਾ ਇੱਕ ਵਫਦ ਅਗਸਤ 1917 ਵਿੱਚ ਮੁੰਬਈ ਵਿੱਚ ਲਾਰਡ ਈ ਮੋਨਟੇਗੂ ਸਾਹਮਣੇ ਪੇਸ਼ ਹੋਇਆ ਅਤੇ ਭਾਰਤ ਵਿੱਚਦਲਿਤਾਂ ਦੀ ਤਰਸਯੋਗ ਹਾਲਤ ਅਤੇ ਸਮੱਸਿਆਵਾਂ ਪ੍ਰਤੀ ਜਾਣੂ ਕਰਵਾਇਆ। 27 ਜਨਵਰੀ 1919 ਨੂੰ ਇਹ ਆਗੂ ਵੋਟ ਅਤੇ ਨਾਗਰਿਕ ਅਧਿਕਾਰਾਂ ਸਬੰਧੀ ਗਠਿਤ ਸਾਊਥ ਬਰੋ ਕਮੇਟੀ ਸਾਹਮਣੇ ਪੇਸ਼ ਹੋਏ ਅਤੇ ਕਰੋੜ੍ਹਾਂ ਦਲਿਤਾਂ ਲਈ ਆਬਾਦੀ ਅਨੁਸਾਰ ਵੱਖਰੇ ਚੋਣ ਅਧਿਕਾਰਾਂ ਦੀ ਮੰਗ ਰੱਖੀ ਪ੍ਰੰਤੂ ਕੁੱਝ ਅਖੌਤੀ ਮੰਨੁਵਾਦੀ ਆਗੂਆ ਦੇ ਵਿਰੋਧ ਕਾਰਨ ਕੋਈ ਲਾਭ ਨਹੀਂ ਮਿਲਿਆ। ਸਾਲ 1919 ਵਿੱਚ ਸਰ ਜੌਹਨ ਸਾਇਮਨ ਦੀ ਅਗਵਾਈ ਵਿੱਚ ਭਾਰਤੀ ਕਾਨੂੰਨ ਕਮਿਸ਼ਨ ਬਣਾਇਆਗਿਆ ਜਿਸਨੂੰ ਸਾਇਮਨ ਕਮਿਸ਼ਨ ਕਿਹਾ ਜਾਂਦਾ ਹੈ। ਇਹ ਕਮਿਸ਼ਨ 3 ਫਰਵਰੀ, 1928 ਨੂੰ ਮੁੰਬਈ ਆਇਆ ਜਿਸਦਾ ਕਾਂਗਰਸ ਪ੍ਰਧਾਨ ਲਾਲਾ ਲਾਜਪਤ ਰਾਏ ਦੀ ਅਗਵਾਈ ਵਿੱਚ ਕੁੱਝ ਆਗੂਆਂ ਨੇ ਵਿਰੋਧ ਕੀਤਾ ਅਤੇਪੰਜਾਬ ਵਿੱਚ ਦੋਆਬੇ ਦੇ ਆਗੂ ਆਦਿ ਧਰਮ ਮੰਡਲ ਦੇ ਸੰਸਥਾਪਕ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਾਲੇ ਵਫਦ ਨੇ ਇਸ ਕਮਿਸ਼ਨ ਨੂੰ ਮਿਲਕੇ ਅਪਣੇ ਅਧਿਕਾਰ ਲੈਣ ਲਈ ਮਤਾ ਪਾਸ ਕੀਤਾ ਅਤੇ 18 ਸੰਗਠਨਾਂ ਨੇ ਸਾਈਮਨ ਕਮਿਸ਼ਨ ਅੱਗੇ ਆਪਣੇ ਸਮਾਜ ਲਈ ਅਲੱਗ ਅਧਿਕਾਰਾਂ ਦੀ ਮੰਗ ਕੀਤੀ। ਸਾਇਮਨ ਕਮਿਸ਼ਨ ਦੀ ਰਿਪੋਰਟ ਤੇ ਲੰਡਨ ਵਿੱਚ ਤਿੰਨ ਗੋਲਮੇਜ਼ ਕਾਨਫਰੰਸਾਂ ਹੋਈਆਂ ਜਿਸ ਵਿੱਚ ਭਾਰਤ ਦੇ ਵੱਖ ਵੱਖ ਵਰਗਾਂ ਦੇ ਪ੍ਰਤੀਨਿਧੀ ਜਿਨ੍ਹਾਂ ਵਿੱਚ ਹਿੰਦੂਆਂ ਵੱਲੋਂ ਮੋਹਨ ਦਾਸ ਕਰਮ ਚੰਦ ਗਾਂਧੀ, ਮੁਸਲਮਾਨਾਂ ਵੱਲੋਂ ਮੁਹੰਮਦ ਅਲੀ ਜਿਨਾਹ ਅਤੇ ਗਾਂਧੀ ਦੇ ਵਿਰੋਧ ਦੇ ਬਾਬਜੂਦ ਦਲਿਤਾਂ ਵੱਲੋਂ ਡਾਕਟਰ ਅੰਬੇਡਕਰ ਸ਼ਾਮਲ ਹੋਏ ਜਿਨ੍ਹਾਂ ਨੇ ਵੱਖ-ਵੱਖ ਵਰਗਾਂ ਦੇ ਹੱਕਾਂ ਦੀ ਮੰਗ ਰੱਖੀ। ਕਾਨਫਰੰਸ ਦਾ ਪਹਿਲਾ ਇਜਲਾਸ 12 ਨਵੰਬਰ 1930 ਨੂੰ ਸਮਰਾਟ ਜਾਰਜ ਪੰਜਵੇਂ ਦੀ ਪ੍ਰਧਾਨਗੀ ਹੇਠ ਲੰਡਨ ਵਿਖੇ ਸ਼ੁਰੂ ਹੋਇਆ ਜਿਸ ਵਿੱਚ ਹਾਜ਼ਰ ਨੁਮਾਇੰਦਿਆਂ ਦੀ ਕੁੱਲ ਸੰਖਿਆ 89 ਸੀ, ਜਿਨ੍ਹਾਂ ਵਿੱਚੋਂ 53 ਭਾਰਤੀ ਸਨ। ਕਾਨਫਰੰਸ ਦੇ ਕੰਮ ਨੂੰ ਕਈ ਕਮੇਟੀਆਂ ਵਿੱਚ ਵੰਡ ਦਿੱਤਾ ਗਿਆ ਅਤੇ ਇਨ੍ਹਾਂ ਕਮੇਟੀਆਂ ਵਿੱਚੋਂ ਮਹੱਤਵਪੂਰਨ ਕਮੇਟੀ ਘੱਟ ਗਿਣਤੀ ਵਰਗ ਦੀ ਕਮੇਟੀ ਸੀ, ਜਿਸ ਦਾ ਮੁੱਖ ਕੰਮ ਭਾਰਤ ਦੀ ਫਿਰਕੂ ਸਮੱਸਿਆ ਨੂੰ ਹੱਲ ਕਰਨਾ ਸੀ। ਸਾਰੇ ਵਰਗਾਂ ਦੇ ਪ੍ਰਤੀਨਿਧੀਆਂ ਦੇ ਵਿਚਾਰ ਸੁਣਨ ਤੋਂ ਬਾਅਦ 9 ਕਮੇਟੀਆਂ ਦੀ ਸਥਾਪਨਾ ਕੀਤੀ ਜਿਨ੍ਹਾਂ ਵਿੱਚੋਂ ਬਹੁਤੀਆਂ ਕਮੇਟੀਆਂ ਵਿੱਚ ਡਾਕਟਰ ਅੰਬੇਡਕਰ ਦਾ ਨਾਮ ਸ਼ਾਮਲ ਸੀ ਪਰ ਉਨ੍ਹਾਂ ਦਾ ਸਭਤੋਂ ਮਹੱਤਵਪੂਰਨ ਕੰਮ ਦਲਿਤਾਂ ਦੇ ਸੱਭਿਆਚਾਰਕ, ਧਾਰਮਿਕ ਅਤੇ ਆਰਥਿਕ ਅਧਿਕਾਰਾਂ ਦੀ ਸੁਰੱਖਿਆਂ ਲਈ ਮੌਲਿਕ ਅਧਿਕਾਰਾਂ ਦਾ ਘੋਸ਼ਣਾ ਪੱਤਰ ਤਿਆਰ ਕਰਕੇ ਘੱਟ ਗਿਣਤੀਆਂ ਬਾਰੇ ਬਣੀ ਉੱਪ ਕਮੇਟੀ ਨੂੰ ਪੇਸ਼ ਕਰਨਾ ਸੀ। ਦੂਜੀ ਗੋਲਮੇਜ਼ ਕਾਨਫਰੰਸ ਲਈ ਜੁਲਾਈ 1931 ਦੇ ਤੀਜੇ ਹਫਤੇ ਡਾਕਟਰ ਅੰਬੇਡਕਰ, ਸਰ ਤੇਜ ਬਹਾਦਰ ਸਪੂਰ, ਮਦਨ ਮੋਹਨ ਮਾਲਵੀਆ, ਸਰੋਜਨੀ ਨਾਇਡੂ, ਮੋਹਨ ਦਾਸ ਕਰਮ ਚੰਦ ਗਾਂਧੀ, ਮਿਰਜਾ ਇਸਮਾਈਲ, ਮੁਹੰਮਦ ਅਲੀ ਜਿਨਾਹ ਅਤੇ ਹੋਰ ਨੇਤਾਵਾਂ ਨੂੰ ਸੱਦਾ ਪੱਤਰ ਮਿਲਿਆ। ਇਸ ਵਿੱਚ ਡਾਕਟਰ ਅੰਬੇਡਕਰ ਦਾ ਨਾਮ ਸਟਰੱਕਚਰਲ ਕਮੇਟੀ ਵਿੱਚ ਸ਼ਾਮਲ ਸੀ। ਸੰਵਿਧਾਨ ਬਣਾਉਣ ਦਾ ਕਾਰਜ ਵਿਸ਼ੇਸ਼ ਤੌਰ ਤੇ ਇਸ ਕਮੇਟੀ ਨੇ ਕਰਨਾ ਸੀ। ਗੋਲਮੇਜ਼ ਕਾਨਫਰੰਸਾਂ ਵਿੱਚ ਕਈ ਵਰਗਾਂ ਲਈ ਵੱਖਰੇ ਵੱਖਰੇ ਰਾਜਨੀਤਿਕ ਅਧਿਕਾਰਾਂ ਪ੍ਰਤੀ ਸਹਿਮਤੀ ਹੋਈ ਅਤੇ ਸਦੀਆਂ ਤੋਂ ਲਿਤਾੜ੍ਹੇ ਦਲਿਤਾਂ ਲਈ ਵੀ ਵੱਖਰੇ ਰਾਜਨੀਤਿਕ ਅਧਿਕਾਰਾਂ ਨੂੰ ਸਵੀਕਾਰ ਕੀਤਾ ਗਿਆ। ਗੋਲਮੇਜ਼ ਕਾਨਫਰੰਸ ਦਾ ਦੂਜਾ ਇਜਲਾਸ 7 ਸਤੰਬਰ 1931 ਨੂੰ ਸ਼ੁਰੂ ਹੋਇਆ। ਕਾਨਫਰੰਸ ਨੇ ਪਹਿਲੀ ਗੋਲਮੇਜ਼ ਕਾਨਫਰੰਸ ਵੱਲੋਂ ਸਥਾਪਿਤ ਕਮੇਟੀਆਂ ਦੀਆਂ ਰਿਪੋਰਟਾਂ ਤੇ ਵਿਚਾਰ ਕਰਨਾ ਸੀ। 15 ਸਤੰਬਰ 1931 ਨੂੰ ਗਾਂਧੀ ਨੇ ਫੈਡਰਲ ਸਟਰੱਕਚਰ ਕਮੇਟੀ ਵਿੱਚ ਇਹ ਦਾਅਵਾ ਕੀਤਾ ਕਿ ਕਾਂਗਰਸ ਪਾਰਟੀ ਸਾਰੇ ਵਰਗਾਂ ਦੀ ਨੁਮਾਇੰਦਗੀ ਕਰਦੀ ਹੈ ਅਤੇ ਗਾਂਧੀ ਨੇ ਦਲਿਤਾਂ ਨੂੰ ਮਿਲਣ ਵਾਲੇ ਵਿਸ਼ੇਸ ਅਧਿਕਾਰਾਂ ਦਾ ਵਿਰੋਧ ਕੀਤਾ। ਡਾਕਟਰ ਅੰਬੇਡਕਰ ਨੇ ਇਨ੍ਹਾਂ ਅਧਿਕਾਰਾਂ ਸਬੰਧੀ ਘੱਟ ਗਿਣਤੀ ਕਮੇਟੀ ਕੋਲ ਦੋ ਮੈਮੋਰੰਡਮ ਪੇਸ਼ ਕੀਤੇ ਜਿਨ੍ਹਾਂ ਤੇ ਘੱਟ ਗਿਣਤੀ ਕਮੇਟੀ ਅਤੇ ਸੰਘੀ ਸ਼ਾਸ਼ਨ ਪ੍ਰਣਾਲੀ ਸੰਮਤੀ ਦੋਹਾਂ ਵਿੱਚ ਵਿਚਾਰ ਵਟਾਂਦਰਾ ਹੋਇਆ ਜਿਸਤੋਂ ਬਾਦ ਇਹ ਫੈਸਲਾ ਹੋਇਆ ਕਿ 80 ਤੋਂ 90 ਫਿਸਦੀ ਸੀਟਾਂ ਅਲੱਗ ਚੋਣ ਖੇਤਰਾਂ ਰਾਹੀਂ ਭਰੀਆਂ ਜਾਣ ਅਤੇ ਬਾਕੀ ਆਮ ਚੌਣਾਂ ਦੁਆਰਾ ਹੀ ਭਰੀਆਂ ਜਾਣ। ਇਸ ਵਿੱਚ 5 ਫਿਸਦੀ ਸੀਟਾਂ ਔਰਤਾਂ ਲਈ ਵੀ ਰਾਖਵੀਆਂ ਰੱਖਣ ਦਾ ਫੈਸਲਾ ਹੋਇਆ। ਘੱਟ ਗਿਣਤੀਆਂ ਬਾਰੇ ਕਮੇਟੀ ਦੀ ਰਿਪੋਰਟ ਤੋਂ ਬਾਦ 17 ਅਗਸਤ 1932 ਨੂੰ ਬ੍ਰਿਟਿਸ਼ ਸਰਕਾਰ ਵਲੋਂਦਲਿਤਾਂ ਨੂੰ ਵੀ ਘੱਟ ਗਿਣਤੀ ਮੰਨਦੇ ਹੋਏ ਦੋ ਵੋਟਾਂ ਦਾ ਵਿਸ਼ੇਸ਼ ਅਧਿਕਾਰ ਦੇਕੇ ਅਪਣੇ ਅਲੱਗ ਪ੍ਰਤੀਨਿਧੀ ਚੁਣਨ ਦਾ ਅਧਿਕਾਰ ਦਿੱਤਾ ਗਿਆ ਜਿਸਨੂੰ ਕਮਿਊਨਲ ਐਵਾਰਡ ਕਿਹਾ ਜਾਂਦਾ ਹੈ। ਇਸ ਵਿਚ ਕਿਹਾ ਗਿਆ ਕਿ ਸਿੱਖਾਂ ਅਤੇ ਮੁਸਲਮਾਨਾਂ ਵਾਂਗ ਅਛੂਤ ਭਾਈਚਾਰੇ ਨੂੰ ਘੱਟ ਗਿਣਤੀ ਕੌਮ ਮੰਨਿਆ ਜਾਵੇਗਾ ਭਾਵ ਦਲਿਤਾਂ ਨੂੰ ਹਿੰਦੂ ਧਰਮ ਤੋਂ ਵੱਖ ਸਮਝਿਆ ਜਾਵੇਗਾ ਅਤੇ ਦਲਿਤਾਂ ਨੂੰ ਇੱਕ ਵੱਖਰੇ ਭਾਈਚਾਰੇ ਵਜੋਂ ਮੰਨਿਆ ਜਾਵੇਗਾ। ਦਲਿਤਾਂ ਦੀ ਹਾਲਤ ਸੁਧਾਰਨ ਲਈ ਕੁਝ ਵਿਸ਼ੇਸ਼ ਅਧਿਕਾਰ ਦਿੱਤੇ ਜਾਣਗੇ। ਕਮਿਊਨਲ ਅਵਾਰਡ ਵਿੱਚ ਬ੍ਰਿਟਿਸ਼ ਸਰਕਾਰ ਨੇ ਐਲਾਨ ਕੀਤਾ ਸੀ ਕਿ ਦਲਿਤ ਭਾਈਚਾਰੇ ਲਈ ਇੱਕ ਵੱਖਰਾ ਹਲਕਾ ਹੋਵੇਗਾ ਭਾਵ ਇੱਕ ਵੱਖਰਾ ਵੋਟਰ ਖੇਤਰ ਹੋਵੇਗਾ ਜਿਸ ਵਿੱਚ ਉਹ ਆਪਣੇਭਾਈਚਾਰੇ ਦੇ ਨੁਮਾਇੰਦੇ ਦੀ ਚੋਣ ਕਰਨਗੇ। ਇਸ ਤਰ੍ਹਾਂ ਦਲਿਤਾਂ ਨੂੰ ਦੋ ਅਧਿਕਾਰ ਮਿਲੇ ਹਨ ਪਹਿਲਾ ਵੱਖਰੇ ਵੋਟਰਾਂ ਦਾ ਅਤੇ ਦੂਜਾ ਦੋ ਵੋਟਾਂ ਦੇਣਾ। ਕਮਿਊਨਲ ਅਵਾਰਡ ਵਿੱਚ ਇਹ ਵਿਵਸਥਾ ਕੀਤੀ ਗਈ ਸੀ ਕਿ ਦਲਿਤ ਭਾਈਚਾਰੇ ਦੇ ਵਿਧਾਨ ਸਭਾ ਹਲਕਿਆਂ ਜਾਂ ਲੋਕ ਸਭਾ ਹਲਕਿਆਂ ਵਿੱਚ ਸਿਰਫ਼ ਦਲਿਤ ਉਮੀਦਵਾਰ ਹੀ ਹੋਣਗੇ ਅਤੇ ਕੋਈ ਹੋਰ ਉਮੀਦਵਾਰ ਨਹੀਂ ਹੋਵੇਗਾ ਅਤੇ ਉਸ ਉਮੀਦਵਾਰ ਨੂੰ ਵੋਟ ਪਾਉਣ ਦਾ ਅਧਿਕਾਰ ਵੀ ਕੇਵਲ ਦਲਿਤਾਂ ਦਾ ਹੀ ਹੋਵੇਗਾ। ਇਸ ਤੋਂ ਇਲਾਵਾ ਦਲਿਤਾਂਨੂੰ ਉਸ ਇਲਾਕੇ ਦੀ ਜਨਰਲ ਸੀਟ ਦੇ ਉਮੀਦਵਾਰ ਨੂੰ ਵੀ ਵੋਟ ਪਾਉਣ ਦਾ ਵੀ ਬਰਾਬਰ ਅਧਿਕਾਰ ਹੋਵੇਗਾ।ਭਾਰਤੀ ਇਤਿਹਾਸ ਵਿੱਚ ਇਹ ਬਹੁਤ ਹੀ ਮਹੱਤਵਪੂਰਨ ਘਟਨਾ ਸੀ ਜਦੋਂ ਕਈ ਸਦੀਆਂ ਤੋਂ ਅਧਿਕਾਰਾਂ ਤੋਂ ਬਾਂਝੇ ਦਲਿਤਾਂਨੂੰ ਵੀ ਭਾਗੀਦਾਰੀ ਦੀ ਰਾਜਨੀਤੀ ਸ਼ੁਰੂ ਕਰਨ ਦਾ ਅਧਿਕਾਰ ਮਿਲਿਆ। ਗਾਂਧੀ ਨੇ ਦੂਜੀ ਗੋਲਮੇਜ਼ ਕਾਨਫਰੰਸ ਵਿੱਚ ਵੀ ਇਸ ਵਿਵਸਥਾ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਦਲਿਤਾਂਨੂੰ ਹਿੰਦੂਆਂ ਤੋਂ ਵੱਖਰਾ ਨਹੀਂ ਮੰਨਿਆ ਜਾ ਸਕਦਾ ਅਤੇ ਵੱਖਰੇ ਤੌਰ ਤੇ ਕੋਈ ਵਿਸ਼ੇਸ਼ ਅਧਿਕਾਰ ਨਹੀਂ ਦਿੱਤੇ ਜਾਣੇ ਚਾਹੀਦੇ। ਇਸ ਫੈਸਲੇ ਦਾ ਗਾਂਧੀ ਨੇ ਖੁੱਲਕੇ ਵਿਰੋਧ ਕੀਤਾ ਅਤੇ ਕਿਹਾ ਕਿ ਸਰਕਾਰ ਆਪਣੇ ਫੈਸਲੇ ਵਿੱਚ ਸੋਧ ਕਰਕੇ ਦਲਿਤਾਂਲਈ ਘੋਸ਼ਤਿ ਵੱਖਰੇ ਅਧਿਕਾਰ ਵਾਪਸ ਲਵੇ। ਗਾਂਧੀ ਜੋ ਕਿ ਪੂਨਾ ਦੀ ਯਰਵਦਾ ਜੇਲ੍ਹ ਵਿੱਚ ਕੈਦ ਸੀ ਨੇ ਜੇਲ ਵਿੱਚੋਂ ਪ੍ਰਧਾਨ ਮੰਤਰੀ ਮੈਕਡਾਨਲਡ ਨੂੰ ਧਮਕੀ ਭਰਿਆ ਪੱਤਰ ਲਿਖਿਆ ਕਿ ਜੇਕਰ ਦਲਿਤਾਂਲਈ ਘੋਸ਼ਿਤ ਵੱਖਰੇ ਆਜ਼ਾਦ ਚੋਣ ਅਧਿਕਾਰ ਵਾਪਸ ਨਾ ਲਏ ਤਾਂ ਆਪਣੀ ਜਾਨ ਦੇ ਦੇਵਾਂਗਾ। ਅੰਗਰੇਜ ਸਰਕਾਰ ਵਲੋ ਇਸ ਸਬੰਧੀ ਕੋਈ ਕਾਰਵਾਈ ਨਾਂ ਕਰਨ ਦੇ ਫੈਸਲੇ ਤੋਂ ਬਾਦ ਗਾਂਧੀ ਨੇ 20 ਸਤੰਬਰ 1932 ਨੂੰ ਜੇਲ ਵਿੱਚ ਮਰਨ ਵਰਤ ਸ਼ੁਰੂ ਕਰ ਦਿੱਤਾ। ਪ੍ਰਧਾਨ ਮੰਤਰੀ ਰੈਮਜੇ ਮੈਕਡਾਨਲਡ ਨੇ ਗਾਂਧੀ ਨੂੰ ਅਪੀਲ ਕੀਤੀ ਕਿ ਉਹ ਇਸ ਤਰ੍ਹਾਂ ਦਾ ਖਤਰਨਾਕ ਕਦਮ ਨਾ ਚੁੱਕਣ। ਗਾਂਧੀ ਦੇ ਦਲਿਤ ਵਿਰੋਧੀ ਫੈਸਲੇ ਵਿਰੁੱਧ ਆਦਿ ਧਰਮ ਅੰਦੋਲਨ ਦੇ ਆਗੂ ਬਾਬੂ ਮੰਗੂ ਰਾਮ ਮੁਗੋਵਾਲੀਆ ਦੀ ਅਗਵਾਈ ਵਿੱਚ ਕਈ ਆਗੂਆਂ ਨੇ ਵੀ ਮਰਨ ਵਰਤ ਰੱਖਿਆ। ਗਾਂਧੀ ਦੀ ਜਾਨ ਬਚਾਉਣ ਲਈ ਕਈ ਸੰਗਠਨਾਂ ਵਲੋਂ ਡਾਕਟਰ ਅੰਬੇਡਕਰ ਨੂੰ ਧਮਕੀਆਂ ਦਿੱਤੀਆਂ ਗਈਆਂ ਅਤੇ ਦਬਾਅ ਪਾਇਆ ਗਿਆ। ਗਾਂਧੀ ਦੀ ਪਤਨੀ ਕਸਤੂਰਬਾ ਗਾਂਧੀ ਅਤੇ ਬੇਟਾ ਦੇਵ ਦਾਸ ਆਪ ਵੀ ਡਾਕਟਰ ਅੰਬੇਡਕਰ ਨੂੰ ਮਿਲੇ ਅਤੇ ਗਾਂਧੀ ਦੀ ਜਾਨ ਬਚਾਉਣ ਲਈ ਅਪੀਲ ਕੀਤੀ। ਅਖੀਰ 24 ਸਤੰਬਰ, 1932 ਨੂੰ ਸ਼ਾਮ ਨੂੰ ਲੱਗਭੱਗ 5 ਵਜੇ ਯਰਵਦਾ ਜੇਲ ਵਿੱਚ ਮਦਨ ਮੋਹਨ ਮਾਲਵੀਆ, ਤੇਜ ਬਹਾਦਰ ਸਪਰੂ, ਐਮ ਆਰ ਜੈਕਾਰ, ਸ਼੍ਰੀਨਿਵਾਸਨ, ਐਮ ਸੀ ਰਾਜਾਹ, ਜੀ ਡੀ ਬਿਰਲਾ, ਸੀ ਵੀ ਮੈਹਤਾ, ਸੀ ਰਾਜਾਹ ਗੋਪਾਲਚਾਰੀ, ਸ਼ੰਕਰ ਲਾਲ ਬੈਂਕਰ, ਬੀ ਐਸ ਕਾਮਤ, ਜੀ ਕੇ ਦਿਓਧਾਰ, ਏ ਵੀ ਠਕਰ, ਆਰ ਕੇ ਬਾਖਲੇ, ਗਵਾਇ, ਰਾਜਿੰਦਰ ਪ੍ਰਸਾਦ, ਰਾਮੇਸ਼ਵਰ ਦਾਸ ਬਿਰਲਾ, ਪੀ ਜੀ ਸੋਲੰਕੀ, ਪੀ ਬਾਲੂ, ਗੋਬਿੰਦ ਮਾਲਵੀਆ, ਦੇਵਦਾਸ ਗਾਂਧੀ, ਬਿਸਵਾਸ, ਬੀ ਐਨ ਰਾਜਭੋਜ ਆਦਿ ਦੀ ਹਾਜਰੀ ਵਿੱਚ ਇੱਕ ਸਮਝੌਤਾ ਹੋਇਆ ਜਿਸਨੂੰ ਪੂਨਾ ਪੈਕਟ ਦਾ ਨਾਮ ਦਿਤਾ ਗਿਆ। ਇਸ ਸਮਝੌਤੇ ਤੇ 25 ਸਤੰਬਰ ਨੂੰ ਮੁੰਬਈ ਵਿੱਚ ਹਿੰਦੂ ਕਾਨਫਰੰਸ ਦੀ ਬੈਠਕ ਵਿੱਚ ਕਈ ਹੋਰ ਵਿਅਕਤੀਆਂ ਲਾਲੂਭਾਈ ਸਾਮਲਦਾਸ, ਹਾਂਸਾ ਮਹਿਤਾ, ਕੇ ਨਾਟਰਾਜਨ, ਕਾਮਕੋਟੀ ਨਾਟਰਾਜਾਨ, ਪੁਰਸ਼ੋਤਮ ਦਾਸ ਠਾਕਰਦਾਸ, ਮਥਰਾਦਾਸ ਵਾਸੰਜੀ, ਵਾਲਚੰਦ ਹੀਰਾਚੰਦ, ਐਚ ਐਨ ਕੁੰਜਰੂ, ਕੇ ਜੀ ਲਿਮਾਏ, ਪੀ ਕੋਂਡਾਡਰਾਓ, ਜੀ ਕੇ ਗਾਡਗਿਲ, ਮਨੂ ਸੂਬੇਦਾਰ, ਅਵਾਂਤਿਕਾਬਾਈ ਗੋਖਲੇ, ਕੇ ਜੇ ਚਿਤਾਲਿਆ, ਰਾਧਾਕਾਂਤ ਮਾਲਵੀਆ, ਏ ਆਰ ਭੱਟ ਆਦਿ ਨੇ ਦਸਤਖੱਤ ਕੀਤੇ ਜਿਸ ਨਾਲ ਲੰਬੇ ਸੰਘਰਸ਼ ਤੋਂ ਬਾਦ ਦਲਿਤਾਂਨੂੰ ਮਿਲੇ ਦੋ ਵੋਟਾਂ ਵਾਲੇ ਅਧਿਕਾਰ ਨੂੰ ਖਤਮ ਕਰ ਦਿਤਾ ਗਿਆ ਅਤੇ ਕਮਿਉਨਲ ਐਵਾਰਡ ਦੁਆਰਾ ਰਾਖਵੀਆਂ ਰੱਖੀਆਂ ਗਈਆਂ ਵਿਧਾਨ ਮੰਡਲਾਂ ਦੀਆਂ 78 ਸੀਟਾਂ ਨੂੰ ਵਧਾਕੇ 148 ਕੀਤਾ ਗਿਆ ਜਿਨ੍ਹਾਂ ਵਿੱਚ ਮਦਰਾਸ ਵਿੱਚ 30, ਬੰਬੇ ਅਤੇ ਸਿੰਧ ਪਰਾਂਤ ਵਿੱਚ 15, ਬਿਹਾਰ ਅਤੇ ਉੜੀਸਾ ਵਿੱਚ 18, ਅਸਾਮ ਵਿੱਚ 7, ਬੰਗਾਲ ਵਿੱਚ 30, ਕੇਂਦਰੀ ਪ੍ਰਾਂਤ ਬੈਰਰ ਵਿੱਚ 20, ਪੰਜਾਬ ਵਿੱਚ 8,ਆਗਰਾ ਅਤੇ ਸੰਯੁਕਤ ਪ੍ਰਾਂਤ ਦੀਆਂ 20 ਸੀਟਾਂ ਸ਼ਾਮਲ ਸਨ। ਇਸ ਵਿੱਚਦਲਿਤਾਂਨੂੰ ਵਿੱਦਿਆ ਪ੍ਰਾਪਤੀ ਲਈ ਆਰਥਿਕ ਮੱਦਦ ਅਤੇ ਨੌਕਰੀਆਂ ਵਿੱਚ ਰਾਖਵਾਂਕਰਣ ਦੀਆਂ ਸਹੂਲਤਾਂ ਵੀ ਦਿਤੀਆਂ ਗਈਆਂ। ਪੂਨਾ ਪੈਕਟ ਵਿੱਚ ਹੋਏ ਸਮਝੋਤਿਆਂ ਨੂੰ ਗੋਵਰਨਮੈਂਟ ਆਫ ਇੰਡੀਆ ਐਕਟ 1935 ਵਿੱਚ ਸ਼ਾਮਿਲ ਕਰਨ ਤੋਂ ਬਾਦਲਾਗੂ ਕੀਤਾ ਗਿਆ। ਸਾਲ 1937 ਵਿੱਚ ਹੋਈਆਂ ਚੌਣਾਂ ਜਿਨ੍ਹਾਂ ਵਿੱਚ ਗਾਂਧੀ ਅਤੇ ਹੋਰ ਕਾਂਗਰਸੀ ਆਗੂਆਂ ਵਲੋਂ ਦਿੱਤੇ ਗਏ ਭਰੋਸੇ ਕਿ ਇਨ੍ਹਾਂ 148 ਰਾਖਵੀਆਂ ਸੀਟਾਂ ਸਬੰਧੀ ਕਾਂਗਰਸ ਪਾਰਟੀ ਕੋਈ ਵੀ ਦਖਲਅੰਦਾਜੀ ਨਹੀਂ ਕਰੇਗੀ ਪਰ ਇਨ੍ਹਾਂ ਵਿੱਚੋਂ ਲੱਗਭੱਗ 78 ਸੀਟਾਂ ਤੇ ਕਾਂਗਰਸ ਪਾਰਟੀ ਨੇ ਹੀ ਕਬਜਾ ਕੀਤਾ ਸੀ।ਕਈ ਬੁੱਧੀਜੀਵੀਆਂ ਨੇ ਇਸ ਪੂਨਾ ਪੈਕਟ ਨੂੰ ਵੱਡੀ ਗੱਲਤੀ ਅਤੇਧੋਖਾ ਮੰਨਿਆ ਹੈ ਅਤੇਡਾਕਟਰ ਅੰਬੇਡਕਰ ਨੇ ਵੀ ਇਸਨੂੰ ਕਾਂਗਰਸੀ ਆਗੂਆਂ ਵਲੋਂ ਕੀਤਾ ਗਿਆ ਧੋਖਾ ਅਤੇ ਅਪਣੀ ਜਿੰਦਗੀ ਦੀ ਸਭ ਤੋਂ ਵੱਡੀ ਗੱਲਤੀ ਮੰਨਿਆ ਹੈ। ਡਾਕਟਰ ਭੀਮ ਰਾਓ ਅੰਬੇਡਕਰ ਨੇ ਆਪ ਵੀ ਪੂਨਾ ਪੈਕਟ ਦਿਵਸ ਤੇ ਧਿਕਾਰ ਦਿਵਸ ਦਾ ਆਯੋਜਨ ਕੀਤਾ ਸੀ ਅਤੇ ਸਟੇਜ ਤੋਂ ਕਿਹਾ ਸੀ ਕਿ ਪੂਨਾ ਪੈਕਟ ਉੱਤੇ ਹਸਤਾਖਰ ਕਰਕੇ ਮੈਂ ਆਪਣੀ ਜ਼ਿੰਦਗੀ ਦੀ ਸਭ ਤੋਂ ਵੱਡੀ ਗਲਤੀ ਕੀਤੀ ਹੈ ਅਤੇ ਮੈਨੂੰ ਅਜਿਹਾ ਕਰਨ ਲਈ ਮਜਬੂਰ ਹੋਣਾ ਪਿਆ ਸੀ। ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਬਾਬੂ ਕਾਂਸ਼ੀ ਰਾਮ ਨੇ ਵੀ ਪੂਨਾ ਪੈਕਟ ਨੂੰ ਸਮਾਜ ਨਾਲ ਧੋਖਾ ਮੰਨਿਆ ਹੈ ਅਤੇ ਇਸਤੋਂ ਬਾਦ ਦੇ ਸਮੇਂ ਨੂੰ ਚਮਚਾ ਯੁੱਗ ਕਿਹਾ ਹੈ। ਬਾਬੂ ਕਾਂਸ਼ੀ ਰਾਮ ਨੇ 23 ਸਤੰਬਰ 1982 ਨੂੰ ਪੂਨਾ ਪੈਕਟ ਦੀ 50ਵੀਂ ਵਰ੍ਹੇਗੰਢ ਮੌਕੇ ਇੱਕ ਕਿਤਾਬ ਚਮਚਾ ਯੁੱਗ ਪ੍ਰਕਾਸ਼ਿਤ ਕੀਤੀ ਜਿਸ ਵਿੱਚ ਕਿਹਾ ਕਿ ਇਸ ਪੂਨਾ ਪੈਕਟ ਦੁਆਰਾ ਦਲਿਤਾਂਨੂੰ ਅਪਣੇ ਅਸਲੀ ਪ੍ਰਤੀਨਿਧੀ ਚੁਣਨ ਦੇ ਅਧਿਕਾਰ ਤੋਂ ਦੂਰ ਕੀਤਾ ਗਿਆ ਹੈ ਅਤੇ ਇਸ ਦੁਆਰਾ ਰਾਜਨੀਤਿਕ ਹਥਿਆਰ ਬਣਾਕੇ ਰੱਖ ਦਿਤਾ ਹੈ ਅਤੇ ਸੰਯੁਕਤ ਚੌਣ ਪ੍ਰਣਾਲੀ ਵਿੱਚ ਦਲਾਲ ਅਤੇ ਏਜੰਟ ਹੀ ਤਿਆਰ ਹੋ ਰਹੇ ਹਨ ਅਤੇ ਕੁਪ੍ਰਥਾਵਾਂ ਨਾਲ ਲੜ੍ਹਣ ਵਾਲੀ ਅਸਲੀ ਅਤੇ ਅਜਾਦ ਅਗਵਾਈ ਦੀ ਭਾਵਨਾ ਨੂੰ ਬਰਬਾਦ ਕਰ ਦਿਤਾ ਹੈ। ਅਨੁਸੂਚਿਤ ਜਾਤੀ ਦੇ ਲੋਕਾਂ ਲਈ ਪੂਨਾ ਪੈਕਟ ਦੀ ਵਿਰਾਸਤ ਅੱਜ ਵੀ ਜਿਉਂਦੀ ਹੈ ਅਤੇ ਇਸਨੇ ਦਲਿਤਾਂ ਦੀ ਨੁਮਾਇੰਦਗੀ ਦੇ ਰੂਪ ਨੂੰ ਬੁਨਿਆਦੀ ਤੌਰ ਤੇ ਵਿਗਾੜ ਦਿੱਤਾ ਹੈ। ਭਾਰਤ ਵਿੱਚ ਸੰਸਦ ਅਤੇ ਵੱਖ ਵੱਖ ਅਸੈਂਬਲੀਆਂ ਵਿੱਚ ਅਨੁਸੂਚਿਤ ਜਾਤੀਆਂ ਲਈ ਉਹਨਾਂ ਦੀ ਆਬਾਦੀ ਦੇ ਅਨੁਪਾਤ ਅਨੁਸਾਰ ਸੀਟਾਂ ਰਾਖਵੀਆਂ ਹਨ ਪਰ ਦਲਿਤ ਕਿਸੇ ਖਾਸ ਖੇਤਰ ਵਿੱਚ ਕੇਂਦਰਿਤ ਨਹੀਂ ਹਨ ਇਸ ਲਈ ਇਹਨਾਂ ਸੀਟਾਂ ਵਿੱਚੋਂ ਬਹੁਗਿਣਤੀ ਵਿੱਚ ਉਹ ਵੋਟਰਾਂ ਦੀ ਘੱਟ ਗਿਣਤੀ ਬਣਦੇ ਹਨ। ਅਨੁਸੂਚਿਤ ਜਾਤਾਂ ਲਈ ਰਾਖਵੇਂ 84 ਸੰਸਦੀ ਹਲਕਿਆਂ ਵਿੱਚੋਂ ਦਲਿਤ ਸਿਰਫ 13 ਹਲਕਿਆਂ ਵਿੱਚ ਹੀ ਵੋਟਰਾਂ ਦਾ ਇੱਕ ਤਿਹਾਈ ਹਿੱਸਾ ਹਨ ਅਤੇ ਸਿਰਫ਼ ਇੱਕ ਚੋਣ ਖੇਤਰ ਪੱਛਮੀ ਬੰਗਾਲ ਵਿੱਚ ਜਲਪਾਈਗੁੜੀ ਵਿੱਚ ਇਹ ਅੰਕੜਾ 50ਗ ਨੂੰ ਪਾਰ ਕਰਦਾ ਹੈ। ਇਸਦਾ ਮਤਲਬ ਹੈ ਕਿ ਸੰਸਦ ਮੈਂਬਰ ਅਨੁਸੂਚਿਤ ਜਾਤੀ ਤੋਂ ਹੋਣ ਦੇ ਬਾਵਜੂਦ ਬਹੁਗਿਣਤੀ ਵੋਟਰ ਨਹੀਂ ਹਨ ਅਤੇ ਉਨ੍ਹਾਂ ਦਾ ਪ੍ਰਭਾਵ ਨਿਰਣਾਇਕ ਨਹੀਂ ਹੈ। ਇਸਦਾ ਮਤਲਬ ਹੈ ਕਿ ਦਲਿਤ ਸੰਸਦ ਮੈਂਬਰ ਨੂੰ ਸਮਝੌਤਾ ਕਰਨਾ ਪੈਂਦਾ ਹੈ ਅਤੇ ਗੈਰ ਦਲਿਤ ਜਾਤੀਆਂ ਨੂੰ ਖੁਸ਼ ਰੱਖਣਾ ਪੈਂਦਾ ਹੈ ਅਤੇ ਹਾਸ਼ੀਏ ਤੇ ਪਈਆਂ ਜਾਤਾਂ ਲਈ ਅਸਲ ਵਿੱਚ ਕੰਮ ਨਹੀਂ ਕਰ ਸਕਦਾ ਹੈ। ਪੂਨਾ ਪੈਕਟ ਦੁਆਰਾ ਗਾਂਧੀ ਅਤੇ ਉਸਦੇ ਸਹਿਯੋਗੀਆਂ ਨੇ ਦਲਿਤ ਰਾਜਨੀਤੀ ਦੇ ਉਦੇਸ਼ਾਂ ਨੂੰ ਚਕਨਾਚੂਰ ਕੀਤਾ ਹੈ।


ਪੂਨਾ ਪੈਕਟ ਦਾ ਪ੍ਰਭਾਵ ਰਿਹਾ ਹੈ ਕਿ ਸਾਲ 1937 ਦੀਆਂ ਚੋਣਾਂ ਵਿੱਚ ਡਾਕਟਰ ਅੰਬੇਡਕਰ ਦੀ ਸੁਤੰਤਰ ਲੇਬਰ ਪਾਰਟੀ ਸਫਲ ਰਹੀ ਪਰੰਤੂ 1946 ਵਿੱਚ ਅਨੁਸੂਚਿਤ ਜਾਤੀ ਫੈਡਰੇਸ਼ਨ ਨੇ ਮਾੜ੍ਹਾ ਪ੍ਰਦਰਸ਼ਨ ਕੀਤਾ ਅਤੇ 1952 ਵਿੱਚ ਸੁਤੰਤਰ ਭਾਰਤ ਦੀ ਪਹਿਲੀ ਚੋਣ ਵਿੱਚ ਡਾਕਟਰ ਅੰਬੇਡਕਰ ਆਪਣੇ ਗੜ੍ਹ ਬੰਬਈ ਤੋਂ ਹੀ ਹਾਰ ਗਏ ਸਨ।

ਇਹ ਪੂਨਾ ਪੈਕਟ ਦੀ ਹੀ ਦੇਣ ਹੈ ਕਿ ਮੌਜੂਦਾ ਸਮੇਂ ਵੀ ਦਲਿਤ ਵਰਗ ਨਾਲ ਸਬੰਧਿਤ ਕਈ ਆਗੂਵੱਖ ਵੱਖ ਰਾਜਨੀਤਿਕ ਪਾਰਟੀਆਂ ਵਿੱਚ ਵੱਡੇ ਵੱਡੇ ਅਹੁਦਿਆਂ ਤੇ ਬੈਠੇ ਹਨ ਪਰੰਤੂ ਉਨ੍ਹਾਂ ਦੀ ਅਪਣੇ ਸਮਾਜ ਪ੍ਰਤੀ ਜਬਾਵਦੇਹੀ ਅਤੇ ਸਮਾਜ ਲਈ ਕੰਮ ਨਾਮਾਤਰ ਹਨ ਜਿਸ ਕਾਰਨ ਕਈ ਆਗੂਆਂ ਅਤੇ ਸੰਗਠਨਾ ਵਲੋਂ ਇਸਦਿਨ ਨੂੰ ਧਿਕਾਰ ਅਤੇ ਧੋਖਾ ਦਿਵਸ ਵਜੋਂ ਮਨਾਇਆ ਜਾਂਦਾ ਹੈ।




The untouchables were forced to sign the Poona Pact under the impact of the coercive fast of Mr. Gandhi.
"The untouchables were sad. They had every reason to be sad." Dr. B. R. Ambedkar

## ਗੀਤ/ ਡਾ: ਭੀਮ ਰਾਓ ਜੀ ਦਾ ਕਹਿਣਾ ਏ




ਮੇਰਾ ਜੀਵਨ ਹੀ ਹੈ ਇੱਕ ਸੰਦੇਸ਼
ਭੀਮ ਰਾਓ ਜੀ ਦਾ ਕਹਿਣਾ ਏ ॥
ਜੈ ਭੀਮ ਜੈ ਭਾਰਤ ਦਾ ਨਾਹਰਾ
ਪੂਰੇ ਜੋਸ਼ ਨਾਲ ਲਗਾਉਣਾ ਏ॥
ਭੀਮ ਰਾਓ ਜੀ ਦਾ ਜੀਵਨ ਸੰਦੇਸ਼
ਘਰ ਘਰ ਪਹੁੰਚਾਉਣਾ ਹੈ॥

ਆਪਣੇ ਕੌਮ ਸਮਾਜ ਦੇ ਲੋਕਾਂ ਨੂੰ
ਸੂਦ ਵਿਰਕ ਦਾ ਕਹਿਣਾ ਏ ॥
ਖੁੱਦ ਭੁੱਖੇ ਰਹਿਕੇ ਵੀ ਬੱਚਿਆਂ ਨੂੰ
ਖੂਬ ਪੜ੍ਹਾਉਣਾ ਏ॥
ਭੀਮ ਰਾਓ ਜੀ ਵਾਂਗ ਬੱਚਿਆਂ ਨੂੰ
ਵਿਦਵਾਨ ਬਣਾਉਣਾ ਏ॥

ਗਿਆਨ ਹੈ ਸ਼ੇਰਨੀ ਦਾ ਦੁੱਧ
ਭੀਮ ਰਾਓ ਜੀ ਦਾ ਕਹਿਣਾ ਏ ॥
ਜਿਹਨੇ ਗਿਆਨ ਵਾਲਾ ਪੀਤਾ ਦੁੱਧ
ਉਹਨੇ ਹੀ ਦਹਾੜਣਾ ਏ ॥
ਦੇਸ਼ ਕੌਮ ਦੇ ਬੱਚਿਆਂ ਨੂੰ ਗਿਆਨ ਦੇ
ਸੂਰਜ ਵਾਂਗ ਚਮਕਾਉਣਾ ਏ ॥

-ਮਹਿੰਦਰ ਸੂਦ (ਵਿਰਕ)
91-98766-66381



ਗੁਰਿਆਈ ਦਿਵਸ ਨੂੰ ਸਮਰਪਿਤ

# ਰਾਮਦਾਸੁ ਸਤਿਗੁਰੂ ਕਹਾਵੈ



ਰਮੇਸ਼ ਬੱਗਾ ਚੋਹਲਾ
91-94631-32719

15ਵੀਂ ਸਦੀ ਵਿਚ ਉੱਭਰਿਆ ਸਿੱਖ ਧਰਮ ਨਵੀਨ ਅਤੇ ਵਿਲੱਖਣ ਕਦਰਾਂ ਕੀਮਤਾਂ ਦਾ ਤਰਜ਼ਮਾਨ ਰਿਹਾ ਹੈ। ਇਸ ਦੇ ਰਹਿਬਰਾਂ ਨੇ ਜਿੱਥੇ ਸਦੀਵੀਂ ਤੌਰ 'ਤੇ ਉਸ ਮਾਲਕ ਨੂੰ ਹਿਰਦੇ ਵਿਚ ਵਸਾਉਣ ਦੀ ਗੱਲ ਕੀਤੀ ਹੈ ਉਥੇ ਕਿਰਤ ਨੂੰ ਵਡਿਆਉਂਦਿਆਂ ਹੋਇਆਂ ਇਸ ਨੂੰ ਆਪਸ ਵਿਚ ਵੰਡ ਕੇ ਛਕਣ ਦੀ ਹਾਮੀ ਵੀ ਚੰਗੀ ਤਰ੍ਹਾਂ ਭਰੀ ਹੈ। ਗੁਰੂ ਸਾਹਿਬਾਨ ਨੇ ਆਪਣੇ-ਆਪਣੇ ਸਮਿਆਂ ਵਿਚ ਕੁਝ ਅਜਿਹੀਆਂ ਕਲਿਆਣਕਾਰੀ ਪਿਰਤਾਂ ਪਾਈਆਂ ਹਨ ਜੋ ਇਸ ਜਗ ਨੂੰ 'ਸਚੈ ਕੀ ਹੈ ਕੋਠੜੀ' ਮੰਨ ਕੇ ਮਨੁੱਖ ਨੂੰ ਸੱਚਾ ਅਤੇ ਸੁੱਚਾ ਵਿਹਾਰ ਕਰਨ ਲਈ ਪ੍ਰੇਰਦੀਆਂ ਰਹਿੰਦੀਆਂ ਹਨ। ਇਹ ਪਿਰਤਾਂ ਮਨੁੱਖ ਨੂੰ ਅੰਧਕਾਰਮਈ ਪੈਂਡਿਆਂ ਤੋਂ ਮੁੜ ਕੇ ਉਜਿਆਰੇ ਮਾਰਗ ਦਾ ਪਾਂਧੀ ਬਣਾਉਂਦੀਆਂ ਆ ਰਹੀਆਂ ਹਨ।

ਸਿੱਖ ਧਰਮ ਵਿਸ਼ੇਸ਼ ਰੂਪ ਵਿਚ ਆਪਸੀ ਮੁਹੱਬਤ, ਸਦਭਾਵਨਾ ਅਤੇ ਸਹਿਣਸ਼ੀਲਤਾ ਵਾਲੀ ਸੁਰ ਪੈਦਾ ਕਰਨ ਵਾਲਾ ਇਕ ਅਜਿਹਾ ਧਰਮ ਹੈ ਜੋ ਸੰਸਾਰ ਦੇ ਚੋਣਵੇਂ ਧਰਮਾਂ ਵਿਚ ਇਕ ਅਹਿਮ ਸਥਾਨ ਰੱਖਦਾ ਹੈ।

ਇਹ ਧਰਮ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਨਿਰਧਾਰਿਤ ਕੀਤੀ ਜੀਵਨ-ਜਾਚ ਅਨੁਸਾਰ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ'' ਦੇ ਅਨੁਸਾਰ ਇੱਕੋ (ਨਾਨਕ) ਜੋਤ ਵਿੱਚੋਂ ਨੌਂ ਗੁਰੂ ਸਾਹਿਬਾਨ ਦੇ ਰਾਹੀਂ ਪ੍ਰਫੁੱਲਿਤ ਹੋਇਆ ਹੈ। ਇਨ੍ਹਾਂ ਗੁਰੂ ਸਾਹਿਬਾਨ ਦੇ ਵਿਸ਼ੇਸ਼ ਉਪਰਾਲਿਆਂ ਸਦਕਾ ਸਿੱਖ ਧਰਮ ਨੇ ਇਕ ਨਵੀਨ ਅਤੇ ਆਦਰ ਪੂਰਵਕ ਜੀਵਨ-ਜੁਗਤ ਜਿਵੇਂ ਭਗਤੀ ਤੋਂ ਸ਼ਕਤੀ ਦਾ ਸੁਮੇਲ, ਵਰਣ ਵੰਡ ਨੂੰ ਰੱਦ ਕਰਨ ਵਾਲੀ ਇਨਕਲਾਬੀ ਸੋਚ, ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੀ ਗੁਰਬਾਣੀ, ਅਤੇ ਮਿਲ-ਬੈਠ ਕੇ ਦੁਬਿਧਾ ਦੂਰ ਕਰਨ ਵਾਲੀ ਪਹੁੰਚ ਨਾਲ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਹੈ। ਇਸ ਤਰ੍ਹਾਂ ਦੀ ਕਾਮਨਾ ਕਰਨ ਵਾਲਿਆਂ ਵਿਚ ਹੀ ਸ਼ਾਮਿਲ ਸਨ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ।

ਸ੍ਰੀ ਗੁਰੂ ਰਾਮਦਾਸ ਜੀ ਜਿਨ੍ਹਾਂ ਦਾ ਬਚਪਨ ਦਾ ਨਾਮ ਭਾਈ ਜੇਠਾ ਸੀ, ਦਾ ਜਨਮ 24 ਸਤੰਬਰ 1534 ਈ: ਨੂੰ ਚੂਨਾ ਮੰਡੀ ਲਾਹੌਰ ਦੇ ਵਸਨੀਕ ਭਾਈ ਹਰਿਦਾਸ ਜੀ ਅਤੇ ਮਾਤਾ ਦਇਆ ਕੌਰ ਜੀ ਦੇ ਘਰ ਹੋਇਆ। ਪਲੇਠਾ ਪੁੱਤਰ ਹੋਣ ਕਰਕੇ ਇਨ੍ਹਾਂ ਦਾ ਨਾਮ ਭਾਈ ਜੇਠਾ ਜੀ ਹੋ ਗਿਆ। ਜਿਸ ਦਿਨ ਭਾਈ ਜੇਠਾ ਜੀ ਦਾ ਜਨਮ ਹੋਇਆ ਉਸ ਵਕਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੁਨਿਆਵੀ ਉਮਰ ਲੱਗਭਗ 65 ਸਾਲ, ਸ੍ਰੀ ਗੁਰੂ ਅਮਰਦਾਸ ਜੀ ਦੀ 55 ਸਾਲ ਅਤੇ ਭਾਈ ਲਹਿਣਾ ਜੀ ਦੀ 30 ਸਾਲ ਸੀ। ਭਾਵੇਂ ਚਾਰੇ ਗੁਰੂ ਸਾਹਿਬਾਨ ਜਿਸਮਾਨੀ ਤੌਰ 'ਤੇ ਮੌਜੂਦ ਸਨ ਪਰ ਮਿਲਾਪ ਅਜੇ ਪਹਿਲੀ ਪਾਤਸ਼ਾਹੀ ਅਤੇ ਭਾਈ ਲਹਿਣਾ ਜੀ ਦਾ ਹੀ ਹੋਇਆ ਸੀ।

ਭਾਈ ਜੇਠਾ ਜੀ ਅਜੇ ਬਚਪਨ ਦੀਆਂ ਦਹਿਲੀਜ਼ਾਂ ਉਪਰ ਹੀ ਵਿਚਰ ਰਹੇ ਸਨ ਕਿ ਪਹਿਲਾਂ ਮਾਤਾ ਜੀ ਅਤੇ ਫਿਰ ਪਿਤਾ ਸ੍ਰੀ ਹਰਿਦਾਸ ਜੀ ਇਸ ਦੁਨੀਆ ਤੋਂ ਕੂਚ ਕਰ ਗਏ। ਜਦੋਂ ਆਪ ਦੁਨਿਆਵੀ ਤੌਰ 'ਤੇ ਯਤੀਮ ਹੋ ਗਏ ਤਾਂ ਆਪ ਜੀ ਦੀ ਨਾਨੀ ਆਪ ਨੂੰ ਆਪਣੇ ਪਿੰਡ ਬਾਸਰਕੇ ਲੈ ਆਈ। ਲਾਹੌਰ ਤੋਂ ਦੋਹਤੇ ਦੇ ਆਪਣੇ ਨਾਨਕੇ ਘਰ ਆਉਣ ਦੀ ਖ਼ਬਰ ਸਾਰੇ ਪਿੰਡ ਵਿਚ ਫੈਲ ਗਈ। ਪਿੰਡ ਦੇ ਬਹੁਤ ਸਾਰੇ ਨੇਕ ਪੁਰਸ਼ ਅਤੇ ਔਰਤਾਂ ਬਾਲਕ ਜੇਠੇ ਦਾ ਧੀਰ ਧਰਾਉਣ ਲਈ ਆਉਣ ਲੱਗੇ। ਇਨ੍ਹਾਂ ਧੀਰ ਧਰਾਉਣ ਵਾਲਿਆਂ ਵਿਚ ਸ੍ਰੀ (ਗੁਰੂ) ਅਮਰਦਾਸ ਜੀ ਵੀ ਸਨ। ਉਨ੍ਹਾਂ ਦੇ ਕੋਮਲ ਹਿਰਦੇ 'ਤੇ ਭਾਈ ਜੇਠੇ ਦੀ ਦੁਖਦਾਈ ਸਥਿਤੀ ਦਾ ਬੜਾ ਡੂੰਘਾ ਅਸਰ ਹੋਇਆ। ਇਸ ਅਸਰ ਕਰਕੇ ਉਨ੍ਹਾਂ ਦੀ ਆਪਸੀ ਨੇੜਤਾ ਕਾਫੀ ਵਧਣ ਲੱਗ ਪਈ।

ਭਾਈ ਜੇਠਾ ਜੀ ਆਪਣੇ ਨਾਨਕੇ ਘਰ ਰਹਿ ਕੇ ਘੁੰਙਣੀਆਂ ਵੇਚਣ ਦੀ ਕਾਰ ਕਰਿਆ ਕਰਦੇ ਸਨ ਅਤੇ ਇਨ੍ਹਾਂ ਦੀ ਵੱਟਕ ਨਾਲ ਆਪਣੀ ਅਤੇ ਨਾਨੀ ਜੀ ਦੀ ਉਦਰ-ਜਵਾਲਾ ਸ਼ਾਂਤ ਕਰਿਆ ਕਰਦੇ ਸਨ। ਇਸ ਸਮੇਂ ਦੌਰਾਨ ਸ੍ਰੀ (ਗੁਰੂ) ਅਮਰਦਾਸ ਜੀ ਜਦੋਂ ਕਦੇ ਖਡੂਰ ਸਾਹਿਬ ਤੋਂ ਬਾਸਰਕੇ ਆਉਂਦੇ ਤਾਂ ਉਹ ਭਾਈ ਜੇਠਾ ਜੀ ਨੂੰ ਜ਼ਰੂਰ ਮਿਲਦੇ ਅਤੇ ਘੰਟਿਆਂ ਬੱਧੀ ਦੁਨਿਆਵੀ ਅਤੇ ਇਲਾਹੀ ਗੱਲਾਂ ਹੁੰਦੀਆਂ ਰਹਿੰਦੀਆਂ।

ਜਦੋਂ ਗੋਂਦੇ ਖੱਤਰੀ ਦੀ ਬੇਨਤੀ 'ਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਦਰਿਆ ਬਿਆਸ ਦੇ ਕਿਨਾਰੇ ਗੋਇੰਦਵਾਲ ਸਾਹਿਬ ਨਗਰ ਵਸਾਇਆ ਤਾਂ ਉਨ੍ਹਾਂ ਦੇ ਕਈ ਰਿਸ਼ਤੇਦਾਰ ਅਤੇ ਸਨੇਹੀ ਵੀ ਗੋਇੰਦਵਾਲ ਸਾਹਿਬ ਆ ਗਏ। ਗੁਰੂ ਦਰਸ਼ਨਾਂ ਦੀ ਤਾਂਘ ਭਾਈ ਜੇਠਾ ਜੀ ਨੂੰ ਵੀ ਇੱਥੇ ਲੈ ਆਈ। ਉਸ ਵਕਤ ਉਨ੍ਹਾਂ ਦੀ ਆਯੂ ਕੋਈ 12 ਕੁ ਸਾਲ ਦੀ ਸੀ। ਅਵਸਥਾ ਭਾਵੇਂ ਅਜੇ ਬਾਲਪਨ ਵਾਲੀ ਹੀ ਸੀ ਪਰ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਭਾਵ ਸਦਕਾ ਸੂਝ ਵਿਚ ਪਕਿਆਈ ਆ ਰਹੀ ਸੀ। ਇਸ ਪਕਿਆਈ ਸਦਕਾ ਸ੍ਰੀ ਗੁਰੂ ਨਾਨਕ ਸਾਹਿਬ ਦੇ ਦਰਬਾਰ ਦੀ ਰੰਗਤ ਭਾਈ ਜੇਠਾ ਜੀ 'ਤੇ ਖੂਬ ਚੜਨ ਲੱਗੀ।

ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ 10-12 ਸਾਲ ਆਪਣੀ ਨਿਗਰਾਨੀ ਵਿਚ ਰੱਖਿਆ ਅਤੇ ਉਨ੍ਹਾਂ ਸਾਰੇ ਗੁਣਾਂ ਨੂੰ ਵਾਚਿਆ ਸੀ ਜੋ ਕਿਸੇ ਉਚੇਚੀ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਜ਼ਰੂਰੀ ਹੁੰਦੇ ਹਨ। ਗੁਰੂ ਸਾਹਿਬ ਨੇ ਇਨ੍ਹਾਂ ਗੁਣਾਂ ਦੀ ਕਦਰ ਕਰਦਿਆਂ 22 ਫੱਗਣ ਸੰਮਤ 1610 ਨੂੰ ਆਪਣੀ ਲਾਡਲੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ ਨਾਲ ਕਰ ਦਿੱਤਾ। ਇਸ ਬਖ਼ਸ਼ਿਸ਼ ਨਾਲ ਭਾਈ ਜੇਠਾ ਜੀ ਗੁਰੂ-ਦਰਬਾਰ ਦੇ ਨਾਲ-ਨਾਲ ਗੁਰੂ-ਪਰਿਵਾਰ ਦੇ ਅੰਗ ਬਣ ਗਏ।

ਜਦੋਂ 1557 ਈ: ਵਿਚ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਸਮਾਜਿਕ ਬਰਾਬਰੀ ਦੇ ਸਿਧਾਂਤ ਨੂੰ ਲਾਗੂ ਕਰਨ ਲਈ ਸਮਾਜ ਵਿੱਚੋਂ ਛੂਤ-ਛਾਤ ਖਤਮ ਕਰਨ ਦਾ ਬੀੜਾ ਚੁੱਕਿਆ ਤਾਂ ਕੁਝ ਗੁਰੂ-ਘਰ ਦੇ ਦੋਖੀਆਂ ਅਤੇ ਸਮਾਜ ਵਿਰੋਧੀਆਂ ਕੋਲੋਂ ਇਹ ਗੱਲ ਬਰਦਾਸ਼ਤ ਨਾ ਹੋ ਸਕੀ। ਉਨ੍ਹਾਂ ਵਿੱਚੋਂ ਕਿਸੇ ਨੇ ਅਕਬਰ ਬਾਦਸ਼ਾਹ ਕੋਲ ਜਾ ਕੇ ਗੁਰੂਕਿਆਂ ਦੇ ਖ਼ਿਲਾਫ਼ ਕੰਨ ਭਰ ਦਿੱਤੇ। ਆਪਣੀ ਸ਼ੰਕਾ ਨਵਿਰਤੀ ਅਤੇ ਤਸੱਲੀ ਲਈ ਬਾਦਸ਼ਾਹ ਨੇ ਗੁਰੂ ਦਰਬਾਰ ਵੱਲ ਸੱਦਾ-ਪੱਤਰ ਭੇਜ ਦਿੱਤਾ। ਬਿਰਧ ਸਰੀਰ ਹੋਣ ਕਰਕੇ ਤੀਸਰੇ ਪਾਤਸ਼ਾਹ ਨੇ ਗੁਰੂ-ਘਰ ਦੀ ਵਕਾਲਤ ਲਈ ਭਾਈ ਜੇਠਾ ਜੀ ਦੀ ਡਿਊਟੀ ਲਗਾ ਦਿੱਤੀ। ਭਾਈ ਜੇਠਾ ਜੀ ਨੇ ਸਿੱਖੀ ਦੇ ਸਿਧਾਂਤਾਂ ਦੀ ਇੰਨੇ ਸੁਚੱਜੇ ਢੰਗ ਨਾਲ ਵਿਆਖਿਆ ਕੀਤੀ ਕਿ ਅਕਬਰ ਦੇ ਸਭ ਭਰਮ-ਭੁਲੇਖੇ ਦੂਰ ਹੋ ਗਏ।

ਦੁਨਿਆਵੀ ਪੱਖੋਂ ਭਾਈ ਜੇਠਾ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਦਾਮਾਦ ਸਨ ਪਰ ਇਸ ਰਿਸ਼ਤੇ ਦਾ ਉਨ੍ਹਾਂ ਦੇ ਮਨ ਵਿਚ ਰਤੀ ਭਰ ਵੀ ਗੁਮਾਨ ਨਹੀਂ ਸੀ। ਬਾਉਲੀ ਸਾਹਿਬ ਦੇ ਨਿਰਮਾਣ-ਕਾਰਜ ਸਮੇਂ ਉਹ ਵੀ ਇਕ ਨਿਮਾਣੇ ਸਿੱਖ ਵਾਂਗ ਸਿਰ 'ਤੇ ਟੋਕਰੀ ਢੋਅ ਕੇ ਸੇਵਾ ਕਰਿਆ ਕਰਦੇ ਸਨ। ਇਕ ਦਿਨ ਜਦੋਂ ਉਹ ਤਨ-ਮਨ ਨਾਲ ਸੇਵਾ ਵਿਚ ਲੀਨ ਸਨ ਤਾਂ ਲਾਹੌਰ ਤੋਂ ਉਨ੍ਹਾਂ ਦੇ ਸ਼ਰੀਕੇ-ਭਾਈਚਾਰੇ ਦੇ ਕੁਝ ਲੋਕ ਹਰਿਦੁਆਰ ਆਦਿ ਤੀਰਥਾਂ-ਸਥਾਨਾਂ ਦੇ ਦਰਸ਼ਨਾਂ ਲਈ ਜਾਂਦੇ ਹੋਏ ਸ੍ਰੀ ਗੋਇੰਦਵਾਲ ਵਿਖੇ ਆ ਗਏ। ਜਦੋਂ ਉਨ੍ਹਾਂ ਨੇ ਤੱਕਿਆ ਕਿ ਭਾਈ ਜੇਠਾ ਮਜ਼ਦੂਰਾਂ ਵਾਂਗੂ ਸਿਰ 'ਤੇ ਟੋਕਰੀ ਚੁੱਕੀ ਜਾ ਰਿਹਾ ਹੈ ਤਾਂ ਖ਼ਾਹਮਖ਼ਾਹ ਹੀ ਕ੍ਰੋਧਿਤ ਹੋ ਉੱਠੇ। ਕ੍ਰੋਧ ਵਿਚ ਆ ਕੇ ਉਹ ਸ਼ਿਸ਼ਟਾਚਾਰ ਦਾ ਪੱਲਾ ਵੀ ਛੱਡ ਬੈਠੇ। ਭਰੇ-ਪੀਤੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਕਹਿਣ ਲੱਗੇ ਕਿ, "ਸਾਡੇ ਭਰਾ ਜੇਠੇ ਕੋਲੋਂ ਮਜ਼ਦੂਰੀ ਕਰਵਾ ਕੇ ਤੁਸੀਂ ਸਾਡੇ ਮਾਨ-ਸਤਿਕਾਰ ਨੂੰ ਢਾਹ ਲਗਾਈ ਹੈ। ਤੁਹਾਡੇ ਇਸ ਵਤੀਰੇ ਨਾਲ ਸਾਨੂੰ ਬੜੀ ਨਮੋਸ਼ੀ ਹੋਈ ਹੈ।" ਆਪਣੇ ਸ਼ਰੀਕੇ-ਭਾਈਚਾਰੇ ਦੀਆਂ ਖਰਵੀਆਂ ਗੱਲਾਂ ਕਾਰਨ ਭਾਈ ਜੇਠਾ ਜੀ ਨੇ ਤੀਸਰੇ ਪਾਤਸ਼ਾਹ ਕੋਲੋਂ ਹੱਥ ਜੋੜ ਕੇ ਮੁਆਫੀ ਮੰਗ ਲਈ ਅਤੇ ਕਹਿਣ ਲੱਗੇ ਕਿ, "ਸੱਚੇ ਪਾਤਸ਼ਾਹ ਇਹ ਸਾਰੇ ਅਣਜਾਣ ਹਨ, ਇਨ੍ਹਾਂ ਦੀਆ ਕੌੜੀਆਂ-ਕੁਸੈਲੀਆਂ ਅਤੇ ਮਨ ਦੀ ਮੈਲੀਆਂ ਗੱਲਾਂ ਨੂੰ ਲੇਖੇ ਵਿਚ ਨਾ ਲਿਆਉਣਾ।" ਇਸ ਤਰ੍ਹਾਂ ਕਰਕੇ ਭਾਈ ਸਾਹਿਬ ਨੇ ਜਿੱਥੇ ਆਪਣੇ ਸ਼ਰੀਕੇ ਦੀ ਰੱਖ ਦਿਖਾਈ ਉਥੇ ਗੁਰੂ ਸਾਹਿਬ ਦੀ ਪ੍ਰਸੰਨਤਾ ਦੇ ਪਾਤਰ ਵੀ ਬਣ ਗਏ।

ਪਰਵਾਰਿਕ ਪੱਖੋਂ ਆਪ ਜੀ ਦੇ ਘਰ ਤਿੰਨ ਪੁੱਤਰਾਂ ਬਾਬਾ ਪ੍ਰਿਥੀ ਚੰਦ, ਬਾਬਾ ਮਹਾਂਦੇਵ ਅਤੇ ਸ੍ਰੀ (ਗੁਰੂ) ਅਰਜਨ ਦੇਵ ਜੀ (ਪੰਚਮ ਪਾਤਸ਼ਾਹ) ਨੇ ਜਨਮ ਲਿਆ। ਬਾਬਾ ਪ੍ਰਿਥੀ ਚੰਦ ਭਾਵੇਂ ਘਰ ਦਾ ਵੱਡਾ ਪੁੱਤਰ ਸੀ ਪਰ ਆਪਣੇ ਲਾਲਚੀ ਅਤੇ ਵਡਿਆਈ ਖ਼ੋਰੇ ਸੁਭਾਅ ਕਾਰਨ ਆਪਣੇ ਗੁਰੂ-ਪਿਤਾ ਦੀਆਂ ਖੁਸ਼ੀਆਂ (ਗੁਰਗੱਦੀ) ਲੈਣ ਤੋਂ ਵਾਂਝਾ ਰਹਿ ਗਿਆ। ਇਸ ਵਾਂਝੇਪਨ ਕਾਰਨ ਹੀ ਉਹ ਸਾਰੀ ਹਯਾਤੀ ਈਰਖਾ ਅਤੇ ਦਵੈਤ ਦੀ ਅੱਗ ਵਿਚ ਸੜਦਾ ਰਿਹਾ ਅਤੇ ਨਾਨਕ ਨਾਮ-ਲੇਵਾ ਸੰਗਤਾਂ ਦੀ ਨਫ਼ਰਤ ਦਾ ਪਾਤਰ ਬਣਦਾ ਰਿਹਾ।

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਲਗਾਇਆ ਸਿੱਖੀ ਦਾ ਬੂਟਾ ਜਿਵੇਂ-ਜਿਵੇਂ ਜੋਬਨ 'ਤੇ ਹੋਈ ਜਾ ਰਿਹਾ ਸੀ ਇਸ ਦੀ ਮਹਿਕ ਵੀ ਦੂਰ-ਦੁਰਾਡੇ ਤਕ ਫੈਲਦੀ ਜਾ ਰਹੀ ਸੀ ਭਾਵ ਗੁਰੂ ਸਾਹਿਬਾਨ ਦੇ ਪਰਉਪਕਾਰੀ ਉਪਰਾਲਿਆਂ ਸਦਕਾ ਸਿੱਖਾਂ ਦੀ ਤਾਦਾਦ ਵਿਚ ਕਾਫ਼ੀ ਵਾਧਾ ਹੋਈ ਜਾ ਰਿਹਾ ਸੀ। ਇਸ ਵਾਧੇ ਕਾਰਨ ਹੀ ਸਿੱਖੀ ਦਾ ਪ੍ਰਚਾਰ ਕੇਂਦਰ ਸ੍ਰੀ ਗੋਇੰਦਵਾਲ ਸਾਹਿਬ ਤੋਂ ਗੁਰੂ ਕੇ ਚੱਕ (ਸ੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਲੈ ਜਾਣ ਦੀ ਵਿਉਂਤਬੰਦੀ ਕੀਤੀ ਗਈ। ਇਸ ਵਿਉਂਤਬੰਦੀ ਨੂੰ ਅਮਲੀ ਰੂਪ ਦੇਣ ਦੀ ਜ਼ਿੰਮੇਵਾਰੀ ਭਾਈ ਜੇਠਾ ਜੀ ਨੂੰ ਦਿੱਤੀ ਗਈ। ਆਪ ਜੀ ਨੇ ਇਹ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਈ ਜਿਸ ਦੀ ਬਦੌਲਤ 'ਗੁਰੂ ਕਾ ਚੱਕ' ਇਕ ਚੰਗੀ ਰੌਣਕ ਵਾਲਾ ਨਗਰ ਬਣ ਗਿਆ।

ਸ੍ਰੀ ਗੁਰੂ ਅਮਰਦਾਸ ਜੀ ਹੁਣ ਸਰੀਰਿਕ ਰੂਪ ਵਿਚ ਕਾਫੀ ਬਿਰਧ ਹੋ ਚੁੱਕੇ ਸਨ। ਆਪਣਾ ਸੱਚਖੰਡ ਵਾਪਸੀ ਸਮਾਂ ਨੇੜੇ ਆਇਆ ਜਾਣ ਕੇ ਉਨ੍ਹਾਂ ਨੇ ਗੁਰੂ-ਘਰ ਦੀ ਮਰਯਾਦਾ ਅਨੁਸਾਰ ਸੰਮਤ 1631 ਦੇ ਭਾਦਰੋਂ ਮਹੀਨੇ ਵਿਚ ਸਮੂਹ ਸੰਗਤ ਅਤੇ ਆਪਣੇ ਪਰਿਵਾਰ ਦੇ ਸਨਮੁਖ ਭਾਈ ਜੇਠਾ ਜੀ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਘਰ ਦਾ ਚੌਥਾ (ਗੁਰਗੱਦੀ ਦੇ ਕੇ) ਵਾਰਸ ਥਾਪ ਕੇ ਸ੍ਰੀ ਗੁਰੂ ਰਾਮਦਾਸ ਜੀ ਬਣਾ ਦਿੱਤਾ।

ਗੁਰਿਆਈ ਦੀ ਬਖ਼ਸ਼ਿਸ਼ ਕੋਈ ਛੋਟੀ ਜਾਂ ਸਧਾਰਨ ਗੱਲ ਨਹੀਂ ਸੀ ਕਿਉਂਕਿ ਸ੍ਰੀ ਗੁਰੂ ਰਾਮਦਾਸ ਨੂੰ ਉਹ ਰੱਬੀ ਤਖ਼ਤ ਦੀ ਪ੍ਰਾਪਤੀ ਹੋ ਗਈ ਸੀ ਜਿਸ ਦੇ ਅੱਗੇ ਰਾਜੇ-ਮਹਾਰਾਜਿਆਂ ਦਾ ਸੀਸ ਝੁਕਦਾ ਆ ਰਿਹਾ ਸੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਦਰਬਾਰ ਵਿੱਚੋਂ ਇਕ ਨਿਮਾਣੇ ਸਿੱਖ ਨੂੰ ਮਿਲੇ ਮਾਣ ਨੂੰ ਦੇਖ ਕੇ ਆਪ ਵੈਰਾਗ ਵਿਚ ਆ ਗਏ ਅਤੇ ਬੋਲ ਉਠੇ :

ਜੋ ਹਮਰੀ ਬਿਧਿ ਹੋਤੀ,ਮੇਰੇ ਸਤਿਗੁਰਾ!ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥
ਹਮ ਰੁਲਤੇ ਫਿਰਤੇ,ਕੋਈ ਬਾਤ ਨ ਪੂਛਤਾ,ਗੁਰ ਸਤਿਗੁਰ ਸੰਗ ਕੀਰੇ ਹਮ ਥਾਪੇ ॥

( ਅੰਗ 167)

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੀ ਕਿਰਪਾ ਨਾਲ ਮਾਝੇ ਦਾ ਇਲਾਕਾ ਜਾਗ ਪਿਆ। ਇਸ ਜਾਗ ਕਾਰਨ ਗੁਰੂ ਸਾਹਿਬ ਨੇ ਸੋਚਿਆ ਕਿ ਇਸ ਕੇਂਦਰੀ ਸਥਾਨ (ਸ੍ਰੀ ਅੰਮ੍ਰਿਤਸਰ ਸਾਹਿਬ) 'ਤੇ ਇਕ ਸ਼ਾਨਦਾਰ ਧਾਰਮਿਕ ਸਥਾਨ ਉਸਾਰਿਆ ਜਾਵੇ ਜੋ ਵੱਧ ਰਹੀ ਸੰਗਤ ਦੀਆਂ ਰੂਹਾਨੀ ਜ਼ਰੂਰਤਾਂ ਨੂੰ ਪੂਰੀਆਂ ਕਰ ਸਕੇ। ਇਹ ਸਥਾਨ ਦਰਿਆ ਤੋਂ ਹਟਵਾਂ ਹੋ ਕੇ ਇੱਥੇ ਸਰੋਵਰ ਬਣਾਉਣ ਦੀ ਤਜਵੀਜ਼ ਵੀ ਬਣਾਈ ਗਈ। ਅਜਿਹਾ ਕਰਨ ਪਿੱਛੇ ਗੁਰੂ ਸਾਹਿਬ ਦਾ ਇਕ ਮਨੋਰਥ ਇਹ ਵੀ ਸੀ ਇਸ ਪਵਿੱਤਰ ਜਗ੍ਹਾ ਉਪਰ ਜਿੱਥੇ ਕੰਨਾਂ ਨੂੰ ਇਲਾਹੀ ਬਾਣੀ ਦੀਆਂ ਧੁਨਾਂ ਸੁਣਾਈ ਦੇਣ ਉਥੇ ਨਾਲ ਨੇਤਰਾਂ ਨੂੰ ਹਰਿ ਦੇ ਘਰ (ਹਰਿਮੰਦਰ ਸਾਹਿਬ) ਦੇ ਖੁੱਲ੍ਹੇ ਦਰਸ਼ਨ ਦੀਦਾਰੇ ਵੀ ਹੁੰਦੇ ਰਹਿਣ।ਇਸ ਤਜਵੀਜ਼ ਨੂੰ ਅਮਲੀ ਰੂਪ ਦੇਣ ਲਈ ਸ਼ਰਧਾਵਾਨ ਸੰਗਤਾਂ ਦੇ ਭਰਪੂਰ ਸਹਿਯੋਗ ਦੀ ਲੋੜ ਸੀ। ਜਿਵੇਂ-ਜਿਵੇਂ ਇਹ ਸਹਿਯੋਗ (ਤਨ, ਮਨ ਅਤੇ ਧਨ ਨਾਲ) ਮਿਲਦਾ ਗਿਆ ਤਿਵੇਂ-ਤਿਵੇਂ ਗੁਰੂ-ਘਰ ਦੇ ਕਾਰਜ ਵੀ ਸੰਵਰਦੇ ਰਹੇ। ਪਹਿਲਾਂ ਸਰੋਵਰ ਅਤੇ ਉਸ ਤੋਂ ਬਾਅਦ (ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ) ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਮੁਕੰਮਲ ਹੋ ਗਈ। ਇਨ੍ਹਾਂ ਦੋ ਮਹਾਨ ਉਪਰਾਲਿਆਂ ਨਾਲ ਸਿੱਖ ਧਰਮ ਦੇ ਨਕਸ਼-ਨੁਹਾਰ ਹੋਰ ਵੀ ਨਿਖਰਨ ਲੱਗ ਪਏ। ਜਿਵੇਂ ਤੀਸਰੇ ਪਾਤਸ਼ਾਹ ਨੇ ਸਿੱਖੀ ਦੇ ਪ੍ਰਚਾਰ ਲਈ 22 ਮੰਜੀਆਂ ਅਤੇ 52 ਪੀੜ੍ਹਿਆਂ ਦੀ ਸਥਾਪਨਾ ਕੀਤੀ ਸੀ। ਉਸ ਨੂੰ ਅੱਗੇ ਵਧਾਉਂਦਿਆਂ ਹੋਇਆਂ ਸ੍ਰੀ ਗੁਰੂ ਰਾਮਦਾਸ ਜੀ ਨੇ ਮਸੰਦ ਪ੍ਰਥਾ ਦਾ ਅਰੰਭ ਕੀਤਾ। ਇਹ ਮਸੰਦ ਜਿੱਥੇ ਦੂਰ-ਦੁਰਾਡੇ ਦੇ ਇਲਾਕਿਆਂ ਵਿਚ ਸਿੱਖੀ ਦੇ ਸਿਧਾਂਤਾਂ ਦਾ ਪ੍ਰਚਾਰ ਕਰਿਆ ਕਰਦੇ ਸਨ ਉਥੇ ਨਾਲ ਹੀ ਗੁਰੂ ਕੇ ਪ੍ਰੇਮੀਆਂ ਤੋਂ ਮਾਇਆ ਇਕੱਠੀ ਕਰ ਕੇ ਗੁਰੂ ਕੀ ਗੋਲਕ ਤੱਕ ਵੀ ਪਹੁੰ-ਚਾਇਆ ਕਰਦੇ ਸਨ। ਭਾਵੇਂ ਸ੍ਰੀ ਗੁਰੂ ਰਾਮਦਾਸ ਜੀ ਕੋਲ ਬਹੁਤ ਸਾਰੇ ਰੁਝੇਵੇਂ ਸਨ ਪਰ ਉਨ੍ਹਾਂ ਦੀ ਤਰਜੀਹ ਹਮੇਸ਼ਾਂ ਹੀ ਕਾਰ-ਸੇਵਾ ਵਿਚ ਬਣੀ ਰਹਿੰਦੀ ਸੀ। ਵਕਤ ਮਿਲਣ 'ਤੇ ਉਹ ਆਪ ਵੀ ਟੋਕਰੀ ਚੁੱਕ ਲੈਂਦੇ ਅਤੇ ਇੱਟਾਂ, ਗਾਰੇ ਅਤੇ ਚੂਨੇ ਆਦਿ ਦੀ ਹੱਥੀਂ ਸੇਵਾ ਕਰਿਆ ਕਰਦੇ ਸਨ। ਇਹ ਸਭ ਕੁਝ ਉਹ ਕਿਰਤ ਦੇ ਸਿਧਾਂਤ ਨੂੰ ਵਡਿਆਉਣ ਅਤੇ ਪਕਿਆਉਣ ਲਈ ਵੀ ਕਰਦੇ ਸਨ। ਇਸ ਤਰ੍ਹਾਂ ਕਰਦਿਆਂ ਇਕ ਦਿਨ ਉਹ ਵੀ ਆ ਗਿਆ ਜਿਸ ਦਿਨ ਸ੍ਰੀ ਗੁਰੂ ਰਾਮਦਾਸ ਜੀ ਅਤੇ ਉਨ੍ਹਾਂ ਦੇ ਸਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੁਚੱਜੀ ਅਗਵਾਈ ਅਤੇ ਸੰਗਤਾਂ ਦੇ ਭਰਵੇਂ ਸਹਿਯੋਗ ਸਦਕਾ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਧਰਤੀ 'ਤੇ ਸਵਰਗ ਦੀ ਝਲਕ (ਸੱਚਖੰਡ ਦੇ ਰੂਪ 'ਚ) ਦਿਖਾਈ ਦੇਣ ਲੱਗ ਪਈ। ਅਜੋਕੇ ਸਮੇਂ ਵੀ ਇਹ ਸਥਾਨ ਰੱਬੀ ਸਿਫ਼ਤ-ਸਲਾਹ ਦਾ ਇਕ ਪ੍ਰਮੁੱਖ ਕੇਂਦਰ ਹੈ।

ਗੁਰੂ ਪਰਿਵਾਰ ਦੇ ਤਿੰਨਾਂ ਸਾਹਿਬਜ਼ਾਦਿਆਂ ਵਿੱਚੋਂ ਸਭ ਤੋਂ ਛੋਟੇ ਸ੍ਰੀ (ਗੁਰੂ) ਅਰਜਨ ਦੇਵ ਜੀ ਦੀਨ ਅਤੇ ਦੁਨੀਆ ਦੇ ਮਾਮਲੇ ਵਿਚ ਸਭ ਤੋਂ ਵਧੇਰੇ ਯੋਗ ਸਾਬਤ ਹੋਏ। ਜਿੱਥੇ ਉਹ ਪਰਵਾਰਿਕ ਪੱਖ ਤੋਂ ਪੂਰੇ ਜ਼ਿੰਮੇਵਾਰ ਸਨ ਉਥੇ ਉਹ ਅਧਿਆਤਮਿਕ ਪੱਖ ਤੋਂ ਵੀ ਸਰਬ-ਕਲਾ ਸਮਰੱਥ ਦਿਖਾਈ ਦਿੰਦੇ ਸਨ। ਇਸ ਸਮਰੱਥਾ ਕਾਰਨ ਹੀ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਗੁਰਿਆਈ ਦਾ ਤਿਲਕ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਲਗਾਇਆ ਗਿਆ।

ਗੁਰੂ ਪਿਤਾ ਵੱਲੋਂ ਵੱਡੇ ਪੁੱਤਰ (ਪ੍ਰਿਥੀ ਚੰਦ) ਨੂੰ ਅਣਡਿੱਠ ਕਰ ਕੇ ਸਭ ਤੋਂ ਛੋਟੇ ਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਨਾਨਕ ਕੇ ਘਰ ਦੀ ਵਡਿਆਈ (ਗੁਰਗੱਦੀ) ਦਿੱਤੇ ਜਾਣ ਦਾ ਪ੍ਰਿਥੀ ਚੰਦ ਵੱਲੋਂ ਡੱਟਵਾਂ ਵਿਰੋਧ ਕੀਤਾ ਗਿਆ ਪਰ ਸ੍ਰੀ ਗੁਰੂ ਰਾਮਦਾਸ ਜੀ ਵੱਲੋ 'ਤਖਤਿ ਬਹੈ ਤਖਤੈ ਕੀ ਲਾਇਕ' ਦੀ ਕਸਵੱਟੀ ਨੂੰ ਆਧਾਰ ਬਣਾ ਕੇ ਕੇਵਲ ਯੋਗਤਾ ਨੂੰ ਹੀ ਪਹਿਲ ਦਿੱਤੀ ਗਈ।


ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਪਣਾ ਗੱਦੀ-ਨਸ਼ੀਨ ਬਣਾ ਕੇ ਸ੍ਰੀ ਗੁਰੂ ਰਾਮਦਾਸ ਜੀ ਗੋਇੰਦਵਾਲ ਸਾਹਿਬ ਚਲੇ ਗਏ। ਕੁਝ ਦਿਨ ਇੱਥੇ ਟਿਕਾਣਾ ਕਰਨ ਤੋਂ ਬਾਅਦ ਅੱਸੂ ਮਹੀਨੇ ਦੇ ਦੂਜੇ ਦਿਨ ਮੁਤਾਬਕ ਸੰਮਤ 1638 (ਸਤੰਬਰ 1581 ਈ:) ਨੂੰ ਜੋਤੀ ਜੋਤ ਸਮਾ ਗਏ।

ਅਧਿਆਤਮਿਕ ਆਗੂ ਹੋਣ ਦੇ ਨਾਲ-ਨਾਲ ਸ੍ਰੀ ਗੁਰੂ ਰਾਮਦਾਸ ਜੀ ਇੱਕ ਉੱਚ ਕੋਟੀ ਦੇ ਬਾਣੀਕਾਰ ਵੀ ਸਨ ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵਾਲੇ 19 ਰਾਗਾਂ ਦੀ ਵਰਤੋਂ ਕਰਦਿਆਂ ਅਤੇ 11 ਹੋਰ ਰਾਗਾਂ ਸਮੇਤ ਕੁੱਲ 30 ਰਾਗਾਂ ਵਿਚ ਬਾਣੀ ਰਚੀ ਹੈ। ਇਹ ਬਾਣੀ ਬੜੇ ਹੀ ਅਦਬ ਅਤੇ ਸਤਿਕਾਰ ਨਾਲ ਪੜ੍ਹੀ/ਸੁਣੀ ਜਾਂਦੀ ਹੈ।

# ਲੋਕਾਂ ਦੀ ਸੋਚ ਨੂੰ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਤਰਕਸ਼ੀਲ ਸੁਸਾਇਟੀ

**ਸੰਗਰੂਰ, (ਦਲਜੀਤ ਕੌਰ)-** ਲੋਕਾਂ ਦੀ ਸੋਚ ਨੂੰ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੀ ਮੀਟਿੰਗ ਇਕਾਈ ਮੁਖੀ ਸੁਰਿੰਦਰ ਪਾਲ ਦੀ ਪ੍ਰਧਾਨਗੀ ਵਿੱਚ ਤੇ ਜ਼ੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਦੀ ਨਿਗਰਾਨੀ ਵਿਚ ਸੰਗਰੂਰ ਵਿਖੇ ਹੋਈ।

ਮੀਡੀਆ ਮੁਖੀ ਚਰਨ ਕਮਲ ਸਿੰਘ ਤੇ ਤਰਕਸ਼ੀਲ ਆਗੂ ਕ੍ਰਿਸ਼ਨ ਸਿੰਘ ਨੇ ਦੱਸਿਆ ਕਿ ਮੀਟਿੰਗ ਵਿੱਚ ਇਕਾਈ ਵੱਲੋਂ ਕਰਵਾਈ ਗਈ ਵਿਦਿਆਰਥੀ ਚੇਤਨਾ ਪ੍ਰੀਖਿਆ ਦਾ ਰੀਵਿਊ ਕੀਤਾ ਗਿਆ, 34 ਸਕੂਲਾਂ ਦੇ ਵਿਦਿਆਰਥੀਆਂ ਦੀ 12 ਕੇਂਦਰਾਂ ਵਿੱਚ ਨਕਲ ਰਹਿਤ ਤੇ ਵਧੀਆ ਮਹੌਲ ਵਿੱਚ ਪ੍ਰੀ-ਖਿਆ ਹੋਈ। ਅਧਿਆਪਕਾਂ, ਮਾਪਿਆਂ ਤੇ ਵਿਦਿਆਰਥੀਆਂ ਤੋਂ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਕਿਸੇ ਬੱਚੇ ਨੂੰ ਕੋਈ ਸਮੱਸਿਆ ਨਹੀਂ ਆਈ। ਇੱਕ ਪੇਪਰ ਹੋਰ ਲਿਆ ਜਾਣਾ ਹੈ, ਇਸ ਲਈ ਨਤੀਜਾ ਅਕਤੂਬਰ ਵਿੱਚ ਛੇਤੀ ਐਲਾਨਿਆ ਜਾਵੇਗਾ। ਮੀਟਿੰਗ ਵਿੱਚ 5 ਨਵੰਬਰ ਦੀ ਜ਼ੋਨ ਦੀ ਛਿਮਾਹੀ ਇਕੱਤਰਤਾ ਵਿਚ ਪੰਜੇ ਇਕਾਈ ਆਗੂਆਂ ਤੇ ਦੋਨੋਂ ਜ਼ੋਨ ਮੁਖੀਆਂ ਨੂੰ ਸ਼ਮੂਲੀਅਤ ਲਈ ਪਾਬੰਦ ਕੀਤਾ ਗਿਆ ਤੇ ਦੂਜੇ ਮੈਂਬਰਾਂ ਨੂੰ ਵੀ ਸਮਾਂ ਕੱਢਣ ਲਈ ਤਾਕੀਦ ਕੀਤੀ ਗਈ। ਤਰਕਸ਼ੀਲ ਸਾਹਿਤ ਵੈਨ ਦੇ ਆਉਣ ਤੇ ਉਸਨੂੰ ਸਹਿਯੋਗ ਕਰਨ ਲਈ ਮੈਂਬਰਾਂ ਦੀ ਡਿਊਟੀ ਲਗਾਈ ਗਈ। ਮੀਟਿੰਗ ਵਿੱਚ ਤਰਕਸ਼ੀਲ ਮੈਗਜੀਨ ਦੀ ਵੰਡ ਵੀ ਕੀਤੀ ਗਈ। ਮੀਟਿੰਗ ਵਿੱਚ ਲੋਕਾਂ ਨੂੰ ਵਿਗਿਆਨਕ ਵਿਚਾਰ ਅਪਨਾਉਣ ਦਾ ਸੁਨੇਹਾ ਦਿੰਦੀਆਂ 500 ਦੋਵਰਕੀਆਂ "ਪੜ੍ਹੋ, ਵਿਚਾਰੋ, ਅਮਲ ਕਰੋ।" ਦਫ਼ਤਰਾਂ ਵਿੱਚ ਵੰਡਣ ਦਾ ਫੈਸਲਾ ਕੀਤਾ ਗਿਆ। ਤਰਕਸ਼ੀ.ਲ ਆਗੂਆਂ ਨੇ ਕੇਂਦਰ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਵਿਦਿਆਰਥੀਆਂ ਵਿਚ ਜੰਤਰ ਮੰਤਰ, ਭੂਤ ਪ੍ਰੇਤ, ਬੁਰੀਆਂ ਆਤਮਾਵਾਂ, ਧਾਗੇ ਤਵੀਤ, ਜਨਮ ਟੇਵਿਆਂ, ਰਾਸ਼ੀ ਫਲ, ਸਵਰਗ ਨਰਕ ਆਦਿ ਦਾ ਘੋਰ ਅੰਧ ਵਿਸ਼ਵਾਸ਼ ਫੈਲਾਉਣ ਵਾਲੇ ਅਤੇ ਉਨ੍ਹਾਂ ਦੇ ਆਜ਼ਾਦਾਨਾ ਖਾਣ ਪੀਣ, ਪਹਿਨਣ ਤੇ ਵਿਗਿਆਨਕ ਵਿਚਾਰਾਂ ਉਤੇ ਪਾਬੰਦੀ ਲਾਉਣ ਵਾਲੇ ਵਿਦਿਅਕ ਅਦਾਰਿਆਂ ਦੇ ਮੁਖੀਆਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ। ਤਰਕਸ਼ੀਲ ਸੁਸਾਇਟੀ ਦੇ ਕਾਰਕੁੰਨ ਤੇ ਵਿਗਿਆਨਕ ਸੋਚ ਦੇ ਮਾਲਕ ਲੋਕਾਂ ਦੀ ਸੋਚ ਨੂੰ ਵਿਗਿਆਨਕ ਪੱਖੋਂ ਰੇਤਣ ਤੇ ਲੱਗੇ ਹੋਏ ਹਨ। ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਪਰਮਿੰਦਰ ਸਿੰਘ, ਕ੍ਰਿਸ਼ਨ ਸਿੰਘ, ਗੁਰਦੀਪ ਸਿੰਘ ਲਹਿਰਾ, ਸੁਖਦੇਵ ਸਿੰਘ ਕਿਸ਼ਨਗੜ੍ਹ, ਰਘਵੀਰ ਸਿੰਘ, ਸੁਰਿੰਦਰ ਪਾਲ, ਸੀਤਾ ਰਾਮ, ਰਣਜੀਤ ਸਿੰਘ, ਧਰਮਵੀਰ ਸਿੰਘ, ਨਛੱਤਰ ਸਿੰਘ, ਅਮਰ ਨਾਥ, ਸੁਨੀਤਾ ਰਾਣੀ ਆਦਿ ਨੇ ਸ਼ਮੂਲੀਅਤ ਕੀਤੀ।



# ਲੋਕਤੰਤਰ ਦੀ ਪਰਿਭਾਸ਼ਾ ਬਦਲ ਦੇਵੇਗੀ "ਇਕ ਦੇਸ਼, ਇਕ ਚੋਣ"



ਗੁਰਮੀਤ ਪਲਾਹੀ
91-98158-02070

ਬਹੁਤ ਲੰਮੇ ਸਮੇਂ ਤੋਂ ਕੰਨਸੋਆਂ ਸਨ ਕਿ ਹਾਕਮ ਧਿਰ ਭਾਜਪਾ ਇਕ ਦੇਸ਼ ਇਕ ਚੋਣ ਦਾ ਅਮਲ ਦੇਸ਼ 'ਚ ਲਾਗੂ ਕਰੇਗੀ। ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਸ ਵਿਚਾਰ ਦੇ ਹਾਮੀ ਹਨ ਅਤੇ ਆਪਣੀ ਇੱਛਾ ਉਹ ਦੇਸ਼ ਦੀ ਪਾਰਲੀਮੈਂਟ 'ਚ ਦਰਸਾ ਚੁੱਕੇ ਹਨ ਅਤੇ ਉਸ ਮੌਕੇ ਦੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਵੀ ਇਸ ਵਿਚਾਰ ਦੀ ਪ੍ਰੋੜਤਾ ਕੀਤੀ ਸੀ। "ਵਾਰ-ਵਾਰ ਕਰਵਾਈਆਂ ਜਾਂਦੀਆਂ ਚੋਣਾਂ ਨਾ ਸਿਰਫ਼ ਮਨੁੱਖੀ ਵਸੀਲਿਆਂ 'ਤੇ ਬੋਝ ਪਾਉਂਦੀਆਂ ਹਨ ਸਗੋਂ ਆਦਰਸ਼ ਚੋਣ ਜਾਬਤਾ ਲਾਗੂ ਹੋਣ ਕਾਰਨ ਵਿਕਾਸ ਨੂੰ ਵੀ ਧੀਮਾ ਕਰਦੀਆਂ ਹਨ"।

ਇਸ ਵਿਚਾਰ ਨੂੰ ਅਮਲੀ ਜਾਮਾਂ ਪਹਿਨਾਉਣ ਲਈ ਇਕ 8 ਮੈਂਬਰੀ ਕਮੇਟੀ ਦਾ ਗਠਨ ਕੇਂਦਰ ਸਰਕਾਰ ਵਲੋਂ ਕੀਤਾ ਗਿਆ ਹੈ, ਜਿਸ ਦੀ ਅਗਵਾਈ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਕਰਨਗੇ। ਇਹ ਕਦਮ ਆਚੰਭੇ ਵਾਲਾ ਹੈ। ਇਹ ਕਮੇਟੀ ਸੰਵਿਧਾਨ, ਜਨਪ੍ਰਤੀਨਿਧ ਐਕਟ ਅਤੇ ਕਿਸੇ ਵੀ ਹੋਰ ਕਾਨੂੰਨ ਅਤੇ ਨੇਮਾਂ ਦੀ ਪੜਤਾਲ ਕਰੇਗੀ ਅਤੇ ਉਹਨਾ ਲੋੜੀਦੀਆਂ ਸੋਧਾਂ ਦੀ ਸਿਫ਼ਾਰਸ਼ ਕਰੇਗੀ, ਜਿਸਦੀ ਇਕੱਠਿਆਂ ਚੋਣ ਕਰਵਾਉਣ ਦੇ ਉਦੇਸ਼ ਨਾਲ ਲੋੜ ਹੋਵੇਗੀ। ਕਮੇਟੀ ਇਹ ਵੀ ਪੜਤਾਲ ਕਰੇਗੀ ਅਤੇ ਸਿਫ਼ਾਰਸ਼ ਕਰੇਗੀ ਕਿ ਕੀ ਸੰਵਿਧਾਨਿਕ ਸੋਧ ਲਈ ਸੂਬਿਆਂ ਵਲੋਂ ਮੋਹਰ ਲਾਉਣ ਦੀ ਲੋੜ ਹੈ ਜਾਂ ਨਹੀਂ। ਕਮੇਟੀ ਬਹੁਮਤ ਨਾ ਮਿਲਣ, ਬੇਭਰੋਸਗੀ ਦੇ ਮਤੇ ਜਾਂ ਦਲ ਬਦਲੀ ਜਿਹੇ ਮੁੱਦਿਆਂ ਦਾ ਅਧਿਆਨ ਕਰਕੇ ਸੰਭਾਵਿਤ ਹੱਲ ਦੀ ਸਿਫ਼ਾਰਸ਼ ਵੀ ਕਰੇਗੀ।

ਆਖ਼ਿਰ ਇਸ ਵਿਚਾਰ ਦੇ ਅਰਥ ਕੀ ਹਨ? ਇਸ ਦਾ ਸਿੱਧਾ ਜਵਾਬ ਹੈ ਕਿ ਦੇਸ਼ ਦੀ ਲੋਕ ਸਭਾ, ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ, ਨਗਰ ਨਿਗਮਾਂ ਅਤੇ ਪੰਚਾਇਤ ਸੰਸਥਾਵਾਂ ਚੋਣਾਂ ਇਕੋ ਸਮੇਂ ਕਰਵਾਈਆਂ ਜਾਣ। ਜਦੋਂ ਦੇਸ਼ ਅਜ਼ਾਦ ਹੋਇਆ ਸੀ ਤਾਂ ਪਹਿਲੀ ਚੋਣ 1952 'ਚ ਹੋਈ ਸੀ, ਜਿਸ ਵਿਚ ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੋ ਵੇਲੇ ਹੋਈਆਂ। ਫਿਰ ਸਾਲ 1957, 1962, 1967 ਵਿਚ ਇਕੋ ਵੇਲੇ ਚੋਣਾਂ ਹੋਈਆਂ। ਪਰ ਉਸ ਤੋਂ ਬਾਅਦ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇਕੱਠੀਆਂ ਨਾ ਹੋਈਆਂ। ਕਾਰਨ ਸੀ ਕਿ 1967 ਵਿੱਚ ਸੂਬਿਆਂ ਵਿਚ ਕੁਝ ਸਰਕਾਰਾਂ ਵਿਰੋਧੀ ਧਿਰ ਦੀਆਂ ਬਣੀਆਂ, ਜਿਹਨਾਂ ਨੂੰ ਕੇਂਦਰ ਦੀ ਕਾਂਗਰਸ ਸਰਕਾਰ ਨੇ ਸਮੇਂ ਤੋਂ ਪਹਿਲਾਂ ਭੰਗ ਕਰਵਾਕੇ ਨਵੇਂ ਸਿਰੇ ਤੋਂ ਚੋਣਾਂ ਕਰਵਾ ਦਿੱਤੀਆਂ। ਇੰਜ ਇਕੋ ਵੇਲੇ ਦੀ ਚੋਣਾਂ ਦੀ ਲੜੀ ਟੁੱਟ ਗਈ।

ਇਥੇ ਹੁਣ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਦੇਸ਼ 'ਚ ਇਕੋ ਸਮੇਂ ਚੋਣ ਅਮਲ ਲਾਗੂ ਕਰਨਾ ਸੰਭਵ ਹੈ ਜਾਂ ਫਿਰ ਇਹ ਚੋਣ ਸਟੰਟ ਹੈ। ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀ ਇਕੋ ਵੇਲੇ ਕਰਾਉਣ ਲਈ ਘੱਟੋ-ਘੱਟ ਪੰਜ ਸੰਵਿਧਾਨਿਕ ਸੋਧਾਂ ਕਰਨੀਆਂ ਪੈਣਗੀਆਂ।

ਉਸ ਵਿਚ ਧਾਰਾ 83 ਸਦਨਾਂ ਦੇ ਸਮੇਂ ਸੰਬੰਧੀ ਹੈ, ਧਾਰਾ 85 ਲੋਕ ਸਭਾ ਭੰਗ ਕਰਨ ਸਬੰਧੀ ਹੈ, ਧਾਰਾ 172 ਸੂਬਿਆਂ ਦੀਆਂ ਵਿਧਾਨ ਸਭਾਵਾਂ ਦੇ ਸਮੇਂ ਸਬੰਧੀ ਹੈ, ਧਾਰਾ 174 ਸੂਬਿਆਂ ਦੀਆਂ ਸਰਕਾਰਾਂ ਸਮੇਂ ਤੋਂ ਪਹਿਲਾਂ ਭੰਗ ਕਰਨ ਸਬੰਧੀ ਹੈ ਅਤੇ ਧਾਰਾ 356 ਸੂਬਿਆਂ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਸਬੰਧੀ ਹੈ।

ਦੇਸ਼ ਵਿਚ ਚੋਣਾਂ ਜੂਨ 2024 'ਚ ਹੋਣੀਆਂ ਹਨ। ਜੇਕਰ ਇਕ ਦੇਸ਼ ਇਕ ਚੋਣ ਲਾਗੂ ਕਰਨ ਦਾ ਅਮਲ ਸ਼ੁਰੂ ਹੁੰਦਾ ਹੈ ਤਾਂ ਲੋਕ ਸਭਾ ਸਮੇਂ ਤੋਂ ਪਹਿਲਾਂ ਭੰਗ ਕਰਨੀ ਪਵੇਗੀ, ਕਿਉਂਕਿ ਪੰਜ ਰਾਜਾਂ ਮਿਜ਼ੋਰਮ, ਮੱਧ ਪ੍ਰਦੇਸ਼, ਛੱਤੀਸਗੜ੍ਹ, ਤਿਲੰਗਾਨਾ ਅਤੇ ਰਾਜਸਥਾਨ 'ਚ ਚੋਣਾਂ ਹੋਣ ਵਾਲੀਆਂ ਹਨ। ਇੰਜ ਲੋਕ ਸਭਾ ਚੋਣਾਂ ਸਮੇਂ ਤੋਂ ਪਹਿਲਾਂ ਭਾਵ ਨਵੰਬਰ, ਦਸੰਬਰ 2023 'ਚ ਕਰਨੀਆਂ ਪੈਣਗੀਆਂ ਅਤੇ ਆਂਧਰਾ ਪ੍ਰਦੇਸ਼, ਉੜੀਸਾ, ਸਿੱਕਮ ਅਤੇ ਅਰੁਨਾਚਲ ਪ੍ਰਦੇਸ਼ ਦੇ ਵਿੱਚ ਵੀ ਚੋਣਾਂ ਮਈ-ਜੂਨ 2024 'ਚ ਹੋਣੀਆਂ ਹਨ, ਪਰ ਜੇਕਰ ਇਕੋ ਵੇਲੇ ਚੋਣਾਂ ਕਰਾਉਣ ਦੀ ਗੱਲ ਪੱਕੀ ਹੁੰਦੀ ਹੈ ਤਾਂ ਇਹਨਾਂ ਵਿਧਾਨ ਸਭਾਵਾਂ ਨੂੰ ਭੰਗ ਕਰਕੇ ਇਸ ਨੂੰ ਅਮਲ ਵਿਚ ਲਿਆਉਣਾ ਪਵੇਗਾ। ਫਿਰ ਚੁਣੀਆਂ ਨਗਰ ਪਾਲਿਕਾਵਾਂ ਅਤੇ ਪੰਚਾਇਤ ਸੰਸਥਾਵਾਂ ਦਾ ਕੀ ਬਣੇਗਾ? ਪਰ ਜਿਹਨਾਂ ਸੂਬਿਆਂ 'ਚ ਚੋਣਾਂ 2020, 2021, 2022 ਅਤੇ 2023 'ਚ ਹੋਈਆਂ ਹਨ ਅਤੇ ਲੋਕਾਂ ਨੇ ਵੱਖ-ਵੱਖ ਸਿਆਸੀ ਪਾਰਟੀਆਂ ਨੂੰ ਸੱਤਾ ਸੌਂਪੀ ਸੀ, ਉਹਨਾਂ ਸੂਬਾਂ ਸਰਕਾਰਾਂ ਦਾ ਕੀ ਹੋਏਗਾ ਕਿਉਂਕਿ ਇਹਨਾਂ ਵਿਚੋਂ ਬਹੁਤੀਆਂ ਭਾਜਪਾ ਵਿਰੋਧੀ ਹਨ ਅਤੇ ਉਹ ਆਪੋ ਆਪਣੀਆਂ ਵਿਧਾਨ ਸਭਾਵਾਂ 'ਚ ਵਿਧਾਨ ਸਭਾ ਭੰਗ ਕਰਨ ਦੇ ਮਤੇ ਨਹੀਂ ਪਾਉਣਗੀਆਂ ਕਿਉਂਕਿ ਦੇਸ਼ ਦੀਆਂ 28 ਸਿਆਸੀ ਪਾਰਟੀਆਂ ਜੋ ਇਕ ਬੈਨਰ ਇੰਡੀਆ ਹੇਠ ਇਕੱਠੀਆਂ ਹੋਈਆਂ ਹਨ। ਉਹਨਾਂ ਨੇ ਸਰਕਾਰ ਦੇ ਇਕ ਦੇਸ਼ ਇਕ ਚੋਣ ਦੇ ਵਿਚਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਹ ਦੇਸ਼ ਦੇ ਸੰਘੀ ਢਾਂਚੇ ਉੱਪਰ ਬਹੁਤ ਵੱਡਾ ਹਮਲਾ ਹੈ।




ਦੇਸ਼ ਦੀ ਹਾਕਮ ਧਿਰ ਇਹ ਕਹਿੰਦੀ ਹੈ ਕਿ ਇਕ ਦੇਸ਼ ਇਕ ਚੋਣ ਸਮੇਂ ਦੀ ਲੋੜ ਹੈ। ਉਸ ਅਨੁਸਾਰ ਇਕੋ ਵੇਲੇ ਚੋਣਾਂ ਕਰਾਉਣ ਨਾਲ ਸਰਕਾਰੀ ਖਜ਼ਾਨੇ ਨੂੰ ਭਾਰੀ ਬੱਚਤ ਹੋਏਗੀ ਅਤੇ ਵਾਰ-ਵਾਰ ਚੋਣਾਂ ਕਰਾਉਣ ਨਾਲ ਪ੍ਰਸ਼ਾਸਨਿਕ ਅਤੇ ਕਾਨੂੰਨ ਵਿਵਸਥਾ ਸਬੰਧੀ ਪੈਦਾ ਹੁੰਦੀਆਂ ਉਲਝਣਾਂ ਤੋਂ ਛੁਟਕਾਰਾ ਮਿਲੇਗਾ। ਉਹਨਾਂ ਅਨੁਸਾਰ ਦੇਸ਼ 'ਚ ਚੋਣਾਂ ਜਾਂ ਉਪ ਚੋਣਾਂ ਕਾਰਨ ਜੋ ਚੋਣ ਜਾਬਤਾ ਲਗਦਾ ਹੈ ਅਤੇ ਵਿਕਾਸ ਦੇ ਕੰਮ ਇਸ ਸਮੇਂ ਰੋਕਣੇ ਪੈਂਦੇ ਹਨ, ਉਸ ਤੋਂ ਛੁਟਕਾਰਾ ਮਿਲੇਗਾ ਅਤੇ ਕਲਿਆਣਕਾਰੀ ਯੋਜਨਾਵਾਂ ਉੱਤੇ ਉਲਟ ਅਸਰ ਚੋਣਾਂ ਕਾਰਨ ਨਹੀਂ ਪਵੇਗਾ। ਪਰ ਸਵਾਲ ਤਾਂ ਵੱਡਾ ਇਹ ਹੈ ਕਿ ਜਦੋਂ ਕੇਂਦਰ 'ਚ ਕਾਬਜ ਹਾਕਮ ਧਿਰ ਵਿਰੋਧੀ ਪਾਰਟੀ ਦੀਆਂ ਚੁਣੀਆਂ ਸਰਕਾਰਾਂ ਨੂੰ ਭੰਗ ਕਰ ਦੇਵੇਗੀ, ਤਾਂ ਫਿਰ ਉਹਨਾਂ ਰਾਜਾਂ ਵਿਚ ਚੋਣ ਅਮਲ ਕੀ ਰੁਕਿਆ ਰਹੇਗਾ ਅਤੇ ਉਸ ਸਮੇਂ ਤੱਕ ਸੂਬਾ ਉਡੀਕ ਕਰੇਗਾ ਅਤੇ ਰਾਸ਼ਟਰਪਤੀ ਰਾਜ ਸਹਿੰਦਾ ਰਹੇਗਾ, ਜਦੋਂ ਤੱਕ ਅਗਲੀ ਲੋਕ ਸਭਾ ਚੋਣ ਨਹੀਂ ਕਰਵਾਈ ਜਾਂਦੀ।

ਦੇਸ਼ ਦੀ ਸਰਕਾਰ ਨੇ 18 ਸਤੰਬਰ ਤੋਂ 24 ਸਤੰਬਰ 2023 ਤੱਕ ਪਾਰਲੀਮੈਂਟ ਦਾ ਇਜਲਾਸ ਸੱਦਿਆ ਹੈ। ਸੰਭਵ ਹੈ ਕਿ ਇਹ ਮੁੱਦਾ ਵਿਚਾਰਿਆ ਜਾਵੇ। ਪਰ ਕੀ ਸਰਕਾਰ, ਦੇਸ਼ ਦੀ ਵਿਰੋਧੀ ਧਿਰ ਨੂੰ ਇਸ ਸਬੰਧੀ ਮਨਾਉਣ ਸਫ਼ਲ ਹੋਵੇਗੀ? ਵਿਰੋਧੀ ਧਿਰ ਤਾਂ ਭਾਜਪਾ ਉੱਤੇ ਇਲਜਾਮ ਲਗਾ ਰਹੀ ਹੈ ਕਿ ਇਹ ਭਾਜਪਾ ਦੀ ਚੋਣਾਂ 'ਚ ਲਾਹਾ ਲੈਣ ਦੀ ਤਰਕੀਬ ਹੈ।

ਅਸਲ ਵਿੱਚ ਭਾਜਪਾ ਅਗਲੀਆਂ 2024 ਦੀਆਂ ਚੋਣਾਂ 'ਚ ਹਰ ਹੀਲੇ ਮੁੜ ਸੱਤਾ 'ਤੇ ਕਾਬਜ ਹੋਣ ਲਈ ਪੱਬਾਂ ਭਾਰ ਹੋਈ ਪਈ ਹੈ। ਉਸ ਉੱਤੇ ਇਕ ਦੇਸ਼, ਇਕ ਧਰਮ, ਇਕ ਬੋਲੀ ਲਾਗੂ ਕਰਨ ਦੇ ਇਲਜਾਮ ਵੀ ਲੱਗ ਰਹੇ ਹਨ ਅਤੇ ਇਹ ਵੀ ਇਲਜਾਮ ਲੱਗਦੇ ਹਨ ਕਿ ਉਸ ਵਲੋਂ ਦੇਸ਼ ਵਿਚ ਫਿਰਕੂ ਪਾੜਾ ਪਾਉਣ ਦੇ ਯਤਨ ਹੋ ਰਹੇ ਹਨ।

ਭਾਜਪਾ ਦੇਸ਼ ਵਿਚ ਘੱਟ ਗਿਣਤੀਆਂ ਨੂੰ ਪਿੱਛੇ ਧੱਕ ਕੇ ਧਰਮ ਅਧਾਰਤ ਰਾਜ ਦੀ ਸਥਾਪਨਾ ਦਾ ਜੋ ਏਜੰਡਾ ਲਾਗੂ ਕਰਨ ਦੇ ਰਾਹ ਉੱਤੇ ਹੈ, ਉਸ ਲਈ ਇਕ ਦੇਸ਼ ਇਕ ਚੋਣ ਵਰਗਾ ਅਮਲ ਇਕ ਵੱਡੀ ਪੁਲਾਂਘ ਸਾਬਤ ਹੋਵੇਗਾ। ਇਸ ਅਮਲ ਦੇ ਲਾਗੂ ਹੋਣ ਨਾਲ ਇਕੋ ਸਖ਼ਸ ਨਰੇਂਦਰ ਮੋਦੀ ਦਾ ਅਕਸ ਹਰ ਥਾਂ ਉਭਾਰਨ ਦਾ ਯਤਨ ਹੋਵੇਗਾ। ਭਾਵੇਂ ਕਿ ਸੂਬਿਆਂ ਦੀਆਂ ਸਰਕਾਰਾਂ ਦੀ ਚੋਣ ਵਿਚ ਕੁਝ ਸਥਾਨਕ ਮੁੱਦੇ ਵੀ ਕੰਮ ਕਰਦੇ ਹਨ ਅਤੇ ਰਾਸ਼ਟਰ ਚੋਣਾਂ 'ਚ ਕੁੱਝ ਹੋਰ ਮੁੱਦੇ। ਇਸ ਅਮਲ ਦੇ ਲਾਗੂ ਹੁੰਦਿਆਂ ਲੋਕ ਭੰਬਲਭੂਸੇ ਵਾਲੀ ਸਥਿਤੀ 'ਚ ਫਸਣਗੇ।

ਪਰ ਸਵਾਲ ਇਹ ਵੀ ਉੱਠਦਾ ਹੈ ਕਿ ਦੇਸ਼ ਵਿਚ ਕੇਂਦਰ, ਸੂਬਾ ਸਰਕਾਰਾਂ ਦੇ ਨਾਲ-ਨਾਲ ਸਥਾਨਕ ਸਰਕਾਰਾਂ ਦੀਆਂ ਚੋਣਾਂ ਹੁੰਦੀਆਂ ਹਨ ਜੋ ਕਿ ਸੰਵਿਧਾਨਕ ਅਮਲ ਹੈ, ਪਰ ਇਕ ਦੇਸ਼ ਇਕ ਚੋਣ 'ਚ ਕੇਂਦਰ, ਸੂਬਾ ਅਤੇ ਸਥਾਨਕ ਸਰਕਾਰਾਂ ਦੀ ਚੋਣ ਇਕੋ ਵੇਲੇ ਕਰਵਾਏ ਜਾਣਾ ਕੀ ਸੰਭਵ ਹੋਏਗਾ? ਕੀ ਭਾਰਤ ਵਰਗੇ ਵਿਸ਼ਾਲ ਦੇਸ਼ ਦੇ ਲੋਕ ਇਸ ਸਮੁੱਚੇ ਅਮਲ ਕੇਂਦਰ, ਰਾਜ, ਸਥਾਨਕ ਸਰਕਾਰਾਂ ਦੀ ਚੋਣ 'ਚ ਇਕੋ ਵੇਲੇ ਯੋਗ ਉਮੀਦਵਾਰਾਂ ਦੀ ਚੋਣ ਕਰ ਸਕਣਗੇ? ਕੀ ਸਥਾਨਕ ਮੁੱਦੇ ਇਸ ਅਮਲ 'ਚ ਲੁਪਤ ਹੋ ਕੇ ਨਹੀਂ ਰਹਿ ਜਾਣਗੇ? ਕੀ ਇਲਾਕਾਈ ਪਾਰਟੀਆਂ ਦੀ ਹੋਂਦ ਨੂੰ ਖ਼ਤਰਾ ਨਹੀਂ ਪੈਦਾ ਹੋ ਜਾਏਗਾ?

ਉਂਜ ਵੀ ਇਕੋ ਵੇਲੇ ਚੋਣਾਂ ਕਰਾਉਣ ਲਈ ਈਵੀਐਮ ਮਸ਼ੀਨ ਕਰੀਦਣ ਲਈ 2019 'ਚ ਖ਼ਰਚੇ ਦਾ ਅੰਦਾਜ਼ਾ ਚੋਣ ਕਮਿਸ਼ਨ ਨੇ 4500 ਕਰੋੜ ਲਗਾਇਆ ਸੀ ਅਤੇ ਈਵੀਐਮ ਮਸ਼ੀਨਾਂ ਦੀ ਮਿਆਦ 15 ਸਾਲ ਹੁੰਦੀ ਹੈ ਭਾਵ ਸਿਰਫ਼ ਤਿੰਨ ਵੇਰ ਚੋਣਾਂ ਲਈ ਇਹ ਮਸ਼ੀਨ ਵਰਤੀ ਜਾਏਗੀ। ਕੀ ਇਹ ਖ਼ਰਚੀਲਾ ਪ੍ਰਬੰਧ ਨਹੀਂ ਹੋਏਗਾ? ਉਂਜ ਵੀ ਜਦੋਂ ਚੋਣ ਕਮਿਸ਼ਨ ਨੇ ਸਿਆਸੀ ਪਾਰਟੀਆਂ ਤੋਂ ਇਸ ਸਬੰਧੀ 2019 'ਚ ਰਾਏ ਮੰਗੀ ਸੀ ਤਾਂ ਕਾਂਗਰਸ, ਭਾਜਪਾ ਨੇ ਕੋਈ ਰਾਏ ਨਹੀਂ ਸੀ ਦਿੱਤੀ ਜਦਕਿ ਏਆਈਡੀਐਮਕੇ, ਸ਼੍ਰੋਮਣੀ ਅਕਾਲੀ ਦਲ(ਬਾਦਲ) ਐਸਪੀ, ਟੀਆਰਐਸ ਕੁੱਲ ਚਾਰ ਪਾਰਟੀਆਂ ਇਸਦੇ ਹੱਕ ਵਿੱਚ ਸਨ ਜਦਕਿ 9 ਸਿਆਸੀ ਪਾਰਟੀਆਂ ਟੀਐਮਸੀ, ਆਪ, ਡੀਐਮਕੇ, ਟੀਡੀਪੀ, ਸੀਪੀਆਈ, ਸੀਪੀਐਮ, ਜੇਡੀਐਸ, ਗੋਆ ਫਾਰਵਡ ਬਲੋਕ ਆਦਿ ਇਸਦੇ ਵਿਰੋਧ ਵਿੱਚ ਸਨ।

ਜੇਕਰ ਪਾਰਲੀਮੈਂਟ ਵਿੱਚ 18 ਤੋਂ 24 ਸਤੰਬਰ 2023 ਨੂੰ ਇਸ ਉਤੇ ਵਿਚਾਰ ਚਰਚਾ ਹੁੰਦੀ ਹੈ, ਕੋਵਿੰਦ ਕਮੇਟੀ ਵਲੋਂ ਸਿਫ਼ਾਰਸ਼ਾਂ ਨੂੰ ਬਾਅਦ ਵਿੱਚ ਪ੍ਰਵਾਨ ਕਰ ਲਿਆ ਜਾਂਦਾ ਹੈ ਅਤੇ ਇਸ 'ਤੇ ਅਮਲ ਕਰਕੇ ਇੱਕ ਦੇਸ਼ ਇੱਕ ਚੋਣ ਪ੍ਰੀਕਿਰਿਆ ਨੂੰ ਲਾਗੂ ਕਰ ਦਿੱਤਾ ਜਾਂਦਾ ਹੈ ਤਾਂ ਭਾਰਤ ਦੁਨੀਆ ਭਰ ਵਿੱਚ ਚੌਥਾ ਇਹੋ ਜਿਹਾ ਦੇਸ਼ ਬਣ ਜਾਏਗਾ ਜਿਥੇ ਇੱਕ ਦੇਸ਼ ਇਕ ਚੋਣ ਕਰਵਾਈ ਜਾਂਦੀ ਹੈ। ਦੂਜੇ ਹੋਰ ਤਿੰਨ ਦੇਸ਼ ਬੈਲਜੀਅਮ ਜਿਸਦੀ ਆਬਾਦੀ 2021 'ਚ 1ਕਰੋੜ 16 ਲੱਖ ਸੀ, ਸਵੀਡਨ ਜਿਸਦੀ ਆਬਾਦੀ 1 ਕਰੋੜ 4 ਲੱਖ ਸੀ ਅਤੇ ਸਾਊਥ ਅਫ਼ਰੀਕਾ ਜਿਸਦੀ ਆਬਾਦੀ 5 ਕਰੋੜ 94 ਲੱਖ ਸੀ, ਸ਼ਾਮਲ ਹਨ ਪਰ ਕੀ 140 ਕਰੋੜ ਤੋਂ ਵੱਧ ਆਬਾਦੀ ਵਾਲੇ ਦੇਸ਼ ਇਸ ਵਿਸ਼ਾਲ ਦੇਸ਼ ਵਿੱਚ ਕੀ ਐਡੀ ਵੱਡੀ ਪ੍ਰੀਕਿਰਿਆ ਸਫ਼ਲਤਾ ਨਾਲ ਲਾਗੂ ਕੀਤੀ ਜਾ ਸਕੇਗੀ?

ਇਕ ਹੋਰ ਸਵਾਲ ਇਹ ਕਿ ਲੋਕ ਸਭਾ, ਵਿਧਾਨ ਸਭਾਵਾਂ ਜਾਂ ਸਥਾਨਕ ਸਰਕਾਰਾਂ ਦੇ ਇਕੋ ਵੇਲੇ ਸੰਯੁਕਤ ਪ੍ਰੀਕਿਰਿਆ ਲਾਗੂ ਹੋਣ 'ਤੇ ਕੀ ਜਦੋਂ ਕਦੇ ਲੋਕ ਸਭਾ ਨੂੰ ਅਗਾਊਂ ਭੰਗ ਕਰਨ ਦੀ ਸਥਿਤੀ ਬਣ ਜਾਂਦੀ ਹੈ ਤਾਂ ਕੀ ਦੇਸ਼ ਦੇ ਸੂਬਿਆਂ ਦੀਆਂ ਸਰਕਾਰਾਂ ਵੀ ਭੰਗ ਹੋ ਜਾਣਗੀਆਂ ਤੇ ਮੁੜ ਨਾਲ ਹੀ ਇਹਨਾਂ ਸੰਸਥਾਵਾਂ ਦੀ ਚੋਣ ਹੋਵੇਗੀ ਤਾਂ ਫਿਰ ਦੇਸ਼ ਦੇ ਸੰਘੀ ਢਾਂਚੇ ਦੀ ਸੰਵਿਧਾਨਕ ਤੌਰ 'ਤੇ ਸੰਘੀ ਨਹੀਂ ਘੁੱਟੀ ਜਾਏਗੀ। ਕੀ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਫਿਰ ਆਪਣੀ ਹੋਂਦ ਨਹੀਂ ਗੁਆ ਬੈਠੇਗਾ?

ਅਸਲ 'ਚ ਭਾਜਪਾ ਦਾ ਨਿਸ਼ਾਨਾ ਤਾਂ ਇਕੋ ਹੈ, ਉਹ ਇਹ ਹੈ ਕਿ "ਮੋਦੀ ਫੈਕਟਰ" ਵਰਤਕੇ, ਲੋਕ ਸਭਾ, ਸੂਬਾ ਸਰਕਾਰਾਂ 'ਚ ਆਪਣੇ ਨੁਮਾਇੰਦਿਆਂ ਰਾਹੀਂ ਸਰਕਾਰਾਂ 'ਤੇ ਕਬਜਾ ਕਰ ਲਿਆ ਜਾਵੇ ਅਤੇ ਦੇਸ਼ ਦੇ ਸੰਵਿਧਾਨ ਨੂੰ ਬਦਲਣ ਦਾ ਅਮਲ ਆਰੰਭਿਆ ਜਾਏ ਜਿਸਦੀ ਚਰਚਾ ਇਹਨਾਂ ਦਿਨਾਂ 'ਚ ਆਮ ਹੈ। ਭਾਜਪਾ ਦੀ ਮਨਸ਼ਾ ਇਹ ਹੈ ਕਿ ਅਤੇ ਦੇਸ਼ 'ਚ ਸੂਬਿਆਂ ਦੀਆਂ ਸਰਕਾਰਾਂ ਨੂੰ ਗੁੱਠੇ ਲਾਕੇ, ਲੋਕਤੰਤਰ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਜਾਵੇ।

## ਪੁਸਤਕ ਸਮੀਖਿਆ

**ਧੁੰਦ 'ਚ ਲੋਅ**
**ਰੀਵਿਊਕਾਰ:**
**ਬਲਜਿੰਦਰ ਮਾਨ 98150-18947**
**ਕਹਾਣੀਕਾਰ: ਚਰਨਜੀਤ ਸਿੰਘ ਕਤਰਾ**
**ਪ੍ਰਕਾਸ਼ਕ: ਤਰਲੋਚਨ ਪਬਲਿਸ਼ਰਜ਼ ਚੰਡੀਗੜ੍ਹ,**
**ਪੰਨੇ: 132, ਮੁੱਲ: 200/-**




ਚਰਨਜੀਤ ਸਿੰਘ ਕਤਰਾ ਸਾਹਿਤਕ ਹਲਕਿਆਂ ਵਿਚ ਇਕ ਸਨਮਾਨਿਤ ਨਾਮ ਹੈ। ਉਹ ਕਾਫੀ ਲੰਮੇ ਅਰਸੇ ਤੋਂ ਇਸ ਖੇਤਰ ਵਿਚ ਸੰਦਲੀ ਪੈੜਾਂ ਪਾ ਰਹੇ ਹਨ। ਕਵਿਤਾ ਕਹਾਣੀ ਅਤੇ ਨਿਬੰਧਕਾਰੀ ਵਿਚ ਵੀ ਕਮਾਲ ਕੀਤੀ ਹੈ। ਇਨਸਾਨੀਅਤ ਦੀ ਆਵਾਜ਼ ਨੂੰ ਬੁਲੰਦ ਕਰਨਾ ਉਹਨਾਂ ਦੀ ਰਚਨਾ ਦਾ ਮੁੱਖ ਉਦੇਸ਼ ਹੈ। ਦਿਨ ਰਾਤ ਸਾਹਿਤ ਸਾਧਨਾ ਵਿਚ ਜੁਟੇ ਰਹਿਣਾ ਅਤੇ ਸਭ ਦਾ ਆਦਰ ਮਾਣ ਕਰਨਾ ਉਹਨਾਂ ਦੀ ਸ਼ਖਸ਼ੀਅਤ ਦਾ ਖਾਸਾ ਹੈ। ਇਕ ਸਾਹਿਤਕਾਰ ਦੀ ਰਚਨਾ ਦਾ ਉਸ ਨਾਲ ਮੇਲ ਖਾਣਾ ਸੋਨੇ ਤੇ ਸੁਹਾਗੇ ਵਾਲੀ ਗੱਲ ਬਣ ਜਾਂਦੀ ਹੈ। ਉਹਨਾਂ ਦੀਆਂ ਸਾਹਿਤਕ ਕਿਰਤਾਂ ਵਿਚੋਂ ਉਹਨਾਂ ਦਾ ਜੀਵਨ ਝਲਕਾਰੇ ਮਾਰਦਾ ਹੈ। ਸ਼ਬਦ ਨੂੰ ਸਜਾਉਣਾ ਅਤੇ ਸੰਵਰਨਾ ਉਹਨਾਂ ਦੀ ਸਿਰਜਣ ਕਲਾ ਦਾ ਹਿੱਸਾ ਹੈ। ਰਚਨਾ ਦੀ ਰੌਚਕ ਸ਼ੈਲੀ ਨੁਮਾਇਆ ਗੁਣ ਹੈ।

ਹੱਥਲੀ ਪੁਸਤਕ 'ਧੁੰਦ ਦੀ ਲੋਅ' ਵਿਚ ਪੰਦਰਾਂ ਕਹਾਣੀਆ ਦਰਜ ਹਨ। ਜਿਨ੍ਹਾਂ ਵਿਚੋਂ ਤਿੰਨ ਕਹਾਣੀਆਂ ਧੁੰਦ ਦੀ ਲੋਅ, ਪਾਗਲ ਮਰਦ ਦੀ ਤਲਾਸ਼ ਅਤੇ ਸੌਂਕਣ ਉਹਨਾਂ ਦੇ ਸਵਰਗਵਾਸੀ ਵੀਰ ਹਰਪਾਲ ਸਿੰਘ ਭੋਲੀ ਦੁਆਰਾ ਲਿਖੀਆਂ ਗਈਆਂ ਹਨ। ਅਸਲ ਵਿਚ ਇਹ ਪੁਸਤਕ ਭੋਲੀ ਹੁਰਾਂ ਨੂੰ ਸ਼ਰਧਾਂਜਲੀ ਵਜੋਂ ਹੀ ਪ੍ਰਕਾਸ਼ਿਤ ਕੀਤੀ ਗਈ ਹੈ। ਪੁਸਤਕ ਵਿਚ ਸ਼ਾਮਿਲ ਕਹਾਣੀਆ ਵਿਚੋਂ ਸਾਡੇ ਦੇਸ਼ ਕੌਮ ਦੇ ਨੈਣ ਨਕਸ਼ ਉਭਰ ਕੇ ਸਾਹਮਣੇ ਆਉਂਦੇ ਹਨ। ਹਰ ਕਹਾਣੀ ਰਾਹੀਂ ਇਕ ਨਵੇਂ ਤੇ ਨਿਵੇਕਲੇ ਵਿਸ਼ੇ ਨੂੰ ਵਿਚਾਰਿਆ ਅਤੇ ਨਿਖਾਰਿਆ ਗਿਆ ਹੈ। ਸਮੇਂ ਦੀ ਤੋਰ ਨਾਲ ਬਣਦੇ ਵਿਗੜਦੇ ਰਿਸ਼ਤਿਆਂ ਦੀ ਪੁਣ ਛਾਣ ਬੜੀ ਮਹੀਨ ਨਜ਼ਰ ਨਾਲ ਕੀਤੀ ਗਈ ਹੈ। ਲਾਲਚਵਸ ਹੋ ਕੇ ਇਨਸਾਨ ਸਭ ਰਿਸ਼ਤਿਆਂ ਦਾ ਕਤਲ ਕਰਨ ਲਈ ਤਿਆਰ ਹੋ ਜਾਂਦਾ ਹੈ। ਦੱਬੀ ਹੋਈ ਚੀਸ ਕਹਾਣੀ ਵਿਚ ਇਕ ਅਭਾਗਣ ਮਾਂ, ਪ੍ਰੇਮਿਕਾ ਅਤੇ ਬਹੂ ਦਾ ਰੂਪ ਪ੍ਰਗਟ ਹੁੰਦਾ ਹੈ। ਜੋ ਜੀਵਨ ਦੀ ਚੜ੍ਹਾਈ ਵੇਲੇ ਦੁੱਖਾਂ ਦੇ ਸਾਗਰ ਵਿਚ ਗੋਤੇ ਖਾਂਦੀ ਹੈ। ਇਸੇ ਤਰਾਂ ਇਕ ਬੱਚਾ ਮਾਪਿਆਂ ਦੇ ਪਿਆਰ ਦੁਲਾਰ ਤੋਂ ਵਾਂਝਾ ਰਹਿੰਦਾ ਹੈ। ਲਵ ਮੈਰਿਜ ਕਰਵਾਉਣ ਵਾਲੀ ਪ੍ਰੀਤੀ ਦਾ ਮਨ ਛੋਟੇ ਘਰ ਵਿਚ ਨਹੀਂ ਲਗਦਾ ਸਗੋਂ ਨਕਾਰਤਮਕ ਖਿਆਲਾ ਦਾ ਸ਼ਿਕਾਰ ਹੋ ਜਾਂਦੀ ਹੈ। ਪਾਗਲ ਮਰਦ ਦੀ ਤਲਾਸ਼ ਉਚ ਦਰਜੇ ਦੇ ਸਮਾਜ ਦੀਆਂ ਔਰਤਾਂ ਦੀ ਕਹਾਣੀ ਹੈ ਜੋ ਹੋਟਲਾਂ ਵਿਚ ਐਸ਼ ਉਡਾਉਂਦੀਆਂ ਹਨ। ਸ਼ਰਾਬ ਕਬਾਬ ਅਤੇ ਪਤਾ ਨਹੀ ਹੋਰ ਕਿੰਨਾ ਕੁੱਝ ਚੱਲਦਾ ਹੈ।

ਪੁਸਤਕ ਵਿਚ ਕੁੱਝ ਕਹਾਣੀਆਂ ਵੀਹਵੀਂ ਸਦੀ ਦੇ ਆਖਰੀ ਦਹਾਕਿਆਂ ਵਿਚ ਰਚੀਆਂ ਗਈਆਂ ਹਨ। ਜਿਨ੍ਹਾਂ ਤੋਂ ਨਵੀਂ ਪੀੜ੍ਹੀ ਨੂੰ ਉਸ ਸਮੇਂ ਦੇ ਰਸਮ ਰਿਵਾਜਾਂ ਦਾ ਗਿਆਨ ਹੁੰਦਾ ਹੈ। ਨਸ਼ਾ, ਬੇਕਾਰੀ, ਭ੍ਰਿਸ਼ਟਚਾਰੀ, ਵਿਬਚਾਰੀ, ਭਾਈਚਾਰਕ ਸਾਂਝ ਵਿਚ ਤ੍ਰੇੜਾਂ, ਨਫ਼ਓਮਪ;ਰਤ ਦਾ ਫੈਲਾਅ, ਵਿਦੇਸ਼ੀ ਦੁਨੀਆ, ਪਿਆਰ ਸਤਿਕਾਰ ਦਾ ਖਾਤਮਾ ਆਦਿ ਵਿਸ਼ਿਆਂ ਬਾਰੇ ਖੂਬ ਵਿਚਾਰਾਂ ਹੋਈਆਂ ਹਨ। ਇਹਨਾਂ ਕਹਾਣੀਆਂ ਦੇ ਪਾਤਰ ਸਾਡੇ ਆਲੇ ਦੁਆਲੇ ਵਿਚੋਂ ਹਨ। ਜਿਸ ਕਰਕੇ ਕਹਾਣੀਆਂ ਦੀਆਂ ਘਟਨਾਵਾਂ ਸਾਡੇ ਆਲੇ ਦੁਆਲੇ ਦੇ ਸਮਾਜ ਵਿਚ ਵਾਪਰਦੀਆਂ ਦਿਖਾਈ ਦਿੰਦੀਆਂ ਹਨ। ਕਹਾਣੀਆਂ ਦਾ ਨਾਟਕੀ ਤਤ ਪਾਠਕਾਂ ਨੂੰ ਪ੍ਰਭਾਵਿਤ ਕਰਦਾ ਹੈ।

ਪਾਤਰਾਂ ਦੀ ਵਾਰਤਾਲਾਪ ਸਮੇਂ ਅਤੇ ਸਥਾਨ ਅਨੁਸਾਰ ਬੜੀ ਚੁਸਤ ਅਤੇ ਦਰੁਸਤ ਹੈ। ਲਿਖਣ ਸ਼ੈਲੀ ਪ੍ਰਭਾਵਸ਼ਾਲੀ ਹੋਣ ਕਰਕੇ ਪਾਠਕ ਹੋਰ ਅੱਗੇ ਪੜ੍ਹਨ ਲਈ ਉਤਾਵਲਾ ਹੁੰਦਾ ਹੈ। ਲੋੜ ਅਨੁਸਾਰ ਦਿੱਤਾ ਵਿਸਥਾਰ ਕਿਤੇ ਵੀ ਅਖਰਦਾ ਨਹੀਂ ਹੈ। ਇਹਨਾਂ ਵਿਚ ਪੁਰਾਤਨਤਾ ਅਤੇ ਆਧੁਨਿਕ ਦਾ ਸੁਮੇਲ ਹੈ। ਇਸਦਾ ਸਿਖਰ ਗੁਨਾਹ ਕਹਾਣੀ ਹੈ ਜਿਸ ਵਿਚ ਗਰੀਬੀ ਅਤੇ ਅਨਪੜ੍ਹਤਾ ਵਰਗੀ ਲਾਹਣਤ ਨੂੰ ਨਿੰਦਿਆਂ ਗਿਆ ਹੈ। ਸਰਕਾਰਾਂ ਨੂੰ ਆਪਣੀ ਨੀਅਤ ਅਤੇ ਨੀਤੀ ਨੂੰ ਸਹੀ ਕਰਨ ਦਾ ਮਸ਼ਵਰਾ ਵੀ ਦਿੱਤਾ ਗਿਆ ਹੈ। ਸਾਰੀ ਪੁਸਤਕ ਅਜੋਕੇ ਸਮੇਂ ਦਾ ਵਿਸ਼ਲੇਸ਼ਣ ਕਰਦੀ ਹੈ।ਚਰਨਜੀਤ ਕਾਤਰਾ ਦੁਆਰਾ ਸਿਰਜੀ ਇਹ ਇਕ ਨਿਰਾਲੀ ਅਤੇ ਮਨੋਰੰਜਕ ਪੁਸਤਕ ਹੈ ਜਿਸਦਾ ਕਥਾ ਰਸ ਹਰ ਕਿਸੇ ਨੂੰ ਸਰਸ਼ਾਰ ਕਰਦਾ ਹੈ।

## ਕਾਵਿ-ਟੋਟਾ

### ਪੰਜਾਬੀ ਨੂੰ ਅੰਗਰੇਜੀ ਦੀ ਪੁੱਠਾ !

ਕਈ ਲੋਕ ਹੁਣ ਭਾਅ ਜੀ ਨੂੰ ਲਿਖਣ 'ਪਾਜੀ'
ਹਾਲਤ ਅੱਜ ਪੰਜਾਬੀ ਦੀ 'ਦਿੱਸ' ਹੋ ਗਈ।
ਸ਼ਬਦ ਵੀਰ ਵੀ ਬਣ ਗਿਆ 'ਬਰੋ' ਹੁਣ ਤਾਂ
ਸਾਡੀ ਭੈਣ ਵੀ ਬਦਲ ਕੇ 'ਸਿੱਸ' ਹੋ ਗਈ।
ਟਿੱਚਰ ਅਤੇ ਮਖੌਲ ਵੀ 'ਲੌਲ' ਬਣ ਗਏ
ਆਵੇ ਯਾਦ ਪਿਆਰੇ ਦੀ 'ਮਿੱਸ' ਹੋ ਗਈ।
ਚੁੰਮਣ ਕ੍ਰਿਆ ਸੀ ਮਿਸ਼ਰੀ ਦੀ ਡਲ਼ੀ ਜੇਹੀ
ਨਵੇਂ ਪੋਚ ਲਈ ਵਿਗੜ ਕੇ 'ਕਿੱਸ' ਹੋ ਗਈ।
ਨਿਗਲ਼ ਲਿਆ 'ਗੁੱਡ ਲੱਕ' ਨੇ ਭਲਾ ਹੋਵੇ
ਘੁੱਟ ਸਿਮਟ ਕੇ ਰਹਿ ਗਿਆ 'ਸਿੱਪ' ਯਾਰੋ।
'ਐਚ.ਏ--ਐਚ.ਏ' ਨੇ ਹਾਸੇ ਦੀ ਥਾਂਹ ਮੱਲੀ
ਹੁਣ 'ਅਫਸੋਸ' ਵੀ ਹੋ ਗਿਆ 'ਰਿੱਪ' ਯਾਰੋ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

# ਨਾਇਕ-ਪੂਜਾ ਦੇ ਵਿਚਾਰ ਤੁਹਾਡੇ ਲਈ ਬਰਬਾਦੀ ਦਾ ਕਾਰਨ



ਹਰਦੀਪ ਸਿੰਘ ਚੁੰਬਰ
91-94636-01616

ਭਾਰਤੀ ਸਮਾਜਿਕ ਵਿਵਸਥਾ- ਸੰਸਾਰ ਵਿੱਚ ਲੋਕਤੰਤਰ, ਤਾਨਾਸ਼ਾਹੀ, ਰਾਜਸ਼ਾਹੀ, ਸਮਾਜਵਾਦੀ, ਹਾਈਬ੍ਰਿਡ ਅਤੇ ਮਾਰਕਸਵਾਦੀ ਜਾ ਹੋਰ ਕਈ ਸਮਾਜਿਕ ਰਾਜਨੀਤਿਕ ਵਿਵਸਥਾਵਾਂ ਹਨ। ਭਾਰਤ ਵੀ ਹਜ਼ਾਰਾਂ ਸਾਲਾਂ ਤੋਂ ਜਿਸ ਵਿਵਸਥਾ ਨਾਲ ਚਲ ਰਿਹਾ ਹੈ ਉਸ ਨੂੰ ਬ੍ਰਾਹਮਣਵਾਦੀ ਵਿਵਸਥਾ ਕਿਹਾ ਜਾਂਦਾ ਹੈ। ਇਹ ਵਿਵਸਥਾ ਅਸਮਾਨਤਾ ਅਤੇ ਵਿਤਕਰੇ ਅਧਾਰਤ ਵਿਵਸਥਾ ਹੈ। ਭਾਰਤ ਵਿੱਚ ਹਜ਼ਾਰਾਂ ਰਾਜ ਬਦਲੇ, ਰਾਜੇ ਬਦਲੇ ਸੱਤਾ ਬਦਲੀ ਪਰ ਸਮਾਜ, ਸੱਤਾ ਵਿੱਚ ਬ੍ਰਾਹਮਣਵਾਦੀ ਵਿਵਸਥਾ ਹੀ ਸਥਾਪਿਤ ਰਹੀ। ਅਸਮਾਨਤਾ ਅਧਾਰਤ ਵਿਵਸਥਾ ਦਾ ਬਦਲ ਸਮਾਨਤਾਵਾਦੀ ਵਿਵਸਥਾ ਹੀ ਹੁੰਦਾ ਹੈ।

ਸਮਾਨਤਾਵਾਦੀ ਵਿਵਸਥਾ ਭਾਰਤ ਵਿੱਚ ਬਹੁਤ ਪੁਰਾਣੀ ਹੈ। 2000 ਸਾਲ ਪਹਿਲਾਂ ਭਾਰਤੀ ਮੂਲਨਿਵਾਸੀਆਂ ਦਾ ਰਾਜ, ਮੌਰੀਆ ਸਾਮਰਾਜ ਸਮਾਨਤਾ ਅਧਾਰਤ ਰਾਜ ਸੀ। ਮੌਰੀਆ ਸਮਰਾਟ "ਵ੍ਰਿਦਰਥ ਮੌਰੀਆ" ਦਾ ਉਸ ਦੇ ਆਪਣੇ ਹੀ ਸੇਨਾਪਤੀ "ਪੁਸ਼ਪ ਮਿਤਰ ਸੁੰਗ ਬ੍ਰਾਹਮਣ" ਦੁਆਰਾ ਕਤਲ ਕਰਕੇ ਅਸਮਾਨਤਾਵਾਦੀ ਵਿਵਸਥਾ ਦੀ ਸਥਾਪਨਾ ਕੀਤੀ।

ਮੌਰੀਆ ਸਾਮਰਾਜ ਦਾ ਵ੍ਰਿਦਰਥ ਮੌਰੀਆ ਆਖਰੀ ਸਮਰਾਟ ਸੀ। ਬੁੱਧਵਾਦੀ ਮੌਰੀਆ ਸਾਮਰਾਜ ਸਮਾਨਤਾ ਅਧਾਰਤ ਸੀ। ਰਾਜਾ ਦੇ ਕਤਲ ਕਰਨ ਨਾਲ ਸ਼ੁਰੂ ਹੋਈ ਅਸਮਾਨਤਾ ਸਥਾਪਿਤ ਕਰਨ ਲਈ ਆਮ ਭਾਰਤ ਦੇ ਸਮਾਨਤਾਵਾਦੀਆਂ ਦੇ ਕਤਲਾਂ ਅਤੇ ਅਮਾਨਵੀ ਸਜਾਵਾਂ ਦੇਣ ਦਾ ਸਿਲਸਿਲਾ ਸਮਾਨਤਾਵਾਦੀਆਂ ਦੇ ਖਿਲਾਫਹਜ਼ਾਰਾਂ ਸਾਲ ਤੋਂ ਚਲਦਾ ਆ ਰਿਹਾ ਹੈ।

ਪੁਸ਼ਪ ਮਿੱਤਰ ਸੁੰਗ" ਬ੍ਰਾਹਮਣ ਦੁਆਰਾ ਸ਼ੁਰੂ ਕੀਤੀ ਅਸਮਾਨਤਾਵਾਦੀ, ਵਿਤਕਰੇਵਾਦੀ ਵਿਵਸਥਾ ਨੂੰ ਬ੍ਰਾਹਮਣਵਾਦੀ ਵਿਵਸਥਾ ਕਿਹਾ ਜਾਂਦਾ ਹੈ। ਬ੍ਰਾਹਮਣਵਾਦ ਦਾ ਇਤਿਹਾਸ ਭਾਰਤੀ ਮੂਲ ਦੇ ਲੋਕਾਂ ਲਈ ਘੋਰ ਅਨਿਆਇ ਅਤੇ ਜੁਲਮਾਂ ਨਾਲ ਭਰਿਆ ਹੋਇਆ ਹੈ। ਇਹ ਲਗਭਗ 2000 ਸਾਲ ਤੱਕ ਕਠੋਰਤਾ ਨਾਲ ਅੰਗਰੇਜ਼ਾਂ ਦੇ ਭਾਰਤ ਵਿੱਚ ਆਉਣ ਤੱਕ ਚਲਦਾ ਰਿਹਾ। ਅੰਗਰੇਜ਼ਾਂ ਨੇ ਭਾਰਤ ਵਿੱਚ ਮਾਨਵਤਾਵਾਦੀ ਕਾਨੂੰਨ ਅਤੇ ਵਿਵਸਥਾ ਬਣਾਉਣ ਦਾ ਕੰਮ ਸ਼ੁਰੂ ਕੀਤਾ। ਜਿਸ ਨਾਲ ਬ੍ਰਾਹਮਣਵਾਦ ਦੁਆਰਾ, ਅਛੂਤ ਬੇਦਖਲ ਵੰਚਿਤ ਬਣਾਏ ਸਮਾਜ ਲਈ ਰੋਜ਼ਗਾਰ, ਨੌਕਰੀਆਂ ਤਰੱਕੀਆਂ ਦੇ ਰਾਹ ਖੁੱਲੇ। ਜਿਸ ਦੀ ਬਦੌਲਤ ਸਮਾਨਤਾਵਾਦੀ ਵਿਵਸਥਾ ਬਣਾਉਣ ਲਈ ਫੂਲੇ, ਪੇਰੀਅਰ, ਅੰਬੇਡਕਰ ਅਤੇ ਹੋਰ ਬਹੁਤ ਸਾਰੇ ਸ਼ੂਦਰ ਅਤੇ ਅਛੂਤ ਸਮਾਜ ਸੁਧਾਰਕ ਪੈਦਾ ਹੋਏ ਉਹਨਾਂ ਸਭ ਦਾ ਸਮੇਂ ਅਨੁਸਾਰ ਬਹੁਤ ਅਹਿਮ ਯੋਗਦਾਨ ਰਿਹਾ।

ਡਾ. ਅੰਬੇਡਕਰ ਨੂੰ ਸਮਾਨਤਾਵਾਦੀ ਵਿਵਸਥਾ ਲਈ ਕੰਮ ਕਰਦੇ ਹੋਏ ਵਧੇਰੇ ਸਫਲਤਾ ਮਿਲੀ, ਉਹਨਾਂ ਸੰਵਿਧਾਨ ਬਣਾ ਕੇ 1950 ਵਿੱਚ ਆਪਣੀ ਅਤੇ ਭਾਰਤੀ ਸਵਾ 5 ਕਰੋੜ ਦੇ ਕਰੀਬ ਅਛੂਤਾਂ ਨੂੰ ਉਹਨਾਂ ਦੇ ਗਲ ਪਾਈ ਅਛੂਤਤਾ ਇੱਕੋ ਝਟਕੇ ਖਤਮ ਕਰ ਦਿੱਤੀ। ਅਜਿਹੇ ਕਾਰਨਾਂ ਦੇ ਕਾਰਨ ਹੀ ਵਿਸ਼ਵ ਉਹਨਾਂ ਨੂੰ ਸਮਾਨਤਾਵਾਦ ਦਾ ਪ੍ਰਤੀਕ ਮੰਨ ਰਿਹਾ ਹੈ। ਅਮਰੀਕਾ ਜਿਸ ਨੇ ਸੰਸਾਰ ਦੇ ਖਾਸ ਲੋਕਾਂ ਦੇ ਬੁੱਤ ਪ੍ਰਤੀਕ ਦੇ ਰੂਪ ਵਿੱਚ, ਜਿਵੇਂ ਸਟੈਚਿਊ ਆਫ਼ ਲਿਬਰਟੀ, ਸਟੈਚਿਊ ਆਫ਼ ਫਰੀਡਮ ਸਥਾਪਿਤ ਕੀਤੇ ਹੋਏ ਹਨ, ਓਥੇ, ਉਹਨਾਂ ਡਾ. ਅੰਬੇਡਕਰ ਨੂੰ ਸਮਾਨਤਾ ਦਾ ਪ੍ਰਤੀਕ ਮੰਨਦੇ ਹੋਏ ਅਮਰੀਕਾ ਵਿੱਚ 13 ਏਕੜ ਜ਼ਮੀਨ ਉੱਤੇ ਡਾ. ਅੰਬੇਡਕਰ ਦਾ ਬੁੱਤ "ਸਟੈਚਿਊ ਆਫ਼ ਇਕੁਐਲਿਟੀ" ਸਮਾਨਤਾ ਦਾ ਪ੍ਰਤੀਕ ਸਥਾਪਿਤ ਕਰ ਰਹੇ ਹਨ। ਐਨਾ ਵੱਡਾ ਸਨਮਾਨ ਭਾਰਤ ਦੇ ਕਿਸੇ ਹੋਰ ਨੇਤਾ ਨੂੰ ਸ਼ਾਇਦ ਕਦੇ ਵੀ ਨਹੀਂ ਮਿਲ ਸਕਦਾ।

### ਲਿਖਿਤ ਅਤੇ ਉਸ ਦਾ ਸਿਰਲੇਖ

ਜੋ ਵੀ ਲਿਖਿਤ ਲਿਖੀ ਜਾਂਦੀ ਹੈ ਉਹ ਅੰਬੇਡਕਰਵਾਦ ਦੇ ਮਾਨਵ ਸਮਾਨਤਾਵਾਦ ਦੀ ਦਿਸ਼ਾ ਨਿਰਦੇਸ਼ ਅਨੁਸਾਰ ਰਾਸ਼ਟਰੀ ਹਿੱਤ ਲਈ ਹੁੰਦੀ ਹੈ। ਕਈ ਵਾਰ ਕੁੱਝ ਪੇਪਰ ਰਸਾਲਿਆਂ ਵਾਲੇ ਕਈ ਵਾਰੀ ਮਨ ਮਰਜ਼ੀ ਦੇ ਅਨੁਸਾਰ ਲੇਖ ਦੇ ਸਿਰਲੇਖ ਬਦਲ ਦਿੰਦੇ ਹਨ ਜਿਸ ਨਾਲ ਲਿਖਿਤ ਦੀ ਭਾਵਨਾ ਅਤੇ ਲਿਖਾਰੀ ਦਾ ਅਕਸ਼ ਖ਼ਰਾਬ ਹੁੰਦਾ ਹੋ ਸਕਦਾ ਹੈ ਕਿਸੇ ਖਾਸ ਅਖ਼ਬਾਰ ਜਾ ਰਸਾਲੇ ਦਾ ਆਪਣਾ ਮਕਸਦ ਪੂਰਾ ਹੋ ਜਾਂਦਾ ਹੋਵੇ। ਪਿੱਛੇ ਮੈਨੂੰ ਕਈ ਫੋਨ ਆਏ, ਉਹਨਾਂ ਕਿਹਾ ਭਰਾ ਜੀ ਤੁਸੀਂ ਤਾਂ ਆਰਐਸਐਸ ਦੇ ਹੱਕ ਵਿੱਚ ਲਿਖਣ ਲਗ ਪਏ, ਲੇਖ ਠੀਕ ਲਿਖਿਆ ਹੈ, ਪਰ ਸਿਰਲੇਖ ਕੁੱਝ ਹੋਰ ਹੀ ਹੈ ਜੋ ਬ੍ਰਾਹਮਣਵਾਦੀ ਵਿਵਸਥਾ ਦੇ ਹੱਕ ਵੱਲ ਇਸ਼ਾਰਾ ਕਰਦਾ ਹੈ। ਮੈਂ ਮੁਆਫ਼ੀ ਮੰਗੀ ਕਿਹਾ ਕਿ ਸਿਰਲੇਖ ਪ੍ਰਕਾਸ਼ਕ ਨੇ ਮਨ ਮਰਜ਼ੀ ਨਾਲ ਸਿਰਲੇਖ ਬਦਲ ਦਿੰਦਾ ਹੈ, ਬੇਸ਼ੱਕ ਉਸ ਦੀ ਭਾਵਨਾ ਕੁਝ ਗਲਤ ਕਰਨ ਦੀ ਨਹੀਂ ਵੀ ਹੁੰਦੀ, ਤਾਂ ਇਹੋ ਜਿਹਾ ਹੋ ਜਾਂਦਾ ਹੈ। ਇਸੇ ਤਰਾਂ ਕੁੱਝ ਹੋਰ ਲੋਕ ਜੋ ਹਰ ਲਿਖਤ ਉੱਤੇ ਮੈਨੂੰ ਪੱਕਾ ਫੋਨ ਕਰਦੇ ਹੀ ਹੁੰਦੇ ਸਨ, ਉਹਨਾਂ ਨੇ ਨਹੀਂ ਕੀਤਾ, ਮਤਲਬ ਮੈਂ ਸਮਝ ਗਿਆ ਸੀ।

### ਅਸਮਾਨਤਾ ਅਧਾਰਤ ਬ੍ਰਾਹਮਣਵਾਦ ਦੀ ਪਾਲਣਾ, ਗੁਲਾਮੀ


ਭਾਰਤ ਵਿੱਚ ਅੰਗਰੇਜ਼ਾਂ ਦਾ ਰਾਜ ਹੋਣ ਦੇ ਸਮੇਂ ਵੀ ਭਾਰਤ ਵਿੱਚ ਸਮਾਜਿਕ ਸੱਤਾ ਹਮੇਸ਼ਾ ਭਾਰਤੀ ਉੱਚ ਵਰਨ, ਜਾਤੀ ਦੇ ਲੋਕਾਂ ਦੇ ਹੱਥਾਂ ਵਿੱਚ ਰਹੀ। ਜਦੋਂ ਅੰਗਰੇਜ਼ ਸਮਾਨਤਾਵਾਦੀ ਕਾਨੂੰਨ ਬਣਾਉਂਦੇ ਸਨ ਤਾਂ ਉਹਨਾਂ ਨੂੰ ਲਾਗੂ ਕਰਨ ਲਈ ਉਹਨਾਂ ਨੂੰ ਉੱਚ ਜਾਤੀ ਵਰਨ ਦੇ ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਸੀ। ਉਦਾਹਰਨ ਲਈ ਅੰਗਰੇਜ਼ਾਂ ਨੇ ਕਾਨੂੰਨ ਬਣਾ ਕੇ ਅਛੂਤਾਂ ਨੂੰ ਸਿਖਿਅਤ ਕਰਨ ਲਈ ਰਾਹ ਖੋਲਿਆ, ਸਰਕਾਰੀ ਸਹਾਇਤਾ ਨਾਲ ਬਣੇ ਤਲਾਬ, ਸੜਕਾਂ ਅਤੇ ਹੋਰ ਸਾਂਝੀਆਂ ਪਬਲਿਕ ਥਾਂਵਾਂ ਉੱਤੇ ਸਭ ਲਈ ਬਰਾਬਰ ਵਰਤੋਂ ਕਰਨ ਦਾ ਕਾਨੂੰਨ ਬਣਾਇਆ। ਕਾਨੂੰਨ ਬਣਾਉਣੇ ਕਾਫੀ ਨਹੀਂ ਸਨ, ਇਹਨਾਂ ਨੂੰ ਲਾਗੂ ਕਰਨਾ ਵੀ ਜਰੂਰੀ ਸੀ। ਸਾਰੇ ਕਾਨੂੰਨਾਂ ਦੇ ਹੋਣ ਦੇ ਬਾਵਜੂਦ ਅਛੂਤਾਂ ਨੂੰ ਹੱਕ ਹਾਸਲ ਕਰਨ ਲਈ ਬ੍ਰਾਹਮਣਵਾਦ ਨਾਲ ਬਹੁਤ ਲੰਮਾ ਸੰਘਰਸ਼ ਕਰਨਾ ਪਿਆ। ਕਾਨੂੰਨ ਅਨੁਸਾਰ ਸਮਾਨਤਾ ਦਾ ਹੱਕ ਲੈ ਲਈ ਸੰਘਰਸ਼ ਕਰਦੇ ਹਜ਼ਾਰਾਂ ਅਛੂਤ ਬ੍ਰਾਹਮਣਵਾਦ ਨਾਲ ਲੜਦੇ ਸ਼ਹੀਦ ਹੋਏ, ਸੰਘਰਸ਼ੀ ਅਛੂਤ ਲੋਕ 99% ਸ਼ਹੀਦ ਅੱਜ ਵੀ ਗੁੰਮਨਾਮ ਹਨ।

### ਕਿਸਮਤ ਵਿੱਚ ਵਿਸ਼ਵਾਸ ਨਾ ਕਰੋ, ਆਪਣੀ ਤਾਕਤ ਵਿੱਚ ਵਿਸ਼ਵਾਸ ਕਰੋ

18 ਫਰਵਰੀ 1933 ਸ਼ਨੀਵਾਰ ਨੂੰ ਕਸਾਰਾ ਵਿਖੇ ਠਾਣੇ ਜ਼ਿਲ੍ਹਾ ਕਾਨਫਰੰਸ ਹੋਈ। ਡਾ. ਬੀ. ਆਰ. ਅੰਬੇਡਕਰ ਨੇ ਕਾਨਫਰੰਸ ਦੀ ਪ੍ਰਧਾਨਗੀ ਕੀਤੀ। ਡਾ. ਅੰਬੇਡਕਰ ਬੰਬਈ ਤੋਂ ਕਾਰ ਰਾਹੀਂ ਰਾਤ 8 ਵਜੇ ਕਸਾਰਾ ਪਹੁੰਚੇ।

ਟੈਂਪਲ ਐਂਟਰੀ ਬਿੱਲ 'ਤੇ ਆਪਣਾ ਬਿਆਨ ਜਾਰੀ ਕਰਨ ਤੋਂ ਬਾਅਦ, ਡਾ. ਅੰਬੇਡਕਰ ਨੇ ਆਪਣੇ ਲੋਕਾਂ ਦੇ ਅਧਿਆਤਮਿਕ ਚਰਿੱਤਰ ਅਤੇ ਅੰਧ-ਵਿਸ਼ਵਾਸਾਂ ਦੇ ਵਿਰੁੱਧ ਪ੍ਰਚਾਰ ਕੀਤਾ ਜਿਸ ਨੇ ਉਨ੍ਹਾਂ ਨੂੰ ਯੁਗਾਂ ਤੋਂ ਅਛੂਤ ਅਤੇ ਭ੍ਰਿਸ਼ਟ ਕਰ ਦਿੱਤਾ ਸੀ। ਉਸ ਨੇ ਉਨ੍ਹਾਂ ਦੇ ਮਨਾਂ ਨੂੰ ਪ੍ਰਭਾਵਿਤ ਕੀਤਾ।

### ਅਛੂਤਾਂ ਲਈ ਰੋਟੀ,



### ਪਰਮੇਸ਼ਰ ਦੀ ਉਪਾਸਨਾ ਤੋਂ ਉਪਰ

ਉਨ੍ਹਾਂ ਨੇ ਕਿਹਾ ਕਿ ਅਛੂਤਾਂ ਦੇ ਲਈ ਰੋਟੀ ਪਰਮੇਸ਼ਰ ਦੀ ਉਪਾਸਨਾ ਨਾਲੋਂ ਚੰਗੀ ਸੀ। ਇਸ ਕਾਨਫਰੰਸ ਵਿੱਚ, ਉਸਨੇ ਅਛੂਤਾਂ ਨੂੰ ਕਿਹਾ: "ਅਸੀਂ ਹਿੰਦੂ ਧਰਮ ਵਿੱਚ ਬਰਾਬਰੀ ਚਾਹੁੰਦੇ ਹਾਂ। ਚਤੁਰ-ਵਰਣਵਾਦ ਵਿਵਸਥਾ ਨੂੰ ਜੜ੍ਹੋਂ ਪੁੱਟ ਦੇਣਾ ਚਾਹੀਦਾ ਹੈ। ਇਹ ਉਹ ਸਿਧਾਂਤ ਹੈ, ਜੋ ਉੱਚ ਵਰਗਾਂ ਨੂੰ ਅਮੀਰੀ ਸੁੱਖ ਸਾਧਨ ਅਤੇ ਨੀਵੇਂ ਵਰਗਾਂ ਗਰੀਬੀ, ਲਾਚਾਰੀ, ਗੁਲਾਮੀ, ਸ਼ੋਸ਼ਣ ਕਰਨ ਲਈ ਵਿਸ਼ੇਸ਼ ਅਧਿਕਾਰ ਦਿੰਦਾ ਹੈ।

ਹੇਠਲੇ ਵਰਗਾਂ ਲਈ ਹੁਣ ਸ਼ੋਸ਼ਣ ਖਤਮ ਹੋਣਾ ਚਾਹੀਦਾ ਹੈ। ਬ੍ਰਿਟਿਸ਼ ਸਰਕਾਰ ਵਿਦੇਸ਼ੀ ਸਰਕਾਰ ਹੈ; ਅਤੇ ਇਸ ਲਈ ਸਾਡੀਆਂ ਸਥਿਤੀਆਂ ਵਿੱਚ ਬਹੁਤ ਜ਼ਿਆਦਾ ਤਰੱਕੀ ਹੋ ਸਕਦੀ ਹੈ। ਆਪਸੀ ਮਤਭੇਦ ਖਤਮ ਕਰੋ, ਇਹ ਤਬਾਹੀ ਦਾ ਰਾਹ ਹੈ। ਸਥਿਤੀ ਅਤੇ ਆਲੇ-ਦੁਆਲੇ ਦਾ ਅਧਿਐਨ ਆਪਣੀਆਂ ਅੱਖਾਂ ਨਾਲ ਕਰੋ। ਇਹ ਨਾ ਭੁੱਲੋ ਕਿ ਮਹਾਡ ਅਤੇ ਨਾਸਿਕ ਵਿੱਚ ਤੁਸੀਂ ਲੜਾਈ ਜਿੱਤ ਕੇ ਕਿ ਤੁਸੀਂ ਕੀ ਰਾਜਨੀਤਿਕ ਰੁਤਬਾ ਪ੍ਰਾਪਤ ਕਰਨ ਜਾ ਰਹੇ ਹੋ।

### "ਤੁਸੀਂ ਜੋ ਗੁਆਇਆ, ਦੂਜਿਆਂ ਨੇ ਹਾਸਲ ਕਰ ਲਾਭ ਲਿਆ ਹੈ"

ਉਸਨੇ ਅੱਗੇ ਕਿਹਾ, "ਤੁਸੀਂ ਜੋ ਗੁਆਇਆ ਹੈ, ਦੂਜਿਆਂ ਨੇ ਹਾਸਲ ਕੀਤਾ ਹੈ"। ਤੁਹਾਡੀ ਬੇਇੱਜ਼ਤੀ ਦੂਜਿਆਂ ਨਾਲ ਮਾਣ ਵਾਲੀ ਗੱਲ ਹੈ। ਤੁਹਾਨੂੰ ਇੱਛਾਵਾਂ ਮਾਰ ਲੈਣ ਅਤੇ ਅਪਮਾਨ ਸਹਿਣ ਲਈ ਬਣਾਇਆ ਗਿਆ ਹੈ। ਇਹ, ਇਸ ਲਈ ਨਹੀਂ ਕਿ ਇਹ ਤੁਹਾਡੇ ਪਿਛਲੇ ਜਨਮ ਦੇ ਕੀਤੇ ਗਏ ਪਾਪਾਂ ਦੁਆਰਾ ਪਹਿਲਾਂ ਤੋਂ ਨਿਰਧਾਰਤ ਕੀਤਾ ਗਿਆ ਸੀ।

ਇਹ ਉਨ੍ਹਾਂ ਲੋਕਾਂ ਨੇ ਜ਼ਬਰ ਜ਼ੁਲਮ ਅਤੇ ਧੋਖਾ ਕਰਨ ਲਈ ਬਣਾਇਆ ਜੋ ਤੁਹਾਡੇ ਤੋਂ ਉੱਪਰ ਹਨ। ਤੁਹਾਡੇ ਕੋਲ ਕੋਈ ਜ਼ਮੀਨ ਨਹੀਂ ਹੈ ਕਿਉਂਕਿ ਦੂਜਿਆਂ ਨੇ ਉਨ੍ਹਾਂ ਨੂੰ ਹੜੱਪ ਲਿਆ ਹੈ: ਤੁਹਾਡੇ ਕੋਲ ਕੋਈ ਔਹਦਾ ਨਹੀਂ ਹੈ ਕਿਉਂਕਿ ਦੂਜਿਆਂ ਨੇ ਉਨ੍ਹਾਂ 'ਤੇ ਏਕਾਧਿਕਾਰ ਕੀਤਾ ਹੋਇਆ ਹੈ। ਇਹ ਸਭ ਪ੍ਰਾਪਤ ਕਰਨ ਲਈ ਤੁਸੀਂ ਕਿਸਮਤ ਵਿੱਚ ਵਿਸ਼ਵਾਸ ਨਾ ਕਰੋ, ਤੁਸੀਂ ਆਪਣੀ ਤਾਕਤ ਵਿੱਚ ਵਿਸ਼ਵਾਸ ਕਰੋ।

### ਦੇਵਤਾਵਾਂ ਅਤੇਰਹਿਬਰਾਂ ਉੱਤੇ ਨਿਰਭਰਤਾ ਦਾ ਤਿਆਗ ਕਰੋ

ਅਛੂਤਾਂ ਦੀ ਮੀਟਿੰਗ "ਸ਼ਨੀਵਾਰ ਨੂੰ, 4 ਮਾਰਚ 1933 ਨੂੰ ਰਾਤ 9.30 ਵਜੇ ਜੀ.ਆਈ.ਪੀ. ਰੇਲਵੇ ਕੁਆਰਟਰਜ਼, ਬੰਬੇ ਸੈਂਡੋਹਰਸਟ ਰੋਡ ਨੇੜੇ ਹੋਈ। ਦਿਵਾਕਰ ਪਗਾਰੇ ਨੇ ਡਾ. ਅੰਬੇਡਕਰ ਦੇ ਸਨਮਾਨ ਵਿੱਚ ਸੰਬੋਧਨ ਕੀਤਾ, ਜਿਸ ਉੱਤੇ 85 ਵਿਅਕਤੀਆਂ ਦੁਆਰਾ ਦਸਤਖ਼ਤ ਕੀਤੇ ਗਏ ਸਨ। ਸੰਬੋਧਨ ਦਾ ਜਵਾਬ ਦਿੰਦੇ ਹੋਏ, ਡਾ. ਅੰਬੇਡਕਰ ਨੇ ਕਿਹਾ, ਲੇਡੀਜ਼ ਐਂਡ ਜੈਂਟਲਮੈਨ, "ਤੁਹਾਡੇ ਵੱਲੋਂ ਮੈਨੂੰ ਪੇਸ਼ ਕੀਤੇ ਗਏ ਸੰਬੋਧਨ ਲਈ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਇਹ ਸੰਬੋਧਨ ਮੇਰੇ ਕੰਮ ਅਤੇ ਗੁਣਾਂ ਬਾਰੇ ਉੱਤਮਤਾ ਨਾਲ ਭਰਿਆ ਹੋਇਆ ਹੈ। ਭਾਵ ਤੁਸੀਂ ਆਪਣੇ ਵਰਗੇ ਆਮ ਆਦਮੀ ਨੂੰ ਦੇਵਤਾ ਬਣਾ ਰਹੇ ਹੋ।

ਨਾਇਕ-ਪੂਜਾ ਦੇ ਇਹ ਵਿਚਾਰ ਤੁਹਾਡੇ ਲਈ ਬਰਬਾਦੀ ਲਿਆਉਂਦੇ ਹਨ ਜੇਕਰ ਤੁਸੀਂ ਇਨ੍ਹਾਂ ਨੂੰ ਵਿਚਾਰਾਂ ਨੂੰ ਖਤਮ ਨਹੀਂ ਕਰਦੇ, ਅਜਿਹਾ ਕਰਨ ਨਾਲ ਹਰ ਇੱਕ ਮਨੁੱਖ ਦਾ ਆਤਮ ਵਿਸ਼ਵਾਸ ਕਮਜ਼ੋਰ ਹੁੰਦਾ ਹੈ, ਅਜਿਹਾ ਕਰਨ ਨਾਲ ਤੁਸੀਂ ਆਪਣੀ ਸ਼ਕਤੀ ਨੂੰ ਕਮਜ਼ੋਰ ਕਰਦੇ ਹੋ, ਆਪਣੇ ਆਪ ਉੱਤੇ ਜ਼ਿੰਮੇਵਾਰੀ ਲੈਣ ਵਾਲੀ ਭਾਵਨਾ ਨੂੰ ਕਮਜ਼ੋਰ ਕਰਕੇ ਕਿਸੇ ਦੂਜੇ ਦੇ ਮੋਢਿਆਂ ਉੱਤੇ ਭਾਰ ਪਾ ਆਪਣੇ ਆਪ ਨੂੰ ਇੱਕ ਸੁਰਖਿਅਤ ਘਰ ਵਿਚ ਬੈਠੇ ਮਹਿਸੂਸ ਕਰਦੇ ਹੋ।

ਅਜਿਹਾ ਕਰਕੇ ਤੁਸੀਂ ਕਿਸੇ ਵਿਅਕਤੀ ਨੂੰ ਦੇਵਤਾ ਬਣਾ ਕੇ, ਆਪਣੀ ਸੁਰੱਖਿਆ ਅਤੇ ਮੁਕਤੀ ਲਈ ਇੱਕ ਇਕੱਲੇ ਵਿਅਕਤੀ ਵਿੱਚ ਵਿਸ਼ਵਾਸ ਪੈਦਾ ਕਰਦੇ ਹੋ ਜਿਸ ਦੇ ਨਤੀਜੇ ਵਜੋਂ ਤੁਸੀਂ ਨਿਰਭਰਤਾ ਦੀ ਆਦਤ ਵਿੱਚ ਪੈ ਜਾਂਦੇ ਹੋ ਅਤੇ ਆਪਣੇ ਫਰਜ਼ ਪ੍ਰਤੀ ਉਦਾਸੀਨ ਹੋ ਜਾਂਦੇ ਹੋ।

ਜੇਕਰ ਤੁਸੀਂ ਇਹਨਾਂ ਵਿਚਾਰਾਂ ਦਾ ਸ਼ਿਕਾਰ ਹੋ ਜਾਂਦੇ ਹੋ, ਤਾਂ ਤੁਹਾਡਾ ਭਵਿੱਖ ਅਤੇ ਕਿਸਮਤ ਲੱਕੜ ਦੇ ਢੇਰ ਨਾਲੋਂ ਬਿਹਤਰ ਨਹੀਂ ਹੋਵੇਗੀ। ਤੁਹਾਡਾ ਕੀਤਾ ਕਰਮ ਅਤੇ ਸੰਘਰਸ਼ ਵਿਅਰਥ ਜਾਵੇਗਾ।" "ਇਨ੍ਹਾਂ ਚੀਜ਼ਾਂ ਨੂੰ ਨਜ਼ਰਅੰਦਾਜ਼ ਨਾ ਕਰੋ," ਉਸਨੇ ਅੱਗੇ ਕਿਹਾ, "ਰਾਜਨੀਤਿਕ ਅਧਿਕਾਰ, ਨਵੇਂ ਯੁੱਗ ਨੇ ਤੁਹਾਨੂੰ ਪ੍ਰਦਾਨ ਕੀਤਾ ਹੈ। ਤੁਹਾਡੀ ਪੂਰੀ ਜਮਾਤ ਨੂੰ ਹੁਣ ਤੱਕ ਲਤਾੜਿਆ ਗਿਆ ਸੀ ਕਿਉਂਕਿ ਤੁਸੀਂ ਬੇਬਸੀ ਦੇ ਵਿਚਾਰਾਂ ਨਾਲ ਭਰੇ ਹੋਏ ਸੀ।

ਮੈਂ ਇਹ ਚੰਗੀ ਤਰਾਂ ਸਮਝ ਸਕਦਾ ਹਾਂ ਕਿ ਕਿਸੇ ਮਨੁੱਖ ਦੀ ਨਾਇਕ-ਪੂਜਾ, ਦੇਵਤਾ- ਦੇਵੀਕਰਨ ਅਤੇ ਕਰਤਵ ਦੀ ਅਣਦੇਖੀ ਦੇ ਇਨ੍ਹਾਂ ਵਿਚਾਰਾਂ ਨੇ ਹਿੰਦੂ ਸਮਾਜ ਨੂੰ ਬਰਬਾਦ ਕਰ ਦਿੱਤਾ ਹੈ ਅਤੇ ਇਹ ਸਭ ਸਾਡੇ ਦੇਸ਼ ਦੇ ਪਤਨ ਲਈ ਜ਼ਿੰਮੇਵਾਰ ਹਨ।

"ਦੂਜੇ ਦੇਸ਼ਾਂ ਵਿੱਚ," ਉਸਨੇ ਦੇਖਿਆ। "ਇੱਕ ਰਾਸ਼ਟਰੀ ਬਿਪਤਾ ਦੌਰਾਨ ਅਤੇ "ਕੌਮੀ ਬਿਪਤਾ ਅਤੇ ਸੰਕਟ ਦੌਰਾਨ ਲੋਕ ਰਾਸ਼ਟਰੀ ਬਿਪਤਾ ਦੇ ਵਿਰੁੱਧ ਇੱਕ ਜੁੱਟ ਹੋ ਕੇ ਕਾਰਵਾਈ ਕਰਦੇ ਹਨ, ਖ਼ਤਰੇ ਤੋਂ ਬਚਦੇ ਹਨ, ਅਤੇ ਸ਼ਾਂਤੀ ਅਤੇ ਖੁਸ਼ਹਾਲੀ ਪ੍ਰਾਪਤ ਕਰਦੇ ਹਨ।

ਪਰ ਸਾਡੇ ਧਰਮ ਦੇ ਠੇਕੇਦਾਰਾਂ ਨੇ ਸਾਡੇ ਕੰਨਾਂ ਵਿੱਚ ਇਹ ਢੋਲ ਵਜਾ-ਵਜਾ ਕੇ ਭਰ ਦਿੱਤਾ ਗਿਆ ਹੈ ਕਿ ਮਨੁੱਖ ਕੁਝ ਨਹੀਂ ਕਰਦਾ। ਉਹ ਇੱਕ ਬੇਸਹਾਰਾ ਇਕ ਮੈਦਾਨ ਵਿੱਚ ਅਸਮਾਨ ਵੱਲ ਮੂੰਹ ਖੁੱਲ੍ਹਾ ਕਰਕੇ ਖੜਾ ਹੈ ਅਤੇ ਰਾਸ਼ਟਰੀ ਬਿਪਤਾ ਦੇ ਸਮੇਂ ਕਿਸੇ ਦੇਵਤਾ ਦੇ ਰੂਪ ਵਿੱਚ ਜ਼ਮੀਨ ਉੱਤੇ ਹੇਠਾਂ ਉਤਰੇਗਾ ਹੈ ਅਤੇ ਸਾਨੂੰ ਖ਼ਤਰੇ ਤੋਂ ਬਚਾਵੇਗਾ! ਨਤੀਜਾ ਇਹ ਹੈ ਕਿ ਉਹ ਆਪਣੇ ਦੁਸ਼ਮਣਾਂ ਦੇ ਵਿਰੁੱਧ ਇੱਕਜੁੱਟ ਕਾਰਵਾਈ ਕਰਨ ਦੀ ਬਜਾਏ, ਇਹ ਕੰਮ ਕਰਨ ਲਈ ਇੱਕ ਅਵਤਾਰ ਦੇ ਆਉਣ ਦੀ ਉਡੀਕ ਕਰਦੇ ਹਨ। ਹਰ ਨੇਤਾ ਨੂੰ ਦੇਵਤਾ ਅਤੇ ਅਵਤਾਰ ਦੇ ਰੂਪ ਵਿੱਚ ਦੇਖਣ ਦੇ ਆਦੀ ਹੋ ਗਏ ਹਾਂ, ਖ਼ਤਰੇ ਤੋਂ ਬਚਣ ਲਈ ਹਨ, ਬਰਾਬਰ ਦੀ ਤਾਕਤ ਨਾਲ ਹਿੱਸੇਦਾਰ ਨਹੀਂ ਬਣਦੇ। ( ਉਧਾਰਨ ਲਈ ਸਾਡੀ ਮਾਨਸਿਕਤਾ ਲਈ ਜਮਲੇ ਜੱਟ ਦਾ ਗਾਣਾ ਢੁੱਕਵਾਂ ਕਿਹਾ ਜਾ ਸਕਦਾ ਹੈ; "ਸਤਿ ਗੁਰ ਨਾਨਕ ਆ ਜਾ, ਦੁਨੀਆ ਨੂੰ ਦੀਦ ਦਿਖਾ ਜਾ ਸੰਗਤ ਪਈ ਪੁਕਾਰਦੀ, ਤੇਰੇ ਹੱਥ ਵਿੱਚ ਚਾਬੀ ਉਹ ਦਾਤਾ ਸਾਰੇ ਸੰਸਾਰ ਦੀ)

### ਤੁਹਾਡੀ ਮੁਕਤੀ ਰਾਜਨੀਤਿਕ ਸ਼ਕਤੀਆਂ ਵਿੱਚ ਮੁਕਤੀ

ਬਾਬਾ ਸਾਹਿਬ ਕਹਿੰਦੇ ਹਨ; "ਤੁਹਾਨੂੰ ਤੁਹਾਡੀ ਆਪਣੀ ਗੁਲਾਮੀ ਨੂੰ ਖੁਦ ਹੀ ਖਤਮ ਕਰਨਾ ਚਾਹੀਦਾ ਹੈ। ਇਸ ਦੇ ਖਾਤਮੇ ਲਈ ਰੱਬ ਜਾਂ ਸੁਪਰਮੈਨ 'ਤੇ ਨਿਰਭਰ ਨਾ ਹੋਵੋ। ਤੁਹਾਡੀ ਮੁਕਤੀ ਰਾਜਨੀਤਿਕ ਸ਼ਕਤੀ ਵਿੱਚ ਹੈ ਨਾ ਕਿ ਤੀਰਥ ਯਾਤਰਾ ਕਰਨ ਅਤੇ ਵਰਤ ਰੱਖਣ, ਧੂਫ਼-ਬੱਤੀਆਂ ਕਰਨ, ਪੂਜਾ-ਪਾਠ, ਮੰਤਰ ਉਚਾਰਨ ਵਰਗੇ ਕੰਮ ਕਰਨ ਵਿੱਚ ਨਹੀਂ। ਹਮਲਾਵਰਾਂ ਤੋਂ ਬਚਣ ਲਈ ਬ੍ਰਾਹਮਣਾਂ ਦੇ ਹਵਨ ਅਤੇ ਜੱਗ ਕੀਤੇ ਸਨ, ਫਿਰ ਵੀ ਉੱਤਰ ਭਾਰਤ ਤੋਂ ਆਏ ਹਮਲਾਵਰਾਂ ਤੋਂ ਆਏ ਹਿੰਦੂਆਂ ਦੇ ਮੰਦਰਾਂ ਦੇ ਸੋਨੇ ਅਤੇ ਹੋਰ ਕੀਮਤੀ ਸਮਾਨ ਲੁੱਟਣ ਤੋਂ ਨਹੀਂ ਬਚਾ ਸਕੇ ਸਨ। ਹਿੰਦੂ ਸ਼ਾਸਤਰਾਂ ਦੇ ਪ੍ਰਤੀ ਸ਼ਰਧਾ, ਅਤੇ ਵਿਵਸਥਾ ਤੁਹਾਨੂੰ ਤੁਹਾਡੀ ਗੁਲਾਮੀ ਤੋਂ ਮੁਕਤ ਨਹੀਂ ਕਰਾਵੇਗੀ।

ਬੰਧਨ, ਗਰੀਬੀ ਅਤੇ ਗੁਲਾਮੀ ਵਿੱਚ ਤੁਹਾਡੇ ਪਿਉ-ਦਾਦੇ ਤੋਂ ਹੀ ਪੀੜ੍ਹੀ ਦਰ ਪੀੜ੍ਹੀ ਇਹ ਕੰਮ ਕਰਦੇ ਆ ਰਹੇ ਹਨ, ਪਰ ਤੁਹਾਡੇ ਦੁਖੀ ਜੀਵਨ ਵਿੱਚ ਕਿਸੇ ਵੀ ਤਰ੍ਹਾਂ ਨਾਲ ਕੋਈ ਰਾਹਤ ਜਾਂ ਮਾਮੂਲੀ ਫਰਕ ਨਹੀਂ ਆਇਆ। ਆਪਣੇ ਪਿਉ-ਦਾਦਿਆਂ ਵਾਂਗ, ਤੁਸੀਂ ਚੀਥੜੇ ਪਾਉਂਦੇ ਹੋ। ਉਨ੍ਹਾਂ ਵਾਂਗ, ਤੁਸੀਂ ਸੁੱਟੇ ਹੋਏ ਟੁਕੜਿਆਂ ਉੱਤੇ ਨਿਰਭਰ ਰਹਿੰਦੇ ਹੋ, ਉਹਨਾਂ ਵਾਂਗ, ਤੁਸੀਂ ਪੂਰੀ ਤਰ੍ਹਾਂ ਝੁੱਗੀਆਂ-ਝੌਂਪੜੀਆਂ ਵਿੱਚ ਪੈਦਾ ਹੁੰਦੇ ਹੋ ਉਹਨਾਂ ਵਿੱਚ ਹੀ ਮਰ ਜਾਂਦੇ ਹੋ; ਅਤੇ ਉਹਨਾਂ ਵਾਂਗ, ਹੀ ਤੁਸੀਂ ਬਿਮਾਰੀਆਂ ਨਾਲ ਮੌਤ ਦੇ ਅਸਾਨੀ ਨਾਲ ਸ਼ਿਕਾਰ ਹੋ ਜਾਂਦੇ ਹੋ ਜਿਵੇਂ ਬਿਮਾਰੀ ਕਿਸੇ ਪੋਲਟਰੀ ਫਾਰਮ ਵਿੱਚ ਫੈਲਦੀ ਹੈ। ਤੁਹਾਡੇ ਆਪਣੇ ਆਪ ਨੂੰ ਕਸ਼ਟ ਦੇਣ ਵਾਲੇ ਕਰਮ ਜਿਵੇਂ ਧਾਰਮਿਕ ਵਰਤ, ਧਰਮ ਅਧਾਰਤ ਸਰੀਰ ਤਪੱਸਿਆ ਅਤੇ ਮਾਨਸਿਕ ਕਸ਼ਟਾਂ ਨੇ ਤੁਹਾਨੂੰ ਭੁੱਖਮਰੀ ਤੋਂ ਨਹੀਂ ਬਚਾਇਆ।"

### ਸੱਤਾ ਹੀਣਤਾ, ਗੁਲਾਮੀ ਦਾ ਕਾਰਨ

ਤੁਸੀਂ ਭਾਰਤ ਦੇ ਮੂਲਨਿਵਾਸੀ ਹੋ, ਤੁਹਾਡੇ ਪੂਰਵਜ ਭਾਰਤ ਦੇ ਮਾਲਕ ਅਤੇ ਭਾਰਤ ਦੇ ਰਾਜੇ ਅਤੇ ਸੱਤਾਧਾਰੀ ਰਹੇ ਹੋ। ਬਾਹਰੀ ਹਮਲਾਵਰਾਂ ਨੇ ਤੁਹਾਡੇ ਕੋਲੋਂ ਰਾਜਸੱਤਾ ਖੋਹ ਕਿ ਤੁਹਾਨੂੰ ਗੁਲਾਮ ਬਣਾਇਆ ਹੈ।

ਰਾਜਸੱਤਾ ਹੀ ਤੁਹਾਨੂੰ ਗੁਲਾਮੀ ਗਰੀਬੀ ਤੋਂ ਛੁਟਕਾਰਾ ਦਵਾ ਸਕਦੀ ਹੈ। ਜਿਸ ਤਰਾਂ ਮੌਜੂਦਾ ਸਮੇਂ "ਇਹ ਵਿਧਾਨ ਸਭਾ ਦਾ ਫਰਜ਼ ਹੈ," "ਤੁਹਾਡਾ ਭੋਜਨ, ਕੱਪੜਾ, ਮਕਾਨ, ਸਿੱਖਿਆ, ਦਵਾਈ ਅਤੇ ਰੋਜ਼ੀ-ਰੋਟੀ ਕਮਾਉਣ ਦੇ ਸਾਰੇ ਸਾਧਨ ਮੁਹੱਈਆ ਕਰਨਾ। ਕੋਈ ਵੀ ਕਾਨੂੰਨ ਬਣਾਉਣ ਅਤੇ ਇਸ ਨੂੰ ਲਾਗੂ ਕਰਨ ਦਾ ਕੰਮ ਤੁਹਾਡੀ ਸਹਿਮਤੀ, ਮਦਦ ਅਤੇ ਨਾਲ ਕੀਤਾ ਜਾਣਾ ਚਾਹੀਦਾ ਹੈ

### ਧਿਆਨ ਪੂਜਾ-ਪਾਠ ਹਟਾ ਸੱਤਾ ਹਾਸਲ ਕਰਨ ਲਈ ਲਾਓ

ਸੰਖੇਪ ਵਿੱਚ ਡਾ. ਅੰਬੇਡਕਰ ਦਾ ਕਹਿਣਾ ਸੀ, ਸੱਤਾ ਅਤੇ ਕਾਨੂੰਨ ਸਾਰੇ ਸੰਸਾਰਿਕ ਸੁੱਖਾਂ ਦਾ ਨਿਵਾਸ ਹੈ। ਤੁਸੀਂ ਕਾਨੂੰਨ ਬਣਾਉਣ ਦੀ ਸ਼ਕਤੀ ਨੂੰ ਹਾਸਲ ਕਰੋ। ਇਸ ਲਈ ਤੁਹਾਡਾ ਫਰਜ਼ ਬਣਦਾ ਹੈ ਕਿ ਤੁਸੀਂ ਆਪਣਾ ਧਿਆਨ ਵਰਤ, ਪੂਜਾ-ਪਾਠ ਅਤੇ ਤਪੱਸਿਆ ਤੋਂ ਹਟਾ ਕੇ ਕਾਨੂੰਨ ਬਣਾਉਣ ਦੀ ਸ਼ਕਤੀ ਨੂੰ ਹਾਸਲ ਕਰਨ ਲਈ ਲਗਾਉ। ਇਸ ਤਰੀਕੇ ਨਾਲ ਤੁਹਾਡੇ ਸਮਾਜ ਦੀ ਗਰੀਬੀ ਅਤੇ ਗੁਲਾਮੀ ਦੂਰ ਹੋ ਸਕਦੀ ਹੈ। ਇਸ ਤਰ੍ਹਾਂ ਤੁਹਾਡੀ ਭੁੱਖ ਖਤਮ ਹੋ ਜਾਵੇਗੀ।

ਯਾਦ ਰੱਖੋ ਕਿ ਇਹ ਕਾਫ਼ੀ ਨਹੀਂ ਹੈ ਕਿ ਲੋਕ ਸੰਖਿਆਤਮਕ ਤੌਰ 'ਤੇ ਬਹੁਗਿਣਤੀ ਵਿੱਚ ਹੋਣ। ਸਫਲਤਾ ਪ੍ਰਾਪਤ ਕਰਨ ਅਤੇ ਬਰਕਰਾਰ ਰੱਖਣ ਲਈ ਤੁਹਾਨੂੰ ਹਮੇਸ਼ਾ ਚੌਕਸ, ਮਜ਼ਬੂਤ, ਪੜ੍ਹੇ-ਲਿਖੇ ਅਤੇ ਸਵੈ-ਮਾਣ ਵਾਲੇ ਹੋਣਾ ਚਾਹੀਦਾ ਹੈ।"!

### ਸੰਵਿਧਾਨ, ਨੈਤਿਕਤਾ ਦਾ ਪਾਠ ਨਹੀਂ ਪੜ੍ਹਾਉਂਦਾ

1947 ਦੀ ਸੱਤਾ ਬਦਲੀ, ਪਰ ਇਸ ਦੇ 20 ਸਾਲ ਪਹਿਲਾਂ ਤੋਂ ਹੀ ਰਾਜਨੀਤਿਕ ਸੱਤਾ ਅਤੇ ਸਮਾਜਿਕ ਵਿਵਸਥਾ ਬ੍ਰਾਹਮਣਵਾਦੀਆਂ ਦੇ ਹੱਥਾਂ ਵਿੱਚ ਸੀ। ਮੁਸਲਿਮ ਲੀਗ ਦਾ ਦਰਦ ਵੀ ਇਹੋ ਸੱਤਾ ਤੋਂ ਦੂਰੀ ਹੀ ਸੀ।

ਭਾਰਤ ਤੋਂ ਅੰਗਰੇਜ਼ ਅਤੇ ਮੁਸਲਮਾਨਾਂ ਦੇ ਬਾਹਰ ਹੋ ਜਾਣ ਬਾਅਦ ਸੱਤਾਧਾਰੀ ਬਣੇ ਬ੍ਰਾਹਮਣਵਾਦੀਆਂ ਨੇ 1947 ਤੋਂ 1950 ਦੇ ਪਹਿਲੇ 3 ਸਾਲਾਂ ਵਿੱਚ ਸੰਵਿਧਾਨ ਬਣਨ ਅਤੇ ਲਾਗੂ ਹੋਣ ਤੋਂ ਪਹਿਲਾਂ ਮੁੱਖ ਅਤੇ ਪ੍ਰਮੁੱਖ ਔਹਦਿਆਂ ਉੱਤੇ ਆਪਣੇ ਖਾਸ ਜਾਤੀ ਵਰਗ ਦੇ ਲੋਕਾਂ ਨੂੰ ਤਾਇਨਾਤ ਕਰਕੇ ਸਾਸ਼ਨ ਅਤੇ ਪ੍ਰਸ਼ਾਸਨ ਉੱਤੇ ਮਜ਼ਬੂਤ ਪਕੜ ਅਤੇ ਜਕੜ ਬਣਾ ਲਈ ਸੀ। ਸੰਵਿਧਾਨ ਲਾਗੂ ਹੋਣ ਦੇ ਬਾਅਦ ਉਹਨਾਂ ਖਾਸ ਲੋਕਾਂ ਨੇ ਸੰਵਿਧਾਨ ਦਾ ਚੋਲਾ ਧਾਰਨ ਕਰ ਕੇ ਬ੍ਰਾਹਮਣਵਾਦੀ ਵਿਵਸਥਾ ਨੂੰ ਹਮੇਸ਼ਾ ਪੱਕਾ ਕੀਤਾ ਜਾਂਦਾ ਰਿਹਾ ਹੈ।

ਭਾਰਤੀ ਸੰਵਿਧਾਨ ਲੋਕਤੰਤਰ ਢੰਗ ਰਾਹੀਂ ਸ਼ਾਸਨ ਪ੍ਰਸ਼ਾਸਨ ਬਣਾਉਣ ਚਲਾਉਣ ਦਾ ਰਾਹ ਦੱਸਦਾ ਹੈ, ਸ਼ਾਸਨ ਪ੍ਰਸ਼ਾਸਨ ਚਲਾਉਣ ਵਾਲੇ ਮਨੁੱਖ ਨੂੰ ਨੈਤਿਕ ਜ਼ਿੰਮੇਵਾਰ ਬਣਾਉਣ ਲਈ ਅਤੇ ਬ੍ਰਾਹਮਣਵਾਦੀ ਵਿਤਕਰੇਵਾਦੀ ਮਾਨਸਿਕਤਾ ਨੂੰ ਬਦਲਣ ਦਾ ਰੋਲ ਨਿਭਾਉਣ ਦੇ ਯੋਗ ਸਿੱਧ ਨਹੀਂ ਹੋ ਪਾਇਆ।

1947 ਤੋਂ ਪਹਿਲਾਂ ਬ੍ਰਾਹਮਣਵਾਦੀ ਅਸਮਾਨਤਾਵਾਦੀ ਮਾਨਸਿਕਤਾ ਨੂੰ ਅੰਗਰੇਜ਼ਾਂ ਦੇ ਮਾਨਵਤਾਵਾਦੀ ਸਮਾਨਤਾਵਾਦੀ ਪ੍ਰਬੰਧਨ ਲਈ ਕਾਨੂੰਨ ਲਾਗੂ ਕਰਾਉਣ ਦੇ ਢੰਗ ਕਾਰਨ ਡਰ ਰਹਿੰਦਾ ਸੀ। ਮੁਸਲਮਾਨ ਵੀ ਉਹਨਾਂ ਬ੍ਰਾਹਮਣਵਾਦੀਆਂ ਟੱਕਰ ਦਿੰਦੇ ਰਹਿੰਦੇ ਸਨ, ਉਹਨਾਂ ਦੋਨਾਂ ਦੇ ਚਲੇ ਜਾਣ ਦੇ ਬਾਅਦ ਬ੍ਰਾਹਮਣਵਾਦ ਅਜ਼ਾਦ ਹੋਇਆ ਮਨ ਮਾਨੇ ਢੰਗ ਨਾਲ ਭ੍ਰਿਸ਼ਟਾਚਾਰੀ ਨਾਲ ਵਿਵਸਥਾ ਸਥਾਪਿਤ ਕਰਨ ਲਗਿਆ ਰਿਹਾ, ਅਛੂਤਾ ਸਮਾਜ ਨੂੰ ਨਾਲ ਲੈਣ ਦਾ ਡਰਾਮਾ ਕਰਨ ਲਈ ਕੁਝ ਸ਼ੂਦਰ ਸਮਾਜ ਦੇ ਗ਼ਦਾਰ ਲੋਕਾਂ ਦਾ ਸਾਥ ਲੈਂਦੇ ਰਹੇ ਹਨ। ਸਮੁੱਚੇ ਸਮਾਜ ਦੀ ਕਮਾਈ ਦਾ ਵੱਡਾ ਹਿੱਸਾ ਵਿੰਗੇ ਟੇਢੇ ਕਾਨੂੰਨੀ, ਸਰਕਾਰੀ ਵਿਵਸਥਾ ਦਾ ਲਾਭ ਲੈਣ ਨਾਲ ਉੱਚ ਵਰਗ ਦੇ ਵਰਨ, ਜਾਤੀਆਂ ਦੇ ਕੁਝ ਲੋਕਾਂ ਦੀਆਂ ਤਿਜੌਰੀਆਂ ਵਿੱਚ ਇੱਕਠਾ ਹੋਣਾ ਸ਼ੁਰੂ ਹੋਇਆ।

ਅੱਜ ਭਾਰਤ ਦਾ ਧਨ 40% ਧਨ ਭਾਰਤ ਦੇ 1% ਉੱਚ ਵਰਗ ਦੇ ਵਰਨ, ਜਾਤੀਆਂ ਦੇ ਕੋਲ ਜਮਾਂ ਹੈ, ਕਾਂਗਰਸ

(ਬਾਕੀ ਅਗਲੇ ਸਫੇ 'ਤੇ)

# ਕਿਰਤੀ ਸਮਾਜ ਦੀ ਦੁਰਦਸ਼ਾ

ਦੁਨੀਆ ਭਰ ਦੀ ਕਿਰਤੀ ਜਮਾਤ ਅਤੇ ਭੋਲ਼ੀ ਜਨਤਾ ਨੂੰ ਕੁਝ ਕੁ ਦੇਸ਼ਾਂ ਦੇ ਰਾਜਨੀਤਿਕ ਪ੍ਰਬੰਧਕਾਂ ਦੇ ਸਿਵਾਏ ਬਾਕੀ ਦੇਸ਼ਾਂ ਦੇ ਰਾਜਨੀਤਕ ਹਾਕਮਾਂ ਨੇ ਗੁੰਮਰਾਹ ਕਰਨ ਲਈ ਆਲਮੀ ਸਰਮਾਏਦਾਰੀ ਅੱਗੇ ਗੋਡੇ ਟੇਕ ਰੱਖੇ ਹੋਏ ਹਨ।

ਦੁਨੀਆ ਭਰ ਦੀ ਬਹੁਤਾਤ ਜਨਤਾ ਪੜ੍ਹਾਈ ਅਤੇ ਰੁਜ਼ਗਾਰ ਤੋਂ ਵਿਰਵੀ ਹੈ। ਇੰਝ ਕਹਿ ਸਕਦੇ ਹਾਂ ਕੁੱਲੀ, ਜੁੱਲੀ ਅਤੇ ਗੁੱਲੀ ਦੀਆਂ ਸੁਵਿਧਾਵਾਂ ਤੋਂ ਕੋਹਾਂ ਦੂਰ ਹੈ। ਸਮਾਜ ਨੂੰ ਨਿੱਜਵਾਦ ਦੀ ਭੱਠੀ ਵਿੱਚ ਝੋਕਿਆ ਜਾ ਰਿਹਾ ਹੈ। ਲੋਕਾਂ ਦਾ ਆਪਸੀ ਮੋਹ ਖ਼ਤਮ ਹੋ ਰਿਹਾ ਹੈ ਅਤੇ ਸਾਨੂੰ ਕੀ, ਦੀ ਜ਼ਹਿਰਲੀ ਸੋਚ ਦਾ ਭੰਡੀ ਪ੍ਰਚਾਰ ਹੋ ਰਿਹਾ। ਕਿਰਤੀ ਸਮਾਜ ਨੂੰ ਆਟਾ, ਚੌਲ ਅਤੇ ਦਾਲਾਂ ਵੰਡੀਆਂ ਜਾ ਰਹੀਆਂ ਹਨ ਪਰ ਰੁਜ਼ਗਾਰ ਦੇ ਮੌਕੇ ਪ੍ਰਦਾਨ ਨਹੀਂ ਕੀਤੇ ਜਾ ਰਹੇ । ਹੱਕ- ਹਕੂਕਾਂ ਵਾਰੇ ਜਾਗਰੂਕ ਕਰ ਰਹੇ ਸੰਗਰਾਮੀਆਂ ਨੂੰ ਲੋੜਵੰਦ ਵੀ ਅੱਖੋਂ ਪਰੋਖ਼ੇ ਕਰ ਰਹੇ ਹਨ। ਸਰਮਾਏਦਾਰੀ ਦੇ ਪਿੱਠੂ ਰਾਜਨੀਤੀਵਾਨ ਲੋੜਵੰਦ ਬੇਰੁਜ਼ਗਾਰ ਕਿਰਤੀ ਜਮਾਤ ਨੂੰ ਝੂਠ ਦੇ ਦਿਲਾਸੇ ਦਿੰਦੇ ਹਨ ਅਤੇ ਚਮਕੀਲੀ ਆਸ ਨਾਲ ਚੁੰਧਿਆਏ ਰੱਖਣ ਦੀਆਂ ਚਾਲਾਂ ਖੇਡ ਰਹੇ ਹਨ। ਹਿੰਦੋਸਤਾਨ ਜੋ 145 ਕਰੋੜ ਦੀ ਅਬਾਦੀ ਦਾ ਦੇਸ਼ ਹੈ ਬਹੁਤ ਵੱਡੀ ਮੰਡੀ ਹੈ। ਮੌਕੇ ਦਾ ਹਾਕਮ ਜੋ ਬਿਨਾ ਸੋਚਿਆਂ ਸਮਝਦਿਆਂ ਦੇਸ਼ ਦੇ ਪਬਲਿਕ ਸੈਕਟਰ ਨੂੰ ਪ੍ਰਾਈਵੇਟ ਹੱਥਾਂ ਦੇ ਵਿੱਚ ਵੇਚ ਰਿਹਾ ਹੈ ਅਤੇ ਬਦੇਸ਼ੀ ਕਾਰਪੋਰੇਟਸ ਨੂੰ ਦੇਸ਼ ਵਿੱਚ ਸਰਮਾਇਆ ਲਾਉਣ ਲਈ ਅੱਖਾਂ ਮੀਟ ਦਸਤਖ਼ਤ ਕਰੀ ਜਾ ਰਿਹਾ ਹੈ। ਯਾਦ ਰਹੇ, ਸੰਨ 1600 ਨੂੰ ਲੰਡਨ ਦੇ ਵਪਾਰੀਆਂ /ਸੁਦਾਗਰਾਂ ਨੇ ਇੰਗਲੈਂਡ ਦੀ ਰਾਣੀ ਦੇ ਸ਼ਾਹੀ ਚਾਰਟਰ ਅਧੀਨ ਈਸਟ-ਇੰਡੀਆ ਕੰਪਨੀ ਬਣਾਈ। ਕੰਪਨੀ ਦੇ ਮੁਖੀ ਥੌਮਸ ਰੋਅ ਨੇ ਮੁਗ਼ਲ ਬਾਦਸ਼ਾਹ ਕੋਲ਼ੋਂ ਕੰਪਨੀ ਲਈ ਥਾਂ ਦੀ ਮਨਜ਼ੂਰੀ ਲੈ ਕੇ ਹਿੰਦੋਸਤਾਨ ਦੇ ਸੂਰਤ ਸ਼ਹਿਰ (ਗੁਜ਼ਰਾਤ) ਵਿੱਚ ਵਪਾਰ ਕਰਨ ਲਈ ਦਫ਼ਤਰ ਖੋਲਿਆ ਅਤੇ ਸੰਨ 1908 ਦੇ ਅਖੀਰ ਵਿੱਚ ਬੰਦਰਗਾਹ ਉੱਤੇ ਵਪਾਰੀਆਂ/ਸੁਦਾਗਰਾਂ ਦਾ ਸਮੁੰਦਰੀ ਜਹਾਜ ਲੱਗ ਗਿਆ ਸੀ, ਜੋ ਬ੍ਰਿਟਿਸ਼ ਸਾਮਰਾਜ ਦੀ ਚਾਲ ਦਾ ਹੀ ਹਿੱਸਾ ਸੀ, 340 ਸਾਲ ਬਾਅਦ ਵਾਪਿਸ ਗਏ ਸਨ। ਲੱਖਾਂ ਕਰੋੜਾਂ ਹਿੰਦੋਸਤਾਨੀਆਂ ਦੀਆਂ ਜ਼ਿੰਦਗੀਆਂ ਦੇ ਸੱਥਰ ਵਿਛਾਉਣ ਦਾ ਜ਼ਿੰਮੇਵਾਰ ਬ੍ਰਿਟਿਸ਼ ਇੰਪਿਰੀਅਲ ਸੀ। ਅੱਜ ਫੇਰ ਬਦੇਸ਼ੀਆਂ ਨੂੰ ਸੱਦ ਕੇ ਦੇਸ਼ ਦੇ ਲੋਕਾਂ ਨਾਲ ਖ਼ਿਲਵਾੜ ਕੀਤਾ ਜਾ ਰਿਹਾ ਹੈ। ਦੇਸ਼ ਦੀ ਕਿਰਤੀ ਜਮਾਤ ਨੂੰ ਸਰਮਾਏਦਾਰੀ ਦੀ ਭੱਠੀ ਦਾ ਬਾਲਣ ਬਣਾਇਆ ਜਾ ਰਿਹਾ ਹੈ।

ਬੀਮਾਰੀਆਂ ਅਤੇ ਭੁੱਖਮਰੀ ਦੀ ਸ਼ਿਕਾਰ ਹੋ ਰਹੀ ਕਿਰਤੀ ਜਮਾਤ ਨੂੰ ਆਪਣੇ ਆਪਣੇ ਦੇਸ਼ ਵਿੱਚ ਇੱਕਮੁੱਠ ਹੋਣ ਦੀ ਲੋੜ ਹੈ।

ਆਪਣੇ ਆਗੂ ਆਪ ਬਣਕੇ ਲੋਟੂ ਢਾਂਚੇ ਨਾਲ ਦਸਤਪੰਜਾ ਲੈਣ ਦੀ ਜ਼ਰੂਰਤ ਹੈ ਆਪਣੇ ਅਗਾਂਹ-ਵਧੂ ਪੁਰਖਿਆਂ ਨੂੰ ਯਾਦ ਕਰਨ ਲੋੜ ਹੈ।

ਹਿੰਦੋਸਤਾਨ ਦੇ ਆਜ਼ਾਦੀ ਸੰਗਰਾਮ ਵਿੱਚ ਸੰਸਥਾਵਾਂ, ਲਹਿਰਾਂ ਅਤੇ ਯੋਧਿਆਂ ਨੇ ਅੰਗਰੇਜ਼ ਸਾਮਰਾਜ ਦੀਆਂ ਚਾਲਾਂ ਸਮਝਦੇ ਹੋਏ ਅੰਗਰੇਜ਼ ਨੂੰ ਇੰਗਲੈਂਡ ਵਾਪਿਸ ਭੇਜਣ ਲਈ ਸੰਗਰਾਮ ਸ਼ੁਰੂ ਕਰ ਦਿੱਤਾ ਸੀ ਬਗਾਵਤਾਂ ਦੇ ਝੰਡੇ ਬੁਲੰਦ ਕਰ ਦਿੱਤੇ ਸਨ।

ਸੰਨ 1757 ਨੂੰ ਸਿਰਾਜ-ਉਲ-ਦੀਨ ਜੋ ਬੰਗਾਲ ਦਾ ਖੁਦਮੁਖਤਿਆਰ ਨਵਾਬ ਸੀ ਨੇ ਬਗਾਵਤ ਕੀਤੀ , ਟੀਪੂ ਸੁਲਤਾਨ, ਤਾਮਿਲਨਾਡੂ ਵਿੱਚ ਵੈਲੂਰ ਦੀ ਬਗਾਵਤ , ਵਹਾਬੀ ਬਗਾਵਤ ਦਾ ਹੀਰੋ ਟੀਟੂ ਮੀਰ ਬੰਗਾਲ ਦਾ ਬਹਾਦਰ ਸਿਪਾਹੀ ਯੋਧਾ, ਕਿਸਾਨਾਂ ਦੀ ਬਗਾਵਤ, ਫ਼ਕੀਰ ਅਤੇ ਸੰਨਿਆਸੀਆਂ ਦੀ ਬਗਾਵਤ, ਇੰਡੀਗੋ ਬਗਾਵਤ, ਕਬੀਲਾ ਬਗਾਵਤ, ਸੰਥਲ ਬਗਾਵਤ, ਮੁੰਡਾ (ਕਬੀਲਾ) ਬਗਾਵਤ, ਜੇਤੀਆਂ ਅਤੇ ਗਾਰੋ (ਪਹਾੜੀਆਂ ਦੇ ਨਾਮ) ਦੀ ਬਗਾਵਤ , ਮਹਾਰਾਜ ਸਿੰਘ ਦੀ ਆਜ਼ਾਦੀ ਲਹਿਰ, ਮਾਪੀਲਾ ਲਹਿਰ, ਰੇਸ਼ਮੀ ਰੁਮਾਲ ਲਹਿਰ, ਕੂਕਾ ਲਹਿਰ ਦੇ ਮੋਢੀ ਸਤਿਗੁਰੂ ਰਾਮ ਸਿੰਘ ਜਿੰਨਾਂ ਨੇ ਅੰਗਰੇਜ਼ ਦੇ ਸਾਮਰਾਜ ਵਿੱਚ ਆਪਣਾ ਰਾਜ ਕਾਇਮ ਕੀਤਾ, ਗ਼ਦਰ ਲਹਿਰ ਦੇ ਯੋਧੇ ਕਰਤਾਰ ਸਰਾਭਾ, ਬੱਬਰ ਆਕਾਲੀ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਪਰਜਾ ਮੰਡਲ ਅੰਦੋਲਨ, ਵਿਦਿਆਰਥੀ ਲਹਿਰ ਅਤੇ ਨੌਜਵਾਨ ਲਹਿਰ ਆਦਿ ਨੇ ਅੰਗਰੇਜ਼ ਸਾਮਰਾਜ ਵਿਰੁੱਧ ਸੰਘਰਸ਼ ਕੀਤੇ ਲਹਿਰਾਂ ਚਲਾਈਆਂ, ਜਾਨਾਂ ਵਾਰੀਆਂ ਅਤੇ ਹਜ਼ਾਰਾਂ ਦੇਸ਼ ਭਗਤਾਂ ਨੇ ਫਾਂਸੀ ਦੇ ਰੱਸੇ ਚੁੰਮਕੇ ਆਜ਼ਾਦੀ ਦੇ ਹਵਨ ਕੁੰਡ ਨੂੰ ਪ੍ਰਚੰਡ ਕੀਤਾ ਸੀ, ਜਿਸ ਕਰਕੇ ਹਿੰਦੋਸਤਾਨ ਵਿੱਚੋਂ ਅੰਗਰੇਜ਼ ਸਾਮਰਾਜ ਨੇ ਵਾਪਿਸੀ ਪਾਈ ਸੀ । (ਆਜ਼ਾਦੀ ਲਹਿਰਾਂ ਪ੍ਰਤੀ ਜਾਣਕਾਰੀ ਡਾਕਟਰ ਗੁਰੂਮੇਲ ਸਿੱਧੂ ਦੀ ਕਿਤਾਬ ਗ਼ਦਰੀ ਲਹਿਰਾਂ ਦੀ ਹਿੱਸੇਦਾਰੀ ਵਿੱਚੋਂ ਪ੍ਰਾਪਤ ਹੋਈ ਹੈ।)

ਜਾਂਦੇ ਜਾਂਦੇ ਸ਼ਾਤਰ ਅੰਗਰੇਜ਼ ਸਾਮਰਾਜ ਨੇ ਹਿੰਦੋਸਤਾਨ ਦੇ ਭੋਲ਼ੇ ਲੋਕਾਂ ਨੂੰ ਧਰਮ ਅਧਾਰਤ ਦੋ ਦੇਸ਼ਾਂ ਵਿੱਚ ਵੰਡ ਦਿੱਤਾ ਜਿਸ ਦੇ ਸੰਤਾਪ ਨੂੰ ਸਦੀਆਂ ਤੱਕ ਭੁੱਲ ਨਹੀਂ ਸਕਣਗੇ। ਯਾਦ ਰਹੇ, ਧਰਮ ਅਧਾਰਤ ਬਣੇ ਦੇਸ਼ ਪਾਕਿਸਤਾਨ ਅਤੇ ਹਿੰਦੋਸਤਾਨ ਦੀ ਵੰਡ ਸਮੇਂ 10 ਲੱਖ ਲੋਕ ਸ਼ਹੀਦ ਹੋਏ, 50 ਲੱਖ ਜ਼ਖਮੀ , ਢਾਈ ਕਰੋੜ ਜਨਤਾ ਦਾ ਉਜਾੜਾ ਅਤੇ ਲੱਖਾਂ ਮਾਵਾਂ, ਭੈਣਾਂ ਅਤੇ ਧੀਆਂ ਬੇਪੱਤ ਹੋਈਆਂ ਸਨ। ਇਹ ਦੁੱਖਦਾਇਕ ਫੱਟਾਂ ਦੇ ਜ਼ਖ਼ਮ ਸਦਾ ਰਿਸਦੇ ਰਹਿਣਗੇ।

ਅੱਜ ਸਮਾਂ ਮੰਗ ਕਰਦਾ ਹੈ ਕਿ ਧੰਨ-ਕੁਬੇਰਾਂ ਨੂੰ ਲੋਟੂ ਢਾਂਚੇ ਦਾ ਜਰਨੈਲ ਮਿੱਥਕੇ ਕਿਰਤੀ, ਕਿਸਾਨ, ਮੁਲਾਜ਼ਮ ਅਤੇ ਸਧਾਰਨ ਜਨ ਇੱਕ ਵਿਸ਼ਾਲ ਪਲੇਟ ਫਾਰਮ ਬਣਾਕੇ ਇੱਕ ਦੂਜੇ ਦਾ ਹੱਥ ਫੜਨ, ਕੁੱਲੀ ਜੁੱਲੀ ਅਤੇ ਗੁੱਲੀ ਦੀ ਪ੍ਰਾਪਤੀ ਦਾ ਬਿਗ਼ਲ ਬਜਾਉਣ ਅਤੇ ਕਿਰਤੀ ਦੀ ਰਹਿਨੁਮਾਈ ਵਿੱਚ ਦੇਸ਼ ਦੀ ਵਾਂਗਡੋਰ ਸੰਭਾਲਣ ਲਈ ਕਾਫ਼ਲਾ ਬਣਾਉਣ ।

"ਲੋਕ ਸ਼ਕਤੀ ਸਾਰੀਆਂ ਸ਼ਕਤੀਆਂ ਤੋਂ ਸ਼ਕਤੀਸ਼ਾਲੀ ਹੈ।"

**- ਮਨਮੋਹਨ ਪੂੰਨੀ (ਨਿਊਯਾਰਕ)**



# ਧੰਨ ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਸਮਰਪਿਤ ਮਹਾਨ ਸੰਤ ਸੰਮੇਲਨ ਪਿੰਡ ਛੋਕਰਾਂ ਵਿਖੇ 23 ਸਤੰਬਰ ਨੂੰ

**ਜਲੰਧਰ, (ਜੱਸੀ)-** ਕਰੀਬੀ ਪਿੰਡ ਛੋਕਰਾਂ ਵਿਖੇ ਸਥਿਤ ਗੁਰੂਦੁਆਰਾ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਮੁਹੱਲਾ ਬਾਗ ਵਾਲਾ ਵਿਖੇ ਪ੍ਰਬੰਧਕ ਕਮੇਟੀ ਵਲੋਂ ਗ੍ਰਾਮ ਪੰਚਾਇਤ, ਇਲਾਕਾ ਤੇ ਸਮੂਹ ਪਿੰਡ ਵਾਸੀਆਂ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਹਾਨ ਸੰਤ ਸੰਮੇਲਨ ਮਿਤੀ 23 ਸਤੰਬਰ ਦਿਨ ਸ਼ਨੀਵਾਰ ਨੂੰ ਕਰਵਾਇਆ ਜਾ ਰਿਹਾ। ਇਸ ਮੌਕੇ ਸੰਤ ਮਹਾਂਪੁਰਸ਼ ਸੰਤ ਪ੍ਰੀਤਮ ਦਾਸ ਜੀ ਸੰਗਤਪੁਰ ਵਾਲੇ ਮਿਤੀ 23 ਸਤੰਬਰ ਨੂੰ ਸਵੇਰੇ 10 ਵਜੇ ਤੋਂ 11-30 ਵਜੇ ਤੱਕ ਕੀਰਤਨ ਕਰਨਗੇ। ਉਸ ਤੋਂ ਉਪਰੰਤ ਸੰਤ ਜੀਤ ਦਾਸ ਜੀ ਮਾਹਲ ਗਹਿਲਾਂ ਵਾਲੇ 11-30 ਵਜੇ ਤੋਂ ਲੈ ਕੇ 1-30 ਵਜੇ ਦੁਪਿਹਰ ਤੱਕ ਕੀਰਤਨ ਕਰਨਗੇ ਤੇ ਆਈਆਂ ਹੋਈਆਂ ਸੰਗਤਾਂ ਨੂੰ ਗੁਰੂ ਸਾਹਿਬਾਨ ਜੀ ਦੀ ਬਾਣੀ ਨਾਲ ਜੋੜਨਗੇ। ਇਸ ਸੰਮੇਲਨ ਦੌਰਾਨ ਆਏ ਹੋਏ ਸੰਤ ਮਹਾਂਪੁਰਸ਼ ਧੰਨ ਧੰਨ ਸ਼੍ਰੀ ਗੁਰੂ ਰਵਿਦਾਸ ਜੀ ਦੇ ਜੀਵਨ, ਸੋਚ, ਸੰਕਲਪ ਤੇ ਉਨਾਂ ਦੀ ਅੰਮ੍ਰਿਤ ਰੂਪੀ ਬਾਣੀ ਦੀ ਵਿਆਖਿਆ ਕਰਨਗੇ। ਉਸ ਤੋਂ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

## ਪੰਜਾਬੀ ਸਿਨੇਮਾ ਤਰਤੀਬ ਤੇ ਪੇਸ਼ਕਸ਼

# ਸਿੱਖ ਇਤਿਹਾਸ ਤੇ ਫ਼ਿਲਮਾਂ ਨਿਰਦੇਸ਼ਤ ਕਰਦੇ ਪਹਿਲੀ ਮਨੋਰੰਜਕ ਫਿਲਮ ਬਣਾਈ "ਪਿੰਡ ਅਮਰੀਕਾ"-ਸਿਮਰਨ ਸਿੰਘ

ਪਹਿਲਾਂ ਸਿਮਰਨ ਸਿੰਘ ਸੰਗੀਤਕਾਰ ਸਨ ਤੇ ਗਾਇਕ ਕਲਾਕਾਰਾਂ ਦੇ ਗੀਤਾਂ ਨੂੰ ਨਰੋਏ ਸੰਗੀਤ ਦੀ ਚਾਸ਼ਨੀ ਚਾੜਨ ਤੋਂ ਬਾਅਦ ਪੰਜਾਬੀ ਫ਼ਿਲਮਾਂ ਦੇ ਸੰਗੀਤ ਕਾਰ ਬਣ ਜਾਣ ਦਾ ਮੌਕਾ ਮਿਲਿਆ ਤੇ ਸਿਮਰਨ ਸਿੰਘ ਨੇ "ਪਗੜੀ ਸਿੰਘ ਦਾ ਤਾਜ "ਪੁੰਨਿਆ ਦੀ ਰਾਤ", "ਦਿਲੀ ਤੋਂ






ਲਾਹੌਰ"ਫ਼ਿਲਮਾਂ ਦਾ ਸੰਗੀਤ ਦੇ ਕਿ ਪਾਲੀਵੁੱਡ ਵਿੱਚ ਆਪਣੀ ਥਾਂ ਬਣਾ ਲਈ।"ਸਿੱਖਸ ਇਨ ਵਰਲਡ ਵਾਰ"" ਦਸਤਾਰ "ਪਾਵਰ ਆਫ ਟਰਬੰਨ" ਆਦਿ ਦਸਤਾਵੇਜ਼ੀ ਤੇ ਤਕਰੀਬਨ ਦਰਜਨ ਸਿੱਖ ਇਤਿਹਾਸ ਨਾਲ ਸੰਬੰਧਿਤ ਫ਼ਿਲਮਾਂ ਦਾ ਨਿਰਦੇਸ਼ਨ ਦੇ ਚੁੱਕੇ ਅਮਰੀਕਾ ਰਹਿੰਦੇ ਸਿਮਰਨ ਸਿੰਘ ਨੇ ਹੁਣ ਪਹਿਲੀ ਕਮਰਸ਼ਲ ਫਿਲਮ "ਪਿੰਡ ਅਮਰੀਕਾ" ਨਿਰਦੇਸ਼ਤ ਕੀਤੀ ਹੈ ਤੇ ਅਕਤੂਬਰ ਦੇ ਪਹਿਲੇ ਹਫਤੇ ਭਾਰਤ ਸਮੇਤ ਸੰਸਾਰ ਭਰ ਵਿੱਚ ਰਲੀਜ਼ ਹੋਏਗੀ। ਖੈਰ ਸਿੱਖੀ ਦਾ ਪਰਚਾਰ ਫ਼ਿਲਮਾਂ ਰਾਹੀਂ ਵਿਦੇਸ਼ਾਂ ਵਿੱਚ ਕਰਨਾ ਓਹਨਾਂ ਦਾ ਮਕਸਦ ਏ ਤੇ ਇਥੇ ਗੱਲ ਓਹਨਾਂ ਦੀ "ਪਿੰਡ ਅਮਰੀਕਾ "ਬਾਬਤ ਕਰਾਂਗੇ।

ਸਿਮਰਨ ਸਿੰਘ ਦਸਦੇ ਨੇ ਕਿ ਡਾਕਟਰ ਹਰਚੰਦ ਸਿੰਘ ਨੂੰ ਓਹਨਾਂ ਨੇ ਕਹਾਣੀ ਸੁਣਾਈ ਕਿ ਅਮਰੀਕਾ ਰਹਿੰਦੇ ਪੰਜਾਬੀ ਇਥੇ ਆਪਣੇ ਪਿੰਡ ਭਾਲਦੇ ਨੇ ਤੇ ਕਿਵੇਂ ਓਹ ਇਥੇ ਹੀ ਪਿੰਡ ਦਾ ਨਜ਼ਾਰਾ, ਪਿੰਡ ਦੀ ਝਲਕ ਬਣਾ ਦਿੰਦੇ ਨੇ ਇਸ ਤੇ ਇਹ ਫਿਲਮ ਸ਼ੁਰੂ ਕੀਤੀ। ਕਹਾਣੀ ਦੇ ਅਨੁਕੂਲ ਪ੍ਰੀਤੋ ਸਾਹਨੀ ਤੇ ਭਿੰਦਾ ਔਜਲਾ ਲਏ ਗਏ ਤੇ ਨਾਲ ਐਕਟਰ ਅਸ਼ੋਕ ਟਾਂਗਰੀ, ਮਲਕੀਤ ਮੀਤ, ਜੱਸੀ ਤੇ ਹੋਰਾਂ ਦੇ ਨਾਲ ਗਾਇਕੀ ਦੁਨੀਆਂ ਦੀਆਂ ਸਦਾਬਹਾਰ ਗਾਇਕਾਵਾਂ ਤੇ ਅਭਿਨੇਤਰੀਆਂ ਅਮਰ ਨੂਰੀ ਤੇ ਕਮਲਜੀਤ ਨੀਰੂ ਨੂੰ ਲਿਆ ਤਾਂ ਫਿਲਮ ਵਿੱਚ ਸਟਾਰ ਪੁਣੇ ਦੀ ਖੁਸ਼ਬੂ ਆ ਗਈ। ਕਹਾਣੀ ਦੀ ਮੰਗ ਅਨੁਸਾਰ ਇਹਨਾਂ ਨੂੰ ਅਮਰੀਕਾ ਕਨੇਡਾ ਦੀ ਫੈਸ਼ਨ ਮਾਡਲ ਪਰੈਟੀ ਰਾਏ ਮਿਲ ਗਈ ਤੇ ਫਿਲਮ ਨੂੰ ਹੋਰ ਖੂਬਸੂਰਤੀ ਮਿਲ ਗਈ। ਸਿਮਰਨ ਸਿੰਘ ਦਸਦੇ ਨੇ ਕਿ ਪਰਿਵਾਰਕ ਡਰਾਮਾ ਹੈ, ਜਜ਼ਬਾਤ ਨੇ ਤੇ ਗੀਤ ਸੰਗੀਤ ਹੈ। ਫਿਲਮ ਪੂਰੀ ਮਨੋਰੰਜਕ ਬਣ ਗਈ। ਫਿਰੋਜ਼ ਖਾਨ, ਅਮਰ ਨੂਰੀ ਆਲਾਪ ਸਿਕੰਦਰ ਦੇ ਗਾਏ ਪਿੱਠਵਰਤੀ ਗੀਤ ਤੇ ਆਲਾਪ ਸਿਕੰਦਰ ਅਮਦਾਦ ਅਲੀ ਦੇ ਸੰਗੀਤ ਨਾਲ ਬਾਬਾ ਨਜ਼ਮੀ ਦਾ ਗੀਤ ਵੀ ਫਿਲਮ ਦਾ ਅਮਿੱਟ ਪੱਖ ਹੈ। ਸਿਮਰਨ ਸਿੰਘ ਖੁਸ਼ੀ ਨਾਲ ਦਸਦੇ ਨੇ ਕਿ ਮਨੀਸ਼ ਸਾਹਨੀ ਓਸ ਫਿਲਮ ਨੂੰ ਰਲੀਜ਼ ਦਾ ਹੱਥ ਪਾਉਂਦੇ ਨੇ ਜਿਸ ਵਿੱਚ ਕੁਝ ਹੋਏ ਤੇ ਓਮ ਜੀ ਦੇ ਬੈਨਰ ਹੇਠ ਮਨੀਸ਼ ਸਾਹਨੀ ਇਹ ਫਿਲਮ ਜਾਰੀ ਕਰਨਗੇ।

ਸਿਮਰਨ ਸਿੰਘ ਨੇ ਜੇ ਸੀ ਦੀ ਫੋਟੋਗ੍ਰਾਫੀ ਦੀ ਪ੍ਰਸੰਸਾ ਕੀਤੀ ਤੇ ਜੋਤੀ ਮਾਨ ਵੱਲੋਂ ਭਾਰਤ ਭਰ ਵਿੱਚ ਇਸ ਦੇ ਪ੍ਰਚਾਰ ਲਈ ਬਣਾਈ ਨੀਤੀ ਦੀ ਸ਼ਲਾਘਾ ਕਰਦੇ ਕਿਹਾ ਕਿ "ਪਿੰਡ ਅਮਰੀਕਾ" ਹੈ। ਹਰ ਪ੍ਰਵਾਸੀ ਭਾਰਤੀ ਦੀ ਫ਼ਿਲਮ, ਪਿੰਡ ਰਹਿੰਦੇ ਲੋਕਾਂ ਦੀ ਫ਼ਿਲਮ, ਸ਼ਹਿਰ ਰਹਿੰਦੇ ਪਿੰਡਾਂ ਨੂੰ ਤਰਸਦੇ ਲੋਕਾਂ ਦੀ ਫ਼ਿਲਮ ਤੇ ਆਮਦ ਚੰਗੀ ਹੋਊ, ਲੋਕ ਸਵੀਕਾਰ ਕਰਨਗੇ ਇਹ ਉਮੀਦ ਤੇ ਆਪਣੀ ਮਿਹਨਤ ਦਾ ਵਿਸ਼ਵਾਸ ਓਹਨਾਂ ਨੂੰ ਹੈ। "ਪਿੰਡ ਅਮਰੀਕਾ" ਨੇ ਨਿਰਦੇਸ਼ਕ ਵਜੋਂ। ਸਿਮਰਨ ਸਿੰਘ ਲਈ ਪਾਲੀਵੁੱਡ ਦੇ ਬੂਹੇ ਬਾਰੀਆਂ ਖੋਹਲ ਦਿੱਤੀਆਂ ਹਨ ਤੇ ਫਿਲਮ ਨੂੰ ਮਿਲ ਗਿਆ ਹੁੰਗਾਰਾ ਤਾਂ ਫਿਰ "ਮੌਜਾਂ ਹੀ ਮੌਜਾਂ"।

**- ਅੰਮ੍ਰਿਤ ਪਵਾਰ**

# ਨਾਇਕ-ਪੂਜਾ ਦੇ ਵਿਚਾਰ ਤੁਹਾਡੇ ਲਈ ਬਰਬਾਦੀ ਦਾ ਕਾਰਨ

**(ਸਫਾ 24 ਦੀ ਬਾਕੀ)**

ਸਰਕਾਰ ਵੀ ਬੇਸ਼ੱਕ ਇਹੋ ਹੀ ਕੰਮ ਕਰਦੀ ਸੀ, ਪਰ ਉਹ ਕੰਮ ਸਲੋ-ਮੋਸ਼ਨ ਨਾਲ ਕਰਦੀ ਆ ਰਹੀ ਸੀ, ਇਸ ਲਈ ਕਾਂਗਰਸ ਤੋਂ ਉਕਤਾਏ ਉੱਚ ਵਰਗ ਦੇ ਵਰਨ, ਜਾਤੀਆਂ ਨੇ ਪਾਸਾ ਬਦਲਿਆ, ਕਾਂਗਰਸ ਅਤੇ ਹੋਰ ਪਾਰਟੀਆਂ ਦੇ ਲਗਭਗ 150 ਐਮਪੀ ਲੋਕਾਂ ਨੇ ਪਾਲਾ ਬਦਲ ਭਾਜਪਾ ਦੀ ਸਰਕਾਰ ਨੂੰ ਜਿੱਤਵਾ ਕੇ ਮਜ਼ਬੂਤ ਕੀਤਾ। ਅਜਿਹਾ ਕਰਨ ਨਾਲ ਉੱਚ ਵਰਗ, ਵਰਨ, ਜਾਤੀਆਂ ਦੇ ਕੋਲ ਧਨ ਜਮਾਂ ਹੋਣ ਦੀ ਰਫਤਾਰ ਸਲੋ-ਮੋਸ਼ਨ ਤੋਂ ਫਾਸਟ-ਮੋਸ਼ਨ ਵਿੱਚ ਬਦਲ ਗਈ। 99% ਸਵਰਨ ਸਮਾਜ ਦੇ ਲੋਕ ਵੀ ਲੁੱਟੇ ਜਾ ਰਹੇ ਹਨ, ਪਰ ਹਿੰਦੂ ਰਾਸ਼ਟਰ ਬਣਨ ਬਣਾਉਣ ਦਾ ਨਸ਼ਾ ਉਹਨਾਂ ਦੇ ਦਿਮਾਗ ਨੂੰ ਲਾਗ ਦੀ ਬਿਮਾਰੀ ਨਾਲ ਬਿਮਾਰ ਕੀਤਾ ਹੋਇਆ ਹੈ, ਉਹ ਸੱਚ ਦੇਖਣ ਤੋਂ ਇਨਕਾਰੀ ਹਨ।

### ਕੀ ਡਾ. ਅੰਬੇਡਕਰ ਦਾ ਸੁਪਨਾ ਅਧੂਰਾ ਹੀ ਰਹੇਗਾ

ਭਾਰਤ ਦੀ ਅਸਮਾਨਤਾ ਅਧਾਰਤ ਵਿਵਸਥਾ ਦੀ ਜੜ੍ਹ ਮਜ਼ਬੂਤ ਹੋ ਰਹੀ ਹੀ। ਭਾਰਤ ਵਿੱਚ ਅਮੀਰ ਗਰੀਬ ਦਾ ਪਾੜਾ ਵੱਧ ਰਿਹਾ ਹੈ। ਹਿੰਦੂਆਂ ਦਾ ਬ੍ਰਾਹਮਣਵਾਦੀ ਵਿਤਕਰੇਵਾਦੀ ਧਰਮ ਮਜ਼ਬੂਤ ਹੋ ਰਿਹਾ ਹੈ। ਇਸ ਨੂੰ ਮਜ਼ਬੂਤ ਕਰਨ ਵਿੱਚ ਕੁੱਝ ਐਸਸੀ ਸਮਾਜ ਦੇ ਗ਼ਦਾਰ ਨਕਲੀ ਅੰਬੇਡਕਰਵਾਦੀ ਲੋਕਾਂ ਦਾ ਹੱਥ ਹੈ। ਜਿਹੜੇ ਅੰਬੇਡਕਰ ਨੂੰ ਪੜ੍ਹਦੇ ਨਹੀਂ ਪੂਜਦੇ ਹਨ। ਪੜ੍ਹੇ ਬਿਨਾ ਨਹੀਂ ਪਤਾ ਲਗਦਾ, ਕਿ ਉਹਨਾਂ ਨੇ ਕੀ ਕਰਨ ਲਈ ਕਿਹਾ ਸੀ ਅਤੇ ਕਿਸ ਕੰਮ ਤੋਂ ਰੋਕਿਆ ਸੀ। ਉਹ ਆਪਣੇ ਦੇਵਤਾ ਦੇ ਵਾਂਗ ਅੰਬੇਡਕਰ ਨੂੰ ਵੀ ਪੂਜਦੇ ਹੀ ਹਨ, ਕਰਮ ਉਹਨਾਂ ਦੀ ਕਹਿਣ ਦੇ ਉਲਟ ਕਰਦੇ ਹਨ। ਉਹਨਾਂ ਕਿਹਾ ਸੀ, ਉਹਨਾਂ ਦੀ ਤਾਕਤ ਉਹਨਾਂ ਦਾ ਨੈਤਿਕ ਜੀਵਨ ਹੈ, ਭਾਵ ਭ੍ਰਿਸ਼ਟਾਚਾਰ ਮੁਕਤ ਜੀਵਨ।

ਅੰਬੇਡਕਰਵਾਦੀ ਕਹਾਉਣ ਵਾਲੇ ਲੋਕ ਧੜੇਬਾਜ਼ੀ, ਕਰਕੇ ਸਮਾਨਤਾ ਦੇ ਦੁਸ਼ਮਣ ਦੀ ਬ੍ਰਾਹਮਣਵਾਦੀ ਸੱਤਾ ਮਜ਼ਬੂਤ ਕਰ ਰਹੇ ਹਨ। ਸੱਤਾ ਹਾਸਲ ਕਰਨ ਦਾ ਨਵਾਂ ਢੰਗ ਬਣ ਗਿਆ ਹੈ ਬਹੁਤ ਸਾਰੇ ਹਿੰਦੂਵਾਦੀ ਅਕਾਲੀ, ਕਾਂਗਰਸੀ, ਭਾਜਪਾ ਅਤੇ ਹੋਰ ਪਾਰਟੀਆਂ ਦੇ ਲੋਕ ਵੀਅੰਬੇਡਕਰ ਦੀਆਂ ਫੋਟੋਆਂ ਲਾ ਕੇ ਉਹਨਾਂ ਦੇ ਦਿਨ ਮਨਾ ਕੇ ਅੰਬੇਡਕਰਵਾਦੀ ਕਹਾਉਣ ਲਗੇ ਹਨ। ਕੁੱਝ ਨਕਲੀ ਅੰਬੇਡਕਰਵਾਦੀ ਸੱਤਾ ਹਾਸਲ ਕਰਨ ਲਈ ਦੂਜੇ ਅੰਬੇਡਕਰਵਾਦੀ ਲੋਕਾਂ ਨਾਲ ਲੜ ਰਹੇ ਹਨ।

ਅੰਬੇਡਕਰਦਾ ਸਮਾਜ ਦਿਸ਼ਾ ਹੀਣ, ਨਿਸ਼ਾਨਾ ਰਹਿਤ ਹੋਇਆ ਇੱਕ ਦੂਜੇ ਨੂੰ ਦੁਸ਼ਮਣ ਮੰਨ ਰਿਹਾ ਹੈ। ਉਹ ਸਮਝ ਹੀ ਨਹੀਂ ਸਕਦਾ ਕਿ ਉਹ ਅਜਿਹਾ ਕਰਦਾ ਹੋਇਆ ਅੰਬੇਡਕਰਵਾਦ ਦਾ ਦੁਸ਼ਮਣ ਬਣਿਆ ਹੁੰਦਾ ਹੈ।

### ਹੱਲ ਕੀ ਹੋ ਸਕਦਾ ਹੈ

ਭਾਰਤ ਵਿੱਚ ਸੰਵਿਧਾਨ ਹੈ, ਕਾਨੂੰਨ ਹਨ, ਜਿਹੜਾ ਸਮਾਨਤਾ ਸਥਾਪਿਤ ਕਰਨ ਦੇ ਉਦੇਸ਼ ਨਾਲ ਬਣਾਇਆ ਗਿਆ ਹੈ। ਅਜਿਹੇ ਸੰਵਿਧਾਨ ਦੇ ਹੁੰਦੇ, ਭਾਰਤੀ ਲੋਕਾਂ ਵਿੱਚ ਦਿਨੋਂ ਦਿਨ ਗਰੀਬ ਅਮੀਰ ਦਾ ਪਾੜਾ ਵਧ ਰਿਹਾ ਹੈ। ਇਸ ਦਾ ਮੁੱਖ ਕਾਰਨ ਸੰਵਿਧਾਨ ਦੇ ਕਾਨੂੰਨਾਂ ਨੂੰ ਲਾਗੂ ਨਾਂ ਕਰਨਾ ਹੈ।

ਭਾਰਤੀ ਰਾਜਨੀਤਿਕ ਪਾਰਟੀਆਂ ਦਾ ਵੀ ਇਹੋ ਹੀ ਹਾਲ ਹੈ, ਹਰ ਪਾਰਟੀ ਆਪਣੀ ਰਜਿਸਟ੍ਰੇਸ਼ਨ ਕਰਵਾਉਣ ਲਈ ਸੰਵਿਧਾਨ ਬਣਾਉਂਦੀ ਹੈ ਪਰ ਪਾਰਟੀ ਵਿੱਚ ਜਮਹੂਰੀਅਤ ਨੂੰ ਲਾਗੂ ਕਰਨ ਵਿੱਚ ਉਹਨਾਂ ਦਾ ਵੀ ਕੋਈ ਇੰਟਰੈਸਟ ਨਹੀਂ ਹੁੰਦਾ। ਰਾਜਨੀਤਿਕ ਪਾਰਟੀਆਂ ਦੇ ਮੁਖੀ ਤਾਨਾਸ਼ਾਹ ਹੀ ਹੁੰਦੇ ਹਨ ਅਤੇ ਉਹਨਾਂ ਪਾਰਟੀਆਂ ਦੇ ਆਮ ਵਰਕਰ ਨਾਇਕ-ਪੂਜਕ। ਇਹ ਬ੍ਰਾਹਮਣਵਾਦੀ ਖਾਸੇ ਦੀ ਵਿਸ਼ੇਸ਼ਤਾ ਦੇ ਕਾਰਨ ਹੈ, ਬ੍ਰਾਹਮਣਵਾਦੀ ਪਾਰਟੀਆਂ ਜੋ ਵਿਤਕਰੇਵਾਦੀ ਅਸਮਾਨਤਾ ਅਧਾਰਤ ਵਿਵਸਥਾ ਬਣਾ ਕੇ ਰੱਖਣ ਲਈ ਪਹਿਰਾ ਦਿੰਦੀਆਂ ਹਨ ਉਹਨਾਂ ਲਈ ਇਹ ਜਾਇਜ਼ ਵੀ ਹੈ।

ਪਰ ਅੰਬੇਡਕਰਵਾਦੀ ਪਾਰਟੀਆਂ ਵਿੱਚ ਵੀ ਲੋਕਤੰਤਰ ਨਹੀਂ ਹੈ, ਇਹ ਬ੍ਰਾਹਮਣਵਾਦੀ ਪ੍ਰਚਲਣ ਹੈ ਜੋ ਪਾਰਟੀ ਸੰਵਿਧਾਨ ਨੂੰ ਕਿਨਾਰੇ ਲਾ ਕੇ ਤਾਨਾਸ਼ਾਹੀ ਕਰਨਾ ਹੈ। ਨਾਇਕ ਪੂਜਕ ਢੰਗ ਨਾਲ ਚਲਾਉਣ ਦਾ ਕੰਮ ਅੰਬੇਡਕਰਵਾਦ ਨੂੰ ਨਸ਼ਟ ਕਰਨ ਵਾਲਾ ਪ੍ਰਚਲਣ ਹੈ। ਪਾਰਟੀ ਦੇ ਸੰਵਿਧਾਨ ਦੀਆਂ ਕਾਪੀਆਂ ਹਰ ਛੋਟੇ ਤੋਂ ਛੋਟੇ ਵਰਕਰ ਦੇ ਹੱਥ ਵਿੱਚ ਹੋਣੀ ਜਰੂਰੀ ਹੋਣੀ ਬਣਦੀ ਹੈ। ਪਾਰਟੀ ਵਿੱਚ ਦਾਖਲ ਹੋਣ ਤੋਂ ਪਹਿਲਾਂ ਉਹਨਾਂ ਨੂੰ ਪਾਰਟੀ ਦੇ ਕਾਨੂੰਨਾਂ ਦਾ ਗਿਆਨ ਹੋਣਾ ਜਰੂਰੀ ਹੋਣਾ ਚਾਹੀਦਾ ਹੈ, ਅਫ਼ਸੋਸ ਪਾਰਟੀਆਂ ਨੂੰ ਤਾਂ ਗਿਆਨਵਾਨ ਲੋਕਾਂ ਦੀ ਘੱਟ ਲੋੜ ਰਹਿੰਦੀ ਹੈ ਉਸ ਲਈ ਲੜਨ ਮਰਨ ਵਾਲੇ ਲੋਕਾਂ ਦੀ ਜਿਆਦਾ।

ਵੱਡੇ ਨੇਤਾ ਤੋਂ ਲੈ ਕੇ ਆਮ ਵਰਕਰ ਤੱਕ ਸੰਵਿਧਾਨ ਲਾਗੂ ਕਰਨਾ ਚਾਹੀਦਾ ਹੈ। ਸੰਭਾਵਨਾ ਹੈ ਕਿ ਬਸਪਾ ਹੀ ਨਹੀਂ ਹੋਰ ਵੀ ਅੰਬੇਡਕਰਵਾਦੀ ਪਾਰਟੀਆਂ ਦੇ 95% ਵਰਕਰਾਂ ਨੇ ਪਾਰਟੀ ਦਾ ਸੰਵਿਧਾਨ ਵੀ ਦੇਖਿਆ ਨਹੀਂ ਹੋ ਸਕਦਾ।

ਬ੍ਰਾਹਮਣਵਾਦੀ ਲਈ ਨਾਇਕ ਪੂਜਾ ਜਰੂਰੀ ਹੈ ਪਰ ਅੰਬੇਡਕਰਵਾਦੀ ਸਮਾਜ ਪਾਰਟੀਆਂ ਅਤੇ ਲੋਕਾਂ ਵਿੱਚ ਨਾਇਕ ਪੂਜਾ ਦੀ ਮਾਨਸਿਕਤਾ ਬੰਦ ਹੋਣ ਚਾਹੀਦੀ ਹੈ, ਉਹਨਾਂ ਦੀ ਪਾਰਟੀ ਲੋਕਤੰਤਰ ਢੰਗਾਂ ਨਾਲ ਚਲਣੀ ਚਾਹੀਦੀ ਹੈ। ਲੋਕਤਾਂਤਰਿਕ ਸੰਵਿਧਾਨ ਸੰਪੂਰਨ ਤੌਰ ਤੇ ਲਾਗੂ ਹੋਣਾ ਚਾਹੀਦਾ ਹੈ। ਇਸ ਦੇ ਨਾਲ ਹੀ ਭਾਰਤ ਅਤੇ ਭਾਰਤੀ ਮਜ਼ਬੂਤ ਹੋ ਸਕਦੇ ਹਨ।

# ਬਜ਼ੁਰਗ ਭਾਈਚਾਰੇ ਨੂੰ ਦੁਸ਼ਵਾਰੀਆਂ ਤੋਂ ਮੁਕਤੀ ਕਦੋਂ?



ਜਗਦੀਸ਼ ਸਿੰਘ ਚੋਹਕਾ
001-403-285-4208
91-9217997445

ਭਾਰਤ ਅੰਦਰ ਹਰ ਵਿਅੱਕਤੀ ਜੋ 60 ਸਾਲ ਦੀ ਉਮਰ ਟੱਪ ਜਾਂਦਾ ਹੈ, ਉਹ ਸੀਨੀਅਰ ਸਿਟੀਜ਼ਨ ਕਹਿਲਾਉਣ ਦਾ ਹੱਕਦਾਰ ਬਣ ਜਾਂਦਾ ਹੈ। ਇਸ ਸਮੇਂ 10.40-ਕਰੋੜ ਭਾਰਤੀ ਜਿਨ੍ਹਾਂ 'ਚ 5.30 ਕਰੋੜ ਮਰਦ ਅਤੇ 5.10-ਕਰੋੜ ਇਸਤਰੀਆਂ ਹਨ ਜੋ ਇਸ ਹੱਦ-ਬੰਦੀ ਵਿੱਚ ਗਿਣੇ ਜਾ ਰਹੇ ਹਨ (2011-ਗਣਜਣਨਾ)। ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ, ਆਬਾਦੀ ਫੰਡ ਤੇ ਹੈਲਪ-ਏਜ ਇੰਡੀਆ ਮੁਤਾਬਿਕ ਸਾਲ 2026 ਤੱਕ ਭਾਰਤ ਅੰਦਰ ਬਜ਼ੁਰਗਾਂ ਦੀ ਗਿਣਤੀ 17.30 ਕਰੋੜ ਤੱਕ ਪੁੱਜਣ ਦੀ ਆਸ ਹੈ। ਇਸ ਵਿੱਚੋਂ 71-ਫੀ ਸਦ ਆਬਾਦੀ ਪੇਂਡੂ ਅਤੇ 29-ਫੀ ਸਦ ਸ਼ਹਿਰੀ ਖੇਤਰ ਚ ਹੋਵੇਗੀ। ਭਾਵੇਂ ਸੰਸਾਰ ਅੰਦਰ ਘਾਤਕ ਬਿਮਾਰੀਆਂ, ਵਾਇਰਸ ਤੇ ਲਾ-ਇਲਾਜ ਬਿਮਾਰੀਆਂ ਕਾਰਨ ਮੌਤਾਂ 'ਤੇ ਕਾਬੂ ਪਾਇਆ ਜਾ ਰਿਹਾ ਹੈ, ਜਿਸ ਕਾਰਨ ਪ੍ਰਤੀ ਵਿਅਕੱਤੀ ਉਮਰ ਵੱਡੀ ਹੁੰਦੀ ਜਾ ਰਹੀ ਹੈ। ਪਰ ਦੂਸਰੇ ਪਾਸੇ ਸੰਸਾਰੀਕਨ ਅਧੀਨ ਨਵ-ਉਦਾਰਵਾਦ ਅੰਦਰ ਵੱਡੇ-ਵੱਡੇ ਘਰਾਣਿਆ ਨੇ ਆਪਣੇ ਮੁਨਾਫੇ ਵਧਾਉਣ ਲਈ ਅੰਨ੍ਹੇਵਾਰ ਕੁਦਰਤ ਨਾਲ ਛੇੜ-ਛਾੜ ਕੀਤੀ ਹੈ। ਉਸ ਅਨੁਸਾਰ ਵਿਗੜ ਰਹੇ ਵਾਤਾਵਰਣ, ਪਲੀਤ ਹੋ ਰਹੀ ਹਵਾ ਤੇ ਪਾਣੀ ਅਤੇ ਈਕੋ-ਸਿਸਟਮ ਵਿੱਚ ਆਏ ਬਦਲਾਅ ਕਾਰਨ ਮਨੁੱਖੀ ਜੀਵਨ 'ਤੇ ਬਹੁਤ ਸਾਰੇ ਮਾੜੇ ਪ੍ਰਭਾਵ ਪਏ ਹਨ। ਜਿਸ ਕਾਰਨ ਵੱਧ ਰਹੀ ਮਹਿੰਗਾਈ, ਬੇਰੁਜ਼ਗਾਰੀ ਤੇ ਭੁੱਖਮਰੀ ਕਾਰਨ ਆਮ ਜਨਤਾ ਦੀ ਸਿਹਤ 'ਤੇ ਬਹੁਤ ਦੁਰ-ਪ੍ਰਭਾਵ ਪਏ ਹਨ। ਭੁੱਖ-ਮਰੀ ਤੇ ਕੁਪੋਸ਼ਨ ਕਾਰਨ ਇਸ ਦਾ ਸ਼ਿਕਾਰ ਹੋਇਆ ਹੈ ਬਾਲਪਣ ਅਤੇ ਬਜ਼ੁਰਗ ਭਾਈਚਾਰਾ !

ਦੇਸ਼ ਅੰਦਰ 7.5 ਕਰੋੜ ਬਜ਼ੁਰਗਾਂ ਵਿੱਚੋਂ ਦੋ-'ਚ ਇਕ ਵਿਅੱਕਤੀ ਕੋਈ ਨਾ ਕੋਈ ਲੰਬੀ, ਪੁਰਾਣੀ ਜਾਂ ਘਾਤਕ ਬਿਮਾਰੀ ਤੋਂ ਪੀੜਤ ਹੈ। ਦੂਸਰੇ ਪਾਸੇ ਗਰੀਬੀ, ਬੇਰੁਜ਼ਗਾਰੀ ਅਤੇ ਤੰਗੀਆਂ-ਤਰੁਸ਼ੀਆਂ ਕਾਰਨ ਸਰੀਰਕ ਕਮਜ਼ੋਰੀ ਤੇ ਮਾਨਸਿਕ ਪੀੜਾ ਕਾਰਨ 20-ਫੀਸਦ ਤੋਂ ਵੱਧ ਬਜ਼ੁਰਗ ਪ੍ਰੇਸ਼ਾਨੀ ਦੇ ਆਲਮ ਹੇਠ ਜੀਅ ਰਹੇ ਹਨ। ਮੌਜੂਦਾ ਕਰੋਨਾ-19 ਦੀ ਮਹਾਮਾਰੀ ਦੇ ਭੈਅ ਕਾਰਨ ਬਜ਼ੁਰਗ-ਸੰਸਾਰ ਸਭ ਤੋਂ ਵੱਧ ਬਿਪਤਾ ਹੰਡਾਅ ਰਿਹਾ ਹੈ।ਮਾੜੀ ਸਿਹਤ ਤੇ ਇਕੱਲਤਾ ਕਾਰਨ, ਦੂਸਰਾ ਕਰੋਨਾ ਦਾ ਭੈਅ ਜੋ ਇੱਸ ਵਰਗ ਦੇ ਸਿਰ ਤੇ ਖੜਾ ਹੈ, ਬਜ਼ੁਰਗ ਭਾਈਚਾਰਾ ਸੰਵੇਦਨਸ਼ੀਲਤਾ ਅਤੇ ਅਸੁਰੱਖਿਆ ਕਾਰਨ ਨਿੱਤ ਦਿਨ ਪੀੜਾ ਦੇਣ ਵਾਲੀ ਜਿੰਦਗੀ ਜੀਅ ਰਿਹਾ ਹੈ। ਵਿਆਪਕ ਰੂਪ ਵਿੱਚ ਦੇਖਿਆ ਜਾਵੇ ਤਾਂ ਉਪਰੋਕਤ ਬਿਪਤਾ ਤੋਂ ਇਲਾਵਾ ਵੱਧ ਰਹੀ ਨਿਰਭਰਤਾ, ਦੁਰ ਵਿਵਹਾਰ ਤੇ ਮਾਨਸਿਕ ਚੁਣੌਤੀਆਂ ਉਸ ਨੂੰ ਹੋਰ ਪ੍ਰੇਸ਼ਾਨ ਕਰ ਰਹੀਆਂ ਹਨ। ਅਜਿਹੇ ਹਾਲਾਤ ਕੇਵਲ ਮਨ ਹੀ ਨਹੀਂ ਸਰੀਰਕ ਰੂਪ ਵਿੱਚ ਵੀ ਬਜ਼ੁਰਗਾਂ ਨੂੰ ਹੋਰ ਕਮਜ਼ੋਰ ਕਰਦੇ ਹਨ। ਪਿਛਲੇ 1 ਤੋਂ ਬਜ਼ੁਰਗ ਘਰਾਂ ਅੰਦਰ ਹੀ ਪ੍ਰਵਾਰ ਦੇ ਸਾਰੇ ਜੀਆਂ ਦੀ ਮੌਜੂਦਗੀ ਹੋਣ ਦੇ ਬਾਵਜੂਦ ਵੀ ਇਹ 20-ਫੀਸਦ ਬਜ਼ੁਰਗ ਉਨ੍ਹਾਂ ਦੀ ਹਾਜਰੀ ਚਾਹੁੰਦੇ ਹਨ। ਐਨਾ ਹੀ ਨਹੀਂ 35.7-ਫੀ-ਸਦ ਬਜ਼ੁਰਗ ਚਾਹੁੰਦੇ ਹਨ ਕਿ, 'ਕਿ ਉਨ੍ਹਾਂ ਨਾਲ ਕੋਈ ਗੱਲ-ਬਾਤ ਕਰਨ ਵਾਲਾ ਹੋਵੇ। ਸੰਸਾਰੀਕਰਨ ਦੇ ਇਸ ਦੌਰ ਅੰਦਰ ਜਦੋਂ ਹਰ ਵਰਗ ਆਪਣੇ ਘੇਰੇ 'ਚ ਸਿਮਟ ਰਿਹਾ ਹੋਵੇ ਤਾਂ ਬਜ਼ੁਰਗ ਭਾਈਚਾਰਾ ਇਕੱਲਤਾ ਕਾਰਨ ਨਿਰਾਸ਼ਤਾ ਦੀ ਜਿੰਦਗੀ ਜਿਊਣ ਲਈ ਮਜ਼ਬੂਰ ਹੋ ਜਾਂਦਾ ਹੈ। 40-ਫੀ ਤੋਂ ਵੱਧ ਬਜ਼ੁਰਗ ਮੰਨਦੇ ਹਨ ਕਿ ਸਮਾਜ ਅੰਦਰ ਉਨ੍ਹਾਂ ਨਾਲ ਦੂਸਰਿਆਂ ਵੱਲੋਂ ਦੁਰ-ਵਿਵਹਾਰ ਇਕ ਆਮ ਗੱਲ ਹੈ। 15-ਫੀ ਸਦ ਨੇ ਖੁਦ ਸਵੀਕਾਰ ਹੈ, 'ਕਿ ਉਹ ਖੁਦ ਪ੍ਰਵਾਰ ਅੰਦਰ ਦੁਰ-ਵਿਵਹਾਰ ਦਾ ਸ਼ਿਕਾਰ ਹਨ।(ਇਕ ਸਰਵੇਖਣ-ਰਿਪੋਰਟ-2021)

ਕਰੋਨਾ ਮਹਾਮਾਰੀ ਦੇ ਭੈਅ ਅਤੇ ਬਦਲੇ ਹਲਾਤਾਂ ਕਾਰਨ 8-ਫੀ ਸਦ ਇਨ੍ਹਾਂ ਸਨਮਾਨਤ ਲੋਕਾਂ ਦਾ ਕਹਿਣਾ ਹੈ, 'ਕਿ ਇਸ ਭੈਅ ਕਾਰਨ ਬਜ਼ੁਰਗ ਦੇ ਜੀਵਨ &;ਨਾਲ ਦੁਰ ਵਿਵਹਾਰ ਦੀਆਂ ਘਟਨਾਵਾਂ 'ਚ ਵਾਧਾ ਹੋਇਆ ਹੈ। ਇਸ ਦਾ ਵੱਡਾ ਕਾਰਨ ਪ੍ਰਵਾਰਾਂ ਅੰਦਰ ਕਰੋਨਾ ਵਾਇਰਸ ਨਾਲ ਨੌਜਵਾਨ ਜਾਂ ਕਮਾਊ-ਜੀਅ ਦੀ ਮੌਤ ਬਾਦ ਆਮਦਨ ਦਾ ਕਸਾਰਾ, ਹੋਰ ਖਰਚੇ ਵੱਧਣ ਕਾਰਨ ਘਰ ਦਾ ਗੁਜ਼ਾਰਾ ਨਾ ਚੱਲਣਾ ਅਤੇ ਦੂਸਰਾ ਬਜ਼ੁਰਗਾਂ ਦੇ ਬੇਹਤਰ ਇਲਾਜ, ਸਿਹਤ ਤੇ ਬੁਨਿਆਦੀ ਢਾਂਚੇ ਨੂੰ ਕਾਇਮ ਰੱਖਣ ਲਈ ਦਵਾਈਆਂ 'ਤੇ ਹੋ ਰਹੇ ਖਰਚਿਆਂ ਦੇ ਭਾਰ ਕਾਰਨ ਪੈਦਾ ਹੋ ਰਹੇ ਤਨਾਅ ਦੀ ਮਾਰ ਵੀ ਬਜ਼ੁਰਗਾਂ ਨੂੰ ਝੱਲਣੀ ਪੈ ਰਹੀ ਹੈ। ਹਾਕਮ ਭਾਵੇਂ ਕਿੰਨੀਆਂ ਵੀ ਲੋਕਾਂ ਨੂੰ ਸਹਾਇਤਾ ਲਈ ਭਲਾਈ ਸਕੀਮਾਂ ਚਾਲੂ ਕਰਨ ਦੀਆਂ ਟਾਹਰਾਂ ਮਾਰੀ ਜਾਣ। ਪਰ ਅਮਲ ਵਿੱਚ ਆਮ ਲੋਕਾਂ ਨੂੰ ਬਣਦੀਆਂ ਸਹੂਲਤਾਂ ਨਹੀਂ ਮਿਲ ਰਹੀਆਂ ਹਨ। ਭਾਰਤ ਅੰਦਰ ਗਰੀਬੀ-ਗੁਰਬਤ, ਮਾੜੀਆ ਸਿਹਤ ਸਹੂਲਤਾਂ, ਅਤੇ ਗਿਆਨ-ਵਿਗਿਆਨ ਦੀ ਘਾਟ ਪਹਿਲਾ ਹੀ ਅੱਤ ਦਰਜੇ ਤੱਕ ਪੁੱਜ ਚੁੱਕੀ ਹੋਈ ਹੈ।ਅਜਿਹੇ ਹਲਾਤਾਂ ਅੰਦਰ ਜਦੋਂ ਕਰੋਨਾ ਦਾ ਠਹਿਰਾਅ ਲਗਾਤਾਰ ਵੱਧ ਰਿਹਾ ਹੋਵੇ, ਰੁਜ਼ਗਾਰ ਸੁੰਗੜ ਗਏ ਹਨ ਅਤੇ ਦੇਸ਼ ਅੰਦਰ ਇਸ ਕਾਰਨ ਪੈਦਾ ਹੋਇਆ ਮਾਨਸਿਕ ਦੁਰ-ਪ੍ਰਭਾਵ ਜਿਸ ਨੇ ਆਰਥਿਕ ਮੰਦੇ ਨੂੰ ਜਨਮ ਦਿੱਤਾ ਹੈ। ਇਸ ਦਾ ਸਿੱਧਾ ਪ੍ਰਭਾਵ ਸਮਾਜ ਦੇ ਬਜ਼ੁਰਗ ਲੋਕਾਂ ਤੇ ਪੈਣਾ ਲਾਜ਼ਮੀ ਹੈ। ਇਹ ਪ੍ਰਭਾਵ ਦੂਸਰੇ ਰੂਪ ਵਿੱਚ ਵੀ ਆ ਰਿਹਾ ਹੈ। ਮੌਤ ਦੇ ਭੈਅ ਕਾਰਨ ਬਜ਼ੁਰਗਾਂ ਦੀ ਜਾਇਦਾਦ, ਜਮੀਨ ਅਤੇ ਪੂੰਜੀ ਨੂੰ ਪ੍ਰਵਾਰ ਦੇ ਮੈਂਬਰ ਆਪਣੇ ਨਾਂ ਕਰਵਾਉਣ ਲਈ ਕਈ ਵਾਰ ਅਜਿਹੀ ਸਥਿਤੀ ਪੈਦਾ ਕਰ ਦਿੰਦੇ ਹਨ, 'ਕਿ ਬਜ਼ੁਰਗਾਂ ਨੂੰ ਪੈਰ-ਪੈਰ ਤੇ ਆਪਣੇ ਬੱਚਿਆਂ ਦੇ ਆਤੁਰ (ਨਿਰਭਰ) ਹੋਣਾ ਪੈਂਦਾ ਹੈ। ਆਰਥਿਕ ਨਿਰਭਰਤਾ ਦਾ ਸਿਧੇ ਜਾਂ ਅਸਿਧੇ ਰੂਪ ਵਿੱਚ ਜੀਵਨ ਦੀ ਇਸ ਆਖਰੀ ਬੁਝ ਰਹੀ ਕਿਰਨ ਤੇ ਬੋਝ ਪੈਣਾ ਇਕ ਚਿੰਤਾ ਦਾ ਵਿਸ਼ਾ ਹੈ।

ਹਾਕਮ ਭਾਵੇਂ ਮੂੰਹ ਨਾ ਖੋਲਣ, ਪਰ ਸਾਲ 2021 ਦੇ ਸ਼ੁਰੂਆਤੀ ਸਮੇਂ ਦੌਰਾਨ ਸਿਹਤ-ਵਿਭਾਗ ਵੱਲੋ ਦੁਨੀਆ ਦਾ ਸਭ ਤੋਂ ਵੱਡਾ ਸਰਵੇਖਣ, 'ਲੌਂਗੀਟਿਊਜਨਲ ਏਜਿੰਗ ਸਟੱਡੀ ਇੰਨ ਇੰਡੀਆ'' ਕਰਾਇਆ ਗਿਆ ਸੀ। ਇਸ ਸਰਵੇਖਣ



ਅੰਦਰ ਬਜ਼ੁਰਗਾਂ ਦੀ ਸਿਹਤ ਸਬੰਧੀ ਲੈ ਕੇ ਦਿਲ-ਡਰਾਉਣ ਵਾਲੇ ਤੱਥ ਸਾਹਮਣੇ ਆਏ ਹਨ। ਇਸ ਸਰਵੇਖਣ ਅੰਦਰ ਇਹ ਸਾਹਮਣੇ ਆਇਆ ਹੈ ਕਿ ਭਾਰਤ ਅੰਦਰ 7.5-ਕਰੋੜ ਬਜ਼ੁਰਗ ਭਾਵ 60-ਸਾਲ ਤੋਂ ਉਪਰ ਵਾਲੀ ਉਮਰ ਦੇ ਦੋ-ਭਾਰਤੀਆਂ ਵਿਚੋਂ ਇਕ-ਭਾਰਤੀ ਲੰਬੀ ਅਤੇ ਪੁਰਾਣੀ (ਕਰੋਨੀਕਲ) ਬਿਮਾਰੀ ਤੋਂ ਪੀੜ੍ਹਤ ਸਨ। ਜਿਸ ਕਾਰਨ ਬਹੁਤ ਸਾਰੇ ਬਜ਼ੁਰਗ ਸਰੀਰਕ ਪੱਖੋਂ ਨਿਰਬਲ ਹੋਣ ਕਾਰਨ ਪ੍ਰੇਸ਼ਾਨ ਹਨ। 20-ਫੀ ਸਦ ਬਜ਼ੁਰਗ ਮਾਨਸਿਕ ਬਿਮਾਰੀਆਂ ਤੋਂ ਪੀੜਤ ਪਾਏ ਗਏ। 27-ਫੀਸਦ ਇਹ ਬਜ਼ੁਰਗ ਹੋਰ ਦੂਸਰੀਆਂ ਬਿਮਾਰੀਆਂ ਦੀ ਮਾਰ ਝੱਲ ਰਹੇ ਸਨ ਜਿਨ੍ਹਾਂ ਦੀ ਗਿਣਤੀ 3-ਕਰੋੜ ਦੇ ਆਸ-ਪਾਸ ਬਣਦੀ ਹੈ। ਦੇਸ਼ ਦਾ ਇਹ ਅਣਮੁੱਲਾ ਧਨ ਜਿਹੜਾ ਆਪਣੇ ਜੀਵਨ ਦੀ ਅਹੁਤੀ ਦੇ ਕੇ ਦੇਸ਼ ਨੂੰ ਸਮਰਿਧ ਬਣਾਉਂਦਾ ਰਿਹਾ ਹੈ, ਆਖਰੀ ਕਾਲ ਅੰਦਰ ਕਈ ਬਿਮਾਰੀਆਂ ਨਾਲ ਜੂਝਦਾ ਅੱਜ ਕਰੋਨਾ-ਮਹਾਮਾਰੀ ਕਾਰਨ ਪੈਦਾ ਹੋਈਆਂ ਦੁਸ਼ਵਾਰੀਆਂ ਦੇ ਪੈਰਾਂ ਹੇਠਾਂ ਦੱਬਿਆ ਜਾ ਰਿਹਾ ਹੈ।

ਜੇਕਰ ਹਾਕਮਾਂ ਵੱਲੋ ਅਤੇ ਸਮਾਜ ਵੱਲੋ ਸੰਵੇਦਨਸ਼ੀਲਤਾ ਦਾ ਮਾਹੌਲ ਹੋਵੇ, ਪ੍ਰਵਾਰ ਵੱਲੋ ਪੂਰਾ-ਪੂਰਾ ਸਹਿਯੋਗ ਮਿਲੇ ਤਾਂ ਵੱਡੀ ਉਮਰੇ ਵੀ ਇਨ੍ਹਾਂ ਦਾ ਹਰ ਤਰ੍ਹਾਂ ਦੀ ਜੱਦੋ-ਜਹਿਦ ਅੰਦਰ ਜੀਵਨ ਆਸਾਨੀ ਨਾਲ ਗੁਜਰ ਜਾਂਦਾ ਹੈ। ਆਪਣਿਆਂ ਦੀ ਨੇੜ੍ਹਤਾ, ਭਾਵਨਾਵਾਂ ਅਤੇ ਸਨੇਹ ਮਿਲਦਾ ਰਹੇ ਤਾਂ ਜੀਵਨ ਦੇ ਹਰ ਮੋੜ ਤੇ ਮਨੁੱਖ ਨੂੰ ਮਿਲੀ ਸ਼ਕਤੀ ਉਸ ਨੂੰ ਡੋਲਣ ਨਹੀਂ ਦਿੰਦੀ ਹੈ। ਪਰ ਅਫ਼ਸੋਸ ! ਕਿ ਇਸ ਪੂੰਜੀਵਾਦੀ ਸੰਸਾਰ ਅੰਦਰ ਥੱਕੇ-ਟੁੱਟੇ ਮਨੁੱਖ ਨੂੰ ਜੋ ਸਰੀਰਕ ਪੱਖੋ ਹੀ ਨਹੀਂ, ਮਾਨਸਿਕ ਪੱਖੋ ਵੀ ਟੁੱਟ-ਚੁੱਕਿਆ ਹੋਇਆ ਹੁੰਦਾ ਹੈ, ਉਦੋਂ ਉਹ ਸਾਰੇ ਹਥਿਆਰ ਸੁੱਟ ਦਿੰਦਾ ਹੈ ਜਦੋਂ ਉਸ ਨਾਲ ਆਪਣਿਆ ਵੱਲੋਂ ਵੀ ਸ਼ੋਸ਼ਣ ਜਿਹਾ ਵਿਵਹਾਰ ਸ਼ੁਰੂ ਹੋ ਜਾਂਦਾ ਹੈ। ਇਕ ਖੋਜ ਅੰਦਰ ਪਾਇਆ ਗਿਆ ਕਿ 60-ਫੀ ਸਦ ਤੋਂ ਵੱਧ ਬਜ਼ੁਰਗ ਮੁੱਖ ਰੂਪ ਵਿੱਚ ਭਾਵਨਾਤਮਿਕ ਸ਼ੋਸ਼ਣ, ਵਿੱਤੀ ਸੰਕਟ ਅਤੇ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹਨ। ਭਾਰਤ ਵਰਗੇ ਪ੍ਰੰਪਰਾਵਾਦੀ ਪਰਿਵਾਰਕ ਢਾਂਚੇ ਵਾਲੇ ਦੇਸ਼ ਅੰਦਰ ਬਜ਼ੁਰਗਾਂ ਨਾਲ ਹੋ ਰਿਹਾ ਦੁਰ-ਵਿਵਹਾਰ ਇਕ ਦੁੱਖਦਾਈ ਸਚਾਈ ਹੈ। ਉਦਾਰੀਵਾਦ ਜਿਉ-ਜਿਉਂ ਚੜ੍ਹਾਈ ਵਲ ਵੱਧਦਾ ਜਾ ਰਿਹਾ ਹੈ, ਉਸਦੇ ਸੰਕਟ ਕਾਰਨ ਵੱਡੇ ਬਜ਼ੁਰਗਾਂ ਨਾਲ ਮਾਰਕੁੱਟ ਅਤੇ ਘਰੋ ਬਾਹਰ ਕੱਢ ਦੇਣਾ, ਵਰਗੇ ਮਾਮਲਿਆ ਅੰਦਰ ਤੇਜੀ ਆ ਰਹੀ ਹੈ। ਬਜ਼ੁਰਗਾਂ ਨੂੰ ਮਕਾਨ, ਜਮੀਨ-ਜਾਇਦਾਦ ਤੇ ਹੋਰ ਮਾਲਕਾਨਾ-ਹੱਕਾਂ ਤੋਂ ਮਰਹੂਮ ਕੀਤਾ ਜਾ ਰਿਹਾ ਹੈ। ਜੋ ਦੂਸਰੇ ਪਾਸੇ ਉਨ੍ਹਾਂ ਦੀ ਜਿੰਦਗੀ ਨੂੰ ਨਰਕੀ ਵੀ ਬਣਾ ਦਿੱਤਾ ਜਾ ਰਿਹਾ ਹੈ। ਅਜਿਹੀ ਮਾਨਸਿਕਤਾ ਬਜ਼ੁਰਗਾਂ ਨੂੰ ਮੌਤ ਤੋਂ ਪਹਿਲਾ ਹੀ ਆਤਮ-ਹੱਤਿਆ ਕਰਨ ਲਈ ਮਜਬੂਰ ਕਰ ਦਿੰਦੀ ਹੈ।


ਇਹ ਵਰਤਾਰਾ ਕੋਵਿਡ-19 ਮਹਾਂਮਾਰੀ ਅੰਦਰ ਪਿਛਲੇ ਸਮੇਂ ਤੋਂ ਖੁਲ੍ਹ ਕੇ ਆ ਰਿਹਾ ਹੈ। ਨਿਰਸੰਦੇਹ ! ਬਜ਼ੁਰਗਾਂ ਦਾ ਅਪਮਾਣ, ਸ਼ੋਸ਼ਣ ਅਤੇ ਤ੍ਰਿਸਕਾਰ ਦੀਆਂ ਤਸਵੀਰਾਂ ਜੋ ਮੀਡੀਆ ਰਾਹੀ ਆ ਰਹੀਆਂ ਹਨ 'ਜੋ ਸਾਡੇ ਸਮਾਜਕ ਤੇ ਪ੍ਰਵਾਰਕ ਵਿਵੱਸਥਾਵਾਂ 'ਚ ਆ ਰਹੇ ਵਿਗਾੜਾਂ ਨੂੰ ਪੇਸ਼ ਕਰ ਰਹੀਆਂ ਹਨ। ਵਿਡੰਬਨਾ ! ਇਹ ਹੈ ਕਿ ਪ੍ਰਵਾਰ ਤੇ ਦੇਸ਼ ਨੂੰ ਉਸਾਰਨ ਤੇ ਨਿਰਮਾਣ ਕਰਨ ਵਾਲੇ ਇਹ ਬਜ਼ੁਰਗ ਜਿੰਦਗੀ ਦੇ ਆਖਰੀ ਪੜਾਅ ਅੰਦਰ ਹਰ ਮੋਰਚੇ ਤੇ ਇਕੱਲੇ ਅਤੇ ਅਸੁਰੱਖਿਅਤ ਰਹਿਣ ਕਰਕੇ ਅੱਲ੍ਹਾ ਨੂੰ ਪਿਆਰੇ ਹੋ ਜਾਂਦੇ ਹਨ। ਇਸ ਮਹਾਮਾਰੀ ਦੇ ਕਾਲ ਅੰਦਰ ਹਾਕਮਾਂ, ਸਮਾਜ ਅਤੇ ਪ੍ਰਵਾਰਾਂ ਨੂੰ ਬਜ਼ੁਰਗਾਂ ਦੀਆਂ ਜ਼ਰੂਰਤਾਂ ਤੇ ਮੁਸ਼ਕਲਾਂ ਨੂੰ ਸਮਝਦੇ ਹੋਏ ਉਨ੍ਹਾਂ ਦੇ ਹਲ ਲਈ ਨਵੇਂ ਸਿਰੇ ਤੋਂ ਢੰਗ ਤਰੀਕੇ ਤਲਾਸ਼ਣੇ ਚਾਹੀਦੇ ਹਨ। ਦੁਨੀਆਂ ਦੇ ਬਹੁਤ ਸਾਰੇ &;ਦੇਸ਼ਾਂ ਵਿੱਚ ਤਾਂ ਉਥੋਂ ਦੀਆਂ ਸਰਕਾਰਾਂ ਆਪਣੇ ਸਰਮਾਏ-ਬੱਚਿਆਂ ਅਤੇ ਬਜ਼ੁਰਗਾਂ ਦੀ ਦੇਖ-ਭਾਲ ਅਤੇ ਪਾਲਣ-ਪੋਸ਼ਣ ਦੀ ਜਿੰਮੇਵਾਰੀ ਇਕ ਕਲਿਆਣਕਾਰੀ ਰਾਜ ਵੱਲੋ ਸਮਝ ਕੇ ਨਿਭਾਉਂਦੀਆਂ ਹਨ। ਉਹ ਸਰਕਾਰਾਂ ਤਾਂ ਕੰਮ ਕਰਦੇ ਕਿਰਤੀਆਂ ਦੀ ਉਜ਼ਰਤ ਵਿੱਚੋ ਕੁਝ ਹਿਸਾ ਕੱਢਕੇ ਬਾਅਦ ਉਸ ਦੇ ਬਦਲ 'ਚ ਬੁਢੇਪੇ ਵੇਲੇ ਬਜ਼ੁਰਗਾਂ ਨੂੰ ਸਿਹਤ, ਮਕਾਨ, ਸਮਾਜਕ-ਸੁਰੱਖਿਆ ਜਿਹੀਆਂ ਸਹੂਲਤਾਂ ਪ੍ਰਦਾਨ ਕਰਦੀਆਂ ਹਨ। ਪਰ ਸਾਡੇ ਦੇਸ਼ ਅੰਦਰ 40-ਕਰੋੜ ਤੋਂ ਵੱਧ ਅਸੰਗਠਤ-ਖੇਤਰ ਦੇ ਕਿਰਤੀਆਂ ਦੀ ਰੁਜ਼ਗਾਰ ਵੇਲੇ ਵੀ ਕੋਈ ਸਮਾਜਕ-ਸੁਰੱਖਿਆ ਨਹੀਂ ਹੈ। ਫਿਰ ਬੁਢੇਪੇ ਵੇਲੇ ਤਾਂ ਹਾਕਮ ਕਿਵੇਂ ਉਨ੍ਹਾਂ ਦੀ ਕੋਈ ਬਾਤ ਪੁਛਣਗੇ ? ਭਾਰਤ ਵਰਗੇ ਪੂੰਜੀਵਾਦੀ ਦੇਸ਼ ਅੰਦਰ ਸਭ ਤੋਂ ਵੱਧ ਹਰ ਪਾਸੇ ਸ਼ੋਸ਼ਣ ਕਿਰਤੀਆਂ, ਕਿਸਾਨਾਂ ਤੇ ਆਮ ਜਨਤਾ ਦਾ ਹੀ ਹੁੰਦਾ ਹੈ।

ਪਿਛਲੀ ਬੀ.ਜੇ.ਪੀ.-ਆਰ.ਐਸ.ਐਸ. ਦੀ ਅਗਵਾਈ ਵਾਲੀ ਸਰਕਾਰ ਨੇ ਦੇਸ਼ ਅੰਦਰ ਪਹਿਲੀ ਵਾਰ ਰਾਜਸਤਾ ਤੇ ਕਾਬਜ਼ ਹੋਣ ਵੇਲੇ ਹੋਰ ਵਾਅਦਿਆਂ ਦੇ ਇਲਾਵਾ ਇਹ ਵੀ ਵਾਅਦਾ ਕੀਤਾ ਸੀ ਕਿ ਬਜ਼ੁਰਗਾਂ ਦੀ ਭਲਾਈ ਲਈ ਸਮਾਜਿਕ-ਸੁਰੱਖਿਆ ਦੇਣ ਲਈ ਕਦਮ ਚੁੱਕੇ ਜਾਣਗੇ। ਉਸ ਵੇਲੇ ਦੀ ਵਾਜਪਾਈ ਸਰਕਾਰ ਦੇ ਸਮੇਂ ਵਾਅਦੇ ਵਫ਼ਾ ਨਾ ਹੋਏ। ਸਗੋਂ ਤਾਂ ਕੇਂਦਰ ਦੀ ਸਰਕਾਰ ਨੇ ਪਹਿਲੀ ਅਪ੍ਰੈਲ,2004 ਤੋਂ ਸਰਕਾਰੀ ਤੇ ਅਰਧ-ਸਰਕਾਰੀ ਕੇਂਦਰੀ ਅਤੇ ਸੂਬਾਈ ਮੁਲਾਜ਼ਮਾਂ ਨੂੰ ਮਿਲਦੀ ਪੈਨਸ਼ਨ ਦਾ ਵੀ ਭੋਗ ਪਾ ਦਿੱਤਾ ਸੀ। ਹੁਣ ਸਰਕਾਰੀ ਤੇ ਅਰਧ ਸਰਕਾਰੀ ਮੁਲਾਜ਼ਮਾਂ ਨੂੰ ਕੰਟਰੀ-ਬੂਟਰੀ ਪੈਨਸ਼ਨ ਮਿਲੇਗੀ। ਉਹ ਵੀ ਜੇਕਰ ਉਨ੍ਹਾਂ ਦਾ ਲਾਇਆ ਪੈਸਾ ਸੁੱਖੀ-ਸਾਂਦੀ ਸ਼ੇਅਰ-ਮਾਰਕੀਟ ਦੇ ਰਾਖਸ਼ਾਂ ਤੋਂ ਬਚ ਗਿਆ ਤਾਂ ਮਿਲੇਗਾ। ਹੁਣ ਅਸੰਗਠਤ ਖੇਤਰ ਦੇ ਕਿਰਤੀਆਂ ਨੂੰ ਸਮਾਜਿਕ-ਆਰਥਿਕ ਸੁਰੱਖਿਆ ਦੀ ਤਾਂ ਗੱਲ ਹੀ ਨਾ ਕਰੀਏ। ਇੰਦਰਾ ਗਾਂਧੀ ਓਲਡ ਏਜ਼ ਪੈਨਸ਼ਨ ਸਕੀਮ ਅਧੀਨ ਗਰੀਬੀ ਰੇਖਾਂ ਤੋਂ ਹੇਠਾ ਰਹਿ ਰਹੇ 60-79 ਸਾਲ ਤੱਕ ਦੇ ਬਜ਼ੁਰਗਾਂ ਨੂੰ 200 ਰੁਪਏ ਅਤੇ 80 ਸਾਲ ਤੋਂ ਉਪਰ ਬਜ਼ੁਰਗਾਂ ਨੂੰ 500 ਰੁਪਏ ਮਹੀਨਾ ਪੈਨਸ਼ਨ ਦੇਣ ਲਈ ਠੀਂਗ ਮਾਰੀ ਸੀ। ਪਰ ਅੱਜ ਦੀ ਮਹਿੰਗਾਈ 'ਚ ਰਾਜਾਂ ਵੱਲੋਂ ਇਸ ਵਿੱਚ ਕੀਤਾ ਜਾਂਦਾ ਨਿਗੂਣਾ ਜਿਹਾ ਵਾਧਾ ਕੁਝ ਵੀ ਸੁਆਰੇਗਾ ਨਹੀਂ ? ਮੈਨਟੇਨੈੱਸ ਐਂਡ ਵੈਲਫੇਅਰ ਆਫ ਪੈਰੇਂਟਸ ਐਂਡ ਸੀਨੀਅਰ ਸਿਟੀਜ਼ਨ ਐਕਟ-2009 ਨੂੰ ਸਹੀ ਅਰਥਾਂ 'ਚ ਲਾਗੂ ਕਰਦੇ ਹੋਏ ਗਰੀਬਾਂ ਤੇ ਬਜ਼ੁਰਗਾਂ ਨੂੰ ਗੁਜਾਰੇ ਜੋਗੀ ਪੈਨਸ਼ਨ ਮਿਲਣੀ ਚਾਹੀਦੀ ਹੈ। ਭਾਵੇਂ ਜਿਹੜੀ ਉਨ੍ਹਾਂ ਦੇ ਸਿਹਤ ਖਰਚੇ, ਰੋਜ਼ਾਨਾਂ ਰਾਸ਼ਨ ਅਤੇ ਕਪੜਾ-ਲੀੜਾ ਖਰੀਦਣ ਯੋਗ ਹੋਵੇ। ਮੋਦੀ ਸਰਕਾਰ ਨੇ 2014 ਵੇਲੇ ਜੋ ਬਜ਼ੁਰਗਾਂ ਦੀ ਭਲਾਈ, ਸਮਾਜਕ-ਆਰਥਿਕ ਮਦਤ ਅਤੇ ਸਿਹਤ ਸਹੂਲਤਾਂ ਦੇਣ ਲਈ ਦਮਜਗੇ ਮਾਰੇ ਸਨ ਉਹ ਸਭ ਹਵਾ ਅੰਦਰ ਉਡ ਗਏ ਹਨ।

ਦੇਸ਼ ਦੇ ਸੰਵਿਧਾਨ ਦੀ ਧਾਰਾ-21 ਅਧੀਨ ਹਰ ਭਾਰਤੀ ਨੂੰ ਆਤਮ ਸਨਮਾਨ ਨਾਲ ਜਿਊਂਣ ਦਾ ਅਧਿਕਾਰ ਦਿੱਤਾ ਹੈ। ਪਰ ਸਾਧਨਾਂ ਤੋਂ ਬਿਨ੍ਹਾਂ ਜਿਥੇ ਕੰਮ ਦਾ ਅਧਿਕਾਰ ਨਹੀਂ ਅਤੇ ਰੋਟੀ, ਕਪੜਾ ਤੇ ਮਕਾਨ ਦੀ ਗ੍ਰੰਟੀ ਨਹੀਂ ਤਾਂ ਮਨੁੱਖ &;ਹਵਾ ਲੈ ਕੇ ਤੇ ਪਾਣੀ ਪੀ ਕੇ ਜਿਊਂਦਾ ਕਿਵੇਂ ਰਹਿ ਸੱਕੇਗਾ ? ਭਾਰਤ ਅੰਦਰ ਜਿਥੇ ਹਰ ਪਾਸੇ ਗਰੀਬੀ-ਗੁਰਬਤ ਦਾ ਆਲਮ ਛਾਇਆ ਹੋਇਆ ਹੈ, ਅਸਲ ਵਿੱਚ ਕਨੂੰਨੀ ਕੋਈ ਸਹਾਰੇ ਦੀ ਆਸ ਹੀ ਨਹੀਂ ਹੈ ਤਾਂ ਬਜ਼ੁਰਗਾਂ ਦਾ ਭਾਈਚਾਰਾ ਕਿਵੇਂ ਸਨਮਾਨ ਨਾਲ ਜਿਊਣ ਦਾ ਇਹ ਅਧਿਕਾਰ ਮਾਣ ਸੱਕੇਗਾ ? ਕੋਰਟਾਂ ਰਾਹੀਂ ਕਈ ਵਾਰ ਬਜ਼ੁਰਗਾਂ ਦੀ ਭਲਾਈ ਲਈ ਫੈਸਲੇ ਆਏ ਹਨ। (ਰਿਟ ਨੰ: 193 ਆਫ 2016 ਛ।ਙ।ਜ਼)। ਸਰਕਾਰਾਂ ਨੂੰ ਹਦਾਇਤਾਂ ਵੀ ਦਿੱਤੀਆਂ ਗਈਆਂ ਹਨ। ਇਸ ਦੇ ਬਾਵਜੂਦ ਹਜਾਰਾਂ ਕੇਸ ਰੋਜ਼ਾਨਾ ਸਾਹਮਣੇ ਆ ਰਹੇ ਹਨ ਜਿਥੇ ਬਜ਼ੁਰਗਾਂ ਦਾ ਹਰ ਤਰ੍ਹਾਂ ਸ਼ੋਸ਼ਣ ਜਾਰੀ ਹੈ। ਬਜ਼ੁਰਗਾਂ ਦੀ ਭਲਾਈ ਦਾ ਇਹ ਸਰਵਜਨਕ ਮੱਸਲਾ ਹੈ।ਇਸ ਮੱਸਲੇ ਨੂੰ ਸਰਵਜਨਕ ਢੰਗ ਨਾਲ ਹੀ ਹੱਲ ਕੀਤਾ ਜਾਣਾ ਚਾਹੀਦਾ ਹੈ। ਸੀਨੀਅਰ ਸਿਟੀਜਨ ਐਕਟ-2007 ਦੀ ਧਾਰਾ-19 ਮੁਤਾਬਿਕ ਕੇਂਦਰ ਤੇ ਰਾਜ ਸਰਕਾਰ ਨੂੰ ਮਿਲ ਕੇ ਹਰ ਬਲਾਕ ਅੰਦਰ ਬਿਰਧ-ਆਸ਼ਰਮਾਂ ਦੀ ਉਸਾਰੀ ਕਰਕੇ ਜਿਥੇ ਬਜ਼ੁਰਗਾਂ ਨੂੰ ਹਰ ਤਰ੍ਹਾਂ ਦੀ ਮੁਫ਼ਤ ਰਿਹਾਇਸ਼ ਤੇ ਹੋਰ ਸਾਰੀਆਂ ਸਹੂਲਤਾਂ ਮਿਲਣ, ਇਸ ਸਮੱਸਿਆਂ ਦਾ ਹੱਲ ਕੀਤਾ ਜਾ ਸਕਦਾ ਹੈ। ਇਨ੍ਹਾਂ ਬਿਰਧ ਆਸ਼ਰਮਾਂ ਨੂੰ ਚਲਾਉਣ ਲਈ ਸਰਕਾਰ ਵੱਲੋ ਧਾਰਮਿਕ ਅਦਾਰਿਆ ਅਤੇ ਦਾਨੀ ਲੋਕਾਂ ਦੀ ਮਦਤ ਵੀ ਲਈ ਜਾ ਸਕਦੀ ਹੈ। ਜੇਕਰ ਹਾਕਮਾਂ ਦੀ ਨੀਤੀ ਤੇ ਨੀਤ ਸਾਫ਼-ਸੁਥਰੀ ਹੋਵੇ ਤਾਂ ਥਾਂ-ਥਾਂ ਡੰਗੋਰੀ ਆਸਰੇ ਦਿਨ ਕੱਟੀ ਕਰ ਰਹੇ ਇਨ੍ਹਾਂ ਇਨਸਾਨਾਂ ਨੂੰ ਜਿਊਣ ਦਾ ਹੱਕ ਵੀ ਮਿਲ ਸਕੇਗਾ।

60-ਸਾਲ ਤੋਂ ਵਡੇਰੀ ਉਮਰ ਦੇ ਕਰੋੜਾਂ ਵੋਟਰ ਹਨ।ਉਨ੍ਹਾਂ ਨੂੰ ਵੀ ਚਾਹੀਦਾ ਹੈ ਕਿ ਵੋਟ-ਤੰਤਰ ਦੀ ਚੋਣ ਵੇਲੇ, 'ਘੱਟੋ-ਘੱਟ ਆਪਣੇ ਹੱਕਾਂ ਦੀ ਰਾਖੀ ਕਰਨ ਵਾਲੀ ਸੋਚ ਅਤੇ ਪਾਰਟੀ ਨੂੰ ਵੋਟ ਪਾਉਣੀ ਚਾਹੀਦੀ ਹੈ। ਉਨ੍ਹਾਂ ਸਾਰੇ ਜ਼ੁਮਲਾਂ-ਬਾਜ਼ਾਂ ਨੂੰ ਮੂੰਹ ਨਹੀਂ ਲਾਉਣਾ ਚਾਹੀਦਾ ਹੈ ਜੋ ਲਾਰੇ ਲਾਉਂਦੇ ਹਨ।। ਬਜ਼ੁਰਗਾਂ ਲਈ ਵੱਖਰਾ ਕਮਿਸ਼ਨ, ਬਜਟ ਅਤੇ ਉਨ੍ਹਾਂ ਦੇ ਹੱਕ 'ਚ ਆਵਾਜ਼ ਉਠਾਉਣ ਵਾਲੇ ਲੋਕਾਂ ਨੂੰ ਨਾਲ ਲੈ ਕੇ ਹੱਕਾਂ ਲਈ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਜਿਨਾਂ ਚਿਰ ਇਸ ਸਮਾਜ ਅੰਦਰ ਅਪੰਗ ਵਿਅਕਤੀਆਂ ਲਈ ਪੂਰੀ ਤਰ੍ਹਾਂ ਜੁੜ ਕੇ ਪੂਰਨ ਨਾਗਰਿਕਾਂ ਵਾਂਗ ਜੀਊਣ ਦੇ ਹੱਕ ਨੂੰ ਯਕੀਨੀ ਨਹੀਂ ਬਣਾਇਆ ਜਾਵੇਗਾ,ਉਨਾਂ ਚਿਰ ਬਜ਼ੁਰਗਾਂ ਲਈ ਪੇਸ਼ ਦੁਸ਼ਵਾਰੀਆਂ ਤੋਂ ਮੁਕਤੀ ਨਹੀਂ ਮਿਲੇਗੀ। ਰਾਜ ਵੱਲੋ ਬਜ਼ੁਰਗਾਂ ਲਈ ਬਰੁਤਬਾ ਜੀਵਨ ਦੇ ਹੱਕ ਦਾ ਖਾਸ ਖਿਆਲ ਰਾਜ ਵੱਲੋ ਹੀ ਰੱਖਿਆ ਜਾਵੇਗਾ।

ਸਮੁੱਚੇ ਰੂਪ ਵਿੱਚ ਸਮਾਜਕ ਹੱਕ, ਜਿਨ੍ਹਾਂ ਨੂੰ ਬੁਨਿਆਦੀ ਅਧਿਕਾਰ ਕਿਹਾ ਜਾਂਦਾ ਹੈ, ਜੋ ਲੋਕ ਜਮਹੂਰੀਅਤ ਦੇ ਬੁਨਿਆਦੀ ਸਿਧਾਂਤ ਬਣਦੇ ਹਨ। ਇਨ੍ਹਾਂ ਬੁਨਿਆਦੀ ਸਿਧਾਂਤਾਂ ਦੀ ਪ੍ਰਾਪਤੀ ਹੀ ਬਜ਼ੁਰਗਾਂ ਦੇ ਹੱਕਾਂ ਦੀ ਜਿੱਤ ਦਾ ਦਿਵਸ ਹੋਵੇਗਾ। ਅਖੌਤੀ ਸਲਾਨਾਂ ਦਿਵਸਾਂ ਦੀ ਥਾਂ ਮੁਕਤੀ ਦੇਣ ਬਾਰੇ ਮੁਕਤੀ ਦਿਨ ਮਨਾਈਏ। ਮਨੁੱਖੀ ਜੀਵਨ ਦੀ ਵਿਰਾਸਤ ਦੀ ਦੇਖ-ਭਾਲ ਤੇ ਰਾਖੀ ਕਰਨੀ ਆਉਣ ਵਾਲੀ ਪੀੜੀ ਦਾ ਵੀ ਨੈਤਿਕ ਫਰਜ਼ ਬਣਦਾ ਹੈ।




## ਪੁਸਤਕ ਰਿਵਿਊ

**ਪੁਸਤਕ ਦਾ ਨਾਅ- ਸਰਗੋਸ਼ੀਆ**
**ਸ਼ਾਇਰ- ਅਸ਼ੋਕ ਚੌਧਰੀ**
**ਪ੍ਰਕਾਸ਼ਿਕ- ਜੇ.ਬੀ.ਪਬਲੀਕੇਸ਼ਨ ਪਟਿਆਲਾ**
**ਪੰਨੇ - 92, ਮੁੱਲ -200**

ਅਦੀਬੀ ਸ਼ਾਇਰ ਅਸ਼ੋਕ ਚੌਧਰੀ 'ਸਰਗੋਸ਼ੀਆ' ਪੁਸਤਕ ਦੇ ਜ਼ਰੀਏ ਪੰਜਾਬੀ ਸ਼ਾਇਰੀ ਦੀਆ ਬਰੂਹਾਂ 'ਤੇ ਆਣ ਖੜਿਆ ਹੈ । ਇਹ ਉਸ ਦਾ ਪਹਿਲਾ ਕਾਵਿ ਸੰਗ੍ਰਹਿ ਹੈ । ਇਸ ਸੰਗ੍ਰਹਿ ਚ ਉਸ ਦੀਆਂ 72 ਕਾਵਿ ਵੰਨਗੀਆਂ ਅੰਕਿਤ ਹਨ। ਪੰਨਾ 67 ਅਤੇ 69 ਤੇ ਦੋ ਰਚਨਾਵਾਂ ਹਿੰਦੀ ਦੀਆਂ ਵੀ ਅੰਕਿਤ ਹਨ। ਪੰਨਾ 9 'ਤੇ ਰੰਗੋ ਦੀ ਕਾਵਿਕ ਵੰਨਗੀ ਰਾਹੀਂ ਉਹ ਸੱਜਣਾਂ ਦੇ ਰੰਗ ਚੜ੍ਹਨ ਦੀ ਗੱਲ ਕਰਦਾ ਲਿਖਦਾ 'ਜਿੱਥੇ ਰੰਗ ਸੱਜਣਾਂ ਤੇ ਚੜ ਗਏ, ਮਹਿੰਦੀ ਕਿੱਥੋਂ ਚੜ ਲੈਣਾ। ਇਸੇ ਤਰਾਂ ਹੀ ਉਹ ਪੰਨਾ 11 ਤੇ ਪੰਜਾਬੀ ਮਾਂ ਬੋਲੀ ਦੇ ਕਰਜ਼ ਦੀ ਬਾਤ ਪਾਉਂਦੇ ਲਿਖਦਾ- ਮਾਂ-ਬੋਲੀ ਨੂੰ ਰੱਬ ਦੀਆਂ ਰੱਖਾਂ, ਹੈਪੀ ਦੇ ਵੱਲ ਕਰਜ ਨੇ ਲੱਖਾ। ਆਪਣੇ ਜ਼ਮੀਨੀ ਪਿੰਡ ਬਾਰੇ ਪੰਨਾ 21 'ਤੇ ਮੇਰਾ ਪਿੰਡ ਸਤੌਰ, ਮੱਥੇ ਦੀਆਂ ਲਕੀਰਾਂ, ਈਦ ਮੁਬਾਰਕ, ਜ਼ਹਿਰ ਪਿਆਲੇ, ਰੂਹੀ ਵੱਸਦੇ ਸੱਜਣ, ਕਰਾਰੇ ਹੱਥ, ਚੋਬਰ ਅਲਬੇਲੇ ਅਤੇ ਪੰਨਾ 91 'ਤੇ ਬੇਪਰਵਾਹ ਆਦਿ ਸਿਰਲੇਖਾਂ ਦੀਆਂ ਕਾਵਿਕ ਰਚਨਾਵਾਂ ਦੇ ਮਾਧਿਅਮ ਰਾਹੀਂ ਪਾਠਕਾਂ ਦੇ ਸਨਮੁਖ ਹੋਇਆ ਹੈ। ਅਸ਼ੋਕ ਚੌਧਰੀ ਦੀਆ ਸਮੁੱਚੀਆਂ ਕਾਵਿ ਰਚਨਾਵਾਂ ਪੜ੍ਹਦਿਆਂ ਅਹਿਸਾਸ ਹੁੰਦਾ ਹੈ ਕਿ ਉਹ ਪੰਜਾਬੀ ਗ਼ਜ਼ਲ ਦੀਆਂ ਜਰਬਾਂ-ਤਕਸੀਮਾਂ, ਜੁਗਰਾਫੀ ਤੋਂ ਦੂਰ ਹੋ ਕੇ ਆਮ ਪਾਠਕ ਦੇ ਸਮਝ ਆ ਸਕਣ ਵਾਲੀ ਕਾਵਿਕ ਭਾਸ਼ਾ ਦਾ ਇਸਤੇਮਾਲ ਕਰਕੇ ਉਹਨਾਂ ਦੇ ਦਿਲਾਂ ਦੀਆਂ ਗਹਿਰਾਈਆਂ ਤੱਕ ਪੁੱਜਣ ਦੀ ਕੋਸ਼ਿਸ਼ ਕਰਦਾ ਨਜ਼ਰੀ ਆਉਦੇ।

**- ਰਾਣਾ ਭੋਗਪੁਰੀਆ 9814163349**

'ਦੇਸ਼ ਦੁਆਬਾ'
'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਬਾਬਰ ਬਾਣੀ- ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਨੂੰ ਸਮਰਪਿਤ

ਮੁਗਲ ਰਾਜ ਦਾ ਬਾਨੀ ਬਾਦਸ਼ਾਹ ਬਾਬਰ ਇਕ ਕਵੀ, ਵਿਦਵਾਨ, ਜਮਾਂਦਰੂ, ਬਹਾਦਰ ਜਰਨੈਲ, ਜਿਸਮਾਨੀ ਬਲਵਾਨ, ਕਸਰਤ ਅਭਿਆਸੀ, ਘੋੜ ਸਵਾਰ, ਤੈਰਾਕ, ਸ਼ਿਕਾਰੀ, ਬੁਲੰਦ ਹੌਸਲਾ, ਖੁਸ਼ਦਿਲ ਸ਼ਾਸਕ ਸੀ। ਬਾਬਰ ਨੇ ਬੜੀਆਂ ਘਰੇਲੂ ਮੁਸ਼ਕਿਲਾਂ ਵਿਚੋਂ ਲੰਘ ਕੇ ਮੁਗਲ ਸਾਮਰਾਜ ਦੀ ਨੀਂਹ ਰੱਖੀ, ਜੋ ਤਿੰਨ ਸਦੀਆਂ ਤੱਕ ਕਾਬਜ਼ ਰਹੀ। ਬਾਬਰ ਦਾ ਪਿਛੋਕੜ ਮੰਗੋਲੀਆ ਦੇ ਬਰਲਾਸ ਕਬੀਲੇ ਤੋਂ ਸੀ, ਜਿਸਦੇ ਲੋਕਾਂ ਤੇ ਤੁਰਕ ਅਤੇ ਫਾਰਸੀ ਸਭਿਆਚਾਰ ਦਾ ਪ੍ਰਭਾਵ ਸੀ। ਮੰਗੋਲੀਆ ਦਾ ਧਰਮ ਇਸਲਾਮ ਸੀ।

ਬਾਬਰ ਦਾ ਜਨਮ 23 ਫਰਵਰੀ 1483 ਵਿਚ ਫਰਗਾਨਾ ਦੇ ਸ਼ਹਿਰ ਅੰਦੀਜਾਨ ਵਿਚ ਹੋਇਆ। ਜੋ ਹੁਣ ਉਜਬੇਕਿਸਤਾਨ ਵਿਚ ਹੈ। ਉਸਦੇ ਪਿਤਾ ਉਮਰ ਸ਼ੇਖ ਮਿਰਜ਼ਾ ਫਰਗਾਨਾ ਘਾਟੀ ਦੇ ਸ਼ਾਸਕ ਸਨ। ਮਾਂ ਦਾ ਨਾਂ ਕੁਤਲਗ ਨਿਗਾਰ ਖਾਨਮ ਸੀ। ਉਹ 12 ਸਾਲ ਦੀ ਉਮਰ ਵਿਚ ਸ਼ਾਸਕ ਬਣਿਆ। ਉਸਦੀ ਮਾਤ-ਭਾਸ਼ਾ ਚਗਤਾਈ ਸੀ। ਉਸਨੇ ਚਗਤਾਈ ਵਿਚ ਆਪਣੀ ਜੀਵਨੀ 'ਬਾਬਰਨਾਮਾ' ਲਿਖੀ। ਉਹ ਫਾਰਸੀ ਵਿਚ ਵੀ ਨਿਪੁੰਨ ਸੀ। ਬਾਬਰ ਦੇ ਦਾਇਰੇ ਵਿਚ ਤੁਰਕ ਅਤੇ ਫਾਰਸੀ ਲੋਕ ਸਨ। ਉਸਦੀ ਫੌਜ ਵਿਚ ਤੁਰਕ, ਫਾਰਸੀ, ਪਸ਼ਤੋ, ਬਰਲਾਸ ਅਤੇ ਮੱਧ ਏਸ਼ੀਆ ਕਬੀਲੇ ਦੇ ਸਨ। ਬਾਬਰ ਇਕ ਸ਼ਕਤੀਸ਼ਾਲੀ ਪੁਰਸ਼ ਸੀ। ਉਸਨੇ ਰਸਤੇ ਵਿਚ ਆਏ ਦਰਿਆ ਤੈਰ ਕੇ ਪਾਰ ਕੀਤੇ। ਗੰਗਾ ਨੂੰ ਉਸਨੇ ਦੋ ਵਾਰ ਪਾਰ ਕੀਤਾ।

ਬਾਬਰ ਦੀ ਰਾਜ ਸਥਾਪਤ ਕਰਨ ਦੀ ਇੱਛਿਆ ਵੇਲੇ ਭਾਰਤ ਛੋਟੇ-ਛੋਟੇ ਰਾਜਾਂ ਵਿਚ ਵੰਡਿਆ ਹੋਇਆ ਸੀ। ਉਹ ਇਕ ਦੂਸਰੇ ਦੇ ਵਿਰੁੱਧ ਕਿਰਪਾਨ ਕੱਢੀ ਰੱਖਦੇ ਸਨ। ਕੋਈ ਕੇਂਦਰੀ ਮਜ਼ਬੂਤ ਸ਼ਕਤੀ ਨਹੀਂ ਸੀ। ਵੰਡੇ ਹੋਏ ਭਾਰਤ ਵਿਚ ਦਿੱਲੀ, ਪੰਜਾਬ, ਸਿੰਧ, ਬੰਗਾਲ, ਜੋਨਪੁਰ, ਗੁਜਰਾਤ, ਮੇਵਾੜ, ਰਾਜਪੂਤਾਨਾ, ਖੰਦੇਸ਼, ਦੱਢਨ ਕਸ਼ਮੀਰ ਤੇ ਪਾਣੀਪੱਤ ਆਦਿ। ਬਾਬਰ ਨੇ ਭਾਰਤ 'ਤੇ ਪਹਿਲਾ ਹਮਲਾ 1519 ਵਿਚ ਕੀਤਾ। ਇਸ ਹਮਲੇ ਵਿਚ ਉਸਨੇ ਬਜੌਰ ਅਤੇ ਭੇਰਾ ਜਿੱਤੇ। ਦੂਸਰੇ ਹਮਲੇ ਵਿਚ ਪਿਸ਼ਾਵਰ ਤੱਕ ਪੁੱਜਾ। ਤੀਸਰੇ ਹਮਲੇ ਵਿਚ ਸਿਆਲਕੋਟ ਅਤੇ ਸੱਯਦਪੁਰ ਤੇ ਕਬਜ਼ਾ ਕੀਤਾ। ਕੁਝ ਹੀ ਸਾਲਾਂ ਵਿਚ ਉਹ ਕਾਬਲ ਤੇ ਕਾਬਜ਼ ਹੋਇਆ। ਇਸੇ ਵੇਲੇ ਆਲਮ ਖਾਂ ਅਤੇ ਦੌਲਤ ਖਾਂ ਨੇ ਉਸਨੂੰ ਭਾਰਤ ਤੇ ਹਮਲਾ ਕਰਨ ਦਾ ਸੱਦਾ ਦਿੱਤਾ। ਉਹ 1524 ਵਿਚ ਭਾਰਤ ਵੱਲ ਵਧਿਆ। ਉਹ ਭੇਰੇ ਤੋਂ ਲਾਹੌਰ ਪੁੱਜਾ। ਉਸਨੇ ਦਿੱਲੀ ਨੂੰ ਹਰਾਇਆ ਤੇ ਕਾਬਲ ਪਰਤ ਗਿਆ।

ਬਾਬਰ ਨੇ 1525 ਵਿਚ ਪੰਜਾਬ ਦੇ ਗਵਰਨਰ ਦੌਲਤ ਖਾਂ ਲੋਧੀ ਨੂੰ ਕਰਾਰੀ ਹਾਰ ਦਿੱਤੀ। ਬਾਬਰ ਨੇ ਪੰਜਾਬ ਨੂੰ ਆਪਣੇ ਅਧੀਨ ਕਰ ਲਿਆ। ਦਿੱਲੀ ਦਾ ਸੁਲਤਾਨ ਇਬਰਾਹੀਮ ਲੋਧੀ ਇਕ ਲੱਖ ਦੀ ਸੈਨਾ ਨਾਲ ਬਾਬਰ ਵੱਲ ਵਧਿਆ। ਅਪ੍ਰੈਲ 21, 1526 ਨੂੰ ਪਾਣੀਪਤ ਦੇ ਮੈਦਾਨ ਵਿਚ ਸੁਲਮਾਨ ਇਬਰਾਹੀਮ ਲੋਧੀ ਦੀ ਸੈਨਾ ਨੇ ਹਮਲਾ ਕਰ ਦਿੱਤਾ। ਬਾਬਰ ਦੀ ਸੈਨਾ ਨੇ ਚੜ੍ਹਾਈ ਕਰ ਦਿੱਤੀ। ਦਿੱਲੀ ਦੀ ਸੈਨਾ ਵਿਚ ਘਬਰਾਹਟ ਪੈ ਗਈ। ਬਾਬਰ ਨੇ ਸੈਨਾ ਨੂੰ ਪਿਛਲੇ ਪਾਸੇ ਤੋਂ ਘੇਰਨ ਲਈ ਕਿਹਾ। ਸਾਹਮਣੇ ਤੋਂ ਗੋਲੇ ਵਰਸਾਉਣੇ ਸ਼ੁਰੂ ਕਰ ਦਿੱਤੇ।

ਉਸਤਾਦ ਅਲੀ ਅਤੇ ਮੁਸਤਫਾ ਦੇ ਬਾਰੂਦੀ ਹਮਲੇ ਅਤੇ ਨੇਜ਼ਿਆਂ ਨਾਲ ਰਣ-ਖੇਤਰ ਗਰਮਾ ਗਿਆ। ਲਾਸ਼ਾਂ ਦੇ ਢੇਰ ਲੱਗ ਗਏ। ਕੁਝ ਹੀ ਸਮੇਂ ਵਿਚ ਬਾਬਰ ਜੇਤੂ ਰਿਹਾ। ਸੁਲਤਾਨ ਇਬਰਾਹੀਮ ਲੋਧੀ ਹਜ਼ਾਰ ਸੈਨਿਕਾਂ ਨਾਲ ਮਾਰਿਆ ਗਿਆ। ਪਾਣੀਪਤ ਦੀ ਲੜਾਈ ਦਾ ਵਿਸ਼ੇਸ਼ ਮਹੱਤਵ ਹੈ ਕਿ ਦਿੱਲੀ ਦੀ ਸਲਤਨਤ ਦਾ ਅੰਤ ਹੋਇਆ ਅਤੇ ਭਾਰਤ ਵਿਚ ਮੁਗਲ ਰਾਜ ਦੀ ਸਥਾਪਤੀ ਹੋਈ।

ਪਾਣੀਪਤ ਦੀ ਜਿੱਤ ਤੋਂ ਬਾਅਦ ਉਤਰੀ ਭਾਰਤ ਵਿਚ ਮੇਵਾੜ ਦੇ ਰਾਣਾ ਸਾਂਗਾ ਨਾਲ ਯੁੱਧ ਹੋਇਆ। ਉਹ ਵੀ ਇਕ ਵੀਰ ਬਹਾਦਰ ਯੋਧਾ ਸੀ। ਉਸ ਕੋਲ ਵੱਡੀ ਸੈਨਾ ਸੀ। ਯੁੱਧ ਕਨਵਾਹ ਦੇ ਮੈਦਾਨ ਵਿਚ ਹੋਇਆ। ਰਾਣਾ ਸਾਂਗਾ ਦੇ ਨਾਲ ਸੁਲਤਾਨ ਮਹਿਮੂਦ ਅਤੇ ਹਸਨ ਖਾਂ ਮੇਵਾੜੀ ਦੀ ਸੈਨਾ ਵੀ ਆਣ ਰਲੀ। ਰਾਜਪੂਤਾਂ ਦੇ ਅਣਖ ਅਤੇ ਬਹਾਦਰੀ ਦੇ ਚਰਚੇ ਸਨ। ਮੁਗਲ ਸੈਨਿਕਾਂ ਦੇ ਹੌਸਲੇ ਢਹਿੰਦੇ ਜਾ ਰਹੇ ਸਨ। ਬਾਬਰ ਨੇ ਆਪਣੇ ਸੈਨਿਕਾਂ ਨੂੰ ਇਸਲਾਮ ਦੇ ਝੰਡੇ ਹੇਠ ਲੜਨ ਲਈ ਲਾਮਬੰਦ ਕਰ ਲਿਆ। ਉਹ ਮਰ ਮਿਟਣ ਲਈ ਤਿਆਰ ਹੋ ਗਏ। ਮਾਰਚ 17, 1527 ਨੂੰ ਕਨਵਾਹ ਰਣਖੇਤਰ ਵਿਚ ਯੁੱਧ ਹੋਇਆ। ਬਾਬਰ ਨੇ ਪਾਣੀਪਤ ਵਾਲੀ ਯੁੱਧ ਨੀਤੀ ਅਪਣਾਈ। ਰਾਣਾ ਸਾਂਗਾ ਦੀ ਸੰਯੁਕਤ ਫੌਜ ਚਾਰ ਭਾਗਾਂ ਵਿਚ ਵੰਡੀ ਹੋਈ ਸੀ। ਬਾਬਰ ਨੇ ਸੱਜੀ ਬਾਹੀ ਤੋਂ ਹਮਲਾ ਕੀਤਾ। ਘਮਸਾਨ ਦੇ ਯੁੱਧ ਵਿਚ ਉਸਤਾਦ ਅਲੀ ਦੇ ਬਾਰੂਦੀ ਤੋਪ ਦੇ ਗੋਲਿਆਂ ਨੇ ਦੁਸ਼ਮਣਾਂ ਨੂੰ ਭਾਜਣ ਪਾ ਦਿੱਤੀ। ਉਹ ਚਾਰੋ ਪਾਸਿਆਂ ਤੋਂ ਨੱਠਣ ਲੱਗੇ। ਰਾਣਾ ਸਾਂਗਾ ਵੀ ਜ਼ਖਮੀ ਹੋ ਕੇ ਰਣਖੇਤਰ ਵਿਚੋਂ ਭੱਜ ਗਿਆ। ਬਾਬਰ ਜੇਤੂ ਰਿਹਾ।

ਬਾਬਰ ਉਤਰੀ ਭਾਰਤ ਵਿਚ ਮੁਗਲ ਰਾਜ ਸਥਾਪਤ ਕਰਨ ਵਿਚ ਸਫਲ ਰਿਹਾ। ਉਸਦੀ ਸ਼ਕਤੀ ਨੂੰ ਚਿਤਾਵਨੀ ਦੇਣ ਵਾਲਾ ਕੋਈ ਨਹੀਂ ਸੀ। ਬਾਬਰ ਇਕ ਦਿਆਲੂ ਜੋ ਦੋਸਤੀ ਅਤੇ ਰਿਸ਼ਤਿਆਂ ਦੀ ਕਦਰ ਕਰਦਾ ਸੀ ਅਤੇ ਮਦਦ ਵੀ ਕਰਦਾ ਸੀ। ਉਸਦੀ ਸੁੰਦਰਤਾ ਅਤੇ ਸ਼ਖਸੀਅਤ ਪ੍ਰਭਾਵਸ਼ਾਲੀ ਸੀ। ਜੰਗੀ ਹੁਨਰ ਉਸਨੂੰ ਵਿਰਾਸਤ ਵਿਚ ਮਿਲਿਆ ਸੀ। ਮੁਸ਼ਕਿਲ ਦੀਆਂ ਘੜੀਆਂ ਵਿਚ ਵੀ ਅਡੋਲ ਸ਼ਾਂਤ ਅਤੇ ਆਤਮ ਵਿਸ਼ਵਾਸ ਵਿਚ ਰਹਿੰਦਾ ਸੀ। ਉਹ ਜ਼ਮੀਨ ਨਾਲ ਜੁੜਿਆ ਬਾਦਸ਼ਾਹ ਸੀ। ਉਹ ਕਵੀ, ਸੰਗੀਤ ਪ੍ਰੇਮੀ ਅਤੇ ਕੁਦਰਤ ਦੀ ਕਦਰ ਕਰਦਾ ਸੀ। ਉਸਨੇ ਬਹੁਤ ਸਾਰੇ ਬਾਗ ਅਤੇ ਇਮਾਰਤਾਂ ਦਾ ਨਿਰਮਾਣ ਕੀਤਾ। ਉਸਦੀ ਜ਼ਿੰਦਗੀ ਦਾ ਸਾਰਾ ਸਮਾਂ ਯੁੱਧਾਂ ਜੰਗਾਂ ਵਿਚ ਬੀਤਿਆ। ਉਹ ਆਪਣੇ ਰਾਜ ਪ੍ਰਬੰਧ ਲਈ ਦੂਸਰਿਆਂ 'ਤੇ ਨਿਰਭਰ ਸੀ। ਬਹੁਤ ਸਾਰੇ ਪ੍ਰਬੰਧਕ ਉਸਦੀ ਆਗਿਆ ਵੀ ਨਹੀਂ ਮੰਨਦੇ ਸਨ। ਮਾਲੀ ਤੌਰ ਤੇ ਕਮਜ਼ੋਰ ਰਿਹਾ। ਇਸ ਲਈ ਉਸਦੇ ਪੁੱਤਰ ਹਮਾਯੂੰ ਨੂੰ ਗੱਦੀ ਮਿਲਣ ਤੇ ਬੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਹਮਾਯੂੰ ਸ਼ੇਰ ਸ਼ਾਹਸੂਰੀ ਹੱਥੋਂ ਹਾਰ ਗਿਆ (1540-1555) ਅਤੇ 15 ਸਾਲ ਗੱਦੀ ਤੋਂ ਵਾਂਝਾ ਰਿਹਾ। ਫਿਰ ਵੀ ਬਾਬਰ ਨੂੰ ਇਤਿਹਾਸ ਵਿਚ ਮੁਗਲ ਰਾਜ ਦਾ ਬਾਨੀ ਮੰਨਿਆ ਜਾਂਦਾ ਹੈ।

47 ਸਾਲ ਦੀ ਉਮਰ ਵਿਚ ਉਸਦੀ ਮੌਤ ਆਗਰਾ ਵਿਖੇ 26 ਦਸੰਬਰ, 1530 ਵਿਚ ਹੋਈ। ਉਸਨੂੰ ਆਗਰੇ ਵਿਚ ਦਫਨਾਇਆ ਗਿਆ। ਫਿਰ 1539 ਵਿਚ ਉਸਦੀ ਯਾਦਗਾਰ ਕਾਬਲ ਵਿਚ ਬਣੀ।

**ਬਾਬਰ ਬਾਣੀ:-** ਬਾਬਰ ਦੇ ਹਮਲਿਆਂ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਗੁਰੂ ਨਾਨਕ ਦੇਵ ਜੀ ਤੀਸਰੀ ਉਦਾਸੀ ਦੇ ਵਿਚ ਐਮਨਾਬਾਦ ਪੁੱਜੇ ਸਨ। ਬਾਬਰ ਦੇ ਫੌਜੀਆਂ ਹੱਥੋਂ ਜੋ ਦੁਰਗਤਿ ਸੈਦਪੁਰ ਨਿਵਾਸੀਆਂ ਦੀ ਅੱਖੀਂ ਦੇਖੀ, ਬਾਬਰ ਬਾਣੀ ਵਿਚ ਹੈ ਕਿ ਖੁਰਾਸਾਨ ਦੀ ਹਵਾਲਗੀ ਕਿਸੇ ਹੋਰ ਨੂੰ ਕਰਕੇ ਬਾਬਰ ਮੁਗਲ ਨੇ ਹਮਲਾ ਕਰਕੇ ਹਿੰਦੁਸਤਾਨ ਨੂੰ ਆ ਸਹਿਮ ਪਾਇਆ। ਜਿਹੜੇ ਲੋਕ ਆਪਣੇ ਫਰਜ਼ ਭੁਲਾ ਕੇ ਰੰਗਰਲੀਆਂ ਵਿਚ ਪੈ ਜਾਂਦੇ ਹਨ, ਉਹਨਾਂ ਨੂੰ ਸਜ਼ਾ ਭੁਗਤਣੀ ਹੀ ਪੈਂਦੀ ਹੈ। ਇਸ ਬਾਰੇ ਕਰਤਾਰ ਆਪਣੇ ਉਤੇ ਇਤਰਾਜ਼ ਨਹੀਂ ਆਉਣ ਦਿੰਦਾ। ਸੋ, ਫਰਜ਼ ਭੁਲਾ ਕੇ ਵਿਕਾਰਾਂ ਵਿਚ ਮਸਤ ਪਏ ਪਠਾਣ ਹਾਕਮਾਂ ਨੂੰ ਦੰਡ ਦੇਣ ਲਈ ਕਰਤਾਰ ਨੇ ਮੁਗਲ ਬਾਬਰ ਨੂੰ ਜਮਰਾਜ਼ ਬਣਾ ਕੇ ਹਿੰਦੁਸਤਾਨ 'ਤੇ ਚਾੜ੍ਹ ਦਿੱਤਾ। ਪਰ ਹੇ ਕਰਤਾਰ! ਬਦ ਮਸਤ ਪਠਾਣ ਹਾਕਮਾਂ ਦੇ ਨਾਲ ਗਰੀਬ ਨਿਹੱਥੇ ਲੋਕ ਵੀ ਪੀਸ ਗਏ। ਇਤਨੀ ਮਾਰ ਪਈ ਕਿ ਉਹ ਹਾਇ-ਹਾਇ ਪੁਕਾਰ ਉੱਠੇ। ਕੀ ਇਹ ਸਭ ਕੁਝ ਵੇਖ ਕੇ ਤੈਨੂੰ ਉਹਨਾਂ 'ਤੇ ਤਰਸ ਨਹੀਂ ਆਇਆ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਹੇ ਕਰਤਾਰ! ਤੂੰ ਸਭਨਾਂ ਹੀ ਜੀਵਾਂ ਦੀ ਸਾਰ ਰੱਖਣ ਵਾਲਾ ਹੈ। ਜੇ ਕੋਈ ਜ਼ੋਰਾਵਰ ਜ਼ੋਰਾਵਰ ਨੂੰ ਮਾਰ ਕੁਟਾਈ ਕਰੇ ਤਾਂ ਵੇਖਣ ਵਾਲਿਆਂ ਦੇ ਮਨ ਵਿਚ ਗੁੱਸਾ-ਗਿਲਾ ਨਹੀਂ ਹੁੰਦਾ। ਕਿਉਂਕਿ ਦੋਵੇਂ ਧਿਰਾਂ ਇਕ-ਦੂਜੇ ਨੂੰ ਕਰਾਰੇ ਹੱਥ ਵਿਖਾ ਲੈਂਦੇ ਹਨ। ਰਹਾਉ॥

ਪਰ ਜੇ ਕੋਈ ਸ਼ੇਰ ਵਰਗਾ ਜੋਰਾਵਰ ਗਾਈਆਂ ਦੇ ਵੱਗ ਵਰਗੇ ਕਮਜੋਰ ਨਿਹੱਥਿਆਂ ਉਤੇ ਹੱਲਾ ਕਰਕੇ ਮਾਰਨ ਨੂੰ ਆ ਪਵੇ ਤਾਂ ਇਸਦੀ ਪੁੱਛ ਵੱਗ ਦੇ ਖਸਮ ਨੂੰ ਹੁੰਦੀ ਹੈ। ਤਾਹੀਏ, ਹੇ ਕਰਤਾਰ! ਮੈਂ ਤੇਰੇ ਅੱਗੇ ਪੁਕਾਰ ਕਰਦਾ ਹਾਂ, ਕੁੱਤੇ ਓਪਰੇ ਕੁੱਤਿਆਂ ਨੂੰ ਵੇਖ ਕੇ ਜਰ ਨਹੀਂ ਸਕਦੇ। ਪਾੜ ਖਾਂਦੇ ਹਨ। ਇਸੇ ਤਰ੍ਹਾਂ ਮਨੁੱਖ ਨੂੰ ਪਾੜ ਖਾਣ ਵਾਲੇ ਇਹਨਾਂ ਮਨੁੱਖ ਰੂਪੀ ਮੁਗਲ ਕੁੱਤਿਆਂ ਨੇ ਤੇਰੇ ਬਣਾਏ ਸੋਹਣੇ ਬੰਦਿਆਂ ਨੂੰ ਮਾਰ ਮਾਰ ਕੇ ਮਿੱਟੀ ਵਿਚ ਰੋਲ ਦਿੱਤਾ ਹੈ। ਮਰੇ ਪਿਆਂ ਦੀ ਕੋਈ ਸਾਰ ਹੀ ਨਹੀਂ ਲੈਂਦਾ।

ਹੇ ਕਰਤਾਰ! ਤੇਰੀ ਰਜ਼ਾ ਤੂੰ ਹੀ ਜਾਣੇ। ਤੂੰ ਆਪ ਹੀ ਸਬੰਧ ਜੋੜ ਕੇ ਆਪ ਹੀ ਇਹਨਾਂ ਨੂੰ ਮੌਤ ਦੇ ਘਾਟ ਉਤਾਰ ਕੇ ਆਪੋ ਵਿਚੋਂ ਵਿਛੋੜ ਦਿੱਤਾ ਹੈ। ਵੇਖ ਹੇ ਕਰਤਾਰ। ਇਹ ਤੇਰੀ ਤਾਕਤ ਦਾ ਕਰਿਸ਼ਮਾ ਹੈ।

ਬੰਨ- ਪਦਾਰਥ ਹਕੂਮਤ ਦੇ ਨਸ਼ੇ ਵਿਚ ਮਨੁੱਖ ਆਪਣੀ ਹਸਤੀ ਨੂੰ ਭੁੱਲ ਜਾਂਦਾ ਹੈ। ਤੇ ਬੜੀ ਆਕੜ ਵਿਖਾ ਵਿਖਾ ਕੇ ਹੋਰਨਾਂ ਨੂੰ ਦੁੱਖ ਦਿੰਦਾ ਹੈ। ਪਰ ਇਹ ਨਹੀਂ ਸਮਝਦਾ ਕਿ ਜੇ ਕੋਈ ਮਨੁੱਖ ਆਪਣੇ ਆਪ ਨੂੰ ਵੱਡੇ ਅਖਵਾ ਲਵੇ ਤੇ ਮਨ-ਮਾਨੀਆਂ, ਰੰਗ ਰਲੀਆਂ ਮਾਣ ਲਏ ਤਾਂ ਉਹ ਖਸਮ ਪ੍ਰਭੂ ਦੀਆਂ ਨਜ਼ਰਾਂ ਵਿਚ ਇਕ ਕੀੜਾ ਹੀ ਦਿਸਦਾ ਹੈ। ਜੋ ਧਰਤੀ ਤੋਂ ਦਾਣੇ ਚੁਗ ਚੁਗ ਕੇ ਨਿਰਬਾਹ ਕਰਦਾ ਹੈ। ਹਉਮੈ ਦੀ ਬਦ ਮਸਤੀ ਵਿਚ ਉਹ ਮਨੁੱਖੀ ਜ਼ਿੰਦਗੀ ਅਜਾਈਂ ਹੀ ਗਵਾ ਲੈਂਦਾ ਹੈ।

ਹੇ ਨਾਨਕ! ਜਿਹੜਾ ਮਨੁੱਖ ਵਿਕਾਰਾਂ ਵੱਲੋਂ ਆਪਾ ਮਾਰ ਕੇ ਆਤਮਕ ਜੀਵਨ ਜਿਉਂਦਾ ਹੈ ਤੇ ਪ੍ਰਭੂ ਦਾ ਨਾਮ ਸਿਮਰਦਾ ਹੈ। ਉਹੀ ਇੱਥੋਂ ਕੁਝ ਖੱਟਦਾ ਹੈ। ਅੰਗ 360

ਹੇ ਅਕਾਲ-ਪੁਰਖ ਬਿਪਤਾ ਵੇਲੇ ਸਾਡੇ ਜੀਵਾਂ ਦੀ ਤੈਨੂੰ ਹੀ ਨਮਸਕਾਰ ਹੈ। ਹੋਰ ਕਿਹੜਾ ਆਸਰਾ ਹੋ ਸਕਦਾ ਹੈ? ਹੇ ਆਦਿ ਪੁਰਖ! ਤੇਰੇ ਭਾਣਿਆਂ ਦਾ ਸਾਨੂੰ ਭੇਤ ਨਹੀਂ ਮਿਲਦਾ। ਤੂੰ ਇਹ ਭਾਣੇ ਆਪ ਹੀ ਕਰਕੇ ਆਪ ਹੀ ਵੇਖ ਰਿਹਾ ਹੈ। ਰਹਾਉ॥

ਜਿਹਨਾਂ ਸੁੰਦਰੀਆਂ ਦੇ ਸਿਰ ਉਤੇ ਕੇਸਾਂ ਦੇ ਵਿਚਕਾਰਲੇ ਚੀਰ ਵਿਚ ਸੰਧੂਰ ਪਾ ਕੇ ਕਾਲੇ ਕੇਸਾਂ ਦੀਆਂ ਪੱਟੀਆਂ ਹੁ ਣ ਤੱਕ ਸੋਭਦੀਆਂ ਆ ਰਹੀਆਂ ਹਨ। ਉਹਨਾਂ ਦੇ ਮੂੰਹ ਵਿਚ ਮਿੱਟੀ ਪੈ ਰਹੀ ਹੈ। ਜਿਹੜੀਆਂ ਪਹਿਲਾਂ ਆਪਣੇ ਮਹੱਲਾਂ ਵਿਚ ਵਸਦੀਆਂ ਸਨ। ਹੁਣ ਉਹਨਾਂ ਨੂੰ ਉਹਨਾਂ ਦੇ ਮਹਲਾਂ ਦੇ ਕਿਤੇ ਨੇੜੇ ਵੀ ਢੁੱਕਣ ਨਹੀਂ ਦਿੱਤਾ ਜਾਂਦਾ।

ਜਦੋਂ ਉਹ ਸੁੰਦਰੀਆਂ ਵਿਆਹੀਆਂ ਆਈਆਂ ਸਨ, ਉਹਨਾਂ ਦੇ ਕੋਲ ਉਹਨਾਂ ਦੇ ਲਾੜੇ ਸੁਹਣੇ ਲੱਗ ਰਹੇ ਸਨ। ਉਹ ਪਾਲਕੀਆਂ ਵਿਚ ਚੜ੍ਹ ਕੇ ਆਈਆਂ ਸਨ। ਉਹਨਾਂ ਦੀਆਂ ਬਾਹਾਂ ਉਤੇ ਹਾਥੀ ਦੰਦ ਦੇ ਚੂੜੇ ਸੋਹਣੇ ਲੱਗ ਰਹੇ ਸਨ। ਉਹ ਪਾਲਕੀਆਂ ਵਿਚ ਚੜ੍ਹ ਕੇ ਆਈਆਂ ਸਨ। ਉਹਨਾਂ ਦੀਆਂ ਬਾਹਾਂ ਉਤੇ ਹਾਥੀ ਦੰਦ ਦੇ ਚੂੜੇ ਸਜੇ ਹੋਏ ਸਨ। ਸੁਹਰੇ ਘਰ ਆਈਆਂ ਦੇ ਉਤੋਂ ਦੀ ਸ਼ਗਨਾਂ ਦਾ ਪਾਣੀ ਵਾਰਿਆ ਜਾਂਦਾ ਸੀ। ਸ਼ੀਸ਼ਿਆਂ ਜੜੇ ਪੱਖੇ ਉਹਨਾਂ ਦੇ ਕੋਲ ਉਹਨਾਂ ਦੇ ਹੱਥਾਂ ਵਿਚ ਲਿਸ਼ਕ ਰਹੇ ਸਨ।

ਸੁਹਰੇ ਘਰ ਆ ਕੇ ਬੈਠੀਆਂ ਨੂੰ ਇਕ ਲੱਖ ਰੁਪਿਆ ਸ਼ਗਨਾਂ ਦਾ ਲੈਂਦੀਆਂ ਸਨ। ਖਲੋਤੀਆਂ ਭੀ ਲੈਂਦੀਆਂ ਸਨ। ਗਰੀ-ਛੁਹਾਰੇ ਖਾਂਦੀਆਂ ਸਨ ਤੇ ਸੋਹਣੀਆਂ ਸੇਜਾਂ ਮਾਣਦੀਆਂ ਸਨ। ਅੱਜ ਉਹਨਾਂ ਦੇ ਗਲ ਵਿਚ ਜ਼ਾਲਮਾਂ ਨੇ ਰੱਸੀਆਂ ਪਾਈਆਂ ਹੋਈਆਂ ਹਨ। ਉਹਨਾਂ ਦੇ ਗਲ਼ ਵਿਚ ਪਏ ਮੋਤੀਆਂ ਦੇ ਹਾਰ ਟੁੱਟ ਰਹੇ ਹਨ। ਉਹਨਾਂ ਦਾ ਧੰਨ ਜੋਬਨ ਜਿਹਨਾਂ ਨੇ ਉਹਨਾਂ ਸੁੰਦਰੀਆਂ ਨੂੰ ਨਸ਼ਾ ਚਾੜ੍ਹਿਆ ਹੋਇਆ ਸੀ। ਅੱਜ ਦੋਵੇਂ ਹੀ ਉਹਨਾਂ ਦੇ ਵੈਰੀ ਬਣੇ ਹੋਏ ਹਨ। ਬਾਬਰ ਨੇ ਜਾਲਮ ਸਿਪਾਹੀਆਂ ਨੂੰ ਹੁਕਮ ਦੇ ਰੱਖਿਆ ਹੈ। ਉਹ ਉਹਨਾਂ ਦੀ ਇੱਜ਼ਤ ਗਵਾ ਕੇ ਉਹਨਾਂ ਨੂੰ ਲੈ ਜਾ ਰਹੇ ਹਨ। ਜੀਵਾਂ ਦੇ ਕੁਝ ਵੱਸ ਨਹੀਂ। ਜੇ ਉਸ ਪ੍ਰਮਾਤਮਾ ਨੂੰ ਚੰਗਾ ਲੱਗੇ ਤਾਂ ਆਪਣੇ ਪੈਦਾ ਕੀਤੇ ਜੀਵਾਂ ਨੂੰ ਵਡਿਆਈ-ਆਦਰ ਦਿੰਦਾ ਹੈ। ਜੇ ਉਸਦੀ ਰਜ਼ਾ ਹੋਵੇ ਤਾਂ ਸਜ਼ਾ ਦਿੰਦਾ ਹੈ।

ਜੇ ਪਹਿਲਾਂ ਹੀ ਆਪੋ ਆਪਣੇ ਫਰਜ਼ ਨੂੰ ਚੇਤੇ ਕਰਦੇ ਰਹੀਏ, ਚੇਤੇ ਰੱਖੀਏ ਤਾਂ ਅਜਿਹੀ ਸਜ਼ਾ ਕਿਉਂ ਮਿਲੇ? ਇੱਥੋਂ ਦਿਆਂ ਹਾਕਮਾਂ ਨੇ ਐਸ਼ ਵਿਚ ਤਮਾਸ਼ਿਆਂ ਦੇ ਚਾਅ ਵਿਚ ਆਪਣਾ ਫਰਜ਼ ਭੁਲਾ ਦਿੱਤਾ ਸੀ। ਹੁਣ ਜਦੋਂ ਬਾਬਰ ਦੀ ਦੁਹਾਈ ਫਿਰੀ ਤਾਂ ਹੋਰ ਪ੍ਰਜਾ ਤਾਂ ਕਿਤੇ ਰਹੀ ਕੋਈ ਪਾਣ ਸ਼ਾਹਜਾਦਾ ਵੀ ਕਿਤੋਂ ਮੰਗ-ਪਿੰਨ ਕੇ ਰੋਟੀ ਨਹੀਂ ਖਾ ਸਕਦਾ।

ਸੈਦਪੁਰ ਦੀਆਂ ਇਸਤਰੀਆਂ ਦਾ ਇਹ ਹਾਲ ਹੋ ਰਿਹਾ ਹੈ ਕਿ ਜ਼ਾਲਮਾਂ ਦੇ ਪੰਜੇ ਵਿਚ ਆ ਕੇ ਮੁਸਲਮਾਨੀਆਂ ਦੇ ਨਿਮਜ ਦੇ ਵਕਤ ਖੁੰਝ ਰਹੇ ਹਨ। ਹਿੰਦਵਾਣੀਆਂ ਦਾ ਪੂਜਾ ਦਾ ਸਮਾਂ ਜਾ ਰਿਹਾ ਹੈ। ਜਿਹੜੀਆਂ ਅੱਗੇ ਨਹਾ ਕੇ ਟਿੱਕੇ ਲਾ ਕੇ ਸੁੱਚੇ ਚੌਂਕੇ ਵਿਚ ਬੈਠਦੀਆਂ ਸਨ, ਹੁਣ ਨਾ ਉਹ ਇਸ਼ਨਾਨ ਕਰਕੇ ਟਿੱਕੇ ਲਗਾ ਸਕਦੀਆਂ ਹਨ, ਨਾ ਹੀ ਉਹਨਾਂ ਦੇ ਸੁੱਚੇ ਚੌਂਕੇ ਰਹਿ ਗਏ ਹਨ। ਜਿਹਨਾਂ ਨੇ ਧੰਨ ਦੌਲਤ ਦੇ ਨਸ਼ੇ ਵਿਚ ਕਦੇ ਰਾਮ ਨੂੰ ਚੇਤੇ ਨਹੀਂ ਸੀ ਕੀਤਾ, ਹੁਣ ਜ਼ਾਲਮ ਬਾਬਰ ਸਿਪਾਹੀਆਂ ਨੂੰ ਖੁਸ਼ ਕਰਨ ਲਈ ਉਹਨਾਂ ਨੂੰ ਖੁਦਾ-ਖੁਦਾ ਵੀ ਆਖਣਾ ਨਹੀਂ ਮਿਲਦਾ।

ਬਾਬਰ ਦੀ ਕਤਲੇਆਮ ਤੇ ਕੈਦ ਵਿਚੋਂ ਜਿਹੜੇ ਕੋਈ ਵਿਰਲੇ ਮਨੁੱਖ ਬਚ ਕੇ ਆਪੋ-ਆਪਣੇ ਘਰ ਆਉਂਦੇ ਹਨ। ਉਹ ਇਕ-ਦੂਜੇ ਦੀ ਸੁੱਖ-ਸਾਂਦ ਪੁੱਛਦੇ ਹਨ। ਅਨੇਕਾਂ ਦੇ ਸਾਕ ਸਬੰਧੀ ਮਾਰੇ ਤੇ ਕੈਦ ਕੀਤੇ ਗਏ। ਉਹਨਾਂ ਦੀ ਕਿਸਮਤ ਵਿਚ ਇਹੀ ਬਿਪਤਾ ਲਿਖੀ ਪਈ ਸੀ। ਉਹ ਇਕ-ਦੂਜੇ ਪਾਸ ਬੈਠ ਕੇ ਆਪੋ-ਆਪਣੇ ਦੁੱਖ ਰੋਂਦੇ ਹਨ। ਰੋ ਰੋ ਕੇ ਆਪਣਾ ਦੁੱਖ ਦੱਸਦੇ ਹਨ।

ਪਰ ਹੇ ਨਾਨਕ! ਮਨੁੱਖ ਵਿਚਾਰੇ ਕੀ ਕਰਨ ਜੋਗੇ ਹਨ। ਉਹੀ ਕੁਝ ਵਾਪਰਦਾ ਹੈ ਜੋ ਉਸ ਸਿਰਜਣਹਾਰ ਕਰਤਾਰ ਨੂੰ ਭਾਉਂਦਾ ਹੈ। ਅੰਗ 417

ਹੇ ਪ੍ਰਭੂ ਇਹ ਜਗਤ ਤੇਰਾ ਬਣਾਇਆ ਹੋਇਆ ਹੈ। ਤੂੰ ਇਸ ਜਗਤ ਦਾ ਮਾਲਕ ਹੈ। ਉਸ ਮਾਲਕ ਦੀ ਅਚਰਜ਼ ਖੇਡ ਹੈ। ਜਗਤ ਚ ਕੇ ਇਕ ਘੜੀ ਵਿਚ ਤਬਾਹ ਵੀ ਦਿੰਦਾ ਹੈ। ਤੇ ਧੰਨ ਦੌਲਤ ਵੰਡ ਕੇ ਹੋਰਨਾਂ ਨੂੰ ਦਿੰਦਾ ਹੈ। ਰਹਾਉ॥

ਅਜੇ ਕੱਲ੍ਹ ਦੀ ਗੱਲ ਹੈ ਕਿ ਸੈਦਪੁਰ ਵਿਚ ਰੌਣਕ ਹੀ ਰੌਣਕ ਸੀ। ਪਰ ਹੁਣ ਕਿੱਥੇ ਹਨ ਫੌਜੀਆਂ ਦੇ ਖੇਡ ਤਮਾਸ਼ੇ? ਕਿੱਥੇ ਹਨ ਘੋੜੀਆਂ ਤੇ ਘੋੜੇ ਦੇ ਤਬੇਲੇ? ਕਿੱਥੇ ਗਏ ਨਗਾਰੇ ਤੇ ਤੂੰਤੀਆਂ? ਕਿੱਥੇ ਹਨ ਪਸਮੀਨੇ ਦੇ ਗਾਤਰੇ? ਤੇ ਕਿੱਥੇ ਹਨ ਉਹ ਫੌਜੀਆਂ ਦੀਆਂ ਲਾਲ ਵਰਦੀਆਂ? ਕਿੱਥੇ ਹਨ ਸ਼ੀਸ਼ੇ? ਤੇ ਸ਼ੀਸ਼ਿਆਂ ਵਿਚ ਵੇਖੇ ਜਾਣ ਵਾਲੇ ਸੋਹਣੇ ਮੂੰਹ? ਅੱਜ ਇੱਥੇ ਸੈਦਪੁਰ ਵਿਚ ਕਿਤੇ ਨਹੀਂ ਦਿਸਦੇ।

ਕਿੱਥੇ ਹਨ ਉਹ ਸੋਹਣੇ ਘਰ, ਮਹਲ-ਮਾੜੀਆਂ ਤੇ ਸੋਹਣੀਆਂ ਸਰਾਵਾਂ? ਕਿੱਥੇ ਹੈ ਉਹ ਸੁੱਖ ਦੇਣ ਵਾਲੀ ਇਸਤਰੀ ਤੇ ਉਸਦੀ ਸੇਜ਼? ਜਿਸਨੂੰ ਵੇਖ ਕੇ ਅੱਖਾਂ ਵਿਚੋਂ ਨੀਂਦ ਮੁੱਕ ਜਾਂਦੀ ਸੀ। ਕਿੱਥੇ ਹਨ ਉਹ ਪਾਨ ਤੇ ਪਾਨ ਵੇਚਣ ਵਾਲੀਆਂ ਤੇ ਕਿੱਥੇ ਉਹ ਪਰਦੇਦਾਰ ਜ਼ਨਾਨੀਆਂ? ਸਭ ਗੁੰਮ ਹੋ ਚੁੱਕੀਆਂ ਹਨ।

ਇਸ ਧੰਨ ਦੀ ਖਾਤਰ ਬਹੁਤ ਲੁਕਾਈ ਖੁਆਰ ਹੁੰਦੀ ਹੈ। ਇਸ ਧੰਨ ਨੇ ਬਹੁਤ ਦੁਨੀਆਂ ਨੂੰ ਖੁਆਰ ਕੀਤਾ ਹੈ। ਪਾਪ ਜ਼ੁਲਮ ਕਰਨ ਤੋਂ ਬਿਨਾਂ ਇਹ ਦੋਲਤ ਇਕੱਠੀ ਨਹੀਂ ਹੋ ਸਕਦੀ। ਤੇ ਮਰਨ ਵੇਲੇ ਇਹ ਇਕੱਠੀ ਕਰਨ ਵਾਲੇ ਦੇ ਨਾਲ ਨਹੀਂ ਜਾਂਦੀ। ਪਰ ਜੀਵ ਦੇ ਕੀ ਵੱਸ? ਪ੍ਰਮਾਤਮਾ, ਜਿਸਨੂੰ ਆਪ ਕੁਰਾਹੇ ਪਾਉਂਦਾ ਹੈ, ਪਹਿਲਾਂ ਉਸ ਪਾਸੋਂ ਉਸਦੀ ਚੰਗਿਆਈ ਖੋਹ ਲੈਂਦਾ ਹੈ।

ਜਦੋਂ ਪਠਾਣ ਹਾਕਮਾਂ ਨੇ ਸੁਣਿਆ ਕਿ ਮੀਰ ਬਾਬਰ ਹੱਲਾ ਕਰਕੇ ਵੱਗਾ ਤੱਗ ਆ ਰਿਹਾ ਹੈ ਤਾਂ ਉਹਨਾਂ ਅਨੇਕ ਹੀ ਪੀਰਾਂ ਨੂੰ ਜਾਦੂ ਟੂਣੇ ਕਰਨ ਲਈ ਰੋਕ ਰੱਖਿਆ। ਪਰ ਉਹਨਾਂ ਦੀਆਂ ਤਸਬੀਆਂ ਫਿਰਨ ਤੇ ਵੀ ਪੱਕੇ ਥਾਂ ਮੁਕਾਮ ਪੱਕੇ ਮਹਲ ਮੁਗਲਾਂ ਦੀ ਲਾਈ ਅੱਗ ਨਾਲ ਸੜ ਕੇ ਸੁਆਹ ਹੋ ਗਏ। ਉਹਨਾਂ ਨੇ ਪਠਾਣ ਸ਼ਹਿਜਾਦਿਆਂ ਨੂੰ ਟੋਟੇ ਕਰਕੇ ਮਿੱਟੀ ਵਿਚ ਰੋਲ ਦਿੱਤਾ। ਪੀਰਾਂ ਦੀਆਂ ਤਸਬੀਆਂ ਨਾਲ ਕੋਈ ਇਕ ਵੀ ਮੁਗਲ ਅੰਨਾ ਨਾ ਹੋਇਆ। ਕਿਸੇ ਵੀ ਪੀਰ ਨੇ ਕੋਈ ਕਰਾਮਾਤ ਕਰ ਨਾ ਵਿਖਾਈ।

ਜਦੋਂ ਮੁਗਲਾਂ ਤੇ ਪਠਾਣਾਂ ਦੀ ਲੜਾਈ ਹੋਈ, ਲੜਾਈ ਦੇ ਮੈਦਾਨ ਵਿਚ ਦੋਹਾਂ ਧਿਰਾਂ ਨੇ ਤਲਵਾਰ ਚਲਾਈ। ਉਹਨਾਂ ਮੁਗਲਾਂ ਨੇ ਬੰਦੂਕਾਂ ਦੇ ਨਿਸ਼ਾਨੇ ਬੰਨ ਬੰਨ੍ਹ ਕੇ ਗੋਲੀਆਂ ਚਲਾਈਆਂ। ਪਰ ਪਠਾਣਾਂ ਦੀਆਂ ਹੱਥ ਵਿਚ ਹੀ ਚਿੜ ਚਿੜ ਕਰ ਗਈਆਂ। ਪਰ ਹੇ ਭਾਈ! ਧੁਰੋਂ ਹੀ ਜਿਹਨਾਂ ਦੀ ਉਮਰ ਦੀ ਚਿੱਠੀ ਪਾਟ ਜਾਂਦੀ ਹੈ, ਉਹਨਾਂ ਮਰਨਾ ਹੀ ਹੁੰਦਾ ਹੈ।

ਕੀਹ ਹਿੰਦੂ ਇਸਤਰੀਆਂ ਕੀਹ ਮੁਸਲਮਾਨ ਔਰਤਾਂ ਤੇ ਕੀਹ ਭੱਟਾਂ ਤੇ ਠਾਕੁਰਾਂ ਦੀਆਂ ਜਨਾਨੀਆਂ ਕਈਆਂ ਦੇ ਬੁਰਕੇ ਸਿਰ ਤੋਂ ਲੈ ਕੇ ਪੈਰਾਂ ਤੱਕ ਲੀਰ ਲੀਰ ਹੋ ਗਏ। ਕਈਆਂ ਦਾ ਮਰ ਕੇ ਮਸਾਣਾਂ ਵਿਚ ਜਾ ਵਾਸਾ ਹੋਇਆ। ਜਿਹੜੀਆਂ ਬਚ ਰਹੀਆਂ, ਉਹ ਵੀ ਵਿਚਾਰੀਆਂ ਕੀਹ ਬਚੀਆਂ, ਜਿਹਨਾਂ ਦੇ ਸੋਹਣੇ ਖਸਮ ਘਰਾਂ ਵਿਚ ਨਾ ਆਏ, ਉਹਨਾਂ ਉਹ ਬਿਪਤਾ ਦੀ ਰਾਤ ਕਿਵੇਂ ਕੱਟੀ ਹੋਵੇਗੀ?

ਪਰ ਇਹ ਦਰਦ ਭਰੀ ਕਹਾਣੀ ਕਿਸ ਨੂੰ ਆਖ ਕੇ ਸੁਣਾਈ ਜਾਵੇ? ਕਰਤਾਰ ਆਪ ਹੀ ਸਭ ਕੁਝ ਕਰਦਾ ਹੈ, ਤੇ ਜੀਵਾਂ ਤੋਂ ਕਰਾਂਦਾ ਹੈ।

ਹੇ ਕਰਤਾਰ! ਦੁੱਖ ਹੋਵੇ ਚਾਹੇ ਸੁੱਖ ਹੋਵੇ ਤੇਰੀ ਰਜ਼ਾ ਵਿਚ ਹੀ ਵਾਪਰਦਾ ਹੈ। ਤੈਥੋਂ ਬਿਨਾਂ ਹੋਰ ਕਿਸ ਪਾਸ ਜਾ ਕੇ ਦੁੱਖ ਫਰੋਲੀਏ?

ਹੇ ਨਾਨਕ! ਰਜ਼ਾ ਦਾ ਮਾਲਕ ਪ੍ਰਭੂ ਆਪਣੀ ਰਜ਼ਾ ਵਿਚ ਹੀ ਜਗਤ ਦੀ ਕਾਰ ਚਲਾ ਰਿਹਾ ਹੈ। ਤੇ ਵੇਖ ਵੇਖ ਕੇ ਸੰਤੁਸ਼ਟ ਹੋ ਰਿਹਾ ਹੈ। ਆਪੋ-ਆਪਣੇ ਕੀਤੇ ਕਰਮਾਂ ਅਨੁਸਾਰ ਲਿਖਿਆ ਲੇਖ ਭੋਗੀਦਾ। ਅੰਗ 417

ਹੇ ਭਾਈ ਲਾਲੋ! ਮੈਨੂੰ ਜਿਹੋ ਜਿਹੀ ਖਸਮ ਪ੍ਰਭੂ ਵੱਲੋਂ ਪ੍ਰੇਰਨਾ ਆਈ ਹੈ, ਉਸੇ ਅਨੁਸਾਰ ਮੈਂ ਤੈਨੂੰ ਉਸ ਦੁਰਘਟਨਾ ਦੀ ਵਾਕਫੀਅਤ ਦਿੰਦਾ ਹਾਂ, ਜੋ ਸ਼ਹਿਰ ਸੈਦਪੁਰ ਵਿਚ ਵਾਪਰੀ ਹੈ। ਬਾਬਰ ਕਾਬਲ ਤੋਂ ਫੌਜ ਜੋ ਮਾਨੋ ਪਾਪ-ਜੁਲਮ ਦੀ ਜੰਞ ਹੈ। ਇਕੱਠੀ ਕਰਕੇ ਆਣ ਚੜਿਆ ਹੈ ਅਤੇ ਜ਼ੋਰ ਧੱਕੇ ਨਾਲ ਹਿੰਦ ਦੀ ਹਕੂਮਤ ਰੂਪ ਕੰਨਿਆਦਾਨ ਮੰਗ ਰਿਹਾ ਹੈ। ਸੈਦਪੁਰ ਵਿਚੋਂ ਹਯਾ ਤੇ ਧਰਮ ਦੋਵੇਂ ਲੋਪ ਹੋ ਚੁੱਕੇ ਹਨ। ਝੂਠ ਹੀ ਝੂਠ ਚੌਧਰੀ ਬਣਿਆ ਫਿਰਦਾ ਹੈ। ਬਾਬਰ ਦੇ ਸਿਪਾਹੀਆਂ ਵੱਲੋਂ ਸੈਦਪੁਰ ਦੀਆਂ ਇਸਤਰੀਆਂ ਉਤੇ ਇਤਨੇ ਅੱਤਿਆਚਾਰ ਹੋ ਰਹੇ ਹਨ ਕਿ ਮਾਨੋ ਕਿ ਸ਼ੈਤਾਨ ਇਸ ਸ਼ਹਿਰ ਵਿਚ ਵਿਆਹ ਪੜ੍ਹਾਂ ਰਿਹਾ ਹੈ ਤੇ ਕਾਜ਼ੀਆਂ ਬ੍ਰਾਹਮਣਾਂ ਦੀ ਸਾਊ ਮਰਿਆਦਾ ਮੁੱਕ ਚੁੱਕੀ ਹੈ। ਮੁਸਲਮਾਨ ਔਰਤਾਂ ਵੀ ਇਸ ਜ਼ੁਲਮ ਦਾ ਸ਼ਿਕਾਰ ਹੋ ਰਹੀਆਂ ਹਨ। ਜੋ ਇਸ ਬਿਪਤਾ ਵਿਚ ਆਪਣੀ ਧਰਮ ਪੁਸਤਕ ਕੁਰਾਨ ਦੀਆਂ ਆਇਤਾਂ ਪੜ੍ਹ ਰਹੀਆਂ ਹਨ ਤੇ ਖੁਦਾ ਅੱਗੇ ਪੁਕਾਰ ਕਰ ਰਹੀਆਂ ਹਨ। ਉਚੀਆਂ ਜਾਤਾਂ ਦੀਆਂ ਨੀਵੀਆਂ ਜਾਤਾਂ ਦੀਆਂ ਅਤੇ ਹੋਰ ਵੀ ਸਭ ਹਿੰਦੂ ਇਸਤਰੀਆਂ ਇਹਨਾਂ ਸਾਰੀਆਂ ਉਤੇ ਅੱਤਿਆਚਾਰ ਹੋ ਰਹੇ ਹਨ।

ਹੇ ਨਾਨਕ ਇਸ ਖੂਨੀ ਵਿਆਹ ਵਿਚ ਸੈਦਪੁਰ ਨਗਰ ਦੇ ਅੰਦਰ ਹਰ ਪਾਸੇ ਵਿਰਲਾਪ ਹੋ ਰਹੇ ਹਨ ਤੇ ਲਹੂ ਦਾ ਕੇਸਰ ਛਿੜਕਿਆ ਜਾ ਰਿਹਾ ਹੈ।

ਸੈਦਪੁਰ ਦੀ ਕਤਲੇਆਮ ਦੀ ਇਹ ਦੁਰਘਟਨਾ ਬੜੀ ਭਿਆਨਕ ਹੈ ਪਰ ਇਹ ਵੀ ਠੀਕ ਹੈ ਕਿ ਜਗਤ ਵਿਚ ਸਭ ਕੁਝ ਮਾਲਕ-ਪ੍ਰਭੂ ਦੀ ਰਜ਼ਾ ਵਿਚ ਹੋ ਰਿਹਾ ਹੈ। ਇਸ ਵਾਸਤੇ ਲੋਥਾਂ ਭਰੇ ਸ਼ਹਿਰ ਵਿਚ ਬੈਠ ਕੇ ਵੀ ਨਾਨਕ ਉਸ ਮਾਲਕ ਪ੍ਰਭੂ ਦੇ ਗੁਣ ਹੀ ਗਾਂਦਾ ਹੈ। ਹੇ ਭਾਈ ਲਾਲੋ! ਤੂੰ ਵੀ ਇਸ ਅਟੱਲ ਨਿਯਮ ਨੂੰ ਉਚਾਰ। ਚੇਤੇ ਰੱਖ ਕਿ ਜਿਸ ਮਾਲਕ ਪ੍ਰਭੂ ਨੇ ਇਹ ਸ੍ਰਿਸ਼ਟੀ ਪੈਦਾ ਕੀਤੀ ਹੈ, ਉਸੇ ਨੇ ਇਸਨੂੰ ਮਾਇਆ ਦੇ ਮੋਹ ਵਿਚ ਪ੍ਰਵਿਰਤ ਕੀਤਾ ਹੋਇਆ ਹੈ। ਉਹ ਆਪ ਹੀ ਨਿਰਲੇਪ ਰਹਿ ਕੇ ਉਹਨਾਂ ਦੁਰਘਟਨਾਵਾਂ ਨੂੰ ਵੇਖ ਰਿਹਾ ਹੈ। ਜੋ ਮਾਇਆ ਮੋਹ ਦੇ ਕਾਰਨ ਵਾਪਰਦੀਆਂ ਹਨ।

ਉਹ ਮਾਲਕ ਪ੍ਰਭੂ ਅਟੱਲ ਨਿਯਮਾਂ ਵਾਲਾ ਹੈ। ਉਸਦਾ ਨਿਆਓ ਹੁਣ ਤੱਕ ਅਟੱਲ ਹੈ। ਉਸ ਅੱਗੇ ਨੂੰ ਵੀ ਅਟੱਲ ਨਯਮ ਵਰਤਾਏਗਾ। ਉਹੀ ਨਿਆਉਂ ਕਰੇਗਾ ਜੋ ਅਟੱਲ ਹੈ। ਉਸ ਅਟੱਲ ਨਿਯਮ ਅਨੁਸਾਰ ਹੀ ਇਸ ਵੇਲੇ ਸੈਦਪੁਰ ਵਿਚ ਹਰ ਪਾਸੇ ਮਨੁੱਖਾ ਸਰੀਰ ਰੂਪੀ ਕੱਪੜਾ ਟੋਟੇ-ਟੋਏ ਹੋ ਰਿਹਾ ਹੈ। ਇਹ ਇਕ ਐਸੀ ਭਿਆਨਕ ਘਟਨਾ ਹੋਈ ਹੈ, ਜਿਸਨੂੰ ਹਿੰਦੁਸਤਾਨ ਭੁਲਾ ਨਹੀਂ ਸਕੇਗਾ।

ਪਰ ਹੇ ਲਾਲੋ! ਜਦ ਤੱਕ ਮਨੁੱਖ ਮਾਇਆ ਦੇ ਮੋਹ ਵਿਚ ਪ੍ਰਵਿਰਤ ਹਨ, ਅਜਿਹੇ ਘੱਲੂਘਾਰੇ ਵਾਪਰਦੇ ਹੀ ਰਹਿਣੇ ਹਨ। ਮੁਗਲ ਅੱਜ ਸੰਮਤ ਅਠੱਤਰ ਵਿਚ ਆਏ ਹਨ। ਇਹ ਸੰਮਤ ਸਤਾਨਵੇਂ ਵਿਚ ਚੱਲੇ ਜਾਣਗੇ। ਕੋਈ ਹੋਰ ਸੂਰਮ ਵੀ ਉੱਠ ਖੜ੍ਹਾ ਹੋਵੇਗਾ। ਜੀਵ ਮਾਇਆ ਦੇ ਰੰਗ ਵਿਚ ਮਸਤ ਹੋ ਕੇ ਉਮਰ ਅਜਾਈਂ ਗਵਾ ਰਹੇ ਹਨ। ਨਾਨਕ ਤਾਂ ਇਸ ਵੇਲੇ ਵੀ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦੀ ਸਿਫਤ ਸਲਾਹ ਕਰਦਾ ਹੈ। ਸਾਰੀ ਉਮਰ ਹੀ ਸਿਫਤ ਸਲਾਹ ਕਰਦਾ ਰਹੇਗਾ। ਕਿਉਂਕਿ ਇਹ ਮਨੁੱਖਾ ਜਨਮ ਦਾ ਸਮਾਂ ਸਿਫਤ ਸਲਾਹ ਵਾਸਤੇ ਹੀ ਮਿਲਿਆ ਹੈ। ਅੰਗ 772-723

ਹੇ ਭਾਈ! ਲਾਹੌਰ ਸ਼ਹਿਰ- ਸ਼ਹਿਰ ਨਿਵਾਸੀਆਂ ਵਾਸਤੇ ਆਤਮਕ ਮੌਤ ਲਿਆਈ ਰੱਖਣ ਦੇ ਕਾਰਨ ਜ਼ਹਿਰ ਬਣਿਆ ਪਿਐ। ਕਿਉਂਕਿ ਇੱਥੇ ਨਿੱਤ ਸਵੇਰੇ ਰੱਬੀ ਸਿਫਤ ਸਲਾਹ ਦੀ ਥਾਂ ਸਵਾ ਪਹਿਰ ਦਿਨ ਚੜ੍ਹੇ ਤੱਕ ਕਹਿਰ ਜ਼ੁਲਮ ਹੁੰਦਾ ਰਹਿੰਦਾ ਅਤੇ ਵਿਸ਼ੇ ਭੋਗਣਾ ਹੀ ਲਾਹੌਰ ਨਿਵਾਸੀਆਂ ਦਾ ਜੀਵਨ ਮਨੋਰਥ ਬਣ ਰਿਹਾ ਹੈ।

ਹੇ ਭਾਈ! ਹੁਣ ਲਾਹੌਰ ਸ਼ਹਿਰ ਅੰਮ੍ਰਿਤ ਦਾ ਚਸ਼ਮਾ ਤੇ ਪ੍ਰਮਾਤਮਾ ਦੀ ਸਿਫਤ ਸਲਾਹ ਦਾ ਸੋਮਾ ਬਣ ਗਿਐ। ਕਿਉਂਕਿ ਗੁਰਮਤਿ ਦੇ ਰੱਬੀ ਉਪਦੇਸ਼ਾਂ ਨਾਲ ਲਾਹੌਰ ਸ਼ਹਿਰ ਦੀਆਂ ਲੋਕ ਸਿਫਤਾਂ ਕਰਨ ਲੱਗ ਪਏ ਹਨ।

ਬਾਬਰਵਾਣੀ ਵਿਚ ਗੁਰੂ ਨਾਨਕ ਦੇਵ ਜੀ ਨੇ ਸ਼ਕਤੀਸ਼ਾਲੀ ਲੋਕਾਂ ਦਾ ਜਨ ਸਧਾਰਨ ਤੇ ਨੈਤਿਕ ਹਮਲਾ ਹੈ। ਜਦੋਂ ਜੁਲਮ ਪਾਪ ਅਤੇ ਨਿਆਂ ਦੀ ਬੁਰਾਈ ਦੀ ਅਤਿ ਹੁੰਦੀ ਹੈ ਤਾਂ ਚੰਗਿਆਈ ਦੀ ਅੰਤਿਮ ਜਿੱਤ ਹੁੰਦੀ ਹੈ।

ਪਰ ਮਨੁੱਖੀ ਜੀਵਨ ਨੂੰ ਨੈਤਿਕਤਾ ਵੱਲ ਮੋੜਨ ਨਾਲ ਹੀ ਜ਼ੁਲਮ ਦਾ ਅੰਤ ਹੁੰਦਾ ਹੈ।

# ਭਾਰਤੀ ਆਰਥਿਕਤਾ ’ਚ ਹਾਸ਼ੀਏ 'ਤੇ ਆਮ ਆਦਮੀ



ਗੁਰਮੀਤ ਪਲਾਹੀ
91-98158-02070

"ਦੇਸ਼ ਦਾ ਕੁੱਲ ਘਰੇਲੂ ਉਤਪਾਦਨ ਵਧਦਾ ਹੈ ਤਾਂ ਫ਼ਾਇਦਾ ਕਿਸਨੂੰ ਹੁੰਦਾ ਹੈ, ਪ੍ਰਤੱਖ ਹੈ ਫ਼ਾਇਦਾ ਦੇਸ਼ ਦੇ ਸਿਖਰਲੇ ਅਮੀਰਾਂ ਨੂੰ ਹੁੰਦਾ ਹੈ।" ‘‘ਭਾਰਤੀ ਹਾਕਮ’’ ਜਦੋਂ ਦਾਅਵੇਦਾਰੀ ਕਰਦਾ ਹੈ ਕਿ ਦੇਸ਼ ਦਾ ਘਰੇਲੂ ਉਤਪਾਦਨ ਵਧ ਗਿਆ ਹੈ ਜਾਂ ਵਧ ਰਿਹਾ ਹੈ ਅਤੇ ਆਰਥਿਕ ਤੌਰ ’ਤੇ ਭਾਰਤ ਮਜ਼ਬੂਤ ਹੋ ਕੇ ਦੁਨੀਆ ਭਰ ਵਿੱਚ ਪੰਜਵਾਂ ਵੱਡਾ ਅਰਥਚਾਰਾ ਬਣ ਗਿਆ ਹੈ ਤਾਂ ਇਸਦਾ ਅਰਥ ਇਹ ਕਦਾਚਿਤ ਨਹੀਂ ਹੈ ਕਿ ਦੇਸ਼ ਦੇ ਲੋਕ ਖੁਸ਼ਹਾਲ ਹੋ ਗਏ ਹਨ, ਗਰੀਬੀ ਰੇਖਾ ਵਿੱਚੋਂ ਬਾਹਰ ਨਿਕਲ ਆਏ ਹਨ। ਸਗੋਂ ਅਸਲੀ ਗੱਲ ਤਾਂ ਇਹ ਹੈ ਕਿ ਭਾਰਤ ਦੇ ਗਰੀਬਾਂ ਦੀ ਆਮਦਨ ’ਚ ਕੋਈ ਸੁਧਾਰ ਨਹੀਂ ਆਇਆ।

80 ਕਰੋੜ ਲੋਕਾਂ ਨੂੰ ਸਰਕਾਰੀ ਅੰਕੜਿਆਂ ਅਨੁਸਾਰ ਹਰ ਮਹੀਨੇ ਸਰਕਾਰੀ ਖਾਤੇ ਵਿੱਚੋਂ ਕਣਕ, ਚਾਵਲ ਮੁਫ਼ਤ ਮੁਹੱਈਆ ਕੀਤੀ ਜਾ ਰਹੀ ਹੈ।" ਦੀ ਨੈਸ਼ਨਲ ਫੂਡ ਸਕਿਉਰਿਟੀ ਐਕਟ 2013 ਭਾਵ ਸਭ ਲਈ ਭੋਜਨ ਐਕਟ ਭਾਰਤ ਦੀ ਕੁੱਲ 140 ਕਰੋੜ ਆਬਾਦੀ ਦੀ ਦੋ ਤਿਹਾਈ ਆਬਾਦੀ ਲਈ 12 ਸਤੰਬਰ 2013 ਨੂੰ ਪਾਰਲੀਮੈਂਟ 'ਚ ਪਾਸ ਹੋਇਆ ਤੇ ਦੇਸ਼ ਭਰ 'ਚ ਲਾਗੂ ਹੋਇਆ।

ਅੰਕੜੇ ਵਿਚਾਰੋ, ਭਾਰਤ ਦੀ ਕੁਲ ਆਬਾਦੀ ਹੈ, 2022 ਅਨੁਸਾਰ 141 ਕਰੋੜ ਤੋਂ ਥੋੜ੍ਹੀ ਵੱਧ ਹੈ। ਜਿਹਨਾਂ ਵਿੱਚ ਅਤਿ ਦੇ ਗਰੀਬ ਤਿੰਨ ਫ਼ੀਸਦੀ ਹਨ, ਉਹਨਾਂ ਵਿੱਚੋਂ 0.9 ਫ਼ੀਸਦੀ (2020 ਦੇ ਅੰਕੜਿਆਂ ਅਨੁਸਾਰ) ਪ੍ਰਤੀ ਜੀਅ 1.9 ਡਾਲਰ ਭਾਵ 150 ਰੁਪਏ ਹੀ ਕਮਾਉਂਦੇ ਹਨ। ਕੁਲ ਆਬਾਦੀ ਦੇ 18.2 ਫ਼ੀਸਦੀ ਦੀ ਔਸਤ ਆਮਦਨ 3.2 ਡਾਲਰ 256 ਰੁਪਏ ਅਤੇ 3.3 ਫ਼ੀਸਦੀ ਦੀ ਔਸਤ ਆਮਦਨ 6.85 ਡਾਲਰ ਭਾਵ 550 ਰੁਪਏ ਰੋਜ਼ਾਨਾ ਤੋਂ ਘੱਟ ਹੈ। ਇਸ ਨਿਗੁਣੀ ਆਮਦਨ ’ਚ ਦੇਸ਼ ਦੀ ਵੱਡੀ ਗਿਣਤੀ ਕਿਵੇਂ ਗੁਜ਼ਾਰਾ ਕਰਦੀ ਹੈ? ਇਹ ਪ੍ਰਤੱਖ ਹੈ।

ਅਸਲ ਵਿੱਚ ਭਾਰਤ 'ਚ ਅਮੀਰ-ਗਰੀਬ ਦਾ ਪਾੜਾ ਵੱਡਾ ਹੈ, ਦੇਸ਼ ਦੀ ਉਪਰਲੀ ਇਕ ਫ਼ੀਸਦੀ ਅਮੀਰ ਆਬਾਦੀ ਕੋਲ ਦੇਸ਼ ਦੀ ਕੁਲ ਧਨ ਦੌਲਤ ਦੀ 58 ਫ਼ੀਸਦੀ ਮਾਲਕੀ ਹੈ, ਦੇਸ਼ ਦੀ ਉਪਰਲੀ 10 ਫ਼ੀਸਦੀ ਆਬਾਦੀ ਕੋਲ ਸੰਪਤੀ ਦੀ 80 ਫ਼ੀਸਦੀ ਮਾਲਕੀ ਹੈ। ਅਮੀਰ ਦੀ ਦੌਲਤ ’ਚ ਸਰਕਾਰ ਦੀਆਂ ਧੰਨ ਕੁਬੇਰਾਂ ਨੂੰ ਦਿੱਤੀਆਂ ਜਾ ਰਹੀਆਂ ਰਿਆਇਤਾਂ ਅਤੇ ਨਿੱਜੀਕਰਨ ਦੀ ਪਾਲਿਸੀ ਕਾਰਨ ਧੰਨ ਦੇ ਅੰਬਾਰ ਲੱਗ ਰਹੇ ਹਨ। ਕਰੋਨਾ ਕਾਲ (2020) 'ਚ ਤਾਂ ਅਮੀਰਾਂ ਅਤੇ ਖਰਬਪਤੀਆਂ ਦੀ ਗਿਣਤੀ ਬੇਹਿਸਾਬੀ ਵਧੀ ਤੇ ਗਰੀਬ ਹੋਰ ਗਰੀਬ ਹੋਏ।

ਦੇਸ਼ ਦੇ ਇਹੋ ਜਿਹੋ ਹਾਲਾਤਾਂ ਦੇ ਮੱਦੇਨਜ਼ਰ ਅਮਰੀਕਾ ਦੇ ਰਿਸਰਚ ਸੈਂਟਰ ਪੀ. ਈ. ਡਵਲਯੂ (ਪੀਉ) ਵੱਲੋਂ ਕੀਤਾ ਗਿਆ ਇਕ ਸਰਵੇ ਅੰਦਰਲਾ ਸੱਚ ਪੇਸ਼ ਕਰਦਾ ਹੈ ਕਿ ਹਾਲੀਆ ਸਾਲਾਂ ਦੌਰਾਨ ਭਾਰਤ ਦੀ ਤਾਕਤ ਜਾਂ ਅਸਰ ਰਸੂਖ ਵਿੱਚ ਕੋਈ ਵਾਧਾ ਨਹੀਂ ਹੋਇਆ, ਭਾਵੇਂ ਕਿ ਦੇਸ਼ ਦੇ ਹੁਕਮਰਾਨ, ਸਰਕਾਰ ਦੇ ਹਰ ਵਕਤ ਪੱਬਾਂ ਭਾਰ ਰਹਿਣ ਅਤੇ ਇਸਦੇ ਮੰਤਰੀਆਂ ਦੀ ਬਿਹਤਰੀਨ ਊਰਜਾ ਸ਼ੋਰ ਸ਼ਰਾਬੇ ਨੂੰ ਵਧਾਉਂਦੀ ਰਹਿਣ ਕਰਕੇ ਭਰਮ ਪੈਦਾ ਕਰ ਸਕਦੀ ਹੈ ਅਤੇ ਦੇਸ਼ ਨੂੰ ਦੁਨੀਆ ਦਾ ਨੰਬਰ ਇੱਕ ਦੇਸ਼ ਬਨਾਉਣ ਦੇ ਦਾਅਵੇ ਕਰਦੀ ਹੈ। ਦੇਖਣ ਸਮਝਣ ਵਾਲੀ ਗੱਲ ਇਹ ਹੈ ਕਿ ਆਲਮੀ ਵਿਕਾਸ ਵਿੱਚ ਤੀਜਾ ਸਭ ਤੋਂ ਵੱਧ ਯੋਗਦਾਨ ਪਾਉਣ ਦਾ ਦਾਅਵਾ ਕਰਨ ਵਾਲੇ ਦੇਸ਼ ਭਾਰਤ ਦਾ ਇਸ ਸਾਲ ਹੁਣ ਤੱਕ ਵੀ ਸਿੱਧਾ ਨਿਵੇਸ਼ ਕਿਉਂ ਸੁੰਗੜ ਗਿਆ ਹੈ? ਦੇਸ਼ ਦਾ 2022 ਵਿੱਚ ਵਿਦੇਸ਼ੀ ਪੋਰਟਫੋਲਿਓ ਨਿਵੇਸ਼ ਘੱਟ ਗਿਆ ਸੀ ਅਤੇ 2023 ਵਿੱਚ ਇਸ ਨੂੰ ਮੋੜਾ ਪਿਆ ਸੀ।

ਭਾਰਤ ਕੋਲ "ਮੁਕਤ ਵਪਾਰ" ਸਮਝੌਤਿਆਂ ਦੇ ਐਲਾਨਾਂ ਤੋਂ ਬਿਨਾਂ ਪੱਲੇ ਕੁੱਝ ਵੀ ਨਹੀਂ ਹੈ। ਜੀ-20 ਸੰਮੇਲਨ ਇਸ ਦੀ ਉਦਾਹਰਨ ਹੈ, ਇਸ ਦੌਰਾਨ ਭਾਰਤ ਮੱਧ-ਪੂਰਬ ਤੇ ਯੂਰਪ ਤੱਕ ਆਰਥਿਕ ਗਲਿਆਰਾ ਬਣਾਉਣ ਦੀ ਜੋ ਸਹਿਮਤੀ ਬਣੀ ਹੈ, ਉਸ ਅਨੁਸਾਰ ਯੂਰਪ ਤੋਂ ਮੱਧ ਪੂਰਬ ਦੇ ਦੇਸ਼ਾਂ ਵਿੱਚ ਮਾਲ ਭੇਜਣਾ ਤੇ ਮੰਗਵਾਉਣਾ ਤੈਅ ਹੋਇਆ ਹੈ। ਜਿਸ ਨਾਲ ਵਪਾਰਕ ਹਿੱਤਾਂ ਨੂੰ ਹੁਲਾਰਾ ਮਿਲੇਗਾ। ਪਰ ਕੀ ਇਹ ਸੁਪਨਾ ਸਾਰਥਿਕ ਹੋ ਸਕੇਗਾ? ਕਿਉਂਕਿ ਭਾਰਤ ਦੇ ਗੁਆਂਢੀ ਦੇਸ਼ ਪਾਕਿਸਤਾਨ, ਅਫਗਾਨਿਸਤਾਨ ਜੀ-20 ਦੇ ਮੈਂਬਰ ਨਹੀਂ। ਤਾਂ ਫਿਰ ਹੁਲਾਰਾ ਕਿਵੇਂ ਮਿਲੇਗਾ?

ਭਾਰਤ ਜੀ-20 ਸੰਮੇਲਨ ਦੀ ਸਫ਼ਲਤਾ ਉੱਤੇ ਪ੍ਰਸੰਨ ਹੈ।ਕੱਛਾਂ ਵਜਾ ਰਿਹਾ ਹੈ। ਪਰ ਵੇਖਣ ਵਾਲੀ ਗੱਲ ਤਾਂ ਇਹ ਹੋਏਗੀ ਕਿ ਭਾਰਤ ਇਸ ਵਪਾਰਕ ਸਹਿਮਤੀ ਵਿੱਚੋਂ ਖੱਟੇਗਾ ਕੀ? ਇਸ ਦਾ ਲਾਹਾ ਤਾਂ ਦੇਸ਼ ਦੇ ਕਾਰਪੋਰੇਟ ਤੇ ਧੰਨਕੁਬੇਰ ਲੈ ਜਾਣਗੇ, ਆਮ ਲੋਕਾਂ ਪੱਲੇ ਕੁਝ ਨਹੀਂ ਪਵੇਗਾ। ਉਹਨਾ ਦੀ ਆਰਥਿਕ ਹਾਲਤ ਨਹੀਂ ਸੁਧਰੇਗੀ।

ਜੀ-20 ਸੰਮੇਲਨ ਦੀ ਸਫ਼ਲਤਾ ਦੀਆਂ ਨਰੇਂਦਰ ਮੋਦੀ ਸਰਕਾਰ ਖੁਸ਼ੀਆਂ ਮਨਾ ਰਹੀ ਹੈ। ਕੇਂਦਰੀ ਕੈਬਨਿਟ ਵੱਲੋਂ ਨਰੇਂਦਰ ਮੋਦੀ ਨੂੰ ਵਧਾਈ ਦਿੱਤੀ ਜਾ ਰਹੀ ਹੈ। ਜੀ-20 ਦੀ ਸਫ਼ਲਤਾ ਲਈ ਭਾਜਪਾ ਵੱਲੋਂ ਸ਼ਲਾਘਾ ਕੀਤੀ ਗਈ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਪ੍ਰਸੰਨ ਹਨ। ਜੀ-20 ਸੰਮੇਲਨ ਦੀ ਪ੍ਰਾਹੁਣਾਚਾਰੀ ’ਤੇ ਦੇਸ਼ ਭਾਰਤ ਦੇ ਲੋਕਾਂ ਤੋਂ ਉਗਰਾਹੇ ਟੈਕਸ ਵਿੱਚੋਂ 4100 ਕਰੋੜ ਰੁਪਏ ਖਰਚੇ ਗਏ ਹਨ। ਜਦਕਿ ਬਜਟ ਵਿੱਚ ਸਿਰਫ਼ ਇਸ ਸੰਮੇਲਨ ਲਈ 990 ਕਰੋੜ ਰੱਖੇ ਗਏ ਹਨ। ਇਸ ਵੱਡੇ ਖ਼ਰਚ ਨਾਲ ਆਮ ਆਦਮੀ ਦੇ ਪੱਲੇ ਕੀ ਪਿਆ?



ਭਾਰਤ ਦੇਸ਼ ਦਾ ਨਾਂਅ, ਜੀ-20 ਦੇ ਉਹਨਾਂ ਚਾਰ ਮੁਲਕਾਂ ਬ੍ਰਾਜ਼ੀਲ, ਮੈਕਸੀਕੋ, ਅਫ਼ਰੀਕਨ ਯੂਨੀਅਨ 'ਚ ਸ਼ਾਮਲ ਹੈ, ਜਿਥੋਂ ਦੇ ਲੋਕ ਭੁੱਖ-ਮਰੀ ਦੇ ਸ਼ਿਕਾਰ ਹਨ, ਜਿੱਥੇ ਨਾ-ਬਰਾਬਰੀ ਹੈ, ਜਿੱਥੇ ਸਮਾਜ ਵਿੱਚ ਆਰਥਿਕ ਪਾੜਾ ਅੰਤਾਂ ਦਾ ਹੈ। ਇਹਨਾਂ ਕਮਜ਼ੋਰ ਦੇਸ਼ਾਂ ਵਿੱਚੋਂ ਇਕ ਦੇਸ਼ ਬ੍ਰਾਜ਼ੀਲ ਹੁਣ 2024 ਦੇ ਸਿਖਰ ਸੰਮੇਲਨ ਦੀ ਅਗਵਾਈ ਕਰੇਗਾ। ਇਹ ਜੀ-20 ਸੰਸਥਾ ਹੁਣ 20 ਦੇਸ਼ਾਂ ਦੀ ਨਹੀਂ, ਯੂਰੋਪ, ਏਸ਼ੀਆ ਤੇ ਅਫ਼ਰੀਕਾ ਦੇ ਵੱਡੀ ਗਿਣਤੀ ਦੇਸ਼ਾਂ ਦੀ ਸੰਸਥਾ ਹੈ। ਅਫ਼ਰੀਕਨ ਯੂਨੀਅਨ ਇਸ ਵਾਰ ਇਸ ਸੰਸਥਾ ’ਚ ਸ਼ਾਮਲ ਕੀਤੀ ਗਈ ਹੈ, ਜਿਸ ਦੇ 55 ਅਫ਼ਰੀਕਨ ਮੁਲਕ ਮੈਂਬਰ ਹਨ। ਇਹ ਅਫ਼ਰੀਕਨ ਮੁਲਕ ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਆਰਥਿਕ ਨਾ ਬਰਾਬਰੀ, ਵਿਦਿਅਕ ਅਤੇ ਸਨੱਅਤੀ ਪੱਛੜੇਪਨ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨ ਰਹੇ ਭਾਰਤ ਨੇ ਇਹਨਾਂ ਮੁੱਦਿਆਂ ’ਤੇ ਜੀ-20 ’ਚ ਕੋਈ ਗੱਲ ਤੱਕ ਨਹੀਂ ਕੀਤੀ, ਇਸ ਕਿਸਮ ਦਾ ਆਮ ਆਦਮੀ ਦਾ ਕੋਈ ਮੁੱਦਾ ਨਹੀਂ ਉਭਾਰਿਆ। ਸਗੋਂ ਅਮੀਰ-ਪ੍ਰਹੁਣਾਚਾਰੀ ਨਾਲ ਦੇਸ਼ ਦੀ ਹਾਲਤ ਢਕਣ ਦਾ ਕੰਮ ਕੀਤਾ।

ਜੀ-20 ਸੰਮੇਲਨ ਦੌਰਾਨ ਊਰਜਾ ਤੇ ਨਵੇਂ ਸ੍ਰੋਤਾਂ ਨੂੰ ਉਤਸ਼ਾਹਤ ਕਰਨ ਅਤੇ 2030 ਤੱਕ ਕੋਲੇ ਉੱਤੇ ਨਿਰਭਰਤਾ ਖ਼ਤਮ ਕਰਨ ਲਈ ਕਿਹਾ ਗਿਆ ਤਾਂ ਕਿ ਪ੍ਰਦੂਸ਼ਨ ਰੋਕ ਕੇ ਸਾਫ਼ ਸੁਥਰੇ ਵਾਤਾਵਰਨ ਦੀ ਉਸਾਰੀ ਹੋ ਸਕੇ। ਇਸ ਸੰਮੇਲਨ ਦਾ ਮੁੱਖ ਮੰਤਵ ‘‘ਇਕ ਧਰਤੀ, ਇਕ ਪਰਿਵਾਰ, ਇਕ ਭਵਿੱਖ ਸੀ’’, ਜਿਸ ਤਹਿਤ ਭੋਜਨ ਸੁਰੱਖਿਆ, ਵਾਤਾਵਰਨ ਅਤੇ ਊਰਜਾ ਨੇ ਵਿਕਾਸ, ਸਿਹਤ ਅਤੇ ਡਿਜ਼ੀਟੀਲਾਈਜੇਸ਼ਨ ਜਿਹੇ ਮੁੱਦੇ ਵਿਚਾਰੇ ਗਏ।

ਵਿਕਾਸਸ਼ੀਲ ਦੇਸ਼ ਜਪਾਨ, ਆਸਟ੍ਰੇਲੀਆ, ਕੈਨੇਡਾ, ਫਰਾਂਸ, ਜਰਮਨੀ, ਇੰਡੋਨੇਸ਼ੀਆ, ਇਟਲੀ, ਮੈਕਸੀਕੋ, ਭਾਰਤ, ਰਿਬਪਲਿਕ ਆਫ ਕੋਰੀਆ, ਸਾਊਦੀ ਅਰਬ, ਸਾਊਥ ਅਫ਼ਰੀਕਾ, ਯੂ.ਕੇ., ਅਮਰੀਕਾ, ਯੂਰਪੀਅਨ ਤੋਂ ਬਿਨਾਂ ਬੰਗਲਾਦੇਸ਼, ਯੂਏਈ, ਨੀਂਦਰਲੈਂਡ, ਨਾਈਜੀਰੀਆ ਆਦਿ ਨੂੰ ਇਸ ਸੰਮੇਲਨ ਦਾ ਹਿੱਸਾ ਬਣਾਇਆ ਗਿਆ। ਸੰਮੇਲਨ ’ਚ 10 ਤੋਂ ਵੱਧ ਅੰਤਰਰਾਸ਼ਟਰੀ ਸੰਸਥਾਵਾਂ ਡਬਲਯੂ, ਐਚ.ਓ., ਵਰਲਡ ਬੈਂਕ ਆਦਿ ਨੇ ਹਿੱਸਾ ਲਿਆ।

ਇਸ ਸੰਮੇਲਨ ’ਚ ਵੱਡੇ ਮੁੱਦੇ ਵਿਚਾਰੇ ਗਏ, ਪਰ ਇਸ ਸੰਮੇਲਨ ’ਚ ਆਮ ਆਦਮੀ ਤਾਂ ਗਾਇਬ ਹੀ ਸੀ, ਉਸ ਦੇ ਮੁੱਦੇ ਵੀ ਗਾਇਬ ਸਨ। ਉਸਦੀ ਆਰਥਿਕ ਹਾਲਤ ਉਤੇ ਚਿੰਤਨ ਨਹੀਂ ਕੀਤਾ ਗਿਆ।

ਜਿਵੇਂ ਕਿ ਭਾਰਤ ਨੂੰ ਜੀ-20 ਸੰਮੇਲਨ ’ਚ ਮੌਕਾ ਸੀ, ਕਿਉਂਕਿ ਇਸ ਵੇਰ ਭਾਰਤ ਜੀ-20 ਸੰਮੇਲਨ ਦਾ ਪ੍ਰਧਾਨ ਸੀ, ਪ੍ਰਾਹੁਣਚਾਰੀ ਵੀ ਉਸ ਕੋਲ ਸੀ ਤਾਂ ਭਾਰਤ ਅਤੇ ਇਸ ਵਰਗੇ ਹੋਰ ਕਮਜ਼ੋਰ, ਗਰੀਬ ਦੇਸ਼ਾਂ ਦੇ ਮਸਲਿਆਂ ਨੂੰ ਅੰਤਰ-ਰਾਸ਼ਟਰੀ ਮੰਚ ਉੱਤੇ ਸਾਂਝਾ ਕੀਤਾ ਜਾ ਸਕਦਾ ਸੀ। ਅਮਰੀਕਾ ਵਰਗਾ ‘‘ਥਾਣੇਦਾਰ ਦੇਸ਼" ਜਿਸਨੂੰ ਦੁਨੀਆ ਭਰ ’ਚ ਧੌਂਸ ਜਮਾਉਣ ਵਾਲੇ ਖੌਰੂ ਪਾਊ ਦੇਸ਼ ਵਜੋਂ ਜਾਣਿਆ ਜਾਂਦਾ ਹੈ, ਉਸ ਅੱਗੇ ਸ਼ੀਸ਼ਾ ਦਿਖਾਉਣਾ ਬਣਦਾ ਸੀ ਤਾਂ ਕਿ ਪਤਾ ਲਗਦਾ ਕਿ ਉਹ ਸਮੁੱਚੇ ਜਗਤ ਵਿੱਚ ਸਭ ਤੋਂ ਵੱਧ ਪ੍ਰਦੂਸ਼ਣ ਪੈਦਾ ਕਰਨ ਵਾਲਾ ਦੇਸ਼ ਹੈ, ਜਿਸਦਾ ਖਮਿਆਜਾ ਗਰੀਬ ਜਾਂ ਕੁੱਝ ਤਰੱਕੀ ਕਰ ਰਹੇ ਦੇਸ਼ ਭੁਗਤਦੇ ਹਨ। ਮੰਗ ਹੋਣੀ ਚਾਹੀਦੀ ਸੀ ਕਿ ਅਮਰੀਕਾ ਇਸਦਾ ਇਵਜ਼ਾਨਾ ਦੇਵੇ।

ਅਫਰੀਕਨ ਯੂਨੀਅਨ ਨੂੰ ਭਾਰਤ ਦੀ ਪਹਿਲਕਦਮੀ ’ਤੇ ਜੀ-20 ’ਚ ਸ਼ਾਮਿਲ ਕੀਤਾ ਗਿਆ ਹੈ, ਜਿਸ ਵਿੱਚ 55 ਦੇਸ਼ ਹਨ ਅਤੇ ਬਹੁਤ ਗਰੀਬ ਹਨ ਜੇਕਰ ਭਾਰਤ ਆਪਣੀਆਂ ਅਤੇ ਆਪਣੇ ਵਰਗੇ ਹੋਰ ਦੇਸ਼ਾਂ ਦੀਆਂ ਸਮੱਸਿਆਵਾਂ ਨੂੰ ਸਰਦੇ-ਪੁਜਦੇ ਦੇਸ਼ਾਂ ਸਾਹਮਣੇ ਰੱਖਦਾ, ਬੇਰੁਜ਼ਗਾਰੀ, ਭੁੱਖਮਰੀ ਵਰਗੀਆਂ ਅਲਾਮਤਾਂ ਅਤੇ ਸਿੱਖਿਆ, ਸਿਹਤ ਲਈ ਨਵੇਂ ਪ੍ਰੋਜੈਕਟਾਂ ਤੇ ਉਹਨਾਂ ’ਚ ਵਿਕਸਤ ਦੇਸ਼ਾਂ ਦੀ ਸਾਂਝ ਭਿਆਲੀ ਦੀ ਗੱਲ ਕਰਦਾ ਤਾਂ ਸਮਝਿਆ ਜਾਂਦਾ ਕਿ ਆਮ ਆਦਮੀ ਜੀ-20 ਵਿੱਚ ਵੀ ਸ਼ਾਮਿਲ ਸੀ।

ਜਦੋਂ ਭਾਰਤ ਆਪਣੀ ਆਰਥਿਤ ਤਰੱਕੀ ਦੀਆਂ ਗੱਲਾਂ ਵੱਡੇ ਪੱਧਰ ’ਤੇ ਕਰਦਾ ਹੈ ਤਾਂ ਕੁੱਝ ਕੁ ਦਰਜਨ ਚੋਣਵੇਂ ਮੁਲਕਾਂ ਦੇ ਲੋਕ ਭਾਰਤ ਬਾਰੇ ਨੇਕ ਖਿਆਲ ਰੱਖਦੇ ਹਨ। ਪਰ ਅਜਿਹੇ ਲੋਕਾਂ ਦੀ ਜਿੰਨੀ ਗਿਣਤੀ ਪਹਿਲਾਂ ਸਮਿਆਂ ’ਚ ਸੀ, ਉਹ ਘਟ ਗਈ ਹੈ। ਉਸਦਾ ਇਕ ਕਾਰਨ ਨਰੇਂਦਰ ਮੋਦੀ ਦੇ ਅਕਸ ਨੂੰ ਦੇਸ਼ ਦੇ ਅਕਸ ਨਾਲੋਂ ਵੱਧ ਉਭਾਰਨਾ ਵੀ ਹੈ।

ਭਾਰਤ ਵਿਕਾਸਸ਼ੀਲ ਦੇਸ਼ ਹੈ। ਇਸਦੀ ਆਰਥਿਕਤਾ, ਹੇਠਲੇ-ਨਿਮਨ ਮੱਧ-ਸ਼੍ਰੇਣੀ ਵਰਗ 'ਚ ਸ਼ਾਮਲ ਹੈ। ਇਸਦਾ ਉਦਯੋਗ ਅੱਗੇ ਵੱਧ ਰਿਹਾ ਹੈ। ਬਿਨ੍ਹਾਂ ਸ਼ੱਕ ਖੇਤੀ-ਪ੍ਰਧਾਨ ਦੇਸ਼ ਭਾਰਤ ਦੀ ਵੱਡੀ ਗਿਣਤੀ ਆਬਾਦੀ ਦਾ ਮੁੱਖ ਕਿੱਤਾ ਖੇਤੀ ਹੈ ਅਤੇ ਦੇਸ਼ ਦੀ 67 ਫੀਸਦੀ ਆਬਾਦੀ ਪਿੰਡਾਂ 'ਚ ਵਸਦੀ ਹੈ। ਦੇਸ਼ ਦੀ ਆਰਥਿਕਤਾ ਦਾ ਧੁਰਾ ਵੀ ਖੇਤੀ ਹੈ। ਪਰ ਪਿਛਲੇ ਦਹਾਕਿਆਂ 'ਚ ਆਮ ਆਦਮੀ ਦੇ ਪਾਲਨਹਾਰ ਖੇਤੀ ਕਿੱਤੇ ਨੂੰ ਹਾਕਮਾਂ ਵਲੋਂ ਤਰਜੀਹ ਦੇਣਾ ਬੰਦ ਕਰਨ ਕਾਰਨ, ਇਸ ਆਰਥਿਕਤਾ ਦੀ ਮੁੱਢ ਖੇਤੀ ਨੂੰ ਸਿਉਂਕ, ਸੋਕਾ ਲੱਗਣ ਲੱਗਾ ਹੈ। ਸਿੱਟਾ ਆਮ ਆਦਮੀ ਦੀ ਆਰਥਿਕਤਾ ਡਗਮਗਾਉਣ ਲੱਗੀ ਹੈ।

ਲੋਕ ਖੇਤੀ ਛੱਡ ਕੇ ਹੋਰ ਕਿੱਤਿਆਂ ਵੱਲ ਆਉਣ ਲੱਗੇ ਹਨ। ਮੌਜੂਦਾ ਹਾਕਮ ਵੀ ਸਾਜ਼ਿਸ਼ਨ ਕਿਸਾਨਾਂ ਤੇ ਆਮ ਲੋਕਾਂ ਨੂੰ ਖੇਤੀ ਤੋਂ ਵੱਖ ਕਰਕੇ ਜ਼ਮੀਨ ਕਾਰਪੋਰੇਟਾਂ ਹੱਥ ਫੜਾਕੇ ਆਪਣਾ ਮੰਤਵ ਸਾਧਣਾਂ ਚਾਹੁੰਦੇ ਹਨ। ਹਾਕਮਾਂ ਵਲੋਂ ਵਿਦੇਸ਼ੀ ਕੰਪਨੀਆਂ ਨੂੰ ਆਪਣੇ ਉਦਯੋਗ ਸਥਾਪਿਤ ਕਰਨ ਦਾ ਸੱਦਾ ਦਿੱਤਾ ਗਿਆ ਹੈ। ਵਿਸ਼ਵ ਦੇ ਵਿਕਸਤ ਮੁਲਕਾਂ ਦੀਆਂ ਕੰਪਨੀਆਂ ਭਾਰਤ ਵਰਗੀ ਮੰਡੀ 'ਚ ਵਪਾਰ ਕਰਨ ਵੱਲ ਸੇਧਿਤ ਹਨ। ਇਹਨਾ ਕੰਪਨੀਆਂ ਦਾ ਆਮ ਆਦਮੀ ਨਾਲ ਕੋਈ ਸਰੋਕਾਰ ਨਹੀਂ ਹੋ ਸਕਦਾ, ਕਿਉਂਕਿ ਮੁਨਾਫਾ ਕਮਾਉਣਾ ਹੀ ਉਹਨਾ ਦਾ ਮੁੱਖ ਮੰਤਵ ਹੁੰਦਾ ਹੈ।

ਸਵਾਲਾਂ ਦਾ ਸਵਾਲ ਤਾਂ ਇਹ ਹੈ ਕਿ ਮਹਿੰਗਾਈ, ਬੇਰੁਜ਼ਗਾਰੀ, ਭੈੜੇ ਸਿੱਖਿਆ ਅਤੇ ਸਿਹਤ ਪ੍ਰਬੰਧ ਵਿੱਚ ਆਮ ਆਦਮੀ ਸਬੰਧੀ ਹਾਕਮ ਧਿਰ ਦੀ ਭੂਮਿਕਾ ਕੀ ਹੈ? ਕੀ ਦੇਸ਼ 'ਚ ਉਸ ਲਈ ਸਮਾਜਿਕ ਸੁਰੱਖਿਆ ਹੈ? ਦਹਾਕਿਆਂ ਤੋਂ ਹੀ ਖ਼ਾਸ ਕਰਕੇ ਪਿਛਲੇ ਦਹਾਕੇ ਤੋਂ ਆਮ ਆਦਮੀ ਨੂੰ ਰੁਜ਼ਗਾਰ ਦੇਣ ਦੀ ਥਾਂ ਛੋਟੀਆਂ-ਮੋਟੀਆਂ ਸਹੂਲਤਾਂ, ਮੁਫ਼ਤ ਭੋਜਨ, ਤੁੱਛ ਸਬਸਿਡੀਆਂ ਦੇ ਕੇ ਵਿਹਲੜ ਬਨਣ ਵੱਲ ਤੋਰਿਆ ਜਾ ਰਿਹਾ ਹੈ। ਰੁਜ਼ਗਾਰ ਨਹੀਂ ਹੋਏਗਾ ਤਾਂ ਆਮ ਆਦਮੀ ਆਰਥਿਕ ਤਰੱਕੀ ਕਿਵੇਂ ਕਰੇਗਾ? ਉਸਦੀ ਆਰਥਿਕਤਾ ਕਿਵੇਂ ਸੁਧਰੇਗੀ?

ਸਿੱਕੇ ਦੇ ਫੈਲਾਅ ਕਾਰਨ, ਵਧਦੀ ਮਹਿੰਗਾਈ ਦੇ ਮੱਦੇਨਜ਼ਰ ਆਮ ਆਦਮੀ ਦੀ ਜੇਬ ਤਾਂ ਖਾਲੀ ਹੀ ਹੈ, ਬਟੂਆ ਵੀ ਖਾਲੀ ਰਹਿੰਦਾ ਹੈ। ਕਾਮਿਆਂ ਦੀਆਂ ਤਨਖਾਹਾਂ ਵੱਧ ਨਹੀਂ ਰਹੀਆਂ। ਮਗਨਰੇਗਾ ਸਕੀਮ 'ਚ ਮਿਲਦੀ ਮਜ਼ਦੂਰਾਂ ਦੀ ਦਿਹਾੜੀ ਉਸਦਾ ਅਤੇ ਉਸਦੇ ਟੱਬਰ ਦਾ ਪਾਲਣ-ਪੋਸ਼ਣ ਕਰ ਨਹੀਂ ਰਹੀ। ਉਸਨੂੰ ਆਪਣੀਆਂ ਰੋਜ਼ਾਨਾ ਲੋੜਾਂ ਪੂਰੀਆਂ ਕਰਨ ਲਈ ਕਰਜ਼ਾ ਚੁੱਕਣਾ ਪੈ ਰਿਹਾ ਹੈ। ਵਿੱਤੀ ਸਾਲ 2023 ਦੇ ਅੱਧ ਤੱਕ ਇੱਕ ਪਰਾਪਤ ਰਿਪੋਰਟ ਅਨੁਸਾਰ ਪਿਛਲੇ 30 ਸਾਲਾਂ 'ਚ ਇਹ ਪਹਿਲਾ ਸਮਾਂ ਹੈ ਜਦੋਂ ਆਮ ਆਦਮੀ ਘੱਟ ਤੋਂ ਘੱਟ ਬੱਚਤ ਕਰ ਸਕਿਆ ਹੈ। ਸਿੱਟਾ ਆਰਥਿਕ ਤੰਗੀ ਕਾਰਨ ਉਸਦੀ ਮਾਨਸਿਕ ਤਕਲੀਫ ਅਤੇ ਮਾੜੀ ਸਿਹਤ 'ਚ ਨਿਕਲ ਰਿਹਾ ਹੈ।

"ਅੱਛੇ ਦਿਨਾਂ" ਦੀ ਆਸ 'ਚ , ਹਾਸ਼ੀਏ 'ਤੇ ਪਹੁੰਚੇ ਭਾਰਤੀ ਨਾਗਰਿਕਾਂ ਦੀਆਂ ਆਸਾਂ, 'ਮਨ ਕੀ ਬਾਤ' ਦੇ ਭਰਮ ਭਰੇ ਜਾਲ 'ਚ ਫਸੀਆਂ ਕਰਾਹ ਰਹੀਆਂ ਨਜ਼ਰ ਆ ਰਹੀਆਂ ਹਨ। ਪੇਂਡੂ ਇਲਾਕਿਆਂ ਵਿੱਚ ਰਹਿੰਦੇ 20 ਫੀਸਦੀ ਲੋਕਾਂ ਨੂੰ 7.2 ਫੀਸਦੀ ਨੋਟ ਪਸਾਰੇ ਅਤੇ ਸ਼ਹਿਰੀ ਇਲਾਕਿਆਂ ਵਿੱਚ 7.6 ਫੀਸਦੀ ਨੋਟ ਕਾਰਨ ਅੰਤਾਂ ਦੀ ਮਹਿੰਗਾਈ ਨੇ ਹਾਲੋਂ ਬੇਹਾਲ ਕੀਤਾ ਹੋਇਆ ਹੈ।

ਕੀ ਵੱਡੇ ਸੰਮੇਲਨ, ਵੱਡੇ ਵਾਇਦੇ, ਆਮ ਆਦਮੀ ਦੀ ਆਰਥਿਕ ਸਥਿਤੀ ਸੁਧਾਰ ਸਕਦੇ ਹਨ? ਨੋਟਬੰਦੀ ਦਾ ਭੈੜਾ ਪ੍ਰਭਾਵ, ਆਮ ਆਦਮੀ ਤੇ ਵੱਧ ਪਿਆ। ਕਰੋਨਾ ਕਾਲ 'ਚ ਜੇਕਰ ਕੋਈ ਸਭ ਤੋਂ ਵੱਧ ਆਰਥਿਕ ਤੌਰ 'ਤੇ ਲੁਟਕਿਆ ਤਾਂ ਆਮ ਆਦਮੀ ਸੀ, ਜਿਸ 'ਚ ਕਰੋੜਾਂ ਲੋਕ ਨੌਕਰੀਆਂ ਗੁਆ ਬੈਠੇ ਤੇ ਗਰੀਬੀ ਰੇਖਾ ਤੋਂ ਨੀਵੇਂ ਚਲੇ ਗਏ।

# ਸਕਾਟਲੈਂਡ ਦੀ ਪ੍ਰਸਿੱਧ ਸੰਸਥਾ ‘‘ਸੈਮਸਾ’’ ਵੱਲੋਂ ਸਲਾਨਾ ਸਨਮਾਨ ਸਮਾਰੋਹ ਕਰਵਾਇਆ ਗਿਆ





**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** ਸਕਾਟਿਸ਼ ਐਥਨਿਕ ਮਾਈਨਾਰਿਟੀ ਸਪੋਰਟਸ ਐਸੋਸੀਏਸ਼ਨ ਵੱਲੋਂ ਸਲਾਨਾ ਸਨਮਾਨ ਸਮਾਰੋਹ ਗਲਾਸਗੋ ਦੇ ਪ੍ਰਸਿੱਧ ਮਿਸਟਰ ਸਿੰਘਜ ਇੰਡੀਆ ਵਿਖੇ ਕਰਵਾਇਆ ਗਿਆ। ਇਸ ਮੌਕੇ ਪਰੀਤਿਕਾ ਸਮਰਾ, ਮਨਰੂਪ ਕੌਰ, ਡੰਡੀ ਵਿਮਨਜ਼ ਬੈਡਮਿੰਟਨ ਕਲੱਬ, ਰਹੀਲਾ ਮੋਗੁਲ, ਦਲਬੀਰ ਲੱਲੀ, ਐਂਡਰਿਊ ਕਰਿਸ਼ਨ ਲਾਲ, ਰਾਜਮੋਹਨ ਪਦਮਾਭਾਨ, ਸ਼ਿੰਦੋ ਕੌਰ, ਰਸ਼ਮੀ ਮੈਂਤਰੀ, ਮਰੀਅਮ ਫੈਜ਼ਲ, ਅਮਿਤ ਕੁਮਾਰ ਅਤੇ ਟੌਮ ਹੈਰੋਗਿਨ ਨੂੰ ਇਸ ਵਰ੍ਹੇ ਦੇ ਸਨਮਾਨ ਭੇਟ ਕੀਤੇ ਗਏ।

ਇਸ ਸਮੇਂ ਜਿੱਥੇ ਸੈਮਸਾ ਦੀ ਪ੍ਰਬੰਧਕੀ ਟੀਮ ਵੱਲੋਂ ਸਨਮਾਨ ਜੇਤੂਆਂ ਨੂੰ ਵਧਾਈ ਪੇਸ਼ ਕੀਤੀ ਉਥੇ ਹਾਜ਼ਰੀਨ ਤੇ ਸਹਿਯੋਗੀ ਸੱਜਣਾਂ ਅਤੇ ਸੰਸਥਾਵਾਂ ਦਾ ਹਾਰਦਿਕ ਧੰਨਵਾਦ ਕੀਤਾ। ਸਮੁੱਚੇ ਸਮਾਗਮ ਦੇ ਮੰਚ ਸੰਚਾਲਕ ਦੇ ਫਰਜ਼ ਕੋਸ਼ ਟਾਂਕ ਨੇ ਅਦਾ ਕੀਤੇ। ਸਮਾਗਮ ਦੌਰਾਨ ਸਕਾਟਲੈਂਡ ਭਰ ਵਿੱਚੋਂ ਵੱਖ ਵੱਖ ਸੰਸਥਾਵਾਂ ਤੇ ਸ਼ਖ਼ਸੀਅਤਾਂ ਵੱਲੋਂ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕਰਕੇ ਸਮਾਗਮ ਨੂੰ ਯਾਦਗਾਰੀ ਬਣਾਇਆ ਗਿਆ। ਇਸ ਸਮੇਂ ਦਿਲਾਵਰ ਸਿੰਘ ਪ੍ਰਧਾਨ, ਸ੍ਰੀਮਤੀ ਮਰਿਦੁਲਾ ਚਕਰਬਰਤੀ ਐਮ ਬੀ ਈ, ਕਮਲਜੀਤ ਕੌਰ ਮਿਨਹਾਸ, ਸੁਰਜੀਤ ਸਿੰਘ ਚੌਧਰੀ ਐਮ ਬੀ ਈ, ਜਸ ਜੱਸਲ, ਡਾਕਟਰ ਇੰਦਰਜੀਤ ਸਿੰਘ ਐਮ ਬੀ ਈ, ਜੋਤੀ ਵਿਰੀਆ, ਅਨੂਪ ਵਾਲੀਆ, ਸਾਧੂ ਢਿੱਲੋਂ, ਸੰਤੋਖ ਸੋਹਲ ਆਦਿ ਸਮੇਤ ਭਾਰੀ ਗਿਣਤੀ ਵਿੱਚ ਭਾਈਚਾਰੇ ਦੇ ਲੋਕ ਹਾਜ਼ਰ ਸਨ।

# 25 ਸਤੰਬਰ 2023 ਨੂੰ ਅਮਰ ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਦੇ 37ਵੇਂ ਸ਼ਹਾਦਤ ਦਿਵਸ ਤੇ ਵਿਸ਼ੇਸ਼

ਅਵਤਾਰ ਲੰਗੇਰੀ
+91 9463260181


13 ਮਾਰਚ 1918 ਨੂੰ ਪਿੰਡ ਲੰਗੇਰੀ ਤਹਿਸੀਲ ਗੜ੍ਹਸ਼ੰਕਰ ਜ਼ਿਲਾ ਹੁਸ਼ਿਆਰਪੁਰ ਦੇ ਇੱਕ ਸਧਾਰਨ ਕਿਰਤੀ ਪਰਿਵਾਰ ਵਿੱਚ ਪਿਤਾ ਸ: ਦੇਵਾ ਸਿੰਘ ਅਤੇ ਮਾਤਾ ਸ੍ਰੀਮਤੀ ਰਾਓ ਦੇ ਘਰ ਇਕ ਮਹਾਨ ਇਨਕਲਾਬੀ ਅੱਜ ਦੇ ਗਦਰੀ ਸੂਰਬੀਰ ਦਰਸ਼ਨ ਸਿੰਘ ਕੈਨੇਡੀਅਨ ਨੇ ਜਨਮ ਲਿਆ ਜਿਸ ਦੀ ਗਾਥਾ ਨੂੰ ਬਿਆਨ ਕਰਨ ਲਈ ਢੁਕਵੇਂ ਸ਼ਬਦਾਂ ਦੀ ਚੋਣ ਕਰਨੀ ਬਹੁਤ ਔਖੀ ਮਹਿਸੂਸ ਹੋ ਰਹੀ ਹੈ ਅਤੇ ਉਸ ਦੀ ਕੁਰਬਾਨੀ ਨੂੰ ਕੁਝ ਸਫ਼ਿਆਂ ਵਿੱਚ ਸਮੇਟਣਾ ਵੀ ਕਾਫ਼ੀ ਔਖਾ ਲੱਗ ਰਿਹਾ ਹੈ। ਉਨ੍ਹਾਂ ਦੀ ਸੰਘਰਸ਼ ਮਈ ਗਾਥਾ ਬਿਆਨ ਕਰਦਿਆਂ ਪਤਾ ਲੱਗਦਾ ਹੈ ਕਿ ਉਹ ਭਰ ਜਵਾਨੀ ਵਿੱਚ ਸੰਨ 1937 ਵਿੱਚ ਸਮੁੰਦਰੀ ਰਸਤਿਉਂ ਵੱਖ ਵੱਖ ਦੇਸ਼ਾਂ ਤੋਂ ਹੁੰਦੇ ਹੋਏ ਕੈਨੇਡਾ ਦੀ ਧਰਤੀ ਤੇ ਪਹੁੰਚੇ। ਜਿੱਥੇ ਉਨ੍ਹਾਂ ਵੱਲੋਂ ਕੁਝ ਸਮਾਂ ਲੱਕੜ ਦੀਆਂ ਮਿੱਲਾਂ ਵਿੱਚ ਕੰਮ ਕਰਨ ਉਪਰੰਤ ਯੂਨੀਵਰਸਿਟੀ ਆਫ ਕੋਲੰਬੀਆ ਵਿੱਚ ਦਾਖ਼ਲਾ ਲਿਆ। ਯੂਨੀਵਰਸਿਟੀ ਵਿੱਚ ਪੜ੍ਹਦਿਆਂ ਉਨ੍ਹਾ ਆਪਣੀ ਪੜ੍ਹਾਈ ਨਾਲੋਂ ਵੱਧ ਸਮਾ ਮਾਰਕਸਵਾਦੀ ਸਾਹਿਤ ਪੜ੍ਹਨ ਲਈ ਲਾਇਆ।

ਇਮੀਗਰੇਸ਼ਨ ਦਾ ਮਸਲਾ ਹੱਲ ਹੋਣ ਪਿੱਛੋਂ ਉਨ੍ਹਾਂ ਨੂੰ ਪੰਜਾਬੀ ਕਮਿਊਨਿਟੀ ਵਿਚੋਂ ਸਭ ਤੋਂ ਪਹਿਲਾਂ ਜਬਰੀ ਫੌਜ਼ ਵਿੱਚ ਭਰਤੀ ਹੋਣ ਲਈ ਕੈਨੇਡੀਅਨ ਸਰਕਾਰ ਵੱਲੋਂ ਚਿੱਠੀ ਮਿਲੀ। ਪਹਿਲਾਂ ਤਾਂ ਉਨ੍ਹਾਂ ਵੱਲੋਂ ਇਸ ਸੱਦੇ ਨੂੰ ਠੁਕਰਾਉਂਦਿਆਂ ਬਾਗੀ ਹੋ ਕੇ ਜ਼ਿੰਦਗੀ ਬਿਤਾਉਣ ਦਾ ਫੈਸਲਾ ਲਿਆ ਪਰ ਬਾਅਦ ਵਿੱਚ ਉਨ੍ਹਾਂ ਸੋਚਿਆ ਕਿ ਸ਼ਾਇਦ ਇਹੋ ਫੌਜੀ ਟ੍ਰੇਨਿੰਗ ਭਾਰਤੀ ਇਨਕਲਾਬ ਦੇ ਕੰਮਾਂ ਵਿੱਚ ਸਹਾਈ ਹੋਵੇਗੀ। ਜਿਸ ਤੋਂ ਇਹ ਗੱਲ ਸਾਫ ਹੋ ਜਾਂਦੀ ਹੈ ਕਿ ਛੋਟੀ ਉਮਰੇ ਹੀ ਦਰਸ਼ਨ ਸਿੰਘ ਕੈਨੇਡੀਅਨ ਨੇ ਆਪਣੇ ਆਪ ਨੂੰ ਸਮਾਜਿਕ ਤਬਦੀਲੀ ਵਾਸਤੇ ਲੜੀਂਦੇ ਇਨਕਲਾਬ ਲਈ ਤਿਆਰ ਕਰ ਲਿਆ ਸੀ।

ਉਨ੍ਹਾਂ ਕੈਨੇਡਾ ਦੀ ਧਰਤੀ ਤੇ ਬਿਤਾਏ 10 ਵਰਿਆਂ ਦੌਰਾਨ ਇੰਡੀਅਨ ਵਰਕਰ ਐਸੋਸੀਏਸ਼ਨ, ਕੈਨੇਡਾ ਦੀ ਕਮਿਊਨਿਸਟ ਪਾਰਟੀ ਅਤੇ ਮਜ਼ਦੂਰ ਲਹਿਰ ਵਿੱਚ ਗੋਰਿਆਂ ਦੇ ਬਰਾਬਰ ਤਨਖਾਹ ਅਤੇ ਭੱਤੇ , ਨਸਲੀ ਵਿਤਕਰੇ, ਵੋਟ ਦੇ ਹੱਕ ਲਈ ਸ਼ੰਘਰਸ਼ ਵਿੱਚ ਯੋਗਦਾਨ ਉਪਰੰਤ ਪ੍ਰਾਪਤੀ , ਭਾਰਤ ਦੀ ਆਜ਼ਾਦੀ ਬਾਰੇ ਕੰਮ ਕਰਨ ਸਮੇਤ ਕੈਨੇਡਾ ਅੰਦਰ ਕੰਮ ਕਰਦੀ ਮਜ਼ਦੂਰ ਜਮਾਤ ਲਈ ਬਾਕਮਾਲ ਕੰਮ ਕੀਤਾ। ਇਨ੍ਹਾਂ ਦਸ ਵਰਿਆਂ ਵਿੱਚ ਉਨ੍ਹਾਂ ਮਾਰਕਸਵਾਦੀ ਵਿਚਾਰਧਾਰਾ ਤੇ ਚਲਦਿਆਂ ਕੈਨੇਡਾ, ਅਮਰੀਕਾ ,ਜਪਾਨ ਮਲਾਇਆ ਚੀਨ ਸੂਡਾਨ ਹਾਂਗਕਾਂਗ ਇੰਗਲੈਂਡ ਅਤੇ ਸੋਵੀਅਤ ਯੂਨੀਅਨ ਦੀ ਯਾਤਰਾ ਕੀਤੀ। ਸੰਨ 1947 ਵਿੱਚ ਉਹ ਭਾਰਤੀ ਕਮਿਊਨਿਸਟ ਪਾਰਟੀ ਦੇ ਸੱਦੇ ਅਨੁਸਾਰ ਪਾਰਟੀ ਦੇ ਫੈਸਲੇ ਮੁਤਾਬਿਕ ਲੋਕਾਂ ਦੇ ਸੁਪਨਿਆਂ ਦੇ ਦੇਸ਼ ਕੈਨੇਡਾ ਨੂੰ ਬਿਨਾਂ ਕਿਸੇ ਆਰਥਿਕ ਕਮਾਈ ਤੋਂ ਖਾਲੀ ਹੱਥੀਂ ਅਲਵਿਦਾ ਕਹਿ ਆਏ।

ਭਾਰਤੀ ਕਮਿਊਨਿਸਟ ਪਾਰਟੀ ਵਿੱਚ ਕੰਮ ਕਰਦਿਆਂ ਉਨ੍ਹਾਂ ਦੇ ਕਾਰਜਕਾਲ ਨੂੰ ਕਦੇ ਚੇਤਿਆਂ ਵਿੱਚੋਂ ਵਿਸਾਰਿਆ ਨਹੀਂ ਜਾ ਸਕਦਾ। ਬਤੌਰ ਅਸੰਬਲੀ ਮੈਂਬਰ ਹੁੰਦਿਆਂ ਉਨ੍ਹਾਂ ਵੱਲੋਂ ਗ਼ਰੀਬਾਂ, ਕਿਸਾਨਾਂ, ਮਜ਼ਦੂਰਾਂ, ਮਿਹਨਤਕਸ਼ ਲੋਕਾਂ ਲਈ ਕੀਤੇ ਕੰਮਾਂ ਅਤੇ ਬਿਨਾਂ ਕਿਸੇ ਲਾਲਚ ਤੋਂ ਲੋਕ ਹਿੱਤਾਂ ਲਈ ਲਗਾਇਆ ਸਮਾਂ ਅੱਜ ਵੀ ਅਗਾਂਹਵਧੂ ਲੋਕਾਂ ਲਈ ਪ੍ਰੇਰਨਾ ਸਰੋਤ ਬਣਦਾ ਹੈ।

ਉਹ ਦੋ ਵਾਰ ਪੰਜਾਬ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਤੋਂ ਵਿਧਾਨਸਭਾ ਮੈਂਬਰ ਚੁਣੇ ਗਏ। ਵਿਧਾਨ ਸਭਾ ਵਿੱਚ ਕਾਰਗੁਜ਼ਾਰੀ ਤੇ ਨਜ਼ਰ ਮਾਰਦਿਆਂ ਉਨ੍ਹਾਂ ਵੱਲੋਂ 18 ਸਾਲ ਦੀ ਉਮਰ ਵਿੱਚ ਵੋਟ ਦਾ ਹੱਕ ਦੇਣ, ਜ਼ਮੀਨੀ ਸੁਧਾਰ ਕਰਨ, ਸਨਅਤੀ ਲੇਬਰ ਦੀ ਦੇ ਹੱਕਾਂ ਦੀ ਰਾਖੀ ਕਰਨ, ਆਮ ਲੋਕਾਂ ਤੱਕ ਸਿੱਖਿਆ ਬਚਾਉਣ ਲਈ ਵਿੱਦਿਅਕ ਸੁਧਾਰ ਕਰਨ, ਗ਼ਰੀਬਾਂ ਤੇ ਟੈਕਸ ਘਟਾਉਣ, ਨੀਂਹ ਪੱਥਰ ਰੱਖਣ ਅਤੇ ਉਦਘਾਟਨ ਵਿੱਚ ਸਰਕਾਰੀ ਸਮੇਂ ਅਤੇ ਪੈਸੇ ਦੀ ਬਰਬਾਦੀ ਨੂੰ ਬਚਾਉਣ, ਅੰਤਰਰਾਸ਼ਟਰੀ ਮਾਮਲਿਆਂ ਨੂੰ ਉਭਾਰਨ, ਨੌਜਵਾਨਾਂ ਲਈ ਸਿਹਤ ਸਿੱਖਿਆ ਅਤੇ ਰੁਜ਼ਗਾਰ ਦਾ ਪ੍ਰਬੰਧ ਕਰਨ, ਲੋਕਾਂ ਲਈ ਪੀਣਵਾਲਾ ਸਾਫ਼ ਪਾਣੀ ਘਰ ਘਰ ਪਹੁੰਚਾਉਣ ਅਤੇ ਇੰਗਲੈਂਡ ਵਿਚ ਪੱਗ ਦੇ ਮਸਲੇ ਤੇ ਸਰਬਸੰਮਤੀ ਨਾਲ ਮਤਾ ਪਾਸ ਕਰਨ ਦਾ ਸੁਝਾਅ ਦੇਣ ਵਰਗੇ ਅਨੇਕਾਂ ਮਸਲਿਆਂ ਉਤੇ ਜ਼ੋਰਦਾਰ ਦਲੀਲਾਂ ਅਤੇ ਤਰਕ ਪੇਸ਼ ਕੀਤੇ ।ਆਪਣੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚੋਂ ਕੁਝ ਸਮਾਂ ਕੱਢ ਉਨ੍ਹਾਂ ਵੱਲੋਂ "ਰਾਈਜ਼ ਆਫ ਦਾ ਨਿਊ ਏਸ਼ੀਆ" ਅੰਗਰੇਜ਼ੀ ਅਤੇ "ਸੀ.ਆਈ.ਏ. ਦਾ ਖੰਜਰ" ਪੰਜਾਬੀ ਵਿਚ ਦੋ ਪੁਸਤਕਾਂ ਲਿਖਣ ਦੇ ਨਾਲ ਨਾਲ ਚਲੰਤ ਮਾਮਲਿਆਂ ਤੇ ਪੰਜਾਬੀ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਵਿਚ ਬਹੁਤ ਸਾਰੇ ਲੇਖ ਲਿਖੇ। 1980 ਤੋਂ ਬਾਅਦ ਪੰਜਾਬ ਅੰਦਰ ਚੱਲ ਰਹੇ ਕਾਲੇ ਦੌਰ ਅੰਦਰ ਲੇਖਕਾਂ, ਚਿੰਤਕਾਂ ਅਤੇ ਕਮਿਊਨਿਸਟ ਇਨਕਲਾਬੀਆਂ ਦੇ ਹੋ ਰਹੇ ਕਤਲੇਆਮ ਦੌਰਾਨ 25 ਸਤੰਬਰ 1986 ਨੂੰ ਸਾਥੀ ਦਰਸ਼ਨ ਸਿੰਘ ਕੈਨੇਡੀਅਨ ਨੂੰ ਪਿੰਡ ਲੰਗੇਰੀ ਦੀ ਜੂਹ ਅੰਦਰ ਹੀ ਮਾਹਿਲਪੁਰ ਤੋਂ ਲੰਗੇਰੀ ਵੱਲ ਆਉਂਦਿਆਂ ਖਾਲਿਸਤਾਨੀ ਦਹਿਸ਼ਤਗਰਦਾਂ ਨੇ ਨੇੜਿਓਂ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। ਜਿਸ ਨਾਲ ਪਿੰਡ, ਇਲਾਕੇ ਅਤੇ ਸਮੁੱਚੇ ਪੰਜਾਬ ਅੰਦਰ ਸੋਗ ਅਤੇ ਗੁੱਸੇ ਦੀ ਲਹਿਰ ਪ੍ਰਚੰਡ ਹੋ ਗਈ। ਸਾਥੀ ਦਰਸ਼ਨ ਸਿੰਘ ਕੈਨੇਡੀਅਨ ਦੀ ਸ਼ਹਾਦਤ ਤੋਂ ਦੁਖੀ ਹੋ ਕੇ ਗੁੱਸੇ ਵਿੱਚ ਉੱਘੇ ਨਾਵਲਕਾਰ ਜਸਵੰਤ ਕੰਵਲ ਨੇ ਕਾਤਲਾਂ ਨੂੰ ਮੁਖ਼ਾਤਿਬ ਹੁੰਦਿਆਂ ਲਿਖਿਆ ਕਿ ਮੂਰਖੋ! ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਖ਼ਰਾ ਸੋਨਾ ਸੀ। ਜਿਸ ਨੂੰ ਮੈਂ ਕਮਿਊਨਿਸਟ ਹੋਣ ਨਾਲੋਂ ਵਧੀਆ ਮਨੁੱਖ ਵਧੇਰੇ ਸਮਝਦਾ ਸਾਂ। ਮੇਰੇ ਮਨ ਵਿੱਚ ਗੁਰ-ਮੁਖ ਅਤੇ ਕ-ਮਿਊਨਿਸਟ ਦੀ ਪ੍ਰੀਭਾਸ਼ਾ ਵਧੀਆ ਮਨੁੱਖ ਕਾਰਨ ਖੁਭੀ ਹੋਈ ਹੈ। ਇਕ ਸਾਧਾਰਨ ਮਨੁੱਖ ਨੂੰ ਹੀ ਸਿਫ਼ਤਾਂ ਕੁਸਿਫ਼ਤਾਂ ਜੁੜ ਕੇ ਗੁਰਮੁਖ ਤੇ ਮਨਮੁਖ ਬਣਾਉਂਦੀ ਆਂ ਹਨ। ਗੁਰਮੁਖ ਲੋਕਾਂ ਲਈ ਜਿਊਂਦਾ ਹੈ। ਗੁਰੂ ਘਰ ਵਿੱਚ ਗੁਰਮੁਖ ਦੀ ਜੋ ਪਰਿਭਾਸ਼ਾ ਸਮਝੀ ਜਾਂਦੀ ਹੈ,ਉਹੀ ਪਾਰਟੀ ਵਿੱਚ ਕਮਿਊਨਿਸਟ ਵਰਕਰ ਨੂੰ ਮਹੱਤਤਾ ਦਿੱਤੀ ਜਾਂਦੀ ਹੈ।" ਇਨਕਲਾਬ ਦਾ ਸਿਰ ਵੱਢਣ ਵਾਲਿਓ ਤੁਹਾਡਾ ਕਿੱਥੇ ਭਲਾ ਹੋਵੇਗਾ। ਉਹ ਲੋਕਾਂ ਦਾ ਹਰਮਨ ਪਿਆਰਾ ਅਤੇ ਧੜੱਲੇਦਾਰ ਲੀਡਰ ਸੀ ਉਸ ਦੇ ਕਤਲ ਦਾ ਹਰ ਵਰਗ ਦੇ ਲੋਕਾਂ ਨੇ ਡੂੰਘਾ ਮਾਤਮ ਮਨਾਇਆ। ਹਰ ਖੇਤਰ ਅੰਦਰ ਕੰਮ ਕਰਦੇ ਲੋਕਾਂ ਨੂੰ ਉਸ ਮਹਾਨ ਲੋਕ ਪੱਖੀ ਆਗੂ ਦੇ ਸਦੀਵੀ ਵਿਛੋੜੇ ਕਾਰਨ ਡੂੰਘਾ ਸਦਮਾ ਲੱਗਿਆ। ਇਸ ਦੇ ਵਿਆਪਕ ਅਸਰ ਦਾ ਅਨੁਮਾਨ ਦਰਸ਼ਨ ਸਿੰਘ ਕੈਨੇਡੀਅਨ ਦੀ ਸ਼ਹਾਦਤ ਤੋਂ ਬਾਅਦ ਅਖਬਾਰਾਂ ਦੀਆਂ ਸੰਪਾਦਕੀਆਂ ਤੋ ਲਗਾਇਆ ਜਾ ਸਕਦਾ ਹੈ। ਪੰਜਾਬ ਦੇ ਸਭ ਤੋਂ ਵੱਧ ਵਿਕਣ ਵਾਲੇ (ਅਕਾਲੀ ਪੱਖੀ) ਰੋਜ਼ਾਨਾ ਅਜੀਤ ਅਖਬਾਰ ਨੇ ਆਪਣੀ ਲੰਬੀ ਸੰਪਾਦਕੀ ਲਿਖੀ। ਉਹ ਆਪਣੀ ਸੰਪਾਦਕੀ ਨੂੰ ਇਨ੍ਹਾਂ ਸਤਰਾਂ ਨਾਲ ਸਮਾਪਤ ਕਰਦਾ ਹੈ: "ਸਾਥੀ ਕੈਨੇਡੀਅਨ ਦਾ ਜੀਵਨ ਸਾਦਗੀ, ਸੰਘਰਸ਼ ਅਤੇ ਪ੍ਰਤੀਬੱਧਤਾ ਲਈ ਇੱਕ ਮਿਸਾਲ ਵਜੋਂ ਪੇਸ਼ ਕੀਤਾ ਜਾ ਸਕਦਾ ਹੈ। ਜਿਸ ਤੇ ਉਨ੍ਹਾਂ ਦੀ ਪਾਰਟੀ ਅਤੇ ਪੰਜਾਬ ਦੇ ਲੋਕ ਮਾਣ ਕਰ ਸਕਦੇ ਹਨ। ਅਸੀਂ ਸਾਥੀ ਜੀ ਦੀ ਪਿਆਰੀ ਸਖਸ਼ੀਅਤ ਨੂੰ ਨਿੱਘੀ ਸ਼ਰਧਾਜਲੀ ਭੇਂਟ ਕਰਦੇ ਹਾਂ।"



ਉਸ ਖਿੱਤੇ ਦਾ ਸਭ ਤੋ ਪਿਆਰਾ ਅੰਗਰੇਜ਼ੀ ਦਾ ਰੋਜ਼ਾਨਾ ਅਖਬਾਰ "ਦਾ ਟ੍ਰਿਬਿਊਨ" ਆਪਣੀ ਸੰਪਾਦਕੀ "ਸਦਭਾਵਨਾ ਵਿਰੁਧ ਜੁਰਮ" ਸਿਰਲੇਖ ਅਧੀਨ ਵਿੱਚ ਲਿਖਦਾ ਹੈ: "ਇਸ ਉੱਤਮ ਨਿਸ਼ਾਨੇ (ਕਿ ਲੋਕ ਡਰ ਅਤੇ ਘਿਰਣਾ ਤੋਂ ਬਗੈਰ ਵੱਸਦੇ ਰਹਿਣ) ਉੱਤੇ ਚੱਲਣ ਕਾਰਨ ਦਰਸ਼ਨ ਸਿੰਘ ਕੈਨੇਡੀਅਨ ਨੂੰ ਦਹਿਸ਼ਤਗਰਦੀ ਦੇ ਵਾਰ ਦਾ ਨਿਸ਼ਾਨਾ ਬਣਾਇਆ ਗਿਆ। ਦਹਿਸ਼ਤ ਪਸੰਦ ਹਿੰਸਾ ਦਾ ਦੂਜਾ ਚਿੰਤਾਜਨਕ ਪੱਖ ਇਹ ਹੈ ਕਿ ਅੱਤਵਾਦੀਆਂ ਦੇ ਪ੍ਰਮੁੱਖ ਦੁਸ਼ਮਣ ਕੇਂਦਰ ਰਾਜ ਸਰਕਾਰ ਜਾਂ ਰਿਬੇਰੋ ਨਹੀਂ ਸਗੋਂ ਦਰਸ਼ਨ ਸਿੰਘ ਕੈਨੇਡੀਅਨ ਜਿਹੇ ਵਿਅਕਤੀ ਹਨ ਜਿਹੜੇ ਦੇਸ਼ ਅੰਦਰ ਫਿਰਕੂ ਵੰਡ ਨੂੰ ਪ੍ਰਵਾਨ ਕਰਨ ਨੂੰ ਤਿਆਰ ਨਹੀਂ ਤੇ ਮੁਜ਼ਰਮਾਂ ਨੂੰ ਅਮਨ ਪਸੰਦ ਸਿੱਖਾਂ ਦੇ ਵਿਸ਼ਾਲ ਅਵਾਮ ਨਾਲੋਂ ਅਲੱਗ ਥਲੱਗ ਕਰਨ ਲਈ ਯਤਨਸ਼ੀਲ ਹਨ। ਇਹ ਕੋਈ ਸਬੱਬੀ ਗੱਲ ਨਹੀਂ ਕਿ ਇਹ ਹੱਤਿਆ ਕਮਿਊਨਿਸਟ ਪਾਰਟੀ ਵੱਲੋਂ ਸੂਬੇ ਵਿੱਚ ਦਹਿਸ਼ਤੀ ਹਿੰਸਾ ਵਿਰੁੱਧ ਕੀਤੀ ਗਈ ਵਿਸ਼ਾਲ ਰੈਲੀ ਦੇ ਕੁਝ ਦਿਨ ਬਾਅਦ ਕੀਤੀ ਗਈ। ਦਰਸ਼ਨ ਸਿੰਘ ਕੈਨੇਡੀਅਨ ਪੰਜਾਬ ਵਿੱਚ ਗੋਲੀਆਂ ਦਾ ਨਿਸ਼ਾਨਾ ਬਣਾਇਆ ਗਿਆ ਸੋਲਵਾਂ ਕਮਿਊਨਿਸਟ ਆਗੂ ਹੈ। ਇਸ ਤੋਂ ਪਹਿਲਿਆਂ ਵਿੱਚ ਅਰਜਨ ਸਿੰਘ ਮਸਤਾਨਾ, ਪਰਸਵਾਰਥ ਰਾਮ ਅਤੇ ਸੁਮੀਤ ਸ਼ਾਮਲ ਸਨ। ਇਹ ਸਾਰੇ ਲੋਕ ਫਿਰਕਾਪ੍ਰਸਤੀ ਜਾਂ ਤੰਗਨਜ਼ਰ ਹਿੱਤਾਂ ਤੋਂ ਬੇਦਾਗ ਸਨ ਅਤੇ ਇਹਨਾਂ ਵਿੱਚੋਂ ਬਹੁਤੇ ਸਿੱਖ ਸਨ।"

ਪੰਜਾਬ ਦਾ ਇੱਕ ਇੱਕ ਹੋਰ ਵਿਸ਼ਾਲ ਜਨਤਕ ਆਧਾਰ ਵਾਲਾ ਹਿੰਦ ਸਮਾਚਾਰ ਗਰੁੱਪ ਜਿਸ ਦੇ ਪੰਜਾਬੀ, ਉਰਦੂ ਅਤੇ ਹਿੰਦੀ ਅਖਬਾਰ ਨਿਕਲਦੇ ਹਨ , ਆਪਣੀ ਸੰਪਾਦਕੀ ਵਿੱਚ ਲਿਖਦਾ ਹੈ: ਸ: ਦਰਸ਼ਨ ਸਿੰਘ ਕੈਨੇਡੀਅਨ ਦੀ ਹੱਤਿਆ ਨੇ ਪੰਜਾਬ ਅਤੇ ਭਾਰਤ ਮਾਤਾ ਦੀ ਗੋਦ ਇੱਕ ਅਜਿਹੇ ਇਮਾਨਦਾਰ ਅਤੇ ਦੇਸ਼ ਭਗਤ ਸਪੂਤ ਤੋਂ ਖਾਲੀ ਕਰ ਦਿੱਤੀ ਹੈ ਜਿਸ ਨੇ ਹਮੇਸ਼ਾ ਹੀ ਹਿੰਦੂ ਸਿੱਖ ਏਕਤਾ, ਪੰਜਾਬ ਦੇ ਅਮਨ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦਾ ਪਰਚਮ ਪੂਰੀ ਮਜ਼ਬੂਤੀ ਨਾਲ ਚੁੱਕੀ ਰੱਖਿਆ।

ਅਸੀਂ ਵਾਰ ਵਾਰ ਇਸ ਗੱਲ ਦਾ ਜਿਕਰ ਕੀਤਾ ਕਿ ਪੰਜਾਬ ਦੇ ਮਾਮਲੇ ਵਿੱਚ 1981 ਤੋਂ ਹੁਣ ਤੱਕ ਜੇ ਕਿਸੇ ਪਾਰਟੀ ਨੇ ਸਿੱਧਾ ਅਤੇ ਸਾਫ਼ ਸੁਥਰਾ ਰੋਲ ਅਦਾ ਕੀਤਾ ਹੈ ਅਤੇ ਠੀਕ ਦ੍ਰਿਸ਼ਟੀਕੋਣ ਅਪਣਾਇਆ ਹੈ ਤਾਂ ਉਹ ਪੰਜਾਬ ਦੀ ਭਾਰਤੀ ਕਮਿਊਨਿਸਟ ਪਾਰਟੀ ਹੀ ਹੈ। ਇਸ ਪਾਰਟੀ ਨੇ ਹਮੇਸ਼ਾ ਹੀ ਕਿਹਾ ਹੈ ਕਿ ਪੰਜਾਬ ਦੀ ਲੜਾਈ ਨੂੰ ਇੱਕ ਫਿਰਕੇ ਦੀ ਲੜਾਈ ਨਾ ਬਣਾਓ ਸਗੋਂ ਉਸ ਨੂੰ ਗੁਰਦੁਆਰਿਆਂ ਵਿਚੋਂ ਕੱਢ ਕੇ ਸਾਰੇ ਪੰਜਾਬ ਦੀ ਲੜਾਈ ਬਣਾਓ।

"ਏਨਾ ਹੀ ਨਹੀਂ ਪੰਜਾਬ ਦੀ ਭਾਰਤੀ ਕਮਿਊਨਿਸਟ ਪਾਰਟੀ ਹੀ ਹੈ ਜਿਸ ਨੇ ਪੰਜਾਬ ਸਮੇਤ ਪੂਰੇ ਦੇਸ਼ ਨੂੰ ਦੁਸ਼ਮਣਾਂ ਦੀਆਂ ਸਾਜਿਸ਼ਾਂ ਤੋਂ ਬਚਾਉਣ ਲਈ ਪੂਰੀ ਹਿੰਮਤ ਅਤੇ ਦਲੇਰੀ ਨਾਲ ਥਾਂ ਥਾਂ ਅਮਨ ਰੈਲੀਆਂ, ਮੁਜ਼ਾਹਰੇ ਅਤੇ ਅਮਨ ਮਾਰਚ ਵੀ ਕੀਤੇ। ਇਸ ਦਾ ਨਤੀਜਾ ਇਹ ਹੋਇਆ ਕਿ ਪਾਰਟੀ ਨੇਤਾਵਾਂ ਅਤੇ ਵਰਕਰਾਂ ਨੇ ਹੀ ਆਪਣੇ ਪ੍ਰਾਣਾਂ ਦੀਆਂ ਸਭ ਤੋਂ ਵੱਧ ਆਹੂਤੀਆਂ ਪੰਜਾਬ ਨੂੰ ਬਚਾਉਣ ਲਈ ਦਿੱਤੀਆਂ ਅਤੇ ਸਾਥੀ ਦਰਸ਼ਨ ਸਿੰਘ ਕੈਨੇਡੀਅਨ ਸਮੇਤ ਹੁਣ ਤੱਕ 16 ਕਮਿਊਨਿਸਟ ਨੇਤਾ ਅਤੇ ਵਰਕਰ ਇਸ ਸੰਘਰਸ਼ ਵਿੱਚ ਸ਼ਹੀਦ ਹੋ ਗਏ।" ਇਨ੍ਹਾਂ ਸੋਲਾਂ ਸ਼ਹੀਦਾਂ ਦੇ ਨਾਵਾਂ ਦੀ ਗਿਣਤੀ ਕਰਨ ਤੋਂ ਬਾਅਦ ਸੰਪਾਦਕ ਅੱਗੇ ਲਿਖਦਾ ਹੈ ਕਿ ਇਸ ਮੌਕੇ ਅਸੀਂ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਸ੍ਰੀ ਜੇ. ਐਫ. ਰਿਬੇਰੋ ਨੂੰ ਵੀ ਕਹਿਣਾ ਚਾਹਾਂਗੇ ਕਿ ਜਿੱਥੇ ਉਹਨਾਂ ਨੇ ਦੂਜੇ ਖਾਸ ਲੋਕਾਂ ਦੀ ਸੁਰੱਖਿਆ ਦਾ ਪ੍ਰਬੰਧ ਕੀਤਾ ਹੈ ਉੱਥੇ ਉਹ ਕਮਿਊਨਿਸਟ ਨੇਤਾਵਾਂ ਅਤੇ ਵਰਕਰਾਂ ਦੀ ਸੁਰੱਖਿਆ ਦੇ ਪ੍ਰਬੰਧ ਤੇ ਵੀ ਮੁੜ ਵਿਚਾਰ ਕਰਨ ਅਤੇ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਜਿਹੜੇ ਕਮਿਊਨਿਸਟ ਪਿੰਡ ਪਿੰਡ ਜਾ ਕੇ ਲੋਕਾਂ ਦਾ ਹੌਸਲਾ ਵਧਾ ਰਹੇ ਹਨ,ਉਹਨਾਂ ਨੂੰ ਸਹੀ ਦਿਸ਼ਾ ਦੇ ਰਹੇ ਹਨ ਅਤੇ ਨਿਹੱਥੇ ਹੀ ਦਹਿਸ਼ਤਪਸੰਦਾਂ ਨਾਲ ਜੂਝ ਰਹੇ ਹਨ, ਉਹਨਾਂ ਦੀ ਜਾਨ ਨੂੰ ਅੱਗੋਂ ਕਿਸੇ ਤਰਾਂ ਦਾ ਕੋਈ ਨੁਕਸਾਨ ਨਾ ਹੋਵੇ।

ਇਸ ਪਾਰਟੀ ਦੇ ਵਰਕਰ ਪੂਰੀ ਨਿਸਚਾ ਨਾਲ ਸਿਰ ਤਲੀ ਤੇ ਰੱਖ ਕੇ ਹਿੰਦੂ ਸਿੱਖ ਏਕਤਾ ਨੂੰ ਹਾਲੇ ਵੀ ਕਾਇਮ ਰੱਖਣ ਲਈ ਸਰਗਰਮ ਹਨ ਅਤੇ ਇਸ ਲਈ ਕੋਸ਼ਿਸ਼ ਕਰ ਰਹੇ ਹਨ। ਜਿਸ ਤੇਜ਼ੀ ਨਾਲ ਕਮਿਊਨਿਸਟ ਵਰਕਰਾਂ ਅਤੇ ਨੇਤਾਵਾਂ ਦੀਆਂ ਹੱਤਿਆਵਾਂ ਹੋ ਰਹੀਆਂ ਹਨ ਜੇ ਉਨ੍ਹਾਂ ਨੂੰ ਤੁਰੰਤ ਨਾ ਰੋਕਿਆ ਗਿਆ ਤਾਂ ਉਨ੍ਹਾਂ ਪਿਛੋਂ ਸ਼ਾਇਦ ਹੀ ਕੋਈ ਏਨੇ ਹੌਸਲੇ ਅਤੇ ਭਰੋਸੇ ਨਾਲ ਹਿੰਦੂਆਂ ਅਤੇ ਸਿੱਖਾਂ ਨੂੰ ਇੱਕ ਪਲੇਟਫਾਰਮ ਤੇ ਲਿਆਉਣ ਸਮੇਤ ਦਹਿਸ਼ਤਪਸੰਦਾਂ ਨਾਲ ਜੂਝਣ ਦਾ ਕੰਮ ਕਰ ਸਕੇਗਾ।"

ਇੱਥੇ ਇਹ ਜਿਕਰ ਕਰਨਾ ਬੜਾ ਦੁਖਦਾਈ ਹੈ ਕਿ ਕੈਨੇਡਾ ਅੰਦਰ ਮਜ਼ਦੂਰ ਲਹਿਰ ਦੇ ਇਤਿਹਾਸਕਾਰਾਂ ਵੱਲੋਂ ਦਰਸ਼ਨ ਸਿੰਘ ਕੈਨੇਡੀਅਨ ਨੂੰ ਨਜ਼ਰਅੰਦਾਜ਼ ਕੀਤਾ ਗਿਆ ਜਿਸ ਦਾ ਸਬੂਤ ਐਲਪਾਰਕਿਨ ਦੇ "ਲੇਬਰ ਐਂਡ ਟਿੰਬਰ" ਨਾਂ ਦੇ ਇਤਿਹਾਸਕ ਦਸਤਾਵੇਜ਼ ਜੋ ਕਿ 1946-47 ਵਿੱਚ ਲਿਖਿਆ ਗਿਆ ਸੀ ਅਤੇ ਬੀ ਸੀ ਲੇਬਰ ਵਰਕਰ ਵਿੱਚ ਲੜੀਵਾਰ ਛਪਿਆ, ਵਿੱਚ ਵੀ ਦਰਸ਼ਨ ਸਿੰਘ ਕੈਨੇਡੀਅਨ ਦੇ ਕਿਸੇ ਯੋਗਦਾਨ ਦਾ ਜਿਕਰ ਤੱਕ ਨਹੀਂ ਆਇਆ। ਇਸੇ ਤਰਾਂ ਭਾਰਤ ਅੰਦਰ ਵੀ ਪਾਰਟੀ ਦਰਸ਼ਨ ਸਿੰਘ ਕੈਨੇਡੀਅਨ ਦੀ ਸਲਾਨਾ ਬਰਸੀ ਮਨਾਉਣ ਤੇ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਰੱਖਣ ਵਿੱਚ ਵੀ ਅਸਫਲ ਹੀ ਰਹੀ ਹੈ ਪ੍ਰੰਤੂ ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਦੀ ਸ਼ਹਾਦਤ ਤੋਂ ਲੰਬੇ ਅਰਸੇ ਬਾਅਦ ਇਸੇ ਵਰੇ 15 ਅਗਸਤ 2023 ਦਾ ਦਿਨ ਇਤਿਹਾਸਕ ਹੋ ਨਿਬੜਿਆ ਜਦੋਂ ਕਿ ਬੀ ਸੀ ਲੇਬਰ ਹੈਰੀਟੇਜ਼ ਸੈਂਟਰ ਵੱਲੋਂ ਵੈਨਕੂਵਰ ਆਈਲੈਂਡ ਦੇ ਸ਼ਹਿਰ ਲੇਕ ਕਾਊਚਿਨ ਵਿੱਚ ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਦੇ ਸਤਿਕਾਰ ਵਿੱਚ ਇੱਕ ਤਖ਼ਤੀ ਲਗਾਈ, ਜਿਸ ਦਾ ਲੱਗਣਾ ਇਸ ਗੱਲ ਦਾ ਮੂੰਹ ਬੋਲਦਾ ਸਬੂਤ ਹੈ ਕਿ ਉਹ ਅੱਜ ਵੀ ਕੈਨੇਡਾ ਵੱਸਦੇ ਇਨਕਲਾਬੀ ਸੋਚ ਰੱਖਣ ਵਾਲੇ ਲੋਕਾਂ ਦੇ ਦਿਲਾਂ ਵਿੱਚ ਕਿੰਨਾ ਸਤਿਕਾਰ ਰੱਖਦੇ ਹਨ ਜਿਸ ਤੇ ਅਸੀਂ ਮਾਣ ਨਾਲ ਸਿਰ ਉੱਚਾ ਰੱਖ ਸਕਦੇ ਹਾਂ।

ਉਨ੍ਹਾਂ ਦੇ ਸਤਿਕਾਰ ਵਿੱਚ ਇਸ ਤਖਤੀ ਦਾ ਲੱਗਣਾ ਇੱਕ ਇਤਿਹਾਸਕ ਵਰਤਾਰਾ ਹੈ ਅਤੇ ਕਮਿਊਨਿਸਟ ਪਾਰਟੀ ਲਈ 15 ਅਗਸਤ 2023 ਦਾ ਇਹ ਦਿਨ ਯਾਦਗਾਰੀ ਹੋ ਨਿਬੜਿਆ ਹੈ। ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਨੇ ਕੈਨੇਡਾ ਰਹਿੰਦਿਆਂ ਜਿਆਦਾ ਸਮਾ ਵੈਨਕੂਵਰ ਦੀ ਧਰਤੀ ਤੇ ਕੰਮ ਕੀਤਾ ਜਿਸ ਕਰਕੇ ਉਨ੍ਹਾਂ ਦੇ ਸਨਮਾਨ ਵਿੱਚ ਪਾਰਟੀ ਅਤੇ ਸੁਹਿਰਦ ਦੋਸਤਾਂ ਵੱਲੋਂ ਵੈਨਕੂਵਰ ਵਿੱਚ ਹੀ ਉਨ੍ਹਾਂ ਦੇ ਸਨਮਾਨ ਵਿੱਚ ਕੋਈ ਯਾਦਗਾਰ ਉਸਾਰੀ ਜਾਣੀਲ ਬਣਦਾ ਹੈ, ਜਿਨ੍ਹਾਂ ਵੱਲੋਂ ਆਪਣੇ ਤੌਰ ਤੇ ਆਪਣੇ ਯਤਨਾਂ ਸਦਕਾ ਆਪਣੇ ਸ਼ਹਿਰ ਅੰਦਰ ਇਹ ਤਖਤੀ ਲਗਾ ਕੇ ਉਨ੍ਹਾਂ ਪ੍ਰਤੀ ਸ਼ਰਧਾ ਦਾ ਇਜ਼ਹਾਰ ਕਰਦਿਆਂ ਇੱਕ ਇਤਿਹਾਸਕ ਕਦਮ ਨੂੰ ਨੇਪਰੇ ਚਾੜ੍ਹਿਆ ਹੈ।

ਅੱਜ ਉਨ੍ਹਾਂ ਦੇ 37ਵੇਂ ਸਲਾਨਾ ਸ਼ਹਾਦਤ ਦਿਵਸ ਸਮੇਂ ਮੈਂ ਦੇਸ਼ ਅੰਦਰ ਚੱਲ ਰਹੇ ਫਿਰਕੂ ਦੌਰ ਦੇ ਸਨਮੁਖ ਹੁੰਦਿਆਂ ਇਹੀ ਕਹਾਂਗਾ ਕਿ ਸਾਥੀ ਦਰਸ਼ਨ ਸਿੰਘ ਕੈਨੇਡੀਅਨ ਦੀ ਵਿਚਾਰਧਾਰਾ ਤੇ ਚਲਦਿਆਂ ਭਾਰਤੀ ਕਮਿਊਨਿਸਟ ਪਾਰਟੀ ਅਤੇ ਜਮਹੂਰੀ ਇਨਕਲਾਬੀ ਤਾਕਤਾਂ ਨੂੰ ਸਿਰ ਜੋੜ ਕੇ ਤੁਰਦਿਆਂ ਅੱਜ ਪੂਰੇ ਦੇਸ਼ ਅੰਦਰ ਚੱਲ ਰਹੀ ਭਗਵੇਂਕਰਨ ਦੀ ਫਿਰਕੂ ਹਨੇਰੀ ਨੂੰ ਠੱਲਣ ਦੀ ਅਣਸਰਦੀ ਲੋੜ ਹੈ।

*****

# ਜਹਾਜ਼ ਹਾਦਸੇ 'ਚ ਮਾਰਿਆ ਗਿਆ ਵੈਗਨਰ ਗਰੁੱਪ ਦਾ ਮੁਖੀ ਯੇਵਗੇਨੀ ਪ੍ਰਿਗੋਜ਼ਿਨ, ਰੂਸ ਨੇ ਕਿਹਾ- ਜੈਨੇਟਿਕ ਟੈਸਟ ਦੁਆਰਾ ਹੋਈ ਪੁਸ਼ਟੀ

**ਮਾਸਕੋ-** 23 ਅਗਸਤ ਨੂੰ ਰੂਸ ਵਿੱਚ ਇੱਕ ਨਿੱਜੀ ਜਹਾਜ਼ ਕਰੈਸ਼ ਹੋ ਗਿਆ ਸੀ। ਇਸ ਹਾਦਸੇ 'ਚ ਜਹਾਜ਼ 'ਚ ਸਵਾਰ ਸਾਰੇ ਲੋਕ ਮਾਰੇ ਗਏ। ਇਸ ਦੌਰਾਨ ਇਹ ਵੀ ਦੱਸਿਆ ਗਿਆ ਕਿ ਵੈਗਨਰ ਗਰੁੱਪ ਦੇ ਮੁਖੀ ਯੇਵਗੇਨੀ ਪ੍ਰਿਗੋਜਿਨ ਵੀ ਇਸ ਜਹਾਜ਼ ਵਿੱਚ ਸਵਾਰ ਸਨ।

**ਜਹਾਜ਼ ਹਾਦਸੇ ਵਿੱਚ ਹੋਈ ਯੇਵਗੇਨੀ ਪ੍ਰਿਗੋਜ਼ਿਨ ਦੀ ਮੌਤ**

ਹਾਲਾਂਕਿ, ਹੁਣ ਰੂਸ ਨੇ ਯੇਵਗੇਨੀ ਪ੍ਰਿਗੋਜਿਨ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਰੂਸ ਨੇ ਦੱਸਿਆ ਹੈ ਕਿ ਵੈਗਨਰ ਗਰੁੱਪ ਦਾ ਮੁਖੀ ਯੇਵਗੇਨੀ ਪ੍ਰਿਗੋਜਿਨ ਹੀ ਜਹਾਜ਼ ਹਾਦਸੇ 'ਚ ਮਾਰਿਆ ਗਿਆ ਹੈ, ਜਿਸ ਦੀ ਜੈਨੇਟਿਕ ਜਾਂਚ ਤੋਂ ਪੁਸ਼ਟੀ ਹੋਈ ਹੈ। ਇਸ ਤੋਂ ਪਹਿਲਾਂ ਰੂਸ ਦੀ ਹਵਾਬਾਜ਼ੀ ਏਜੰਸੀ ਨੇ ਪ੍ਰਾਈਵੇਟ ਜੈੱਟ ਵਿਚ ਸਵਾਰ ਸਾਰੇ ਲੋਕਾਂ ਦੇ ਨਾਂ ਸਾਂਝੇ ਕੀਤੇ ਸਨ। ਹਵਾ-ਬਾਜ਼ੀ ਏਜੰਸੀ ਨੇ ਕਿਹਾ ਕਿ ਯੇਵਗੇਨੀ ਪ੍ਰਿਗੋਜਿਨ ਵੀ ਜਹਾਜ਼ ਵਿਚ ਸਵਾਰ ਸਨ। "ਰੂਸੀ ਜਾਂਚਕਰਤਾਵਾਂ ਨੇ ਐਤਵਾਰ ਨੂੰ ਕਿਹਾ



ਕਿ ਜੈਨੇਟਿਕ ਟੈਸਟਾਂ ਨੇ ਪੁਸ਼ਟੀ ਕੀਤੀ ਹੈ ਕਿ ਵੈਗਨਰ ਸਮੂਹ ਦੇ ਮੁਖੀ, ਯੇਵਗੇਨੀ ਪ੍ਰਿਗੋਜਿਨ ਦੀ ਪਿਛਲੇ ਹਫਤੇ ਇੱਕ ਜਹਾਜ਼ ਹਾਦਸੇ ਵਿੱਚ ਮੌਤ ਹੋ ਗਈ ਸੀ। ਦੱਸ ਦੇਈਏ ਕਿ ਇਸ ਜਹਾਜ਼ 'ਚ 10 ਲੋਕ ਸਵਾਰ ਸਨ, ਜਿਨ੍ਹਾਂ ਦੀ ਹਾਦਸੇ 'ਚ ਮੌਤ ਹੋ ਗਈ।" "ਰੂਸ ਦੀ ਜਾਂਚ ਕਮੇਟੀ ਨੇ ਇਕ ਬਿਆਨ 'ਚ ਕਿਹਾ ਕਿ ਟਾਵਰ ਖੇਤਰ 'ਚ ਜਹਾਜ਼ ਹਾਦਸੇ 'ਤੇ ਜੈਨੇਟਿਕ ਟੈਸਟ ਪੂਰੇ ਹੋ ਗਏ ਹਨ। ਇਸ ਵਿਚ ਕਿਹਾ ਗਿਆ ਹੈ ਕਿ ਜੈਨੇਟਿਕ ਟੈਸਟ ਦੇ ਨਤੀਜਿਆਂ ਅਨੁਸਾਰ ਸਾਰੇ 10 ਮ੍ਰਿਤਕਾਂ ਦੀ ਪਛਾਣ ਹੋ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਜਾਂਚ ਤੋਂ ਪਤਾ ਲੱਗਾ ਹੈ ਕਿ ਜਹਾਜ਼ ਵਿਚ ਯੇਵਗੇ-ਨੀ ਪ੍ਰਿਗੋਜਿਨ ਵੀ ਸਵਾਰ ਸਨ, ਜਿਨ੍ਹਾਂ ਦੀ ਇਸ ਹਾਦਸੇ ਵਿਚ ਮੌਤ ਹੋ ਗਈ।"

**ਜਹਾਜ਼ ਹਾਦਸੇ ਦੇ ਕਾਰਨਾਂ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ**

ਹਾਲਾਂਕਿ ਰੂਸੀ ਅਧਿਕਾਰੀਆਂ ਨੇ ਇਹ ਨਹੀਂ ਦੱਸਿਆ ਹੈ ਕਿ ਜਹਾਜ਼ ਦੇ ਡਿੱਗਣ ਦਾ ਕਾਰਨ ਕੀ ਹੈ। ਦੱਸ ਦੇਈਏ ਕਿ ਯੇਵਗੇਨੀ ਪ੍ਰਿਗੋਜਿਨ ਨੇ ਦੋ ਮਹੀਨੇ ਪਹਿਲਾਂ ਪੁਤਿਨ ਖਿਲਾਫ ਬਗਾਵਤ ਕੀਤੀ ਸੀ। ਇਹ ਘਟਨਾ ਇਸ ਬਗਾਵਤ ਤੋਂ ਦੋ ਮਹੀਨੇ ਬਾਅਦ ਵਾਪਰੀ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ 23-24 ਜੂਨ ਦੇ ਵਿਦਰੋਹ ਦੀ ਤੁਲਨਾ ਪਿੱਠ ਵਿੱਚ ਛੁਰਾ ਮਾਰਨ ਨਾਲ ਕੀਤੀ। ਹਾਲਾਂਕਿ, ਬਾਅਦ ਵਿੱਚ ਉਹ ਕ੍ਰੇਮਲਿਨ ਵਿੱਚ ਪ੍ਰਿਗੋਜਿਨ ਨੂੰ ਮਿਲਿਆ।

**ਕ੍ਰੇਮਲਿਨ ਦੇ ਬੁਲਾਰੇ ਨੇ ਦੋਸ਼ਾਂ ਨੂੰ ਖਾਰਜ ਕਰ ਦਿੱਤਾ**

ਪੁਤਿਨ ਨੇ ਹਾਦਸੇ 'ਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨਾਲ ਵੀ ਹਮਦਰਦੀ ਪ੍ਰਗਟਾਈ ਹੈ। ਇਸ ਦੇ ਨਾਲ ਹੀ ਪੱਛਮੀ ਦੇਸ਼ਾਂ ਦੇ ਨੇਤਾਵਾਂ ਨੇ ਦਾਅਵਾ ਕੀਤਾ ਹੈ ਕਿ ਪ੍ਰਿਗੋਜਿਨ ਨੂੰ ਪੁਤਿਨ ਦੇ ਆਦੇਸ਼ 'ਤੇ ਮਾਰਿਆ ਗਿਆ ਸੀ। ਇਸ ਦੇ ਨਾਲ ਹੀ ਕ੍ਰੇਮਲਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਪੱਛਮੀ ਦੇਸ਼ਾਂ ਦੇ ਨੇਤਾਵਾਂ ਦੇ ਦੋਸ਼ਾਂ ਨੂੰ ਝੂਠਾ ਦੱਸਿਆ ਹੈ।


Indo American Desh Bhagat Foundation of Bay Area
ਮੇਲਾ ਗਦਰੀ ਬਾਬਿਆਂ ਦਾ
ਬਾਬਾ ਸੋਹਣ ਸਿੰਘ ਜੀ ਭਕਨਾ
ਸ਼ਹੀਦ ਸ. ਊਧਮ ਸਿੰਘ
ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ
ਸ਼ਹੀਦ ਕਰਤਾਰ ਸਿੰਘ ਸਰਾਭਾ
1521 California Circle Milpitas CA - 95035
Sep. 23, 2023
ਸਮਾਂ ਦੁਪਹਰਿ 1 ਵਜੇ ਤੋਂ ਸ਼ਾਮ 6 ਵਜੇ ਤਕ
ਸਭ ਨੂੰ ਹੁੰਮ ਹੁੰਮਾ ਕੇ ਪਹੁੰਚਣ ਦੀ ਅਪੀਲ
Free Entry, Free Food
ਗਦਰ ਪਾਰਟੀ ਦੇ ਸ਼ਹੀਦਾਂ, ਸਮੂਹ ਇਨਕਲਾਬੀਆਂ ਅਤੇ ਦੇਸ਼ ਭਗਤਾਂ ਦੀ ਯਾਦ 'ਚ ਮੇਲਾ
Singer : -
Satti Pabla, Jeeta Gill & Gidha, Bhangra Groups
Sushil Dosanjh
Chief Guest
Jot Ranjit
Host
ਗਦਰ ਪਾਰਟੀ ਮਾਰਟੀਅਰਜ਼ ਮੈਮੋਰੀਅਲ
Contacts
Narinder Sujjon : 510 714 5058
Balbir Johal : 408 592 4044
Harkewal S Sandhu : 408 250 6236
ਮੁੱਖ ਸੰਚਾਲਕ : Kuldeep S. Sujjon and Prem Kumar Sharma

# ਪੰਜਾਬੀ ਫਿਲਮ ਚਰਚਾ

– ਅੰਮ੍ਰਿਤ ਪਵਾਰ



### ਕਮਲਜੀਤ ਨੀਰੂ ਕਹੇ ਮੇਰਾ 'ਪਿੰਡ ਅਮਰੀਕਾ' ਹੈ

ਜਮਾਨਾ ਸੀ ਕੁਝ ਸਾਲ ਪਹਿਲਾਂ ਕਨੇਡਾ ਤੋਂ ਜਦ ਕਮਲਜੀਤ ਨੀਰੂ ਦਿੱਲੀ ਦੇ ਹਵਾਈ ਅੱਡੇ ਉੱਤਰਦੀ ਸੀ, ਸੰਗੀਤ ਕੰਪਨੀਆਂ ਤੇ ਕਲਾਕਾਰ ਤੇ ਸਰੋਤੇ ਅਸ਼ਕੇ ਕਰਦੇ ਹੁੰਦੇ ਸਨ । ਅੱਜ ਵੀ ਕਾਫ਼ੀ ਹੱਦ ਤੱਕ ਉਸ ਆਪਣੇ ਆਪ ਨੂੰ ਸਥਾਪਿਤ ਕੀਤਾ ਹੈ। ਸਿਮਰਨ ਸਿੰਘ ਨਿਰੇਦਸ਼ਤ ਪ੍ਰਵਾਸ ਦੇ ਪੰਜਾਬ ਪਿਆਰ ਤੇ ਬਣਾਈ 'ਪਿੰਡ ਅਮਰੀਕਾ' ਅਕਤੂਬਰ ਦੇ ਪਹਿਲੇ ਹਫ਼ਤੇ ਆ ਰਹੀ ਏ ਜਿਸ ਵਿੱਚ "ਫਾਤਿਮਾ" ਦਾ ਕਿਰਦਾਰ ਗੋਰੀ ਮੇਮ ਜਿਹੀ, ਸੁਰੀਲੀ ਖੰਡ ਮਿਸ਼ਰੀ ਜਿਹੀ ਕਮਲਜੀਤ ਨੀਰੂ ਨੇ ਕੀਤਾ ਹੈ। ਨੀਰੂ ਨੇ ਫ਼ਿਲਮ ਦੀ ਟੀਮ ਹਰਚੰਦ ਸਿੰਘ, ਪ੍ਰੀਤੋ ਸਾਹਨੀ, ਬੀ.ਕੇ.ਸਿੰਘ ਰੱਖੜਾ, ਭਿੰਦਾ ਔਜਲਾ, ਅਮਰ ਨੂਰੀ ਤੇ ਅਸ਼ੋਕ ਟਾਂਗਰੀ ਦਾ ਧੰਨਵਾਦ ਕੀਤਾ।






### ਜਸਪਿੰਦਰ ਸਿੰਘ ਦੀ ਖਰੀ ਗੱਲ

ਸਿੱਖ ਕਿ ਗਾਉਣਾ ਤੇ ਫ਼ਿਰ ਅੱਗੇ ਆਉਣਾ ਤੇ ਫ਼ਿਰ ਅੱਗੇ ਆਉਣਾ ਬਟਾਲਾ ਨੇੜਲੇ ਪਿੰਡ ਕੋਟਲਾ ਬੱਝਾ ਸਿੰਘ ਦੇ ਜਸਪਿੰਡਰ ਸਿੰਘ ਦਾ ਨਿਯਮ ਹੈ । ਸੁਖਜਿੰਦਰ ਯਮਲਾ ਤੋਂ ਸੰਗੀਤ ਵਿਦਿਆ ਲੈਣ ਵਾਲੇ ਜਸਪਿੰਦਰ ਨੇ 'ਕਾਲਜ' 'ਸ਼ਾਇਰ' ਗੀਤਾਂ ਨਾਲ ਲੋਕ ਮੋਹ ਲਏ ਸਨ ਤੇ ਹੁਣ ਲੋਟਸ ਦੇ ਸੰਗੀਤ 'ਚ ਬਿੱਕਾ ਮਾਂਗੇਵਾਲਾ ਉਸਦਾ ਨਵਾਂ ਗੀਤ ਲਿਆ ਰਿਹਾ ਹੈ। ਜਸਪਿੰਦਰ ਸਿੰਘ ਦੀ ਖਰੀ ਗੱਲ ਕਿ ਸਾਲ ਚਾਹੇ ਹੋਰ ਚਾਰ ਲੱਗ ਜਾਣ ਸੁਰ ਸਹਾਰੇ ਹੀ ਅੱਗੇ ਵੱਧਣਾ ਹੈ।

### ਕਭੀ ਤੂੰ ਗੋਵਿੰਦਾ ਲੱਗਤਾ ਹੈ– ਕਭੀ ਤੂੰ ਜੀਤੂ ਲਗਤਾ ਹੈ– ਗੁਰਦੀਪ ਸੰਧੂ

ਲੋਕ ਘੇਰ ਲੈਂਦੇ ਹਨ ਕਿਸੇ ਮਨੋਰੰਜਕ ਸ਼ੋਅ ਤੇ ਗੁਰਦੀਪ ਸੰਧੂ ਨੂੰ ਤੇ ਕਹਿਣਗੇ ਕਿ ਤੁਸੀਂ ਸਤੀਸ਼ ਕੌਲ ਦੇ ਬੇਟੇ ਹੋ। ਸ਼ੂਟਿੰਗ ਤੇ ਨਵੀਂ ਹੀਰੋਇਨ ਅੰਮ੍ਰਿਤਾ ਸੇਠੀ ਕਹਿਣ ਲੱਗੀ ਤੁਸੀਂ ਗੋਵਿੰਦਾ ਦੇ ਰਿਸ਼ਤੇਦਾਰ ਹੋ ਤੇ ਜਲੰਧਰ ਦੂਰਦਰਸ਼ਨ ਵਿਖੇ ਉਸਨੂੰ ਜਤਿੰਦਰ ਕਿਹਾ ਗਿਆ। ਗੁਰਦੀਪ ਸੰਧੂ ਤੇ ਕੁਦਰਤ ਮਿਹਰਬਾਨ ਨਿਰਾ ਜਤਿੰਦਰ ਲੱਗਦਾ ਏ ਤੇ 'ਇਸ਼ਕ ਮੁਹੱਬਤ' 'ਹਾਸੇ ਦਾ ਮੜਾਸਾ' 'ਸੀਰੀਅਸ ਕੇਸ' ਉਸਦੀਆਂ ਆ ਰਹੀਆਂ ਫਿਲਮਾਂ ਹਨ। ਸੱਤੇ ਖ਼ੈਰਾਂ ਪ੍ਰੋਫੈਸ਼ਨਲ ਐਕਟਰ ਏ ਗੁਰਦੀਪ ਸੰਧੂ।





### ਬਾਬਾ ਕਮਲ ਦੀ ਬੱਲੇ-ਬੱਲੇ

ਰਣਜੀਤ ਰਾਣਾ, ਫਿਰੋਜ ਖਾਨ, ਪੰਮਾ ਮੱਲ੍ਹੀ, ਗੁਰਲੇਜ ਅਖ਼ਤਰ ਦੇ ਵੀਡਿਓਜ ਤੇ ਟੀ. ਸੀਰੀਜ ਦੀਆਂ ਧਾਰਮਿਕ ਸ਼ਾਰਟ ਫਿਲਮਾਂ ਦਾ ਨਿਰਦੇਸ਼ਕ ਬਾਬਾ ਕਮ ਲਇਸ ਸਮੇਂ ਵੀਡਿਓ ਨਗਰੀ 'ਚ ਟਾਪ ਤੇ ਹੈ। ਨਵੀਂ ਮਾਡਲਜ ਬਾਬਾ ਕਮਲ ਨਾਲ ਕੰਮ ਕਰਨ ਨੂੰ ਬੇਤਾਬ ਰਹਿੰਦੀਆਂ ਹਨ। ਪੰਮਾ ਮੱਲ੍ਹੀ ਦੇ ਦੋ ਨਵੇਂ ਗਾਣੇ ਕਰ ਕਿ ਬਾਬਾ ਕਮਲ ਨੇ ਹੁਣ ਅੱਗੇ ਪੰਮਾ ਮੱਲ੍ਹੀ ਨੂੰ ਲੈ ਕਿ ਨਸ਼ਿਆਂ ਤੇ ਫਿਲਮ ਸ਼ੁਰੂ ਕਰਨੀ ਹੈ।





### ਯੋਗਰਾਜ ਸਿੰਘ ਦੇ ਜ਼ਜ਼ਬਾਤ

ਸਿੱਧੀ, ਸੱਚੀ ਤੇ ਮੂੰਹ ਤੇ ਗੱਲ ਸਟਾਰ ਯੋਗਰਾਜ ਸਿੰਘ ਦੀ ਆਦਤ ਹੈ। ਜਜਪਾਤ ਪਹਿਲੀ ਵਾਰ ਉਸ ਦੇ ਤੁਹਾਡੀ ਨਜਰ ਕਿ ਕਪਿਲ ਦੇਣ, ਯੁਵਰਾਜ ਸਿੰਘ ਤੱਕ ਸਭ ਦਾ ਦਿਲੋਂ ਕੀਤਾ ਪਰ ਇਹ ਇਨਸਾਨ ਬਦਲ ਗਏ। ਹੋਰ ਵੀ ਫਿਲਮ ਤੇ ਰਿਸ਼ਤੇ-ਨਾਤੇ ਸਭ ਨੇ ਉਸਦੇ ਜ਼ਜ਼ਪਾਤ ਕੈਸ਼ ਕਰ ਪਿੱਠ ਦਿਖਾਈ ਪਰ ਅਕਾਲ ਪੁਰਖ ਦੀ ਕਿਰਪਾ ਉਸਤੇ ਅਹਿਜੀ ਰਹੀ ਹੈ ਕਿ ਅੱਜ ਸਾਊਥ ਤੱਕ ਦੀਆਂ ਫਿਲਮਾਂ ਉਹ ਕਰ ਰਿਹਾ ਹੈ।

### ਦੀਪਾ ਮਰੋਕ ਮਿਸ ਯੂਨੀਵਰਸ ਗਈ 'ਪਿੰਡ ਅਮਰੀਕਾ'

ਮਿਸ ਯੂਨੀਵਰਸ ਏਸ਼ੀਆ ਰਹੀ ਯੂ.ਐਸ.ਏ. ਦੀ ਦੀਪਾ ਮਰੋਕ ਨੇ ਸਿਮਰਨ ਸਿੰਘ ਨੂੰ ਬੈਸਟ ਡਾਇਰੈਕਟਰ ਪਾਲੀਵੁੱਡ ਕਿਹਾ ਹੈ ਜਿਸਨੇ ਵਿਦੇਸ਼ ਰਹਿੰਦੇ ਪੰਜਾਬੀਆਂ ਦੇ ਪਿੰਡ ਪਿਆਰ ਤੇ 'ਪਿੰਡ ਅਮਰੀਕਾ' ਬਣਾਈ ਹੈ। ਦੀਪਾ ਨੇ ਪ੍ਰੀਤੋ ਸਾਹਨੀ, ਅਮਰ ਨੂਰੀ, ਬੀ.ਕੇ. ਸਿੰਘ ਰੱਖੜਾ ਨੂੰ ਵਧਾਈ ਦਿੰਦੇ ਕਿਹਾ ਕਿ ਵਿਰਾਸਤ ਨਾਲ ਮੋਹ ਦਿਖਾਉਂਦੀ ਏ 'ਪਿੰਡ ਅਮਰੀਕਾ'।

# ਇਤਿਹਾਸਕਾਰ ਰਾਕੇਸ਼ ਕੁਮਾਰ ਦੀ ਗ਼ਦਰੀ ਕਿਰਪਾ ਸਿੰਘ ਬਾਰੇ ਕਿਤਾਬ ਰਿਲੀਜ਼






**ਸੰਗਰੂਰ, (ਦਲਜੀਤ ਕੌਰ)–** ਇਤਿਹਾਸ ਦੇ ਅਣ-ਗੌਲੇ ਨਾਇਕ ਗ਼ਦਰੀ ਕਿਰਪਾ ਸਿੰਘ ਬਾਰੇ ਖੋਜੀ ਇਤਿਹਾਸਕਾਰ ਰਾਕੇਸ਼ ਕੁਮਾਰ ਦੀ ਕਿਤਾਬ 'ਗਦਰੀ ਕਿਰਪਾ ਸਿੰਘ ਲੰਗ ਮਜਾਰੀ (ਮੀਰਪੁਰ) 'ਰਿਲੀਜ਼ ਕੀਤੀ ਗਈ। ਸ੍ਰੀ ਆਨੰਦਪੁਰ ਸਾਹਿਬ ਲਾਗੇ ਦੇ ਰਹਿਣ ਵਾਲੇ ਕਿਰਪਾ ਸਿੰਘ ਜਲਦੀ ਹੀ ਫੌਜ ਵਿੱਚ ਭਰਤੀ ਹੋ ਗਏ ਤੇ 26 ਨੰਬਰ ਪਲਟਨ ਦੇ ਹਿੱਸਾ ਬਣ ਗਏ। ਜਦੋਂ ਇਹ ਹਾਂਗਕਾਂਗ ਵਿਚ ਸੀ ਤਾਂ ਇਹ ਗ਼ਦਰ ਰਸਾਲਾ ਪੜਨ ਲੱਗੇ। ਜਦੋਂ ਇਹਨਾਂ ਦੀ ਬਦਲੀ ਫਿਰੋਜ਼ਪੁਰ ਹੋਈ ਤਾਂ ਕਰਤਾਰ ਸਿੰਘ ਸਰਾਭਾ ਤੇ ਵਿਸ਼ਨੂੰ ਗਣੇਸ਼ ਪਿੰਗਲੇ ਇਹਨਾਂ ਨੂੰ ਮਿਲਣ ਆਉਣ ਲੱਗੇ।

ਇਹਨਾਂ ਨੇ ਗ਼ਦਰ ਪਾਰਟੀ ਦੇ ਆਗੂਆਂ ਕਰਤਾਰ ਸਿੰਘ ਸਰਾਭਾ ਤੇ ਵਿਸ਼ਨੂੰ ਗਣੇਸ਼ ਪਿੰਗਲੇ ਤੇ ਹੋਰ ਗ਼ਦਰੀਆਂ ਨਾਲ ਮਿਲ ਕੇ ਫਿਰੋਜ਼ਪੁਰ ਸਥਿਤ 26 ਨੰਬਰ ਫੌਜੀ ਪਲਟਨ ਤੇ ਹਮਲਾ ਕਰਕੇ ਅਸਲਾ ਖ਼ਾਨਾ ਤੇ ਹਥਿਆਰ ਕਬਜ਼ੇ ਵਿਚ ਕਰਨ ਦੀ ਕੋਸ਼ਿਸ਼ ਕੀਤੀ। ਅੰਗਰੇਜ਼ਾਂ ਨੇ ਇਹਨਾਂ ਨੂੰ ਪਹਿਲੇ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਵਿੱਚ ਸ਼ਾਮਲ ਕਰਕੇ ਉਮਰ ਕੈਦ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਦਿੱਤੀ ਸੀ। ਇਹ 16 ਸਾਲ 8 ਮਹੀਨੇ ਹਿੰਦੋਸਤਾਨ ਦੀਆਂ ਅੱਡ ਅੱਡ ਜੇਲ੍ਹ ਵਿੱਚ ਕੈਦ ਰਹੇ।

ਦੱਸਣਯੋਗ ਹੈ ਕਿ ਉਹ ਰਾਕੇਸ਼ ਕੁਮਾਰ ਇਸ ਤੋਂ ਪਹਿਲਾਂ 17 ਕਿਤਾਬਾਂ ਦੇ ਲੇਖਕ ਹਨ। ਇਹਨਾਂ ਦਾ ਸ਼ਹੀਦ ਊਧਮ ਸਿੰਘ, ਗ਼ਦਰ ਲਹਿਰ ਦਾ ਸਹਿਤ, ਗੁਲਾਬ ਕੌਰ, ਭਗਤ ਸਿੰਘ ਦਾ ਫਿਰੋਜ਼ਪੁਰ ਦਾ ਗੁਪਤ ਟਿਕਾਣਾ ਸਮੇਤ ਨੌ ਵਿਸ਼ਿਆਂ ਤੇ ਖੋਜੀ ਕੰਮ ਹੈ। ਇਹਨਾਂ ਦੀਆਂ ਦੋ ਕਿਤਾਬਾਂ ਨੂੰ ਭਾਸ਼ਾ ਵਿਭਾਗ ਵੱਲੋਂ ਪ੍ਰਿੰਸੀਪਲ ਤੇਜਾ ਸਿੰਘ ਇਨਾਮ ਮਿਲਿਆ ਹੈ। ਇਹਨਾਂ ਦੀਆਂ ਰੇਲਵੇ ਦੇ ਭੂਮੀ ਪ੍ਰਬੰਧਨ ਬਾਰੇ ਤਿੰਨ ਕਿਤਾਬਾਂ ਹਨ। ਇਹਨਾਂ ਨੂੰ ਰੇਲਵੇ ਵਿਭਾਗ ਵੱਲੋਂ ਰੇਲਵੇ ਦੇ ਤਿੰਨ ਨੈਸ਼ਨਲ ਇਨਾਮ ਸਮੇਤ ਹੋਰ ਕਈ ਇਨਾਮ ਮਿਲੇ ਹਨ। ਇਹਨਾਂ ਨੂੰ ਰੇਲਵੇ ਦੇ ਭਾਰਤ ਦੇ ਸਾਰੇ ਕਰਮਚਾਰੀਆਂ ਤੋਂ ਵੱਧ ਇਨਾਮ ਮਿਲੇ ਹਨ। ਬਾਬਾ ਫ਼ਰੀਦ ਸੋਸਾਇਟੀ ਫਰੀਦਕੋਟ ਵੱਲੋਂ ਉਨ੍ਹਾਂ ਨੂੰ ਸਾਲ 2011ਵਿਚ ਬਾਬਾ ਫਰੀਦ ਇਮਾਨਦਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ।

ਇਸ ਮੋਕੇ ਬਲਵੀਰ ਚੰਦ ਲੌਂਗੋਵਾਲ, ਅਨਿਲ ਕੁਮਾਰ, ਗੁਰਮੇਲ ਸਿੰਘ, ਪਦਮ ਸ਼ਰਮਾ, ਹਰਦੇਵ ਸਿੰਘ, ਪਵਨ ਕੁਮਾਰ, ਬਲਜੀਤ ਨਮੋਲ, ਸੁਖਜਿੰਦਰ ਸਿੰਘ, ਮਿੱਠੂ ਸਿੰਘ, ਪ੍ਰੇਮ ਸਰੂਪ ਛਾਜਲੀ, ਸੁਖਜੀਤ ਸਿੰਘ ਚੀਮਾ, ਨਾਇਬ ਸਿੰਘ ਰਟੋਲਾ, ਰਣਬੀਰ ਸਿੰਘ, ਨਰੇਸ਼ ਕੁਮਾਰ, ਗਗਨਦੀਪ, ਗੁਰਮੀਤ ਸਿੰਘ ਤੇ ਹੋਰ ਕਈ ਮੋਜੂਦ ਸਨ

# "ਨਵੀਆਂ ਕਲਮਾਂ ਨਵੀਂ ਉਡਾਣ" ਪੁਸਤਕ ਦਾ ਰਿਲੀਜ਼ ਸਮਾਰੋਹ 20 ਸਤੰਬਰ ਨੂੰ

ਉੱਘੇ ਪ੍ਰਵਾਸੀ ਭਾਰਤੀ ਪੰਜਾਬ ਭਵਨ ਸਰੀ ਕੈਨੇਡਾ ਦੇ ਸੰਸਥਾਪਕ ਸੁੱਖੀ ਬਾਠ ਦੇ ਉਪਰਾਲੇ ਸਦਕਾ ਬਾਲ ਲੇਖਕਾਂ ਦੀ ਪਲੇਠੀ ਪੁਸਤਕ "ਨਵੀਆਂ ਕਲਮਾਂ ਨਵੀਂ ਉਡਾਣ" ਦਾ ਰਿਲੀਜ਼ ਸਮਾਰੋਹ ਮਿਤੀ 20 ਸਤੰਬਰ 2023 ਨੂੰ 11 ਵਜੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅੱਲੋਵਾਲ ਜਿਲ੍ਹਾ ਪਟਿਆਲਾ ਵਿਖੇ ਹੋਵੇਗਾ। ਇਸ ਸਮਾਗਮ ਵਿੱਚ ਆਪਣੀ ਰੁਝੇਵਿਆਂ ਭਰੀ ਜ਼ਿੰਦਗੀ ਵਿਚੋਂ ਕੁਝ ਸਮਾਂ ਕੱਢਦਿਆਂ ਸ੍ਰੀ ਸੁੱਖੀ ਬਾਠ ਸਰੀ ਕੈਨੇਡਾ ਤੋਂ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਨਗੇ। ਇਸ ਪੁਸਤਕ ਵਿਚ ਪੰਜਾਬ ਦੇ 10 ਜ਼ਿਲ੍ਹਿਆਂ ਦੇ 29 ਸਕੂਲਾਂ ਦੇ 86 ਵਿਦਿਆਰਥੀਆਂ ਦੀਆਂ ਰਚ-ਨਾਵਾਂ ਸ਼ਾਮਲ ਹਨ। ਇਹ ਜਾਣਕਾਰੀ ਸਾਂਝੀ ਕਰਦੇ ਹੋਏ ਸੁੱਖੀ ਬਾਠ ਦੇ ਇਸ ਉਪਰਾਲੇ ਦੀ ਸ਼ਲਾਂਘਾ ਕਰਦਿਆਂ ਸਟੇਟ ਐਵਾਰਡੀ ਅਧਿਆਪਕ ਅਵਤਾਰ ਲੰਗੇਰੀ ਨੇ ਕਿਹਾ ਕਿ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਪੁਸਤਕ ਸੱਭਿਆਚਾਰ ਨੂੰ ਹੱਲਾਸ਼ੇਰੀ ਦਿੰਦਿਆਂ ਬੱਚਿਆਂ ਦੇ ਹੱਥਾਂ ਵਿੱਚ ਕਲਮ ਫੜਾਉਣੀ ਸਮੇਂ ਦੀ ਅਣਸਰਦੀ ਲੋੜ ਹੈ ਤਾਂ ਜੋ ਬੱਚੇ ਖੁਦ ਆਪਣੀ ਕਲਮ ਨਾਲ ਆਪਣੇ ਭਵਿੱਖ ਦੀ ਤਲਾਸ਼ ਕਰ ਸਕਣ। ਉਨ੍ਹਾਂ ਕਿਹਾ ਕਿ ਅਸੀਂ ਆਸ ਕਰਦੇ ਹਾਂ ਕਿ ਬਾਠ ਸਾਹਿਬ ਭਵਿੱਖ ਵਿੱਚ ਵੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਹਿੱਤਾਂ ਵਿੱਚ ਇਹੋ ਜਿਹੀਆਂ ਲੋਕ ਪੱਖੀ ਸਰਗਰਮੀਆਂ ਦੀ ਲਗਾਤਾਰਤਾ ਬਣਾਈ ਰੱਖਣਗੇ। ਇਸ ਸਮਾਗਮ ਦੀ ਪ੍ਰਧਾਨਗੀ ਸ੍ਰੀ ਮਤੀ ਹਰਿੰਦਰ ਕੌਰ ਜਿਲ੍ਹਾ ਸਿੱਖਿਆ ਅਫਸਰ (ਸੈ. ਸਿੱ.) ਪਟਿਆਲਾ ਕਰਨਗੇ। ਇਸ ਦੌਰਾਨ ਵੱਖ ਵੱਖ ਸਕੂਲੀ ਬੱਚੇ ਜਿਨ੍ਹਾਂ ਦੀਆਂ ਲਿਖਤਾਂ ਇਸ ਪੁਸਤਕ ਵਿੱਚ ਦਰਜ਼ ਹਨ ਉਹ ਵੀ ਆਪਣੇ ਅਧਿਆਪਕਾਂ ਅਤੇ ਮਾਪਿਆਂ ਨਾਲ ਇਸ ਸਮਾਗਮ ਵਿੱਚ ਸ਼ਿਰਕਤ ਕਰਨਗੇ। ਸਕੂਲ ਪ੍ਰਿੰਸੀਪਲ ਨੀਰਜ਼ ਵੈਦ ਵੱਲੋਂ ਇਸ ਸਮਾਗਮ ਵਿੱਚ ਪਹੁੰਚਣ ਲਈ ਸਭ ਨੂੰ ਖੁੱਲ੍ਹਾ ਸੱਦਾ ਦਿੱਤਾ।



**– ਅਵਤਾਰ ਲੰਗੇਰੀ ਅਡਮੰਟਨ ਕੈਨੇਡਾ +91 9463260181**

'ਦੇਸ਼ ਦੁਆਬਾ'
'ਐਂਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਮਿੰਨੀ ਕਹਾਣੀ/ ਕਿਰਦਾਰ

ਆਹਮੋ ਸਾਹਮਣੇ ਆਉਂਦੀਆਂ ਰੇਲ ਗੱਡੀਆ ਦੀ ਟੱਕਰ ਹੋ ਗਈ। ਟੱਕਰ ਦੀ ਭਿਆਨਕ ਆਵਾਜ਼ ਅਤੇ ਲੋਕਾਂ ਦਾ ਚੀਕ ਚਿਹਾੜਾ ਸੁਣ ਕੇ ਲਾਗਲੇ ਪਿੰਡਾਂ ਦੇ ਲੋਕ ਵਾਹੋਦਾਹੀ ਮਦਦ ਲਈ ਪਹੁੰਚ ਗਏ। ਦੋ ਨੌਜਵਾਨ ਫਟਾ ਫਟ ਡੱਬਿਆਂ 'ਚ ਬੜੇ ਔਖੇ ਹੋ ਕੇ ਵੜ ਰਹੇ ਸੀ। ਮਰ ਚੁੱਕੇ ਮੁਸਾਫਿਰਾਂ ਦੀਆਂ ਲਾਸ਼ਾਂ ਨੂੰ ਉਹ ਚੁੱਕ ਚੁੱਕ ਕੇ ਬਾਹਰ ਲਿਆ ਰਹੇ ਸੀ। ਸਾਰੇ ਲੋਕ ਉਨ੍ਹਾਂ ਦੀ ਪ੍ਰਸੰਸਾ ਕਰ ਰਹੇ ਸੀ। ਘਟਨਾ ਸਥਾਨ 'ਤੇ ਪੁੱਜੇ ਉੱਚ ਅਫਸਰਾਂ ਨੇ ਵੀ ਉਨ੍ਹਾਂ ਦੀ ਤਾਰੀਫ ਕੀਤੀ। ਸਾਰੇ ਲੋਕਾਂ ਦੇ ਮਨਾਂ ਅੰਦਰ ਸੋਗ ਫੈਲਿਆ ਸੀ। ਉਹ ਨੌਜਵਾਨ ਉਥੋਂ ਖਿਸਕ ਕੇ ਇਕ ਸੁੰਨੀ ਥਾਂ ਵੱਲ ਚਲੇ ਗਏ। ਲਾਸ਼ਾਂ ਦੀਆਂ ਜੇਬਾਂ 'ਚੋਂ ਕੱਢ ਪੈਸੇ ਅਤੇ ਉਨ੍ਹਾਂ ਦੇ ਉਤਾਰੇ ਗਹਿਣਿਆਂ ਦੀ ਵੰਡ ਕਰਕੇ ਹੁਣ ਉਹ ਖੁਸ਼ੀ ਖੁਸ਼ੀ ਆਪਣੇ ਘਰਾਂ ਨੂੰ ਜਾ ਰਹੇ ਸੀ। ਹੁਣ ਗਮਗੀਨ ਮਾਹੌਲ ਦਾ ਉਨ੍ਹਾਂ ਉਪਰ ਕੋਈ ਅਸਰ ਨਹੀਂ ਸੀ।

**–ਮੇਜਰ ਸਿੰਘ ਨਾਭਾ**

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube





* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749





Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**

**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop





# KB USED AUTO SALES





**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**





Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust